ਅਦਾਰਾ
ਚੜ੍ਹਦੀਕਲਾ
ਵੱਲੋਂ
ਸ਼ੇਰ-ਏ-ਪੰਜਾਬ ਮਹਾਰਾਜਾ
ਰਣਜੀਤ ਸਿੰਘ ਨੂੰ
186ਵੀਂ ਬਰਸੀ 'ਤੇ
ਪ੍ਰਣਾਮ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 29 June, 2025) ਪਟਿਆਲਾ ਐਤਵਾਰ, 29 ਜੂਨ, 2025, 15 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 178 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬ 'ਚ ਮਾਨਸੂਨ ਮਚਾਏਗਾ ਤਬਾਹੀ!

ਚੰਡੀਗੜ੍ਹ, 28 ਜੂਨ (ਚੜ੍ਹਦੀਕਲਾ ਬਿਊਰੋ) : ਉੱਤਰੀ ਭਾਰਤ 'ਚ ਤੇਜ਼ੀ ਨਾਲ ਮਾਨਸੂਨ ਸਰਗਰਮ ਹੋ ਰਿਹਾ ਹੈ। ਕਈ ਸੂਬਿਆਂ ਵਿਚ ਭਾਰੀ ਬਾਰਿਸ਼ ਹੋ ਰਹੀ ਹੈ। ਪੰਜਾਬ ਦੇ ਮੌਸਮ ਨੂੰ ਲੈ ਕੇ ਅਗਲੇ ਦਿਨਾਂ ਲਈ ਵਿਭਾਗ ਵੱਲੋਂ ਮੌਸਮ ਵਿਭਾਗ ਨੇ ਵੱਡੀ ਭਵਿੱਖਬਾਣੀ ਕੀਤੀ ਹੈ। ਅੱਜ ਤੋਂ ਲੈ ਕੇ 2 ਜੁਲਾਈ ਤੱਕ ਵਿਭਾਗ ਵੱਲੋਂ ਪੰਜਾਬ ਵਿਚ ਮੌਸਮ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ ਸਮੇਤ ਕਈ ਸੂਬਿਆਂ ਵਿਚ ਭਾਰੀ ਬਾਰਿਸ਼ ਹੋਵੇਗੀ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ (ਬਾਕੀ ਸਫਾ 2 'ਤੇ)

### ਪਵਿੱਤਰ ਗ੍ਰੰਥਾਂ ਦੀਆਂ ਬੇਅਦਬੀਆਂ ਦਾ ਮਾਮਲਾ

## ਮਾਨ ਵੱਲੋਂ ਸ਼ਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਪੇਸ਼ ਕਰਨ ਦਾ ਐਲਾਨ

**'ਸੂਬਾ ਸਰਕਾਰ ਕਾਨੂੰਨ ਬਣਾਉਣ ਤੋਂ ਪਹਿਲਾਂ ਸਾਰੇ ਭਾਈਵਾਲਾਂ ਨਾਲ ਕਰੇਗੀ ਸਲਾਹ-ਮਸ਼ਵਰਾ'**

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 28 ਜੂਨ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਲਿਆਂਦਾ ਜਾਵੇਗਾ।



ਆਪਣੀ ਸਰਕਾਰੀ ਰਿਹਾਇਸ਼ ਵਿਖੇ ਅਧਿਕਾਰੀਆਂ ਅਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਮੋਰਚਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਮੁੱਚੀ ਦੁਨੀਆਂ ਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਵਿਲੱਖਣ ਸੁਮੇਲ ਦੇ ਨਾਲ-ਨਾਲ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇੱਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਮੌਜੂਦਾ ਕਾਨੂੰਨੀ ਤਰੁੱਟੀਆਂ 'ਤੇ ਚਿੰਤਾ ਪ੍ਰਗਟ ਕੀਤੀ ਜੋ ਅਜਿਹੇ ਨਾ-ਮੁਆਫੀਯੋਗ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ ਨੂੰ ਆਜ਼ਾਦ ਘੁੰਮਣ ਦੀ ਆਗਿਆ ਦਿੰਦੀਆਂ ਹਨ। ਉਨ੍ਹਾਂ ਇਸ ਨੂੰ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਸਵੀਕਾਰਨਯੋਗ ਦੱਸਿਆ। (ਬਾਕੀ ਸਫਾ 2 'ਤੇ)

### ਪੰਜਾਬ ਕੇਡਰ ਦੇ ਸੀਨੀ. ਆਈ.ਪੀ.ਐਸ. ਅਧਿਕਾਰੀ ਪਰਾਗ ਜੈਨ 'ਰਾਅ' ਦੇ ਨਵੇਂ ਮੁਖੀ ਨਿਯੁਕਤ

ਨਵੀਂ ਦਿੱਲੀ, 28 ਜੂਨ (ਚੜ੍ਹਦੀਕਲਾ ਬਿਊਰੋ) : ਭਾਰਤ ਸਰਕਾਰ ਨੇ 1989 ਬੈਚ ਦੇ ਪੰਜਾਬ ਕੇਡਰ ਦੇ ਆਈ.ਪੀ.ਐੱਸ. ਅਧਿਕਾਰੀ ਪਰਾਗ ਜੈਨ ਨੂੰ ਦੇਸ਼ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦਾ ਨਵਾਂ ਮੁਖੀ ਨਿਯੁਕਤ ਕੀਤਾ ਹੈ। ਉਨ੍ਹਾਂ ਦਾ ਕਾਰਜਕਾਲ ਦੋ ਸਾਲ ਦਾ ਹੋਵੇਗਾ। ਉਹ ਰਵੀ ਸਿਨ੍ਹਾ ਦੀ ਜਗ੍ਹਾ ਲੈਣਗੇ ਜੋ 30 ਜੂਨ ਨੂੰ ਰਿਟਾਇਰ ਹੋ ਰਹੇ ਹਨ। ਪਰਾਗ ਜੈਨ ਲੰਬੇ ਸਮੇਂ ਤੋਂ ਰਾਅ ਨਾਲ ਜੁੜੇ ਹਨ। ਉਨ੍ਹਾਂ ਨੇ 'ਰਾਅ' ਦੇ ਸਾਬਕਾ ਮੁਖੀ ਸਾਮੰਤ ਗੋਇਲ ਨਾਲ ਮਿਲ ਕੇ ਕੰਮ ਕੀਤਾ ਹੈ। ਉਹ ਪਾਕਿਸਤਾਨ ਡੈਸਕ ਨੂੰ ਸੰਭਾਲ ਰਹੇ ਹਨ। ਉਨ੍ਹਾਂ ਨੇ ਧਾਰਾ 370 ਨੂੰ ਹਟਾਉਣ ਤੇ ਬਾਲਾਕੋਟ ਏਅਰ ਸਟ੍ਰਾਈਕ ਵਰਗੇ ਅਹਿਮ ਮਿਸ਼ਨ 'ਤੇ ਕੰਮ ਕੀਤਾ ਹੈ। ਪਰਾਗ ਜੈਨ ਏਵੀਏਸ਼ਨ ਰਿਸਰਚ ਸੈਂਟਰ ਦੇ ਮੁਖੀ ਵੀ ਹਨ, ਜਿਥੇ ਉਨ੍ਹਾਂ ਨੇ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਦੇ ਅੱਤਵਾਦੀ ਕੈਂਪਾਂ ਦੀ ਪਛਾਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪਰਾਗ ਜੈਨ ਐੱਸ.ਐੱਸ.ਪੀ. ਚੰਡੀਗੜ੍ਹ ਤੇ ਡੀ.ਆਈ.ਜੀ. (ਬਾਕੀ ਸਫਾ 2 'ਤੇ)



### ਪ੍ਰਧਾਨ ਮੰਤਰੀ ਵੱਲੋਂ ਸ਼ੁਭਾਂਸ਼ੂ ਸ਼ੁਕਲਾ ਨਾਲ ਗੱਲਬਾਤ

## ਤੁਹਾਡੀ ਪੁਲਾੜ ਯਾਤਰਾ ਨਵੇਂ ਯੁੱਗ ਦੀ ਸ਼ੁਰੂਆਤ ਹੈ: ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੂਨ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਲਾੜ ਗਏ ਭਾਰਤੀ ਹਵਾਈ ਸੈਨਾ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨਾਲ ਗੱਲਬਾਤ ਕੀਤੀ। ਇਸ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਸ਼ੁਭਾਂਸ਼ੂ ਸ਼ੁਕਲਾ ਨੂੰ ਕਿਹਾ ਕਿ ਤੁਹਾਡੀ ਯਾਤਰਾ ਇੱਕ ਨਵੇਂ ਯੁੱਗ ਦੀ ਸ਼ੁਭ ਸ਼ੁਰੂਆਤ ਹੈ। ਮੋਦੀ ਨੇ ਕਿਹਾ ਕਿ ਅੱਜ ਤੁਸੀਂ ਭਾਰਤ ਤੋਂ ਦੂਰ ਹੋ ਪਰ ਤੁਸੀਂ ਭਾਰਤੀਆਂ ਦੇ ਸਭ ਤੋਂ ਨੇੜੇ ਹੋ। ਤੁਹਾਡੇ ਨਾਮ ਵਿੱਚ ਸ਼ੁਭ ਵੀ ਹੈ।

ਇਸ ਸਮੇਂ ਅਸੀਂ ਦੋਵੇਂ ਗੱਲ ਕਰ ਰਹੇ ਹਾਂ ਪਰ 140 ਕਰੋੜ ਭਾਰਤੀਆਂ ਦੀਆਂ ਭਾਵਨਾਵਾਂ ਵੀ ਮੇਰੇ ਨਾਲ ਹਨ, ਮੇਰੀ ਆਵਾਜ਼ ਵਿੱਚ ਸਾਰੇ ਭਾਰਤੀਆਂ ਦਾ ਉਤਸ਼ਾਹ ਅਤੇ ਉਮੰਗ ਹੈ। ਮੈਂ ਤੁਹਾਨੂੰ ਪੁਲਾੜ ਵਿੱਚ ਭਾਰਤ ਦਾ ਝੰਡਾ ਲਹਿਰਾਉਣ ਲਈ ਵਧਾਈ ਦਿੰਦਾ ਹਾਂ, ਪ੍ਰਧਾਨ ਮੰਤਰੀ ਨੇ ਸ਼ੁਭਾਂਸ਼ੂ ਨੂੰ ਪੁੱਛਿਆ ਕਿ ਕੀ ਉੱਥੇ ਸਭ ਕੁਝ ਠੀਕ ਹੈ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਇੱਥੇ ਸਭ ਕੁਝ ਠੀਕ ਹੈ, ਸਾਰਿਆਂ ਦੇ ਆਸ਼ੀਰਵਾਦ ਅਤੇ ਪਿਆਰ ਕਾਰਨ ਬਹੁਤ ਵਧੀਆ ਮਹਿਸੂਸ ਹੁੰਦਾ ਹੈ। ਧਰਤੀ ਤੋਂ ਔਰਬਿਟ ਤੱਕ ਮੇਰਾ 400 ਕਿਲੋਮੀਟਰ ਦਾ ਸਫ਼ਰ ਬਹੁਤ ਮਹੱਤਵਪੂਰਨ ਹੈ।



ਉਨ੍ਹਾਂ ਕਿਹਾ ਕਿ ਅੱਜ ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨ ਦੇ ਯੋਗ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਰ ਭਾਰਤੀ ਦੇਖ ਰਿਹਾ ਹੈ ਕਿ ਤੁਸੀਂ ਕਿੰਨੇ ਸਾਦੇ ਹੋ ਅਤੇ ਇਹ ਵੀ ਪੁੱਛਿਆ ਕਿ ਕੀ ਤੁਸੀਂ ਗਾਜਰ ਦਾ ਹਲਵਾ ਆਪਣੇ ਸਾਥੀਆਂ ਨੂੰ ਖੁਆਇਆ ਹੈ? ਪੀ.ਐਮ. ਨੇ ਸ਼ੁਭਾਂਸ਼ੂ ਤੋਂ ਪੁੱਛਿਆ ਕਿ ਸਪੇਸ ਦੀ ਵਿਸ਼ਾਲਤਾ ਨੂੰ ਦੇਖ ਕੇ ਉਨ੍ਹਾਂ ਦਾ ਪਹਿਲਾ ਵਿਚਾਰ ਕੀ ਸੀ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਪਹਿਲਾ ਵਿਚਾਰ ਇਹ ਆਇਆ ਕਿ ਬਾਹਰੋਂ ਕੋਈ ਸਰਹੱਦ ਦਿਖਾਈ ਨਹੀਂ ਦਿੰਦੀ, ਅਸੀਂ ਭਾਰਤ ਨੂੰ ਨਕਸ਼ੇ 'ਤੇ ਦੇਖਦੇ ਹਾਂ, ਭਾਰਤ ਸੱਚਮੁੱਚ ਬਹੁਤ ਸ਼ਾਨਦਾਰ ਦਿਖਾਈ ਦਿੰਦਾ ਹੈ,ਇਹ ਨਕਸ਼ੇ 'ਤੇ ਜੋ ਅਸੀਂ ਦੇਖਦੇ ਹਾਂ ਉਸ ਤੋਂ ਕਿਤੇ ਜ਼ਿਆਦਾ ਸ਼ਾਨਦਾਰ ਦਿਖਾਈ ਦਿੰਦਾ ਹੈ। ਬਾਹਰੋਂ ਦੇਖਣ 'ਤੇ ਲੱਗਦਾ ਹੈ ਕਿ ਕੋਈ ਰਾਜ ਜਾਂ ਦੇਸ਼ ਨਹੀਂ ਹੈ, ਸਗੋਂ ਲੱਗਦਾ ਹੈ ਕਿ ਅਸੀਂ ਸਾਰੇ ਇੱਕ ਹਾਂ। ਸ਼ੁਭਾਂਸ਼ੂ ਨੇ ਪੀ.ਐਮ. ਮੋਦੀ ਨੂੰ ਕਿਹਾ ਕਿ ਤੁਹਾਡੇ ਨਾਲ ਗੱਲ ਕਰਦੇ ਹੋਏ, ਮੈਂ ਆਪਣੀਆਂ ਲੱਤਾਂ ਬੰਨ੍ਹ ਲਈਆਂ ਹਨ ਕਿਉਂਕਿ ਇੱਥੇ ਜ਼ੀਰੋ ਗਰੈਵਿਟੀ ਹੈ, (ਬਾਕੀ ਸਫਾ 2 'ਤੇ)

## ਮੋਦੀ 2 ਤੋਂ 9 ਜੁਲਾਈ ਤੱਕ ਪੰਜ ਦੇਸ਼ਾਂ ਦਾ ਕਰਨਗੇ ਦੌਰਾ

ਨਵੀਂ ਦਿੱਲੀ, 28 ਜੂਨ (ਚੜ੍ਹਦੀਕਲਾ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ 2-3 ਜੁਲਾਈ ਨੂੰ ਘਾਨਾ ਦਾ ਦੌਰਾ ਕਰਨਗੇ। ਇਹ ਪ੍ਰਧਾਨ ਮੰਤਰੀ ਦਾ ਘਾਨਾ ਦਾ ਪਹਿਲਾ ਦੁਵੱਲਾ ਦੌਰਾ ਹੋਵੇਗਾ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਘਾਨਾ ਦਾ ਇਹ ਦੌਰਾ ਤਿੰਨ ਦਹਾਕਿਆਂ ਬਾਅਦ ਹੋ ਰਿਹਾ ਹੈ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਘਾਨਾ ਦੇ ਰਾਸ਼ਟਰਪਤੀ ਨਾਲ ਮਜ਼ਬੂਤ ਦੁਵੱਲੀ ਸਾਂਝੇਦਾਰੀ ਦੀ ਸਮੀਖਿਆ ਕਰਨਗੇ ਅਤੇ ਸਾਂਝੇਦਾਰੀ ਰਾਹੀਂ ਆਰਥਿਕ, ਊਰਜਾ ਅਤੇ ਰੱਖਿਆ ਸਹਿਯੋਗ ਅਤੇ ਵਿਕਾਸ ਸਹਿਯੋਗ ਨੂੰ ਵਧਾਉਣ ਦੇ ਹੋਰ ਮੌਕਿਆਂ 'ਤੇ ਚਰਚਾ ਕਰਨਗੇ। ਇਹ ਦੌਰਾ ਦੋਵਾਂ ਦੇਸ਼ਾਂ ਦੀ (ਬਾਕੀ ਸਫਾ 2 'ਤੇ)

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਤਿਆਜੀਤ ਸਿੰਘ ਮਜੀਠੀਆ ਦੀ ਮੈਂਬਰਸ਼ਿਪ ਰੱਦ

ਅੰਮ੍ਰਿਤਸਰ, 28 ਜੂਨ (ਬਬਲੂ ਮਹਾਜਨ) : ਚੀਫ਼ ਖਾਲਸਾ ਦੀਵਾਨ, ਜੋ ਕਿ ਸਿੱਖ ਕੌਮ ਦੀ ਪ੍ਰਾਚੀਨ ਅਤੇ ਮਾਣਯੋਗ ਸੰਗਠਨ ਮੰਨੀ ਜਾਂਦੀ ਹੈ, ਉਸ ਵਿੱਚ ਚੱਲ ਰਹੇ ਅੰਦਰੂਨੀ ਵਿਵਾਦ ਇੱਕ ਨਵਾਂ ਮੋੜ ਲੈ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਚੀਫ ਖਾਲਸਾ ਦੀਵਾਨ ਦੇ ਕੁੱਲ 400 ਮੈਂਬਰਾਂ ਵਿੱਚੋਂ 280 ਮੈਂਬਰਾਂ ਦੇ ਗੈਰ-ਅੰਮ੍ਰਿਤਧਾਰੀ ਹੋਣ ਨੂੰ ਲੈ ਕੇ ਇਤਰਾਜ਼ ਜਤਾਇਆ ਗਿਆ ਹੈ। ਇਹ ਮਾਮਲਾ ਸਿੱਧਾ ਸ੍ਰੀ ਅਕਾਲ ਤਖਤ ਸਾਹਿਬ ਦੀ ਸੂਝ-ਬੂਝ ਤੱਕ ਪਹੁੰਚ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਨ੍ਹਾਂ ਵਿੱਚੋਂ 31 ਮੈਂਬਰਾਂ ਨੂੰ ਨੋਟਿਸ ਜਾਰੀ ਕਰਦੇ ਹੋਏ 15 ਦਿਨਾਂ ਦੇ ਅੰਦਰ ਸਪਸ਼ਟੀਕਰਨ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਵਲੋਂ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਦੇ ਹੋਏ ਸਿੱਖ ਮਰਿਆਦਾ (ਬਾਕੀ ਸਫਾ 2 'ਤੇ)

## ਸੰਵਿਧਾਨ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ 'ਤੇ ਖ਼ਾਮੋਸ਼ ਨਹੀਂ ਬੈਠਾਂਗੇ: ਮਾਇਆਵਤੀ

ਚੜ੍ਹਦੀਕਲਾ ਬਿਊਰੋ

================

ਲਖਨਊ, 28 ਜੂਨ : ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ ਨੇ ਸ਼ਨਿੱਚਰਵਾਰ ਨੂੰ ਹਾਕਮ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਅਤੇ ਪਹਿਲਾਂ ਦੀ ਕਾਂਗਰਸ ਸਰਕਾਰ 'ਤੇ ਸੰਵਿਧਾਨ ਵਿੱਚ ਬੇਲੋੜੀਆਂ ਤਬਦੀਲੀਆਂ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਇਹ ਗੱਲ ਸੰਵਿਧਾਨ ਦੀ ਪ੍ਰਸਤਾਵਨਾ ਤੋਂ 'ਸਮਾਜਵਾਦੀ' ਅਤੇ 'ਧਰਮ ਨਿਰਪੱਖ' ਸ਼ਬਦਾਂ ਨੂੰ ਹਟਾਉਣ ਦੀਆਂ ਉੱਠ ਰਹੀਆਂ ਆਵਾਜ਼ਾਂ ਸਬੰਧੀ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਹੀ। ਪ੍ਰਸਤਾਵਨਾ ਤੋਂ 'ਸਮਾਜਵਾਦੀ' ਅਤੇ 'ਧਰਮ ਨਿਰਪੱਖ' ਸ਼ਬਦਾਂ ਨੂੰ ਹਟਾਉਣ ਦੀਆਂ ਮੰਗ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਮਾਇਆਵਤੀ ਨੇ ਕਿਹਾ, ਇਸ ਸਬੰਧ ਵਿੱਚ, ਮੈਂ ਕਿਹਾ ਹੈ ਕਿ ਸੰਵਿਧਾਨ ਦੀ ਮੂਲ ਭਾਵਨਾ ਅਤੇ ਉਦੇਸ਼, ਜੋ ਵੀ ਪ੍ਰਸਤਾਵਨਾ ਵਿੱਚ ਲਿਖਿਆ ਜਾਂ ਦਿਖਾਇਆ ਗਿਆ ਹੈ, ਉਸ ਨਾਲ ਕੋਈ ਛੇੜਛਾੜ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ,ਹੁਣ ਆਰ.ਐਸ.ਐਸ. ਦੇ ਲੋਕ ਕੀ ਕਹਿੰਦੇ ਹਨ, ਭਾਜਪਾ ਦੇ ਲੋਕ ਕੀ ਕਹਿੰਦੇ ਹਨ, ਕਾਂਗਰਸ ਦੇ ਲੋਕ ਕੀ ਕਹਿੰਦੇ ਹਨ, ਮੇਰੇ ਕੋਲ ਇਸ ਬਾਰੇ ਕੁਝ ਕਹਿਣ ਲਈ ਨਹੀਂ ਹੈ। ਪਰ ਜੇ ਭਾਰਤੀ ਸੰਵਿਧਾਨ ਨਾਲ, ਭਾਰਤੀ ਸੰਵਿਧਾਨ ਦੇ ਉਦੇਸ਼ਾਂ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਕੀਤੀ ਜਾਂਦੀ ਹੈ, ਤਾਂ ਸਾਡੀ ਪਾਰਟੀ ਚੁੱਪ ਨਹੀਂ ਬੈਠੇਗੀ, ਸਾਡੀ ਪਾਰਟੀ ਯਕੀਨੀ ਤੌਰ 'ਤੇ ਇਸਦੇ ਵਿਰੁੱਧ ਵਿਰੋਧ ਕਰਨ ਲਈ ਸੜਕਾਂ 'ਤੇ ਉਤਰੇਗੀ। ਇਸ ਸਮੇਂ ਅਸੀਂ ਸਾਰੇ ਨੇੜਿਓਂ ਨਜ਼ਰ ਰੱਖ ਰਹੇ ਹਾਂ। ਉੱਤਰ ਪ੍ਰਦੇਸ਼ ਦੀ (ਬਾਕੀ ਸਫਾ 2 'ਤੇ)



## ਐਮਰਜੈਂਸੀ ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜੇ ਗਏ ਸ਼ਬਦ ਦੁਖਦਾਈ ਹਨ: ਧਨਖੜ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੂਨ :ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਐਮਰਜੈਂਸੀ ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਜੋੜੇ ਗਏ ਸ਼ਬਦਾਂ ਨੂੰ ਦੁਖਦਾਈ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਸੰਵਿਧਾਨ ਦੀ ਆਤਮਾ ਦਾ ਅਪਮਾਨ ਹੋਇਆ ਹੈ। ਸ਼੍ਰੀ ਧਨਖੜ ਨੂੰ ਸ਼ਨੀਵਾਰ ਨੂੰ ਉਪ ਰਾਸ਼ਟਰਪਤੀ ਦੇ ਨਿਵਾਸ ਸਥਾਨ 'ਤੇ ਆਯੋਜਿਤ ਇੱਕ ਸਮਾਗਮ ਵਿੱਚ ਕਰਨਾਟਕ ਦੇ ਸਾਬਕਾ ਵਿਧਾਇਕ ਅਤੇ ਲੇਖਕ ਡੀ.ਐੱਸ. ਵੀਰਈਆ ਦੁਆਰਾ ਸੰਕਲਿਤ ਕਿਤਾਬ 'ਅੰਬੇਡਕਰ ਕੇ ਸੰਦੇਸ਼' ਦੀ ਪਹਿਲੀ ਕਾਪੀ ਭੇਟ ਕੀਤੀ ਗਈ। ਇਸ ਮੌਕੇ ਉਪ ਰਾਸ਼ਟਰਪਤੀ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਬਦਲਾਅ ਨੂੰ ਇੱਕ ਗੰਭੀਰ ਮੁੱਦਾ ਦੱਸਿਆ ਅਤੇ ਕਿਹਾ ਕਿ ਪ੍ਰਸਤਾਵਨਾ ਉਹ ਆਧਾਰ ਹੈ, ਜਿਸ 'ਤੇ ਪੂਰਾ ਸੰਵਿਧਾਨ ਟਿਕਿਆ ਹੋਇਆ ਹੈ।



ਉਨ੍ਹਾਂ ਕਿਹਾ ਕਿ ਕਿਸੇ ਹੋਰ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਇਸ ਤਰੀਕੇ ਨਾਲ ਬਦਲਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, 'ਕਿਸੇ ਵੀ ਸੰਵਿਧਾਨ ਦੀ ਪ੍ਰਸਤਾਵਨਾ ਉਸ ਦੀ ਆਤਮਾ ਹੁੰਦੀ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਲੱਖਣ ਹੈ। ਭਾਰਤ ਨੂੰ ਛੱਡ ਕੇ ਦੁਨੀਆ ਦੇ ਕਿਸੇ ਵੀ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਨਹੀਂ ਬਦਲਿਆ ਗਿਆ ਹੈ, ਅਤੇ ਕਿਉਂ? ਪ੍ਰਸਤਾਵਨਾ ਅਟੱਲ ਹੈ। ਪ੍ਰਸਤਾਵਨਾ ਉਹ ਨੀਂਹ ਹੈ, ਜਿਸ 'ਤੇ ਪੂਰਾ ਸੰਵਿਧਾਨ ਟਿਕਿਆ ਹੋਇਆ ਹੈ। ਇਹ ਇਸਦਾ ਬੀਜ-ਰੂਪ ਹੈ। ਇਹ ਸੰਵਿਧਾਨ ਦੀ ਆਤਮਾ ਹੈ। ਪਰ ਭਾਰਤ ਦੀ ਇਸ ਪ੍ਰਸਤਾਵਨਾ ਨੂੰ 1976 ਵਿੱਚ 42ਵੇਂ ਸੰਵਿਧਾਨਕ ਸੋਧ ਐਕਟ ਦੇ ਤਹਿਤ ਬਦਲ ਦਿੱਤਾ ਗਿਆ ਸੀ ਅਤੇ 'ਸਮਾਜਵਾਦੀ', 'ਧਰਮ ਨਿਰਪੱਖ' ਅਤੇ 'ਅਖੰਡਤਾ' ਵਰਗੇ ਸ਼ਬਦ ਜੋੜੇ ਗਏ ਸਨ।' ਸ੍ਰੀ ਧਨਖੜ ਨੇ ਐਮਰਜੈਂਸੀ ਨੂੰ ਲੋਕਤੰਤਰ ਦਾ ਸਭ ਤੋਂ ਕਾਲਾ ਦੌਰ ਦੱਸਿਆ ਅਤੇ ਕਿਹਾ ਕਿ ਇਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਐਮਰਜੈਂਸੀ-ਭਾਰਤੀ ਲੋਕਤੰਤਰ ਦਾ ਸਭ ਤੋਂ ਕਾਲਾ ਦੌਰ ਸੀ। ਜਦੋਂ ਲੋਕ ਜੇਲ੍ਹਾਂ ਵਿੱਚ (ਬਾਕੀ ਸਫਾ 2 'ਤੇ)

## ਸਪੀਕਰ ਸੰਧਵਾਂ ਨੇ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੂੰ ਸਹੁੰ ਚੁਕਾਈ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 28 ਜੂਨ :ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਬੁੱਧ ਰਾਮ ਦੀ ਮੌਜੂਦਗੀ ਵਿੱਚ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੂੰ ਸਹੁੰ ਚੁਕਾਈ। ਸਪੀਕਰ ਨੇ ਸੰਜੀਵ ਅਰੋੜਾ ਨੂੰ ਪੰਜਾਬ ਵਿਧਾਨ ਸਭਾ ਦਾ ਸਾਹਿਤ ਅਤੇ ਆਈ-ਪੈਡ ਭੇਟ ਕੀਤਾ।

ਸੰਜੀਵ ਅਰੋੜਾ ਨੇ ਸਹੁੰ ਚੁੱਕੀ ਕਿ ਉਹ ਕਾਨੂੰਨ ਦੁਆਰਾ ਸਥਾਪਿਤ ਭਾਰਤ ਦੇ (ਬਾਕੀ ਸਫਾ 2 'ਤੇ)

## ਜੇਲ੍ਹ ਵਿਭਾਗ ਵੱਲੋਂ 26 ਅਧਿਕਾਰੀ ਤੇ ਮੁਲਾਜ਼ਮ ਡਿਊਟੀ ਪ੍ਰਤੀ ਲਾਪਰਵਾਹੀ ਦੇ ਦੋਸ਼ 'ਚ ਮੁਅੱਤਲ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 28 ਜੂਨ :ਪੰਜਾਬ ਸਰਕਾਰ ਨੇ ਹੁਕਮ ਜਾਰੀ ਕਰਦਿਆਂ ਜੇਲ੍ਹ ਵਿਭਾਗ ਦੇ 26 ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਡਿਊਟੀ ਪ੍ਰਤੀ ਅਣਗਹਿਲੀ ਤੇ ਲਾਪਰਵਾਹੀ ਕਰਨ ਦੇ ਦੋਸ਼ 'ਚ ਮੁਅੱਤਲ ਕਰ ਦਿੱਤਾ ਹੈ।

ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਲ੍ਹ ਵਿਭਾਗ ਦੇ 26 ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਡਿਊਟੀ 'ਚ ਅਣਗਹਿਲੀ/ ਲਾਪਰਵਾਹੀ ਕਰਨ ਕਰਕੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ, 1970 ਤਹਿਤ ਤੁਰੰਤ ਪ੍ਰਭਾਵ ਤੋਂ ਮੁਅੱਤਲ ਕੀਤਾ ਗਿਆ ਹੈ।



ਪੰਜਾਬ ਦੀਆਂ ਜੇਲ੍ਹਾਂ 'ਚ ਡਿਊਟੀ ਨਿਭਾ ਰਹੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਪੱਸ਼ਟ ਸੰਦੇਸ਼ ਦਿੰਦਿਆਂ ਮੰਤਰੀ ਨੇ ਕਿਹਾ ਕਿ ਗ਼ੈਰਕਾਨੂੰਨੀ ਗਤੀਵਿਧੀਆਂ, ਬੁਰਾ ਵਰਤਾਅ, ਅਨੁਸ਼ਾਸਨਹੀਣਤਾ, ਡਿਊਟੀ ਤੋਂ ਗੈਰਹਾਜ਼ਰੀ ਅਤੇ ਕੈਦੀਆਂ ਨਾਲ ਮੇਲ ਮਿਲਾਪ ਵਰਗੀਆਂ ਗਤੀਵਿਧੀਆਂ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਮੰਤਰੀ ਨੇ ਦੱਸਿਆ ਕਿ ਇਕਬਾਲ ਸਿੰਘ ਬਰਾੜ ਸੁਪਰਡੰਟ ਜ਼ਿਲ੍ਹਾ ਜੇਲ੍ਹ ਮਾਨਸਾ, ਮਨਿੰਦਰ ਪਾਲ ਚੀਮਾ (ਬਾਕੀ ਸਫਾ 2 'ਤੇ)

## ਬਿਹਾਰ 'ਚ ਈ-ਵੋਟਿੰਗ ਦੀ ਇਤਿਹਾਸਕ ਸ਼ੁਰੂਆਤ

ਨਵੀਂ ਦਿੱਲੀ, 28 ਜੂਨ (ਚੜ੍ਹਦੀਕਲਾ ਬਿਊਰੋ) : ਬਿਹਾਰ ਨੇ ਡਿਜੀਟਲ ਲੋਕਤੰਤਰ ਵੱਲ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਸ਼ਨਿੱਚਰਵਾਰ ਨੂੰ ਹੋਈਆਂ ਨਿਗਮ ਚੋਣਾਂ ਦੌਰਾਨ, ਸੂਬੇ ਵਿੱਚ ਪਹਿਲੀ ਵਾਰ ਮੋਬਾਈਲ ਐਪ ਰਾਹੀਂ ਈ-ਵੋਟਿੰਗ ਕੀਤੀ ਗਈ। ਇਸ ਤਕਨੀਕੀ ਪਹਿਲਕਦਮੀ ਨਾਲ ਬਿਹਾਰ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ ਜਿੱਥੇ ਵੋਟਰ ਘਰ ਬੈਠੇ ਆਪਣੇ ਮੋਬਾਈਲ ਫੋਨ ਤੋਂ ਵੋਟ ਪਾ ਸਕਦੇ ਹਨ।ਨਗਰ ਨਿਗਮ ਚੋਣਾਂ ਲਈ ਵੋਟਿੰਗ ਸ਼ਨਿੱਚਰਵਾਰ ਸਵੇਰੇ 7 ਵਜੇ ਸ਼ੁਰੂ ਹੋਈ। ਰਵਾਇਤੀ ਤੌਰ 'ਤੇ ਸਾਰੇ 489 ਪੋਲਿੰਗ ਸਟੇਸ਼ਨਾਂ 'ਤੇ ਈਵੀਐਮ ਰਾਹੀਂ ਵੋਟਿੰਗ ਦਾ ਅਮਲ ਨਾਲੋ ਨਾਲ ਜਾਰੀ ਰਿਹਾ। ਬਜ਼ੁਰਗਾਂ, ਦਿਵਿਆਂਗਾਂ, ਗੰਭੀਰ ਬਿਮਾਰ, ਗਰਭਵਤੀ ਔਰਤਾਂ ਅਤੇ ਪਰਵਾਸੀ ਮਜ਼ਦੂਰਾਂ ਨੂੰ ਮੋਬਾਈਲ ਐਪ ਰਾਹੀਂ ਵੋਟ ਪਾਉਣ ਦੀ ਸਹੂਲਤ ਦਿੱਤੀ ਗਈ ਸੀ।ਮੋਬਾਈਲ ਐਪ ਨਾਲ ਈ-ਵੋਟਿੰਗ (ਬਾਕੀ ਸਫਾ 2 'ਤੇ)

### ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਕੀਤੀ ਤਾੜਨਾ

## ਹੁਕਮਾਂ ਦੀ ਉਲੰਘਣਾ ਕਰਨ 'ਤੇ ਕੀਤੀ ਜਾਵੇਗੀ ਸਖ਼ਤ ਕਾਰਵਾਈ

ਬਬਲੂ ਮਹਾਜਨ

================

ਅੰਮ੍ਰਿਤਸਰ, 28 ਜੂਨ: 21 ਮਈ 2025 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਕੁਲਦਪੀ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿੱਚ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਅਤੇ ਮੀਤ ਜਥੇਦਾਰ ਗੁਰਦਿਆਲ ਸਿੰਘ ਉੱਪਰ ਰੋਕ ਲਗਾਉਂਦਿਆਂ ਤਖਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ। ਜਿਸ ਦੇ ਇਵਜ ਵਿੱਚ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਨੂੰ ਸਿੱਖ ਪੰਥ ਦਾ ਅਪ੍ਰਵਾਨ ਜਥੇਦਾਰ ਕਹਿੰਦੇ ਤਨਖ਼ਾਹੀਆ ਕਰਾਰ ਦੇ ਦਿੱਤਾ ਅਤੇ ਇਸ ਸਾਜਿਸ਼ ਪਿੱਛੇ ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਮੰਨਦਿਆਂ 10 ਦਿਨ ਦਾ ਸਮਾਂ ਦੇ ਕੇ ਪਟਨਾ ਸਾਹਿਬ ਵਿਖੇ ਹਾਜ਼ਰ ਹੋਣ ਲਈ ਕਿਹਾ।ਫਿਰ ਦੁਬਾਰਾ ਦੱਸ ਦਿਨ ਦਾ ਸਮਾਂ ਦਿੱਤਾ ਗਿਆ ਪਰ ਸੁਖਬੀਰ ਸਿੰਘ ਬਾਦਲ ਹਾਜ਼ਰ ਨਹੀਂ ਹੋਏ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਆਉਂਦਿਆਂ ਹੋਰ ਸਮੇਂ ਦੀ ਮੰਗ ਕੀਤੀ ਗਈ ਤੇ (ਬਾਕੀ ਸਫਾ 2 'ਤੇ)

## 'ਹੁਣ ਦੋ ਪਹੀਆ ਵਾਹਨਾਂ ਲਈ ਲਾਜ਼ਮੀ ਹੋਣਗੇ ਦੋ ਹੈਲਮਟ ਤੇ ਏ.ਬੀ.ਐਸ.'

ਨਵੀਂ ਦਿੱਲੀ, 28 ਜੂਨ (ਚੜ੍ਹਦੀਕਲਾ ਬਿਊਰੋ) : ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਭਾਰਤ ਵਿੱਚ ਦੋਪਹੀਆ ਵਾਹਨਾਂ ਲਈ ਨਵੇਂ ਸੁਰੱਖਿਆ ਨਿਯਮਾਂ ਦਾ ਐਲਾਨ ਕੀਤਾ ਹੈ। ਨਵੇਂ ਨਿਯਮ ਦੇ ਅਨੁਸਾਰ, ਭਾਰਤ ਵਿੱਚ ਵੇਚੇ ਜਾਣ ਵਾਲੇ ਹਰੇਕ ਨਵੇਂ ਦੋਪਹੀਆ ਵਾਹਨ ਲਈ ਐਂਟੀ-ਲਾਕ ਬ੍ਰੇਕਿੰਗ ਸਿਸਟਮ (ਏ.ਬੀ.ਐਸ.) ਹੋਣਾ ਲਾਜ਼ਮੀ ਹੋਵੇਗਾ, ਅਤੇ ਡੀਲਰ ਨੂੰ ਹਰੇਕ ਵਾਹਨ ਦੇ ਨਾਲ ਦੋ ਬੀ.ਆਈ.ਐਸ.-ਪ੍ਰਮਾਣਿਤ ਹੈਲਮੇਟ ਪ੍ਰਦਾਨ ਕਰਨੇ ਚਾਹੀਦੇ ਹਨ। ਨਵੇਂ ਨਿਯਮ ਵਿੱਚ ਡੀਲਰ ਨੂੰ ਦੋਪਹੀਆ ਵਾਹਨ ਖਰੀਦਦੇ ਸਮੇਂ ਦੋ ਹੈਲਮੇਟ, ਇੱਕ ਬਾਈਕ ਸਵਾਰ ਲਈ ਅਤੇ ਦੂਜਾ ਪਿੱਛੇ ਬੈਠਣ ਵਾਲੇ ਲਈ ਵੀ ਲਾਜ਼ਮੀ ਹੈ। (ਬਾਕੀ ਸਫਾ 2 'ਤੇ)




## ਟੈਂਪੂ 'ਚ ਅੱਗੇ ਬੈਠਣ ਨੂੰ ਲੈ ਕੇ ਪੁੱਤ ਵੱਲੋਂ ਪਿਤਾ ਦਾ ਕਤਲ

ਨਵੀਂ ਦਿੱਲੀ, 28 ਜੂਨ (ਚੜ੍ਹਦੀਕਲਾ ਬਿਊਰੋ): ਉੱਤਰੀ ਦਿੱਲੀ ਦੇ ਤਿਮਾਰਪੁਰ ਇਲਾਕੇ ਵਿਚ 26 ਸਾਲਾ ਵਿਅਕਤੀ ਨੇ ਟੈਂਪੂ ਵਿਚ ਅਗਲੀ ਸੀਟ 'ਤੇ ਬੈਠਣ ਤੋਂ ਰੋਕਣ ਉੱਤੇ ਆਪਣੇ ਪਿਤਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੀੜਤ ਪਰਿਵਾਰ ਦਿੱਲੀ ਤੋਂ ਉੱਤਰਾਖੰਡ ਸ਼ਿਫ਼ਟ ਹੋ ਰਿਹਾ ਸੀ ਤੇ ਉਨ੍ਹਾਂ ਇਹ ਟੈਂਪੂ ਕਿਰਾਏ 'ਤੇ ਲਿਆ ਸੀ। ਪੁਲਿਸ ਨੇ ਮੁਲਜ਼ਮ ਦੀਪਕ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਅਪਰਾਧ ਲਈ ਵਰਤੀ ਬੰਦੂਕ 11 ਜ਼ਿੰਦਾ ਕਾਰਤੂਸਾਂ ਸਮੇਤ ਬਰਾਮਦ ਕਰ ਲਈ ਹੈ। ਘਟਨਾ ਵੀਰਵਾਰ ਰਾਤ ਸਾਢੇ ਸੱਤ ਵਜੇ ਦੇ ਕਰੀਬ ਦੀ ਦੱਸੀ ਜਾਂਦੀ ਹੈ। ਪੀੜਤ ਦੀ ਪਛਾਣ ਸੁਰਿੰਦਰ ਸਿੰਘ (60) ਵਜੋਂ ਹੋਈ ਹੈ, ਜੋ ਸੀਆਈਐਸਐਫ ਦਾ ਸੇਵਾਮੁਕਤ ਸਬ ਇੰਸਪੈਕਟਰ ਸੀ। ਪੀੜਤ ਨੂੰ ਐਚ.ਆਰ.ਐਚ. (ਬਾਕੀ ਸਫਾ 2 'ਤੇ)


## ਪੁਲਿਸ ਵੱਲੋਂ ਲਾਅ ਕਾਲਜ 'ਚ ਸਮੂਹਿਕ ਬਲਾਤਕਾਰ ਦੀ ਜਾਂਚ ਲਈ 'ਸਿਟ' ਦਾ ਗਠਨ

**ਤਿੰਨ ਮੁਲਜ਼ਮਾਂ ਨੂੰ 1 ਜੁਲਾਈ ਤੱਕ ਪੁਲਿਸ ਹਿਰਾਸਤ ਵਿੱਚ ਭੇਜਿਆ**

ਚੜ੍ਹਦੀਕਲਾ ਬਿਊਰੋ

================

ਕੋਲਕਾਤਾ, 28 ਜੂਨ : ਕੋਲਕਾਤਾ ਪੁਲਿਸ ਨੇ 25 ਜੂਨ ਦੀ ਸ਼ਾਮ ਨੂੰ ਦੱਖਣੀ ਕਲਕੱਤਾ ਲਾਅ ਕਾਲਜ ਵਿੱਚ ਇੱਕ ਔਰਤ ਨਾਲ ਹੋਏ ਕਥਿਤ ਸਮੂਹਿਕ ਬਲਾਤਕਾਰ ਦੀ ਜਾਂਚ ਲਈ ਸ਼ਨੀਵਾਰ ਨੂੰ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ। ਐਸ.ਐਸ.ਟੀ. ਯੂਨਿਟ ਦੇ ਏ.ਸੀ.ਪੀ. ਪ੍ਰਦੀਪ ਕੁਮਾਰ ਘੋਸ਼ਾਲ ਦੀ ਨਿਗਰਾਨੀ ਹੇਠ 'ਸਿਟ' ਕੰਮ ਕਰੇਗੀ। ਇੱਕ ਅਧਿਕਾਰੀ ਨੇ ਖ਼ਬਰ ਏਜੰਸੀ ਨੂੰ ਦੱਸਿਆ, 'ਕਥਿਤ ਅਪਰਾਧ ਦੀ ਜਾਂਚ ਲਈ ਇੱਕ 'ਸਿਟ' ਬਣਾਈ ਗਈ ਹੈ। ਇਹ ਤੁਰੰਤ ਆਪਣੀ ਜਾਂਚ ਸ਼ੁਰੂ ਕਰੇਗੀ।' ਸਹਾਇਕ ਕਮਿਸ਼ਨਰ ਰੈਂਕ ਦੇ ਇੱਕ ਅਧਿਕਾਰੀ ਦੀ ਅਗਵਾਈ ਵਾਲੀ ਟੀਮ ਨੂੰ ਤੁਰੰਤ ਜਾਂਚ ਸ਼ੁਰੂ ਕਰਨ ਅਤੇ ਗਵਾਹਾਂ ਦੀਆਂ ਗਵਾਹੀਆਂ ਅਤੇ ਫੋਰੈਂਸਿਕ ਸਮੱਗਰੀ ਸਮੇਤ ਸਾਰੇ ਸੰਬੰਧਿਤ ਸਬੂਤ ਇਕੱਠੇ ਕਰਨ ਦਾ ਕੰਮ ਸੌਂਪਿਆ ਗਿਆ ਹੈ।



**ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਹੈ:** ਮਨੋਜੀਤ ਮਿਸ਼ਰਾ, ਜ਼ੈਬ ਅਹਿਮਦ ਅਤੇ ਪ੍ਰਮਿਤ ਮੁਖੋਪਾਧਿਆਏ। ਕਾਲਜ ਦੀ 24 ਸਾਲਾ ਵਿਦਿਆਰਥਣ, ਜਿਸ ਨੇ ਆਪਣੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ (ਬਾਕੀ ਸਫਾ 2 'ਤੇ)

### ਡੀ.ਐਨ.ਏ. ਟੈਸਟ ਨਾਲ ਅਹਿਮਦਾਬਾਦ ਜਹਾਜ਼ ਹਾਦਸੇ ਦੇ ਆਖ਼ਰੀ ਪੀੜਤ ਦੀ ਹੋਈ ਪਛਾਣ

ਅਹਿਮਦਾਬਾਦ, 28 ਜੂਨ (ਚੜ੍ਹਦੀਕਲਾ ਬਿਊਰੋ): ਅਹਿਮਦਾਬਾਦ ਜਹਾਜ਼ ਹਾਦਸੇ ਦੇ ਦੋ ਹਫ਼ਤਿਆਂ ਤੋਂ ਵੱਧ ਸਮੇਂ ਬਾਅਦ, ਅਧਿਕਾਰੀਆਂ ਨੇ ਸ਼ਨੀਵਾਰ ਨੂੰ ਕਿਹਾ ਕਿ ਡੀਐਨਏ ਟੈਸਟ ਨਾਲ ਆਖਰੀ ਪੀੜਤ ਦੀ ਪਛਾਣ ਹੋ ਗਈ ਹੈ ਅਤੇ ਇਸ ਦੁਖਾਂਤ 'ਚ ਮਰਨ ਵਾਲਿਆਂ ਦੀ ਗਿਣਤੀ ਹੁਣ 260 ਹੈ। ਉਨ੍ਹਾਂ ਕਿਹਾ ਕਿ ਆਖਰੀ ਪੀੜਤ ਦਾ ਮ੍ਰਿਤਕ ਸਰੀਰ ਪਰਿਵਾਰ ਨੂੰ ਸੌਂਪ ਦਿੱਤਾ ਗਿਆ ਹੈ।

**ਮੈਡੀਕਲ ਅਧਿਕਾਰੀਆਂ ਨੇ ਪਹਿਲਾਂ ਮੌਤਾਂ ਦੀ ਗਿਣਤੀ 270 ਦੱਸੀ ਸੀ**

ਲੰਡਨ ਜਾਣ ਵਾਲੀ ਏਅਰ ਇੰਡੀਆ ਦੀ ਇੱਕ ਉਡਾਣ 12 ਜੂਨ ਨੂੰ ਸ਼ਹਿਰ ਦੇ ਸਰਦਾਰ ਵੱਲਭਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਕੁਝ ਮਿੰਟਾਂ ਬਾਅਦ ਅਹਿਮਦਾਬਾਦ ਦੇ ਮੇਘਾਨੀਨਗਰ ਖੇਤਰ ਵਿੱਚ ਇੱਕ ਹੋਸਟਲ ਕੰਪਲੈਕਸ ਨਾਲ ਟਕਰਾ ਗਈ, (ਬਾਕੀ ਸਫਾ 2 'ਤੇ)



# ਦਿੱਲੀ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 18 ਬੰਗਲਾਦੇਸ਼ੀ ਨਾਗਰਿਕ ਕਾਬੂ

ਨਵੀਂ ਦਿੱਲੀ, 28 ਜੂਨ (ਚ.ਨ.ਸ.) : ਦਿੱਲੀ ਪੁਲਿਸ ਨੇ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 18 ਬੰਗਲਾਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀ ਇਕ ਵਿਸ਼ੇਸ਼ ਚੈਕਿੰਗ ਅਤੇ ਵੈਰੀਫਿਕੇਸ਼ਨ ਮੁਹਿੰਮ ਦੌਰਾਨ ਕੀਤੀ ਗਈ। ਪੁਲਿਸ ਮੁਤਾਬਕ ਇਨ੍ਹਾਂ 'ਚੋਂ 5 ਵਿਅਕਤੀ ਟਰਾਂਸਜੈਂਡਰ ਦੇ ਭੇਸ 'ਚ ਰਹਿ ਰਹੇ ਸਨ, ਤਾਂ ਜੋ ਆਪਣੀ ਅਸਲੀ ਪਛਾਣ ਨੂੰ ਲੁਕਾ ਸਕਣ। ਪੁਲਿਸ ਨੇ ਦੱਸਿਆ ਕਿ ਦੋਸ਼ੀਆਂ ਵਿੱਚੋਂ 7 ਦੇ ਫੋਨ ਵਿਚ ਪਾਬੰਦੀਸ਼ੁਦਾ ਮੈਸੇਜਿੰਗ ਐਪ ਮਿਲੇ ਹਨ, ਜਿਨ੍ਹਾਂ ਜ਼ਰੀਏ ਉਹ ਬੰਗਲਾਦੇਸ਼ ਵਿਚ ਆਪਣੇ ਪਰਿਵਾਰ ਨਾਲ ਗੱਲ ਕਰਦੇ ਸਨ।




ਸੈਂਕੜੇ ਝੁੱਗੀਆਂ ਤੇ ਗਲੀਆਂ 'ਚ ਚਲਾਈ ਗਈ ਪੁਸ਼ਟੀਕਰਨ ਮੁਹਿੰਮ

ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਹਿਲੀ ਕਾਰਵਾਈ ਦੌਰਾਨ ਲਗਭਗ 100 ਝੁੱਗੀਆਂ ਅਤੇ 150 ਗਲੀਆਂ ਨੂੰ ਘਰ ਦੇ ਵੈਰੀਫਿਕੇਸ਼ਨ ਕੀਤਾ ਗਿਆ। ਇਸ ਦੌਰਾਨ ਇਕ ਵਿਅਕਤੀ ਨੇ ਆਪਣੀ ਪਛਾਣ ਲੁਕਾਉਣ ਦੀ ਕੋਸ਼ਿਸ਼ ਕੀਤੀ, ਪਰ ਪੁੱਛਗਿੱਛ 'ਚ ਉਸ ਨੇ ਆਪਣੇ ਬੰਗਲਾਦੇਸ਼ੀ ਹੋਣ ਦੀ ਗੱਲ ਮੰਨ ਲਈ। ਪਿੱਛੋਂ ਉਸ ਦੇ ਪਰਿਵਾਰ ਮੈਂਬਰਾਂ ਦੀ ਵੀ ਪਛਾਣ ਹੋਈ। ਟਰਾਂਸਜੈਂਡਰ ਬਣ ਕੇ ਲੁਕ ਰਹੇ ਸਨ ਦੋਸ਼ੀ ਦੂਜੀ ਕਾਰਵਾਈ ਦੌਰਾਨ ਪੁਲਿਸ ਨੇ 5 ਅਜਿਹੇ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜੋ ਆਪਣੀ ਪਛਾਣ ਲੁਕਾਉਣ ਲਈ ਟ੍ਰਾਂਸਜੈਂਡਰ ਦੇ ਰੂਪ 'ਚ ਰਹਿ ਰਹੇ ਸਨ। ਇਨ੍ਹਾਂ ਦੀ ਵਧੇਰੇ ਜਾਂਚ ਅਤੇ ਦਸਤਾਵੇਜ਼ੀ ਤਸਦੀਕ ਲਈ ਉਨ੍ਹਾਂ ਨੂੰ ਵਿਦੇਸ਼ ਸ਼ਾਖਾ ਨੂੰ ਸੌਂਪ ਦਿੱਤਾ ਗਿਆ ਹੈ।


13 ਵਿਅਕਤੀ ਮਿਲੇ ਕਾਨੂੰਨੀ ਦਸਤਾਵੇਜ਼ਾਂ ਸਮੇਤ - ਇਸ ਦੌਰਾਨ ਪੁਲਿਸ ਨੂੰ ਕੁੱਲ 13 ਅਜਿਹੇ ਵਿਅਕਤੀ ਵੀ ਮਿਲੇ, ਜਿਨ੍ਹਾਂ ਕੋਲ ਸਹੀ ਅਤੇ ਕਾਨੂੰਨੀ ਦਸਤਾਵੇਜ਼ ਮੌਜੂਦ ਸਨ। ਇਹ ਕਾਰਵਾਈ ਦਿੱਲੀ 'ਚ ਹੋ ਰਹੀ ਗੈਰ-ਕਾਨੂੰਨੀ ਘੁਸਪੈਠ ਅਤੇ ਸ਼ੱਕੀ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਚਲਾਈ ਗਈ ਨੀਤੀ ਦਾ ਹਿੱਸਾ ਸੀ। ਪੁਲਿਸ ਵੱਲੋਂ ਜਾਂਚ ਅਜੇ ਜਾਰੀ ਹੈ।

## ਜੰਮੂ-ਕਸ਼ਮੀਰ ਦੇ ਰਾਮਬਨ 'ਚ ਬੇਕਾਬੂ ਟਰੱਕ ਖੱਡ ਡਿੱਗਾ, 2 ਮੌਤਾਂ

ਬਨੀਹਾਲ/ਜੰਮੂ, 28 ਜੂਨ (ਚ.ਨ.ਸ.) : ਜੰਮੂ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿਚ ਸ਼ਨਿੱਚਰਵਾਰ ਨੂੰ ਜੰਮੂ ਸ੍ਰੀਨਗਰ ਕੌਮੀ ਸ਼ਾਹਰਾਹ 'ਤੇ ਬੇਕਾਬੂ ਟਰੱਕ ਦੇ ਸੜਕ ਕੰਢੇ ਡੂੰਘੀ ਖੱਡ ਵਿਚ ਡਿੱਗਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਕਿਹਾ ਕਿ ਟਰੱਕ ਜੰਮੂ ਤੋਂ ਸ੍ਰੀਨਗਰ ਜਾ ਰਿਹਾ ਸੀ ਜਦੋਂ ਡਰਾਈਵਰ ਵਾਹਨ 'ਤੇ ਸੰਤੁਲਨ ਗੁਆ ਬੈਠਾ ਤੇ ਟਰੱਕ ਨਚੀਲਾਨਾ ਇਲਾਕੇ ਵਿਚ ਡੂੰਘੀ ਖੱਡ ਵਿਚ ਜਾ ਡਿੱਗਾ।ਹਾਦਸੇ ਵਿਚ ਟਰੱਕ ਡਰਾਈਵਰ ਤੇ ਹੈਲਪਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦੀਆਂ ਲਾਸ਼ਾਂ ਬਨੀਹਾਲ ਦੇ ਸਬ ਜ਼ਿਲ੍ਹਾ ਹਸਪਤਾਲ ਵਿਚ ਤਬਦੀਲ ਕਰ ਦਿੱਤੀਆਂ ਹਨ।

## ਮਸ਼ਹੂਰ ਅਦਾਕਾਰਾ ਸ਼ੇਫਾਲੀ ਜਰੀਵਾਲਾ ਦਾ ਦੇਹਾਂਤ

ਮੁੰਬਈ, 28 ਜੂਨ (ਚ.ਨ.ਸ.) : 'ਕਾਂਟਾ ਲੱਗਾ' ਗੀਤ ਨਾਲ ਮਸ਼ਹੂਰ ਹੋਈ ਅਦਾਕਾਰਾ ਸ਼ੇਫਾਲੀ ਜਰੀਵਾਲਾ ਦਾ 42 ਸਾਲ ਦੀ ਉਮਰ ਵਿੱਚ ਸ਼ੁੱਕਰਵਾਰ ਰਾਤ ਨੂੰ ਦੇਹਾਂਤ ਹੋ ਗਿਆ। ਹਸਪਤਾਲ ਦੇ ਇੱਕ ਸੂਤਰ ਨੇ ਦੱਸਿਆ ਜਰੀਵਾਲਾ ਨੂੰ ਉਨ੍ਹਾਂ ਦੇ ਪਤੀ ਅਦਾਕਾਰ ਪਰਾਗ ਤਿਆਗੀ ਵੱਲੋਂ ਮੁੰਬਈ ਦੇ ਉਪਨਗਰ ਵਿੱਚ ਸਥਿਤ ਬੇਲੇਵਿਊ ਮਲਟੀਸਪੈਸ਼ਲਿਟੀ ਹਸਪਤਾਲ ਲਿਆਂਦਾ ਗਿਆ ਸੀ।ਉਨ੍ਹਾਂ ਦੱਸਿਆ, ਉਨ੍ਹਾਂ ਨੂੰ ਰਾਤ ਕਰੀਬ 11:15 ਵਜੇ ਹਸਪਤਾਲ ਲਿਆਂਦਾ ਗਿਆ ਸੀ। ਡਿਊਟੀ 'ਤੇ ਮੌਜੂਦ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮੀਡੀਆ ਰਿਪੋਰਟਾਂ ਅਨੁਸਾਰ ਜਰੀਵਾਲਾ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ, ਹਾਲਾਂਕਿ ਪਰਿਵਾਰ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।ਜਰੀਵਾਲਾ ਨੇ ਆਪਣੇ ਪਤੀ ਨਾਲ ਡਾਂਸ-ਅਧਾਰਿਤ ਸ਼ੋਅ 'ਨੱਚ ਬੱਲੀਏ' ਅਤੇ ਬਾਅਦ ਵਿੱਚ ਸਲਮਾਨ ਖਾਨ ਦੁਆਰਾ ਹੋਸਟ ਕੀਤੇ ਗਏ 'ਬਿੱਗ ਬੌਸ 13' ਵਰਗੇ ਸ਼ੋਅਜ਼ ਵਿੱਚ ਭਾਗ ਲੈ ਕੇ ਪ੍ਰਸਿੱਧੀ ਹਾਸਲ ਕੀਤੀ ਸੀ। ਜਰੀਵਾਲਾ ਦੀ ਅਚਾਨਕ ਮੌਤ ਨੇ ਦੋਸਤਾਂ ਅਤੇ ਸਹਿਕਰਮੀਆਂ ਨੂੰ ਹੈਰਾਨ ਕਰ ਦਿੱਤਾ ਹੈ।



## ਮਾਦਾ ਬਾਘ ਨੂੰ 4 ਬੱਚਿਆਂ ਸਮੇਤ ਜ਼ਹਿਰ ਦੇਣ ਦੇ ਦੋਸ਼ਾਂ ਹੇਠ ਦੋ ਗ੍ਰਿਫ਼ਤਾਰ

ਬੰਗਲੂਰੂ, 28 ਜੂਨ (ਚ.ਨ.ਸ.) : ਮਾਲੇ ਮਹਾਂਦੇਸ਼ਵਰ ਪਹਾੜੀਆਂ ਦੇ ਹੁਗਯਾਮ ਜੰਗਲਾਤ ਰੇਂਜ ਵਿੱਚ ਇੱਕ ਮਾਦਾ ਬਾਘ ਅਤੇ ਉਸ ਦੇ ਚਾਰ ਬੱਚਿਆਂ ਦੀ ਮੌਤ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੀਰਵਾਰ ਨੂੰ ਮਾਦਾ ਬਾਘ ਅਤੇ 4 ਬੱਚੇ ਮ੍ਰਿਤਕ ਪਾਏ ਗਏ ਸਨ ਅਤੇ ਬਾਅਦ ਦੀ ਜਾਂਚ ਵਿੱਚ ਪਤਾ ਲੱਗਿਆ ਕਿ ਉਨ੍ਹਾਂ ਨੂੰ ਜ਼ਹਿਰ ਦਿੱਤਾ ਗਿਆ ਸੀ।ਮਾਦਾ ਉਰਫ਼ ਮਾਦੁਰਾਜੂ ਦੀ ਇੱਕ ਜ਼ਹਿਰੀਲੀ ਗਾਂ ਦੀ ਲਾਸ਼ ਮਿਲਣ ਤੋਂ ਬਾਅਦ ਇਹ ਸਫਲਤਾ ਮਿਲੀ। ਪੁਲਿਸ ਦੇ ਅਨੁਸਾਰ ਮਾਦੂਰਾਜੂ ਕਥਿਤ ਤੌਰ 'ਤੇ ਆਪਣੀ ਗਾਂ ਨੂੰ ਜੰਗਲੀ ਜਾਨਵਰਾਂ ਵੱਲੋਂ ਸ਼ਿਕਾਰ ਕੀਤੇ ਜਾਣ ਤੋਂ ਬਾਅਦ ਗੁੱਸੇ ਵਿੱਚ ਸੀ। ਨੁਕਸਾਨ ਦਾ ਬਦਲਾ ਲੈਣ ਲਈ ਉਸ ਨੇ ਗਾਂ ਦੀ ਲਾਸ਼ 'ਤੇ ਜ਼ਹਿਰ ਪਾ ਦਿੱਤਾ ਅਤੇ ਮੰਨਿਆ ਜਾ ਰਿਹਾ ਹੈ ਕਿ ਉਸ ਦਾ ਦੋਸਤ ਨਾਗਰਾਜੂ ਵੀ ਇਸ ਕਾਰਵਾਈ ਦੌਰਾਨ ਉਸਦੇ ਨਾਲ ਮੌਜੂਦ ਸੀ।ਸੂਤਰਾਂ ਨੇ ਦੱਸਿਆ ਕਿ ਮਾਦਾ ਬਾਘ ਜਿਸ ਨੇ ਸ਼ੁਰੂ ਵਿੱਚ ਗਾਂ ਦਾ ਸ਼ਿਕਾਰ ਕੀਤਾ ਸੀ, ਆਪਣੇ ਬੱਚਿਆਂ ਨਾਲ ਦੁਬਾਰਾ ਖਾਣ ਲਈ ਉੱਥੇ ਵਾਪਸ ਆਈ ਅਤੇ ਜ਼ਹਿਰ ਖਾਣ ਤੋਂ ਬਾਅਦ ਉਸਦੀ ਮੌਤ ਹੋ ਗਈ।ਅਧਿਕਾਰੀਆਂ ਨੇ ਕਿਹਾ ਕਿ ਦੋਵਾਂ ਸ਼ੱਕੀਆਂ ਨੂੰ ਹੋਰ ਪੁੱਛਗਿੱਛ ਲਈ ਚਾਮਰਾਜਨਗਰ ਜ਼ਿਲ੍ਹੇ ਦੇ ਹਾਨੂਰ ਤਾਲੁਕ ਵਿੱਚ ਮੀਨਯਮ ਸਥਿਤ ਅਰਣਿਆ ਭਵਨ ਲਿਜਾਇਆ ਗਿਆ ਹੈ।

# ਆਈਫੋਨ ਚੋਰੀ ਕਰਨ ਲਈ ਨਾਬਾਲਗਾਂ ਨੇ ਨੌਜਵਾਨ ਦਾ ਗਲਾ ਵੱਢਿਆ

ਬਹਿਰਾਈਚ, 28 ਜੂਨ (ਚ.ਨ.ਸ.) : ਦੋ ਨਾਬਲਿਗਾਂ ਨੇ ਰੀਲਾਂ ਬਣਾਉਣ ਲਈ ਆਈਫੋਨ ਚੋਰੀ ਕਰਨ ਮੌਕੇ ਇੱਕ ਵਿਅਕਤੀ ਦਾ ਗਲਾ ਵੱਢ ਕੇ ਉਸ ਦੀ ਹੱਤਿਆ ਕਰ ਦਿੱਤੀ ਅਤੇ ਬਾਅਦ ਵਿੱਚ ਉਸ ਦੇ ਸਿਰ 'ਤੇ ਪੱਥਰ ਨਾਲ ਹਮਲਾ ਕਰ ਦਿੱਤਾ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਹਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।



ਪੀੜਤ ਸ਼ਾਦਾਬ (19), ਜੋ ਕਿ ਬੰਗਲੂਰੂ ਵਿੱਚ ਰਹਿੰਦਾ ਸੀ, ਆਪਣੇ ਮਾਮੇ ਦੇ ਵਿਆਹ ਲਈ ਬਹਿਰਾਈਚ ਦੇ ਆਪਣੇ ਜੱਦੀ ਪਿੰਡ ਨਾਗੌਰ ਜਾ ਰਿਹਾ ਸੀ। ਏਡੀਸੀਪੀ ਰਾਮ ਪ੍ਰਸਾਦ ਖੁਸ਼ਵਾਹਾ ਨੇ ਦੱਸਿਆ ਕਿ ਇਹ ਘਟਨਾ 20 ਜੂਨ ਨੂੰ ਵਾਪਰੀ। ਉਨ੍ਹਾਂ ਦੱਸਿਆ, 21 ਜੂਨ ਨੂੰ ਸ਼ਾਦਾਬ ਦੇ ਲਾਪਤਾ ਹੋਣ ਬਾਰੇ ਰਿਪੋਰਟ ਦਰਜ ਕੀਤੀ ਗਈ ਸੀ, ਜਿਸ ਉਪਰੰਤ ਉਸ ਦੀ ਲਾਸ਼ ਪਿੰਡ ਦੇ ਬਾਹਰ ਅਮਰੂਦ ਦੇ ਬਾਗ ਵਿੱਚ ਖਸਤਾ ਹਾਲਤ ਟਿਊਬਵੈੱਲ ਕੋਲ ਮਿਲੀ। ਸ਼ਾਦਾਬ ਦਾ ਗਲਾ ਚਾਕੂ ਨਾਲ ਕੱਟਿਆ ਹੋਇਆ ਸੀ ਅਤੇ ਉਸ ਦੇ ਸਿਰ ਤੇ ਇੱਟਾਂ ਮਾਰੀਆਂ ਹੋਈਆਂ ਸਨ।

ਅਧਿਕਾਰੀ ਨੇ ਦੱਸਿਆ ਕਿ ਜਾਂਚ ਦੌਰਾਨ 14 ਅਤੇ 16 ਸਾਲਾ ਦੋ ਨਾਬਲਗਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ, ਪੁੱਛਗਿੱਛ ਦੌਰਾਨ ਦੋਹਾਂ ਨਾਬਾਲਗਾਂ ਨੇ ਮੰਨਿਆ ਹੈ ਕਿ ਵਧੀਆ ਵੀਡੀਓਜ਼(ਰੀਲਾਂ) ਬਣਾਉਣ ਲਈ ਉਨ੍ਹਾਂ ਨੂੰ ਹਾਈ ਕੁਆਲਿਟੀ ਫੋਨ ਦੀ ਲੋੜ ਸੀ। ਜਿਸ ਕਾਰਨ ਚਾਰ ਦਿਨ ਪਹਿਲਾਂ ਉਨ੍ਹਾਂ ਨੇ ਸ਼ਾਦਾਬ ਦਾ ਫੋਨ ਚੋਰੀ ਕਰਨ ਲਈ ਉਸ ਦਾ ਕਤਲ ਕਰਨ ਦੀ ਰਣਨੀਤੀ ਬਣਾਈ ਸੀ। ਘਟਨਾ ਵਾਲੀ ਰਾਤ ਨਾਬਾਲਗ ਰੀਲਾਂ ਬਣਾਉਣ ਦੇ ਬਹਾਨੇ ਸ਼ਾਦਾਬ ਨੂੰ ਆਪਣੇ ਨਾਲ ਪਿੰਡ ਦੇ ਬਾਹਰਵਾਰ ਲੈ ਗਏ। ਉੱਥੇ ਦੋਹਾਂ ਨੇ ਹਮਲਾ ਕਰਦਿਆਂ ਸ਼ਾਦਾਬ ਦਾ ਗਲ਼ਾ ਵੱਢ ਦਿੱਤਾ ਅਤੇ ਸਿਰ 'ਤੇ ਇੱਟ ਮਾਰੀ।

ਪੁਲਿਸ ਨੇ ਸ਼ਾਦਾਬ ਦਾ ਆਈਫੋਨ, ਘਟਨਾ ਨੂੰ ਅੰਜਾਮ ਦੇਣ ਮੌਕੇ ਵਰਤਿਆ ਚਾਕੂ ਅਤੇ ਇੱਟ ਬਰਾਮਦ ਕਰ ਲਈ ਹੈ। ਇਸ ਸਬੰਧੀ ਨਾਬਲਗਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਚਾਰ ਵਿਅਕਤੀਆਂ 'ਤੇ ਕੇਸ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਲਾਸ਼ ਮਿਲਣ ਤੋਂ ਬਾਅਦ ਨਾਬਾਲਗ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ੁਰੂ ਵਿੱਚ ਆਪਣੇ ਘਰਾਂ ਤੋਂ ਭੱਜ ਗਏ ਸਨ, ਪਰ ਵੀਰਵਾਰ ਨੂੰ ਦੋਵਾਂ ਨਾਬਾਲਗਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਮੁਲਜ਼ਮ ਦੇ ਇੱਕ ਰਿਸ਼ਤੇਦਾਰ ਜਿਸ ਨੇ ਕਥਿਤ ਤੌਰ 'ਤੇ ਹਥਿਆਰ ਲੁਕਾਉਣ ਵਿੱਚ ਮੱਦਦ ਕੀਤੀ ਸੀ, ਨੂੰ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਚੌਥੇ ਬਾਲਗ ਦੋਸ਼ੀ ਦੀ ਭਾਲ ਜਾਰੀ ਹੈ। ਐੱਸਐੱਚਓ ਦਦਨ ਸਿੰਘ ਨੇ ਪੁਸ਼ਟੀ ਕੀਤੀ ਕਿ ਦੋਵੇਂ ਨਾਬਾਲਗਾਂ ਨੂੰ ਗੋਂਡਾ ਦੇ ਡਿਵੀਜ਼ਨਲ ਜੁਵੇਨਾਈਲ ਰਿਫਾਰਮ ਹੋਮ ਭੇਜ ਦਿੱਤਾ ਗਿਆ ਹੈ।

## ਏਅਰ ਇੰਡੀਆ ਜਹਾਜ਼ ਹਾਦਸੇ ਦੀ ਜਾਂਚ ਕਰ ਰਹੇ ਬਿਊਰੋ ਦੇ ਡੀ.ਜੀ. ਨੂੰ ਵੀ.ਆਈ.ਪੀ. ਸੁਰੱਖਿਆ ਮਿਲੀ

ਨਵੀਂ ਦਿੱਲੀ, 28 ਜੂਨ (ਚ.ਨ.ਸ.) : ਕੇਂਦਰ ਸਰਕਾਰ ਨੇ ਅਹਿਮਦਾਬਾਦ 'ਚ ਏਅਰ ਇੰਡੀਆ ਦੇ ਜਹਾਜ਼ ਹਾਦਸੇ ਦੀ ਜਾਂਚ ਦੀ ਅਗਵਾਈ ਕਰ ਰਹੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਦੇ ਡਾਇਰੈਕਟਰ ਜਨਰਲ ਜੀ.ਵੀ.ਜੀ. ਯੁਗੰਧਰ ਨੂੰ ਹਥਿਆਰਬੰਦ ਸੁਰੱਖਿਆ ਦਿਤੀ ਹੈ। ਇਕ ਸੂਤਰ ਨੇ ਦਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮ ਦੇ ਆਧਾਰ ਉੱਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਕਮਾਂਡੋਜ਼ ਨੇ ਕੁੱਝ ਸਮਾਂ ਪਹਿਲਾਂ ਉਨ੍ਹਾਂ ਦੀ ਐਕਸ-ਸ਼੍ਰੇਣੀ ਦੀ ਸੁਰੱਖਿਆ ਦਾ ਚਾਰਜ ਸੰਭਾਲਿਆ ਸੀ।

## ਪੰਜਾਬ 'ਚ ਮਾਨਸੂਨ

ਮੁਤਾਬਕ 28 ਜੂਨ ਤੋਂ ਅਗਲੇ ਕੁਝ ਦਿਨਾਂ ਤੱਕ ਸੂਬੇ ਦੇ ਕਈ ਹਿੱਸਿਆਂ ਵਿੱਚ ਗਰਜ-ਤੂਫ਼ਾਨ ਦੇ ਨਾਲ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 12 ਜ਼ਿਲ੍ਹਿਆਂ ਵਿੱਚ ਬਾਰਿਸ਼ ਲਈ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। 29 ਜੂਨ ਨੂੰ ਸੂਬੇ 'ਚ ਭਾਰੀ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਕਈ ਜ਼ਿਲ੍ਹਿਆਂ ਵਿਚ ਯੈਲੋ ਅਲਰਟ ਤੇ ਕਈਆਂ ਵਿਚ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਨਵਾਂਸ਼ਹਿਰ, ਲੁਧਿਆਣਾ, ਸੰਗਰੂਰ, ਮਲੇਰਕੋਟਲਾ, ਪਟਿਆਲਾ, ਮੋਹਾਲੀ, ਰੂਪਨਗਰ ਵਰਗੇ ਜ਼ਿਲ੍ਹਿਆਂ ਵਿੱਚ ਗਰਜ ਨਾਲ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਦੇ ਨਾਲ ਹੀ ਮੁਕਤਸਰ, ਫਰੀਦਕੋਟ, ਮੋਗਾ, ਬਠਿੰਡਾ ਵਰਗੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਵੀ ਬੱਦਲਵਾਈ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। 30 ਜੂਨ ਲਈ ਕੀਤੀ ਗਈ ਮੌਸਮ ਦੀ ਭਵਿੱਖਬਾਣੀ ਮੁਤਾਬਕ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਲੁਧਿਆਣਾ, ਸੰਗਰੂਰ, ਫਤਹਿਗੜ੍ਹ ਸਾਹਿਬ, ਪਟਿਆਲਾ, ਮੋਹਾਲੀ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ 1 ਜੁਲਾਈ ਅਤੇ ਦੋ ਜੁਲਾਈ ਨੂੰ ਵੀ ਕੁਝ ਪਠਾਨਕੋਟ, ਰੂਪਨਗਰ, ਪਟਿਆਲਾ ਸਮੇਤ ਕੁਝ ਜ਼ਿਲ੍ਹਿਆਂ ਵਿਚ ਭਾਰੀ ਬਾਰਿਸ਼ ਦੀ ਚਿਤਾਵਨੀ ਜਾਰੀ ਕੀਤੀ ਗਈ। ਇਸ ਦੇ ਨਾਲ ਹੀ ਮੌਸਮ ਵਿਭਾਗ ਵੱਲੋਂ ਲੋਕਾਂ ਨੂੰ ਸੁਚੇਤ ਰਹਿਣ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਚਿਤਾਵਨੀਆਂ ਵੱਲ ਧਿਆਨ ਦੇਣ ਦੀ ਸਲਾਹ ਦਿੱਤੀ ਗਈ ਹੈ।

## ਮਾਨ ਵੱਲੋਂ ਸਖ਼ਤ ਸਜ਼ਾ ਯਕੀਨੀ ਬਣਾਉਣ

ਹਰ ਇੱਕ ਲਈ ਨਿਆਂ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਫਰਜ਼ ਹੈ ਕਿ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਉਨ੍ਹਾਂ ਦੇ ਕੁਕਰਮਾਂ ਲਈ ਜਵਾਬਦੇਹ ਠਹਿਰਾਇਆ ਜਾਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਧਾਰਮਿਕ ਸੰਗਠਨਾਂ ਸਮੇਤ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰੇਗੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਕਾਨੂੰਨ ਵਿੱਚ ਸ਼ਾਮਲ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਵਿੱਚ ਧਾਰਮਿਕ ਸਥਾਨਾਂ ਬਾਰੇ ਤਾਂ ਸਪੱਸ਼ਟ ਉਪਬੰਧ ਹਨ ਪਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਬਾਰੇ ਇਸ ਵਿੱਚ ਕੋਈ ਉਪਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਵਿਸ਼ਾ ਸਮਵਰਤੀ ਸੂਚੀ ਦੇ ਅਧੀਨ ਆਉਂਦਾ ਹੈ, ਇਸ ਲਈ ਰਾਜ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਅਤੇ ਇਸ ਲਈ ਕਾਨੂੰਨੀ ਰਾਏ ਲਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਪ੍ਰਕਿਰਿਆ ਜਲਦੀ ਹੀ ਪੂਰੀ ਕੀਤੀ ਜਾਵੇਗੀ ਅਤੇ ਇਸ ਮੁੱਦੇ ਉੱਤੇ ਜਲਦੀ ਕੈਬਨਿਟ ਮੀਟਿੰਗ ਵੀ ਸੱਦੀ ਜਾਵੇਗੀ।

## ਪੰਜਾਬ ਕੇਡਰ ਦੇ ਸੀਨੀ. ਆਈ.ਪੀ.ਐਸ. ਅਧਿਕਾਰੀ ਪਰਾਗ ਜੈਨ

ਲੁਧਿਆਣਾ ਦੇ ਅਹੁਦੇ 'ਤੇ ਵੀ ਰਹੇ ਹਨ। ਪੰਜਾਬ ਵਿਚ ਡਿਊਟੀ ਦੌਰਾਨ ਉਨ੍ਹਾਂ ਨੇ ਅੱਤਵਾਦ ਵਿਰੋਧੀ ਕਈ ਆਪ੍ਰੇਸ਼ਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਜੈਨ ਨੇ ਕੈਨੇਡਾ-ਸ਼੍ਰੀਲੰਕਾ ਵਿਚ ਭਾਰਤ ਦੀ ਅਗਵਾਈ ਕੀਤੀ ਹੈ।

## ਤੁਹਾਡੀ ਪੁਲਾੜ ਯਾਤਰਾ ਨਵੇਂ ਯੁੱਗ

ਜੇਕਰ ਮੈਂ ਅਜਿਹਾ ਨਹੀਂ ਕਰਦਾ, ਤਾਂ ਮੈਂ ਉੱਡਣਾ ਸ਼ੁਰੂ ਕਰ ਦੇਵਾਂਗਾ। ਉਨ੍ਹਾਂ ਇਹ ਵੀ ਕਿਹਾ ਕਿ ਇੱਥੇ ਸੌਣਾ ਇੱਕ ਵੱਡੀ ਚੁਣੌਤੀ ਹੈ। ਇਸ ਤੋਂ ਬਾਅਦ ਮੋਦੀ ਨੇ ਪੁੱਛਿਆ ਕਿ ਕੀ ਧਿਆਨ ਲਾਭਦਾਇਕ ਹੈ, ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਭਾਰਤ ਚੱਲ ਰਿਹਾ ਹੈ। ਇੱਥੇ ਮਾਈਂਡਫੁੱਲਨੈੱਸ ਦਾ ਵੀ ਬਹੁਤ ਪ੍ਰਭਾਵ ਪੈਂਦਾ ਹੈ ਕਿਉਂਕਿ ਲਾਂਚ ਦੌਰਾਨ ਸਥਿਤੀ ਬਹੁਤ ਵੱਖਰੀ ਹੁੰਦੀ ਹੈ, ਪਰ ਜਦੋਂ ਤੁਸੀਂ ਆਪਣੇ ਮਨ ਨੂੰ ਸ਼ਾਂਤ ਰੱਖਦੇ ਹੋ, ਤਾਂ ਤੁਸੀਂ ਬਿਹਤਰ ਫੈਸਲੇ ਲੈ ਸਕਦੇ ਹੋ। ਇਹ ਸਭ ਅਜਿਹੇ ਚੁਣੌਤੀਪੂਰਨ ਸਮੇਂ ਵਿੱਚ ਬਹੁਤ ਫਾਇਦੇਮੰਦ ਹੁੰਦਾ ਹੈ। ਮੋਦੀ ਨੇ ਸ਼ੁਭਾਂਸ਼ੂ ਤੋਂ ਪੁੱਛਿਆ ਕਿ ਕੀ ਕੋਈ ਅਜਿਹਾ ਪ੍ਰਯੋਗ ਹੈ ਜੋ ਭਵਿੱਖ ਵਿੱਚ ਸਿਹਤ ਜਾਂ ਖੇਤੀਬਾੜੀ ਖੇਤਰ ਨੂੰ ਲਾਭ ਪਹੁੰਚਾਏ। ਇਸ 'ਤੇ ਸ਼ੁਭਾਂਸ਼ੂ ਨੇ ਕਿਹਾ ਕਿ ਹਾਂ, ਮੇਰਾ ਪ੍ਰਯੋਗ ਇਸ ਨਾਲ ਸਬੰਧਤ ਹੈ।

## ਮੋਦੀ 2 ਤੋਂ 9 ਜੁਲਾਈ ਤੱਕ

ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ ਅਤੇ ਈ.ਸੀ.ਓ.ਡਬਲਿਊ.ਏ.ਐਸ. (ਪੱਛਮੀ ਅਫ਼ਰੀਕੀ ਰਾਜਾਂ ਦਾ ਆਰਥਿਕ ਭਾਈਚਾਰਾ) ਅਤੇ ਅਫ਼ਰੀਕੀ ਯੂਨੀਅਨ ਨਾਲ ਭਾਰਤ ਦੀ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕਰੇਗਾ। ਆਪਣੀ ਫੇਰੀ ਦੇ ਦੂਜੇ ਪੜਾਅ 'ਚ ਤ੍ਰਿਨੀਦਾਦ ਅਤੇ ਟੋਬੈਗੋ ਗਣਰਾਜ ਦੀ ਪ੍ਰਧਾਨ ਮੰਤਰੀ, ਕਮਲਾ ਪ੍ਰਸਾਦ-ਬਿਸੇਸਰ ਦੇ ਸੱਦੇ 'ਤੇ, ਪ੍ਰਧਾਨ ਮੰਤਰੀ ਮੋਦੀ 3 ਤੋਂ 4 ਜੁਲਾਈ ਤੱਕ ਤ੍ਰਿਨੀਦਾਦ ਅਤੇ ਟੋਬੈਗੋ ਦੇ ਸਰਕਾਰੀ ਦੌਰੇ 'ਤੇ ਰਹਿਣਗੇ। ਇਹ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਉਨ੍ਹਾਂ ਦੀ ਪਹਿਲੀ ਯਾਤਰਾ ਹੋਵੇਗੀ ਅਤੇ 1999 ਤੋਂ ਬਾਅਦ ਪ੍ਰਧਾਨ ਮੰਤਰੀ ਪੱਧਰ 'ਤੇ ਪਹਿਲੀ ਦੁਵੱਲੀ ਯਾਤਰਾ ਹੋਵੇਗੀ। ਇਸ ਫੇਰੀ ਦੌਰਾਨ, ਪ੍ਰਧਾਨ ਮੰਤਰੀ ਤ੍ਰਿਨੀਦਾਦ ਅਤੇ ਟੋਬੈਗੋ ਦੀ ਰਾਸ਼ਟਰਪਤੀ ਕ੍ਰਿਸਟੀਨ ਕਾਰਲਾ ਕਾਂਗਾਲੂ ਅਤੇ ਤ੍ਰਿਨੀਦਾਦ ਅਤੇ ਟੋਬੈਗੋ ਦੀ ਪ੍ਰਧਾਨ ਮੰਤਰੀ ਕਮਲਾ ਪ੍ਰਸਾਦ-ਬਿਸੇਸਰ ਨਾਲ ਗੱਲਬਾਤ ਕਰਨਗੇ ਅਤੇ ਭਾਰਤ-ਤ੍ਰਿਨੀਦਾਦ ਅਤੇ ਟੋਬੈਗੋ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕਰਨਗੇ। ਪ੍ਰਧਾਨ ਮੰਤਰੀ ਮੋਦੀ ਦੇ ਤ੍ਰਿਨੀਦਾਦ ਅਤੇ ਟੋਬੈਗੋ ਦੀ ਸੰਸਦ ਦੇ ਸਾਂਝੇ ਸੈਸ਼ਨ ਨੂੰ ਵੀ ਸੰਬੋਧਨ ਕਰਨ ਦੀ ਉਮੀਦ ਹੈ। ਪ੍ਰਧਾਨ ਮੰਤਰੀ ਦੀ ਤ੍ਰਿਨੀਦਾਦ ਅਤੇ ਟੋਬੈਗੋ ਦੀ ਫੇਰੀ ਦੋਵਾਂ ਦੇਸ਼ਾਂ ਵਿਚਕਾਰ ਡੂੰਘੇ ਅਤੇ ਇਤਿਹਾਸਕ ਸਬੰਧਾਂ ਨੂੰ ਨਵੀਂ ਪ੍ਰੇਰਣਾ ਪ੍ਰਦਾਨ ਕਰੇਗੀ। ਆਪਣੀ ਫੇਰੀ ਦੇ ਤੀਜੇ ਪੜਾਅ 'ਚ, ਪ੍ਰਧਾਨ ਮੰਤਰੀ ਮੋਦੀ 4 ਅਤੇ 5 ਜੁਲਾਈ ਨੂੰ ਅਰਜਨਟੀਨਾ ਗਣਰਾਜ ਦੇ ਰਾਸ਼ਟਰਪਤੀ, ਜੇਵੀਅਰ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

ਮਾਈਲੀ ਦੇ ਸੱਦੇ 'ਤੇ ਅਰਜਨਟੀਨਾ ਦੇ ਸਰਕਾਰੀ ਦੌਰੇ 'ਤੇ ਰਹਿਣਗੇ। ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਮਾਈਲੀ ਨਾਲ ਦੁਵੱਲੀ ਗੱਲਬਾਤ ਕਰਨਗੇ, ਜਿਸ 'ਚ ਚੱਲ ਰਹੇ ਸਹਿਯੋਗ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਰੱਖਿਆ, ਖੇਤੀਬਾੜੀ, ਖਣਨ, ਤੇਲ ਅਤੇ ਗੈਸ, ਨਵਿਆਉਣਯੋਗ ਊਰਜਾ, ਵਪਾਰ ਅਤੇ ਨਿਵੇਸ਼ ਅਤੇ ਲੋਕਾਂ ਨਾਲ ਸਬੰਧਾਂ ਸਮੇਤ ਮੁੱਖ ਖੇਤਰਾਂ ਵਿੱਚ ਭਾਰਤ-ਅਰਜਨਟੀਨਾ ਸਾਂਝੇਦਾਰੀ ਨੂੰ ਹੋਰ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਦੀ ਦੁਵੱਲੀ ਫੇਰੀ ਭਾਰਤ ਅਤੇ ਅਰਜਨਟੀਨਾ ਵਿਚਕਾਰ ਬਹੁਪੱਖੀ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰੇਗੀ। ਆਪਣੇ ਦੌਰੇ ਦੇ ਚੌਥੇ ਪੜਾਅ 'ਚ ਬ੍ਰਾਜ਼ੀਲ ਦੇ ਸੰਘੀ ਗਣਰਾਜ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਦੇ ਸੱਦੇ 'ਤੇ, ਪ੍ਰਧਾਨ ਮੰਤਰੀ ਮੋਦੀ 5-8 ਜੁਲਾਈ ਤੱਕ 17ਵੇਂ ਬ੍ਰਿਕਸ ਸੰਮੇਲਨ 2025 'ਚ ਸ਼ਾਮਲ ਹੋਣ ਲਈ ਬ੍ਰਾਜ਼ੀਲ ਦਾ ਦੌਰਾ ਕਰਨਗੇ, ਜਿਸ ਤੋਂ ਬਾਅਦ ਉਹ ਸੂਬੇ ਦੌਰੇ 'ਤੇ ਜਾਣਗੇ। ਇਹ ਪ੍ਰਧਾਨ ਮੰਤਰੀ ਮੋਦੀ ਦੀ ਬ੍ਰਾਜ਼ੀਲ ਦੀ ਚੌਥੀ ਫੇਰੀ ਹੋਵੇਗੀ। 17ਵਾਂ ਬ੍ਰਿਕਸ ਨੇਤਾਵਾਂ ਦਾ ਸੰਮੇਲਨ ਰੀਓ ਡੀ ਜਨੇਰੀਓ 'ਚ ਹੋਵੇਗਾ। ਸੰਮੇਲਨ ਦੌਰਾਨ, ਪ੍ਰਧਾਨ ਮੰਤਰੀ ਗਲੋਬਲ ਸ਼ਾਸਨ 'ਚ ਸੁਧਾਰ, ਸ਼ਾਂਤੀ ਅਤੇ ਸੁਰੱਖਿਆ, ਬਹੁਪੱਖੀਵਾਦ ਨੂੰ ਮਜ਼ਬੂਤ ਕਰਨਾ, ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਜ਼ਿੰਮੇਵਾਰ ਵਰਤੋਂ, ਜਲਵਾਯੂ ਕਾਰਵਾਈ, ਵਿਸ਼ਵ ਸਿਹਤ, ਆਰਥਿਕ ਅਤੇ ਵਿੱਤੀ ਮਾਮਲਿਆਂ ਸਮੇਤ ਮੁੱਖ ਵਿਸ਼ਵ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਗੇ। ਪ੍ਰਧਾਨ ਮੰਤਰੀ ਮੋਦੀ ਸੰਮੇਲਨ ਦੌਰਾਨ ਕਈ ਦੁਵੱਲੀਆਂ ਮੀਟਿੰਗਾਂ ਵੀ ਕਰ ਸਕਦੇ ਹਨ। ਪ੍ਰਧਾਨ ਮੰਤਰੀ ਬ੍ਰਾਜ਼ੀਲ ਦੀ ਸਰਕਾਰੀ ਫੇਰੀ ਲਈ ਬ੍ਰਾਸੀਲੀਆ ਜਾਣਗੇ, ਜਿੱਥੇ ਉਹ ਰਾਸ਼ਟਰਪਤੀ ਲੂਲਾ ਨਾਲ ਵਪਾਰ, ਰੱਖਿਆ, ਊਰਜਾ, ਪੁਲਾੜ, ਤਕਨਾਲੋਜੀ, ਖੇਤੀਬਾੜੀ, ਸਿਹਤ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧਾਂ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ 'ਚ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਵਧਾਉਣ 'ਤੇ ਦੁਵੱਲੀ ਗੱਲਬਾਤ ਕਰਨਗੇ। ਆਪਣੀ ਫੇਰੀ ਦੇ ਆਖਰੀ ਪੜਾਅ 'ਚ ਪ੍ਰਧਾਨ ਮੰਤਰੀ 9 ਜੁਲਾਈ ਨੂੰ ਨਾਮੀਬੀਆ ਗਣਰਾਜ ਦੇ ਰਾਸ਼ਟਰਪਤੀ, ਡਾ. ਨੇਤੁੰਬੋ ਨੰਦੀ-ਨਦਾਇਤਵ ਦੇ ਸੱਦੇ 'ਤੇ ਨਾਮੀਬੀਆ ਦਾ ਦੌਰਾ ਕਰਨਗੇ। ਇਹ ਪ੍ਰਧਾਨ ਮੰਤਰੀ ਮੋਦੀ ਦਾ ਨਾਮੀਬੀਆ ਦਾ ਪਹਿਲਾ ਦੌਰਾ ਹੋਵੇਗਾ ਅਤੇ ਇਹ ਭਾਰਤ ਤੋਂ ਨਾਮੀਬੀਆ ਦਾ ਤੀਜਾ ਪ੍ਰਧਾਨ ਮੰਤਰੀ ਪੱਧਰ ਦਾ ਦੌਰਾ ਹੋਵੇਗਾ। ਆਪਣੀ ਫੇਰੀ ਦੌਰਾਨ, ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਨੰਦੀ-ਨਦਾਇਤਵ ਨਾਲ ਦੁਵੱਲੀ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਨਾਮੀਬੀਆ ਦੇ ਸੰਸਥਾਪਕ ਅਤੇ ਪਹਿਲੇ ਰਾਸ਼ਟਰਪਤੀ, ਸਵਰਗੀ ਡਾ. ਸੈਮ ਨੁਜੋਮਾ ਨੂੰ ਵੀ ਸ਼ਰਧਾਂਜਲੀ ਭੇਟ ਕਰਨਗੇ। ਉਨ੍ਹਾਂ ਦੇ ਨਾਮੀਬੀਆ ਦੀ ਸੰਸਦ 'ਚ ਭਾਸ਼ਣ ਦੇਣ ਦੀ ਵੀ ਉਮੀਦ ਹੈ। ਪ੍ਰਧਾਨ ਮੰਤਰੀ ਮੋਦੀ ਦਾ ਇਹ ਦੌਰਾ ਨਾਮੀਬੀਆ ਨਾਲ ਭਾਰਤ ਦੇ ਬਹੁਪੱਖੀ ਅਤੇ ਡੂੰਘੇ ਇਤਿਹਾਸਕ ਸਬੰਧਾਂ ਦਾ ਦੁਹਰਾਓ ਹੈ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਤਿਆਜੀਤ ਸਿੰਘ

ਅਤੇ ਚੀਫ ਖਾਲਸਾ ਦੀਵਾਨ ਦੇ ਆਇਨ ਸਬੰਧੀ ਨਿਯਮਾਂ ਦੀ ਪਾਲਣਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਨਾਲ-ਨਾਲ, ਚੀਫ ਖਾਲਸਾ ਦੀਵਾਨ ਵੱਲੋਂ ਪਹਿਲਾਂ ਹੀ 65 ਵਿਵਾਦਤ ਮੈਂਬਰਾਂ ਨੂੰ ਮੈਂਬਰਸ਼ਿਪ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਸਤਿਆ ਮਜੀਠੀਆ ਦਾ ਨਾਮ ਵੀ ਸ਼ਾਮਿਲ ਹੈ। ਇਹ ਫੈਸਲਾ ਸੰਸਥਾ ਦੇ ਅੰਦਰ ਪੈਦਾ ਹੋ ਰਹੀ ਆਲੋਚਨਾ ਅਤੇ ਧਾਰਮਿਕ ਮਰਿਆਦਾ ਦੀ ਉਲੰਘਣਾ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਹ ਮਾਮਲਾ ਹੋਰ ਵਧੇਰੇ ਗੰਭੀਰ ਰੂਪ ਧਾਰਨ ਕਰ ਸਕਦਾ ਹੈ, ਜੇਕਰ ਪੱਖਕਾਰ ਆਪਣੇ ਸਪੱਸ਼ਟੀਕਰਨ ਵਿਚ ਅਸਫਲ ਰਹੇ। ਸਿੱਖ ਸੰਗਤ ਇਸ ਪੂਰੇ ਮਾਮਲੇ 'ਤੇ ਗੰਭੀਰ ਨਜ਼ਰ ਰਖ ਰਹੀ ਹੈ। ਕਿਉਂਕਿ ਇਹ ਸਿੱਖ ਅਧਿਆਤਮਕ ਅਤੇ ਪ੍ਰਬੰਧਕੀ ਸੰਸਥਾਵਾਂ ਦੀ ਪਵਿੱਤਰਤਾ ਨਾਲ ਜੁੜਿਆ ਹੋਇਆ ਮਾਮਲਾ ਹੈ।

## ਸੰਵਿਧਾਨ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ

ਸਾਬਕਾ ਮੁੱਖ ਮੰਤਰੀ ਨੇ ਕਿਹਾ, ਡਾ.ਭੀਮ ਰਾਓ ਅੰਬੇਡਕਰ ਨੇ ਆਪਣੇ ਜੀਵਨ ਭਰ ਦੇ ਅਣਥੱਕ ਸੰਘਰਸ਼ਾਂ ਦੇ ਤਜਰਬਿਆਂ ਦੇ ਆਧਾਰ 'ਤੇ ਭਾਰਤ ਨੂੰ ਹਰ ਪੱਖੋਂ ਇੱਕ ਬਹੁਤ ਹੀ ਮਾਨਵਤਾਵਾਦੀ ਸੰਵਿਧਾਨ ਦਿੱਤਾ ਹੈ। ਉਨ੍ਹਾਂ ਕਿਹਾ, ਪਰ ਕਾਂਗਰਸ ਪਾਰਟੀ ਜਦੋਂ ਕੇਂਦਰ ਵਿੱਚ ਸੱਤਾ ਵਿੱਚ ਸੀ ਅਤੇ ਹੁਣ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੇ ਲੋਕਾਂ ਨੇ, ਜੋ ਪਿਛਲੇ ਕੁਝ ਸਾਲਾਂ ਤੋਂ ਸੱਤਾ ਵਿੱਚ ਹੈ, ਨੇ ਕਦੇ ਵੀ ਕਰੋੜਾਂ ਦੇਸ਼ ਵਾਸੀਆਂ ਦੇ ਹਿੱਤ ਵਿੱਚ ਇਸ ਨੂੰ ਪੂਰੀ ਇਮਾਨਦਾਰੀ ਅਤੇ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ। ਆਪਣੇ ਹਮਲੇ ਤੇਜ਼ ਕਰਦਿਆਂ ਬਸਪਾ ਮੁਖੀ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਨੂੰ ਆਪਣੀ ਸੌੜੀ ਸੋਚ ਅਤੇ ਸਿਆਸੀ ਸੁਆਰਥਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ ਅਤੇ ਆਮ ਲੋਕਾਂ ਅਤੇ ਦੇਸ਼ ਦੇ ਹਿੱਤ ਵਿੱਚ ਸੰਵਿਧਾਨ ਅਤੇ ਇਸਦੇ ਮਾਨਵਤਾਵਾਦੀ ਉਦੇਸ਼ਾਂ ਨਾਲ ਛੇੜਛਾੜ ਨਹੀਂ ਕਰਨੀ ਚਾਹੀਦੀ ਤਾਂ ਜੋ ਸਾਡੇ ਸੰਵਿਧਾਨ ਦੀ ਪਵਿੱਤਰਤਾ ਹਮੇਸ਼ਾ ਲਈ ਬਰਕਰਾਰ ਰਹੇ।

## ਐਮਰਜੈਂਸੀ ਦੌਰਾਨ ਸੰਵਿਧਾਨ ਦੀ

ਤਾਂ ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਲੋਕਾਂ ਦੇ ਨਾਮ 'ਤੇ-'ਅਸੀਂ ਭਾਰਤ ਦੇ ਲੋਕ'- ਜੋ ਉਸ ਸਮੇਂ ਖੁਦ ਗੁਲਾਮੀ ਵਿੱਚ ਸਨ, ਕੀ ਇਹ ਸਿਰਫ਼ ਸ਼ਬਦਾਂ ਦਾ ਦਿਖਾਵਾ ਸੀ? ਇਸ ਦੀ ਸ਼ਬਦਾਂ ਤੋਂ ਪਰੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਸੰਵਿਧਾਨ ਦੇ ਨਿਰਮਾਤਾਵਾਂ ਨੇ ਬਹੁਤ ਸੋਚ-ਵਿਚਾਰ ਤੋਂ ਬਾਅਦ ਇਸ ਦੀ ਪ੍ਰਸਤਾਵਨਾ ਤਿਆਰ ਕੀਤੀ ਹੋਵੇਗੀ। ਪਰ ਇਹ ਉਦੋਂ ਬਦਲ ਦਿੱਤੀ ਗਈ, ਜਦੋਂ ਦੇਸ਼ ਦੇ ਲੋਕ ਐਮਰਜੈਂਸੀ ਦੇ ਬੰਧਨ ਵਿੱਚ ਸਨ। ਉਨ੍ਹਾਂ ਕਿਹਾ,ਸਾਨੂੰ ਆਤਮ-ਨਿਰੀਖਣ ਕਰਨਾ ਚਾਹੀਦਾ ਹੈ। ਡਾ.ਅੰਬੇਡਕਰ ਨੇ ਇਹ ਕੰਮ ਬਹੁਤ ਮਿਹਨਤ ਨਾਲ ਕੀਤਾ। ਉਨ੍ਹਾਂ ਨੇ ਇਸ ਬਾਰੇ ਡੂੰਘਾਈ ਨਾਲ ਸੋਚਿਆ ਹੋਵੇਗਾ। ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੇ ਪ੍ਰਸਤਾਵਨਾ ਨੂੰ ਇਸ ਲਈ ਜੋੜਿਆ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਸਹੀ ਅਤੇ ਉਚਿਤ ਸੀ। ਪਰ ਇਹ ਭਾਵਨਾ ਉਸ ਸਮੇਂ ਬਦਲ ਗਈ ਜਦੋਂ ਲੋਕ ਬੰਧਨਾਂ ਵਿੱਚ ਸਨ। ਭਾਰਤ ਦੇ ਲੋਕ, ਜੋ ਕਿ ਸਰਵਉੱਚ ਸ਼ਕਤੀ ਦੇ ਸਰੋਤ ਹਨ-ਉਹ ਜੇਲ੍ਹਾਂ ਵਿੱਚ ਸਨ, ਨਿਆਂ ਪ੍ਰਣਾਲੀ ਤੱਕ ਪਹੁੰਚ ਤੋਂ ਵਾਂਝੇ ਸਨ। ਧਨਖੜ ਨੇ ਵੱਖ-ਵੱਖ ਸੰਵਿਧਾਨ ਬੈਂਚਾਂ ਦੁਆਰਾ ਸੰਵਿਧਾਨ ਦੀ ਪ੍ਰਸਤਾਵਨਾ ਦੀ ਵਿਆਖਿਆ ਦਾ ਵੀ ਹਵਾਲਾ ਦਿੱਤਾ ਅਤੇ ਕਿਹਾ ਕਿ ਇਸ ਵਿਆਖਿਆ ਵਿੱਚ ਕਿਹਾ ਗਿਆ ਹੈ ਕਿ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਇਸ ਦੇ ਆਦਰਸ਼ਾਂ ਅਤੇ ਇੱਛਾਵਾਂ ਦਾ ਸਾਰ ਹੈ। ਇਹ ਸਿਰਫ਼ ਸ਼ਬਦ ਨਹੀਂ ਹਨ, ਸਗੋਂ ਉਹ ਉਦੇਸ਼ ਹਨ ਜੋ ਸੰਵਿਧਾਨ ਪ੍ਰਾਪਤ ਕਰਨਾ ਚਾਹੁੰਦਾ ਹੈ।

## ਸਪੀਕਰ ਸੰਧਵਾਂ ਨੇ ਨਵੇਂ ਚੁਣੇ ਗਏ

ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਅਤੇ ਵਫ਼ਾਦਾਰੀ ਰੱਖਣਗੇ। ਉਹ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਕਾਇਮ ਰੱਖਣਗੇ ਅਤੇ ਉਨ੍ਹਾਂ ਨੂੰ ਸੌਂਪੇ ਗਏ ਫਰਜ਼ਾਂ ਨੂੰ ਵਫ਼ਾਦਾਰੀ ਨਾਲ ਨਿਭਾਉਣਗੇ। ਸੰਜੀਵ ਅਰੋੜਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੋਂ ਮਾਰਗਦਰਸ਼ਨ ਲੈਣਗੇ ਅਤੇ ਆਪਣੇ ਹਲਕੇ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਸਪੀਕਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡੀ ਸਰਕਾਰ ਨੇ ਸਦਨ ਦੀਆਂ ਸਾਰੀਆਂ ਕਾਰਵਾਈਆਂ ਦਾ ਸਿੱਧਾ ਪ੍ਰਸਾਰਣ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਸਦਨ ਵਿੱਚ ਪਾਰਦਰਸ਼ਤਾ ਬਣਾਈ ਰੱਖੀ ਜਾ ਸਕੇ। ਪਰ ਪਿਛਲੀਆਂ ਸਰਕਾਰਾਂ ਨੇ ਕਾਰਵਾਈ ਨੂੰ ਗੁਪਤ ਰੱਖਿਆ ਤਾਂ ਜੋ ਲੋਕ ਉਨ੍ਹਾਂ ਦੇ ਕੰਮ ਬਾਰੇ ਜਾਣੂੰ ਨਾ ਹੋ ਸਕਣ। ਸਪੀਕਰ ਨੇ ਵਿਧਾਇਕ ਸੰਜੀਵ ਅਰੋੜਾ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਹੁੰ ਚੁੱਕ ਸਮਾਗਮ ਵਿੱਚ ਆਏ ਸਾਰੇ ਵਿਅਕਤੀਆਂ ਦਾ ਧੰਨਵਾਦ ਕੀਤਾ।

ਸਪੀਕਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਪਿਛੋਕੜ ਵਿੱਚ ਪੌਦੇ ਲਗਾਏ।

## ਜੇਲ੍ਹ ਵਿਭਾਗ ਵੱਲੋਂ 26 ਅਧਿਕਾਰੀ

ਡਿਪਟੀ ਸੁਪਰਡੰਟ ਸੈਂਟਰਲ ਜੇਲ੍ਹ ਲੁਧਿਆਣਾ, ਅਨਿਲ ਭੰਡਾਰੀ ਡਿਪਟੀ ਸੁਪਰਡੰਟ ਬੋਰਸਟਲ ਜੇਲ੍ਹ ਲੁਧਿਆਣਾ, ਸੰਦੀਪ ਬਰਾੜ ਡਿਪਟੀ ਸੁਪਰਡੰਟ ਸੈਂਟਰਲ ਜੇਲ੍ਹ ਲੁਧਿਆਣਾ, ਯਾਦਵਿੰਦਰ ਸਿੰਘ ਏ.ਐਸ.ਜੇ. ਸੈਂਟਰਲ ਜੇਲ੍ਹ ਫ਼?ਰੋਜ਼ਪੁਰ ਤੋਂ ਇਲਾਵਾ ਵਾਰਡਰ ਹਰਭੁਪਿੰਦਰ ਸਿੰਘ ਤੇ ਸਿਕੰਦਰ ਸਿੰਘ ਗੋਇੰਦਵਾਲ ਸਾਹਿਬ, ਬਿਕਰਮਜੀਤ ਸਿੰਘ ਤੇ ਵਿਜੇ ਪਾਲ ਸਿੰਘ ਅੰਮ੍ਰਿਤਸਰ, ਜਤਿੰਦਰ ਸਿੰਘ, ਰਵੀ, ਦੀਪਕ ਰਾਏ, ਕਿਰਨਜੀਤ ਸਿੰਘ, ਪ੍ਰਿਥੀਪਾਲ ਸਿੰਘ ਤੇ ਸਤਨਾਮ ਸਿੰਘ ਕਪੂਰਥਲਾ, ਸਤਨਾਮ ਸਿੰਘ ਤੇ ਮਨਦੀਪ ਸਿੰਘ ਹੁਸ਼ਿਆਰਪੁਰ, ਮਨਿੰਦਰ ਪਾਲ ਸਿੰਘ ਲੁਧਿਆਣਾ, ਅਨੂ ਮਲਿਕ, ਰਣਧੀਰ ਸਿੰਘ, ਅਰਵਿੰਦ ਦੇਵ ਸਿੰਘ, ਬਲਵੀਰ ਸਿੰਘ ਤੇ ਸੁੱਖਪ੍ਰੀਤ ਸਿੰਘ ਮਾਨਸਾ, ਸਤਨਾਮ ਸਿੰਘ ਨਾਭਾ, ਗਗਨਦੀਪ ਸਿੰਘ ਬਠਿੰਡਾ ਅਤੇ ਅਨਮੋਲ ਵਰਮਾ ਪਠਾਨਕੋਟ ਆਦਿ ਨੂੰ ਮੁਅੱਤਲ ਕੀਤਾ ਗਿਆ ਹੈ।

ਜੇਲ੍ਹ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਚੰਗਾ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ ਅਤੇ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਦੀ ਡਿਊਟੀ 'ਚ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਿਭਾਗ ਦੇ ਸਮੁੱਚੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਆਪਣੀ ਡਿਊਟੀ ਇਮਾਨਦਾਰੀ, ਮਿਹਨਤ ਤੇ ਨਿਯਮਾਂ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

## ਬਿਹਾਰ 'ਚ ਈ-ਵੋਟਿੰਗ

ਬਾਅਦ ਦੁਪਹਿਰ 1 ਵਜੇ ਤੱਕ ਹੀ ਕੀਤੀ ਜਾ ਸਕਦੀ ਸੀ। ਇਸ ਸਹੂਲਤ ਦਾ ਲਾਭ ਲੈਣ ਲਈ ਵੋਟਰਾਂ ਨੂੰ ਚੋਣ ਕਮਿਸ਼ਨ ਵੱਲੋਂ ਵਿਕਸਤ ਐਸ.ਈ.ਸੀ.ਬੀ.ਐਚ.ਆਰ. ਜਾਂ ਐਸ.ਈ.ਸੀ.ਬੀ.ਐਚ.ਏ.ਆਰ.ਐਪ ਡਾਊਨਲੋਡ ਕਰਨੀ ਜ਼ਰੂਰੀ ਸੀ, ਜੋ ਸਿਰਫ ਰਜਿਸਟਰਡ ਮੋਬਾਈਲ ਨੰਬਰਾਂ 'ਤੇ ਹੀ ਕੰਮ ਕਰਦੀ ਹੈ। ਇਸ ਚੋਣ ਵਿੱਚ ਕੁੱਲ 538 ਉਮੀਦਵਾਰ ਮੈਦਾਨ ਵਿੱਚ ਹਨ, ਜਿਨ੍ਹਾਂ ਦੀ ਕਿਸਮਤ ਅੱਜ ਦੇ ਵੋਟਰਾਂ ਵੱਲੋਂ ਤੈਅ ਕੀਤੀ ਜਾਵੇਗੀ। ਪਟਨਾ, ਰੋਹਤਾਸ ਅਤੇ ਪੂਰਬੀ ਚੰਪਾਰਨ ਸਮੇਤ ਛੇ ਨਗਰ ਕੌਂਸਲਾਂ ਵਿੱਚ ਈ-ਵੋਟਿੰਗ ਸ਼ੁਰੂ ਕੀਤੀ ਗਈ ਹੈ।ਸੂਬਾਈ ਚੋਣ ਕਮਿਸ਼ਨਰ ਦੀਪਕ ਪ੍ਰਸਾਦ ਨੇ ਕਿਹਾ ਕਿ ਇਹ ਪ੍ਰਣਾਲੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਪਾਰਦਰਸ਼ੀ ਹੈ। ਵੋਟਰਾਂ ਨੂੰ ਮੋਬਾਈਲ 'ਤੇ ਓ.ਟੀ.ਪੀ.ਅਧਾਰਤ ਲੌਗਇਨ ਰਾਹੀਂ ਵੋਟ ਪਾਉਣ ਦੀ ਆਗਿਆ ਹੈ।

## ਹੁਕਮਾਂ ਦੀ ਉਲੰਘਣਾ ਕਰਨ 'ਤੇ

ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਤੀਜੀ ਤੇ ਆਖਰੀ ਵਾਰ 20 ਦਿਨ ਦਾ ਹੋਰ ਸਮਾਂ ਦਿੱਤਾ ਜੋ ਕਿ ਮਿਤੀ 3 ਜੁਲਾਈ 2025 ਨੂੰ ਪੂਰਾ ਹੋਣ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਦੋਵਾਂ ਤਖਤ ਸਾਹਿਬਾਨ ਦਾ ਆਪਸੀ ਵਿਵਾਦ ਸੁਲਝਣ ਦੀ ਬਜਾਏ ਹੋਰ ਉਲਝਦਾ ਜਾ ਰਿਹਾ ਹੈ। ਮਿਤੀ 28 ਜੂਨ ਨੂੰ ਤਖਤ ਪਟਨਾ ਸਾਹਿਬ ਵਿਖੇ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਵਿਚ ਪੰਜ ਸਿੰਘ ਸਾਹਿਬਾਨ ਨੇ ਦਸਤਖਤਾਂ ਵਾਲਾ ਹੁਕਮਨਾਮਾ ਜਾਰੀ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੂੰ ਲਿਖਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਤਖਤ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਅਤੇ ਪ੍ਰਬੰਧਕ ਕਮੇਟੀ ਵਿਰੁੱਧ ਸਾਜ਼ਿਸ਼ ਦੇ ਹਿੱਸੇ ਵਜੋਂ ਕੋਈ ਫੈਸਲਾ ਲਿਆ ਜਾ ਰਿਹਾ ਹੈ, ਜਿਸ ਕਾਰਨ ਤਖਤ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਖ਼ਤ ਤਾੜਨਾ ਕਰਕੇ ਹੁਕਮ ਜਾਰੀ ਕੀਤਾ ਹੈ ਕਿ ਜੇਕਰ ਅਜਿਹੀ ਕੋਈ ਘਟਨਾ ਸਾਹਮਣੇ ਆਉਂਦੀ ਹੈ ਤਾਂ ਉਸ ਤੋਂ ਬਾਅਦ ਤਖਤ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਵੀ ਸਖ਼ਤ ਕਾਰਵਾਈ ਕਰਨਗੇ। ਇਸ ਲਈ ਸਮਾਂ ਰਹਿੰਦਿਆਂ ਹਰਜਿੰਦਰ ਸਿੰਘ ਧਾਮੀ ਖੁਦ ਤਖਤ ਪਟਨਾ ਸਾਹਿਬ ਤੋਂ ਜਥੇਦਾਰ ਗੜਗੱਜ, ਬਾਬਾ ਟੇਕ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਹੋਏ ਹੁਕਮਾਂ ਦੀ ਪਾਲਣਾ ਕਰਨ ਅਤੇ ਉਹਨਾਂ ਤੋਂ ਵੀ ਕਰਵਾਉਣ।ਹਾਲਾਂਕਿ ਪੰਜ ਸਿੰਘ ਸਾਹਿਬਾਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਦੋਵਾਂ ਤਖਤਾਂ ਵਿਚਕਾਰ ਕਿਸੇ ਵੀ ਤਰ੍ਹਾਂ ਦਾ ਵਿਵਾਦ ਨਹੀਂ ਚਾਹੁੰਦੇ।ਇਸ ਸਭ ਤੋਂ ਬਾਅਦ ਇਹ ਨਹੀਂ ਜਾਪਦਾ ਕਿ ਦੋਵਾਂ ਤਖਤਾਂ ਵਿਚਕਾਰ ਚੱਲ ਰਹੇ ਵਿਵਾਦ ਹੱਲ ਹੋ ਜਾਵੇਗਾ। ਕਿਉਂਕਿ ਇੱਕ ਗੱਲ ਤਾਂ ਤੈਅ ਹੈ ਕਿ ਭਾਵੇਂ ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਅਪੀਲ ਕੀਤੀ ਅਤੇ ਸਮਾਂ ਮੰਗਿਆ, ਪਰ ਅਜਿਹਾ ਨਹੀਂ ਲੱਗਦਾ ਕਿ ਸੁਖਬੀਰ ਸਿੰਘ ਬਾਦਲ 20 ਦਿਨਾਂ ਦੇ ਅੰਦਰ ਵੀ ਪੇਸ਼ ਹੋਣਗੇ। ਜੇਕਰ ਉਹ ਹੁਣ ਵੀ ਪੇਸ਼ ਨਹੀਂ ਹੁੰਦੇ, ਤਾਂ ਬਾਦਲ ਨੂੰ ਹੋਰ ਸਮਾਂ ਨਹੀਂ ਮਿਲੇਗਾ। ਜਿਸ ਦੇ ਫਲਸਰੂਪ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਸਖ਼ਤ ਫੈਸਲਾ ਲੈ ਸਕਦੇ ਹਨ।

ਤਖਤ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਇਹ ਵੀ ਕਿਹਾ ਕਿ ਜਥੇਦਾਰ ਗੜਗੱਜ ਨੇ 21 ਮਈ ਨੂੰ ਸਾਬਕਾ ਜਥੇਦਾਰ ਰਣਜੀਤ ਸਿੰਘ ਨੂੰ ਪਟਨਾ ਸਾਹਿਬ ਤੋਂ ਤਨਖ਼ਾਹੀਆ ਹੋਣ ਦੇ ਬਾਵਜੂਦ ਉਸ ਦੀਆਂ ਸੇਵਾਵਾਂ ਮੁੜ ਸ਼ੁਰੂ ਕਰਨ ਦਾ ਹੁਕਮ ਦੇ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਹਾਲ ਕਰ ਦਿੱਤਾ, ਜੋ ਕਿ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੀ ਤੌਹੀਨ ਹੈ।

## 'ਹੁਣ ਦੋ ਪਹੀਆ ਵਾਹਨਾਂ ਲਈ

ਮੰਤਰਾਲੇ ਨੇ ਦੋਪਹੀਆ ਵਾਹਨਾਂ ਨਾਲ ਸਬੰਧਤ ਸੜਕ ਹਾਦਸਿਆਂ ਵਿੱਚ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਨੂੰ ਘਟਾਉਣ ਲਈ ਕੇਂਦਰੀ ਮੋਟਰ ਵਾਹਨ ਨਿਯਮ, 1989 ਵਿੱਚ ਮਹੱਤਵਪੂਰਨ ਬਦਲਾਅ ਕੀਤੇ ਹਨ। ਨਵੇਂ ਨਿਯਮ ਵਿੱਚ ਕਿਹਾ ਗਿਆ ਹੈ,'ਕੇਂਦਰੀ ਮੋਟਰ ਵਾਹਨ (ਸੋਧ) ਨਿਯਮ, 2025 ਦੇ ਸ਼ੁਰੂ ਹੋਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ, ਦੋਪਹੀਆ ਵਾਹਨ ਦਾ ਨਿਰਮਾਤਾ ਦੋਪਹੀਆ ਵਾਹਨ ਦੀ ਖਰੀਦ ਦੇ ਸਮੇਂ ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਦੁਆਰਾ ਨਿਰਧਾਰਤ ਵਿਸ਼ੇਸ਼ਤਾਵਾਂ ਦੇ ਅਨੁਸਾਰ ਦੋ ਸੁਰੱਖਿਆਤਮਕ ਹੈਲਮੇਟ (ਹੈਲਮੇਟ) ਸਪਲਾਈ ਕਰੇਗਾ। ਹੈਲਮੇਟ ਨੂੰ ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀ.ਆਈ.ਐਸ.) ਦੇ ਗੁਣਵੱਤਾ ਮਾਪਦੰਡਾਂ ਨੂੰ ਪੂਰਾ ਕਰਨਾ ਚਾਹੀਦਾ ਹੈ।ਏ.ਬੀ.ਐਸ. ਜਾਂ ਐਂਟੀ-ਲਾਕ ਬ੍ਰੇਕਿੰਗ ਸਿਸਟਮ ਦੋਪਹੀਆ ਵਾਹਨਾਂ ਵਿੱਚ ਇੱਕ ਵਿਸ਼ੇਸ਼ਤਾ ਹੈ, ਜੋ ਸਵਾਰ ਦੁਆਰਾ ਅਚਾਨਕ ਬ੍ਰੇਕ ਲਗਾਉਣ 'ਤੇ ਪਹੀਆਂ ਨੂੰ ਲਾਕ ਹੋਣ ਤੋਂ ਰੋਕਦੀ ਹੈ। ਇਹ ਬ੍ਰੇਕ ਪ੍ਰੈਸ਼ਰ ਨੂੰ ਐਡਜਸਟ ਕਰਕੇ ਪਕੜ ਅਤੇ ਨਿਯੰਤਰਣ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ, ਖਾਸ ਕਰਕੇ ਗਿੱਲੀਆਂ ਜਾਂ ਖੁਰਦਰੀਆਂ ਸੜਕਾਂ 'ਤੇ। ਇਸ ਤੋਂ ਬਿਨਾਂ, ਬਾਈਕ ਦੇ ਫਿਸਲਣ ਜਾਂ ਪਲਟਣ ਦੀ ਸੰਭਾਵਨਾ ਹੁੰਦੀ ਹੈ। ਵਰਤਮਾਨ ਵਿੱਚ, 125 ਸੀਸੀ ਤੋਂ ਵੱਧ ਸਮਰੱਥਾ ਵਾਲੀਆਂ ਬਾਈਕਾਂ ਨੂੰ ਏ.ਬੀ.ਐਸ. ਨਾਲ ਡਿਜ਼ਾਈਨ ਕੀਤਾ ਜਾਂਦਾ ਹੈ, ਅਤੇ ਛੋਟੇ ਦੋਪਹੀਆ ਵਾਹਨਾਂ ਨੂੰ ਸੰਯੁਕਤ ਬ੍ਰੇਕਿੰਗ ਸਿਸਟਮ (ਸੀ.2.ਐੱਸ.) ਨਾਲ ਡਿਜ਼ਾਈਨ ਕੀਤਾ ਜਾਂਦਾ ਹੈ। ਨਵੇਂ ਨਿਯਮ ਦੇ ਲਾਗੂ ਹੋਣ ਨਾਲ, ਸਵਾਰਾਂ ਦੀ ਸੁਰੱਖਿਆ ਲਈ ਛੋਟੇ ਵਾਹਨਾਂ ਵਿੱਚ ਵੀ ਏ.ਬੀ.ਐਸ. ਡਿਫਾਲਟ ਰੂਪ ਵਿੱਚ ਹੋਵੇਗਾ। ਅਚਾਨਕ ਬ੍ਰੇਕਿੰਗ ਦੌਰਾਨ ਵਧੀ ਹੋਈ ਸੁਰੱਖਿਆ ਲਈ ਏ.ਬੀ.ਐਸ. ਨੂੰ ਭਾਰਤੀ ਮਿਆਰ ਆਈ.ਐਸ.14664:2010 ਦੀ ਪਾਲਣਾ ਕਰਨੀ ਚਾਹੀਦੀ ਹੈ। 1 ਜਨਵਰੀ, 2026 ਤੋਂ, ਸਾਰੇ ਨਵੇਂ ਐਲ.ਬੀ. ਸ਼੍ਰੇਣੀ ਦੇ ਦੋਪਹੀਆ ਵਾਹਨ, ਜਿਨ੍ਹਾਂ ਵਿੱਚ 50ਸੀਸੀ ਤੋਂ ਵੱਧ ਇੰਜਣ ਸਮਰੱਥਾ ਵਾਲੇ ਮੋਟਰਸਾਈਕਲ ਅਤੇ ਸਕੂਟਰ ਸ਼ਾਮਲ ਹਨ ਜਾਂ 50 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਦੀ ਉੱਚ ਗਤੀ ਵਾਲੇ, ਐਂਟੀ-ਲਾਕ ਬ੍ਰੇਕਿੰਗ ਸਿਸਟਮ (ਏ.ਬੀ.ਐਸ.) ਨਾਲ ਲੈਸ ਹੋਣੇ ਚਾਹੀਦੇ ਹਨ।

## ਡੀ.ਐਨ.ਏ. ਟੈਸਟ ਨਾਲ ਅਹਿਮਦਾਬਾਦ

ਜਿਸ ਵਿੱਚ 241 ਸਵਾਰ ਅਤੇ ਕਈ ਹੋਰ ਜ਼ਮੀਨ 'ਤੇ ਮਾਰੇ ਗਏ। ਇੱਕ ਯਾਤਰੀ ਚਮਤਕਾਰੀ ਢੰਗ ਨਾਲ ਬਚ ਗਿਆ।

ਅਹਿਮਦਾਬਾਦ ਸਿਵਲ ਹਸਪਤਾਲ ਦੇ ਸੁਪਰਡੈਂਟ ਡਾ. ਰਾਕੇਸ਼ ਜੋਸ਼ੀ ਨੇ ਕਿਹਾ ਕਿ ਏਅਰ ਇੰਡੀਆ ਜਹਾਜ਼ ਹਾਦਸੇ ਦੇ ਪੀੜਤ ਦੇ ਆਖਰੀ ਸਰੀਰ ਦਾ ਡੀਐਨਏ ਮੈਚਿੰਗ ਹੋ ਗਈ ਹੈ। ਪੀੜਤ ਦੇ ਮ੍ਰਿਤਕ ਸਰੀਰ ਨੂੰ ਰਿਸ਼ਤੇਦਾਰਾਂ ਨੂੰ ਸੌਂਪ ਦਿੱਤਾ ਗਿਆ ਹੈ।

ਇਸ ਨਾਲ, ਜਹਾਜ਼ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ 260 ਹੋ ਗਈ ਹੈ, ਉਨ੍ਹਾਂ ਕਿਹਾ, ਇਸ ਹਵਾਈ ਹਾਦਸੇ ਵਿੱਚ ਜ਼ਖਮੀ ਹੋਏ ਤਿੰਨ ਮਰੀਜ਼ ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਹਨ। ਹੁਣ ਤੱਕ ਸਾਰੇ 260 ਪੀੜਤਾਂ ਦੀਆਂ ਲਾਸ਼ਾਂ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।ਮਰਨ ਵਾਲੇ 241 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਵਿੱਚੋਂ, 240 ਦੇ ਮ੍ਰਿਤਕ ਸਰੀਰਾਂ ਦੀ ਪਛਾਣ ਪਹਿਲਾਂ ਹੀ ਕਰ ਲਈ ਗਈ ਸੀ, ਜਦੋਂ ਕਿ ਇੱਕ ਲਾਸ਼ ਦਾ ਮੇਲ ਹੋਣਾ ਬਾਕੀ ਸੀ। ਅਧਿਕਾਰੀਆਂ ਨੇ ਕਿਹਾ ਕਿ ਡੀਐਨਏ ਨਮੂਨਿਆਂ ਦੇ ਮੇਲ ਨੇ ਸ਼ੁੱਕਰਵਾਰ ਨੂੰ ਪੀੜਤ ਦੀ ਪਛਾਣ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ 241 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਤੋਂ ਇਲਾਵਾ, ਜ਼ਮੀਨ 'ਤੇ 19 ਵਿਅਕਤੀਆਂ ਦੀ ਮੌਤ ਹੋ ਗਈ। ਇੱਕ 40 ਸਾਲਾ ਬ੍ਰਿਟਿਸ਼ ਨਾਗਰਿਕ, ਵਿਸ਼ਵਾਸ ਕੁਮਾਰ ਰਮੇਸ਼, ਜਹਾਜ਼ ਹਾਦਸੇ ਦੇ ਇਕੱਲੇ ਬਚੇ ਵਿਅਕਤੀ ਵਜੋਂ ਉੱਭਰਿਆ।

23 ਜੂਨ ਤੱਕ, ਅਧਿਕਾਰੀਆਂ ਨੇ 259 ਪੀੜਤਾਂ ਦੀ ਪਛਾਣ ਦੀ ਪੁਸ਼ਟੀ ਕੀਤੀ ਸੀ।

ਉਨ੍ਹਾਂ ਨੂੰ ਪੀੜਤਾਂ ਦੀ ਪਛਾਣ ਸਥਾਪਤ ਕਰਨ ਲਈ ਡੀਐਨਏ ਟੈਸਟ ਕਰਵਾਉਣੇ ਪਏ ਕਿਉਂਕਿ ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਪਰੇ ਸੜ ਗਈਆਂ ਸਨ ਜਾਂ ਨੁਕਸਾਨੀਆਂ ਗਈਆਂ ਸਨ। ਸਰਕਾਰ ਨੇ ਇੱਕ ਰਿਲੀਜ਼ 'ਚ ਕਿਹਾ ਕਿ 260 ਪੀੜਤਾਂ ਵਿੱਚ 200 ਭਾਰਤੀ ਸ਼ਾਮਲ ਸਨ, ਜਿਨ੍ਹਾਂ ਵਿੱਚ 181 ਯਾਤਰੀ ਅਤੇ 19 ਜ਼ਮੀਨੀ ਪੀੜਤ, ਸੱਤ ਪੁਰਤਗਾਲੀ ਨਾਗਰਿਕ, 52 ਬ੍ਰਿਟਿਸ਼ ਨਾਗਰਿਕ ਅਤੇ ਇੱਕ ਕੈਨੇਡੀਅਨ ਸ਼ਾਮਲ ਸੀ।

## ਪੁਲਿਸ ਵੱਲੋਂ ਲਾਅ ਕਾਲਜ 'ਚ ਕਥਿਤ

ਕਿ ਉਸ 'ਤੇ ਗਾਰਡ ਦੇ ਕਮਰੇ ਦੇ ਅੰਦਰ ਉਸਦੇ ਸੀਨੀਅਰ ਅਤੇ ਇੱਕ ਸਾਬਕਾ ਵਿਦਿਆਰਥੀ ਨੇ ਹਮਲਾ ਕੀਤਾ ਸੀ, ਤੋਂ ਤੁਰੰਤ ਬਾਅਦ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਨੇ ਉਨ੍ਹਾਂ ਨੂੰ ਹੋਰ ਪੁੱਛਗਿੱਛ ਲਈ 1 ਜੁਲਾਈ ਤੱਕ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਤੋਂ ਇਲਾਵਾ, ਕਾਲਜ ਗਾਰਡ ਨੂੰ ਸ਼ਨੀਵਾਰ ਸਵੇਰੇ ਅਪਰਾਧ ਵਿੱਚ ਸਹਾਇਤਾ ਕਰਨ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

**ਕਾਲਜ ਦਾ ਸੁਰੱਖਿਆ ਗਾਰਡ ਗ੍ਰਿਫ਼ਤਾਰ** :ਕੋਲਕਾਤਾ, 28 ਜੂਨ ਇੱਥੋਂ ਦੇ ਲਾਅ ਕਾਲਜ ਵਿੱਚ ਪਹਿਲੇ ਸਾਲ ਦੀ ਵਿਦਿਆਰਥਣ ਨਾਲ ਵਾਪਰੇ ਸਮੂਹਿਕ ਜਬਰ-ਜਨਾਹ ਮਾਮਲੇ ਵਿੱਚ ਕਾਲਜ ਦੇ ਇੱਕ ਸੁਰੱਖਿਆ ਗਾਰਡ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ ਪਹਿਲੇ ਸਾਲ ਦੀ ਵਿਦਿਆਰਥਣ ਨਾਲ ਤਿੰਨ ਵਿਅਕਤੀਆਂ, ਜਿਨ੍ਹਾਂ ਵਿੱਚ ਇੱਕ ਸਾਬਕਾ ਵਿਦਿਆਰਥੀ ਵੀ ਸ਼ਾਮਲ ਸੀ, ਵੱਲੋਂ ਕਥਿਤ ਤੌਰ 'ਤੇ ਜਬਰ ਜਨਾਹ ਕੀਤਾ ਗਿਆ ਸੀ।

## ਟੈਂਪੂ 'ਚ ਅੱਗੇ ਬੈਠਣ ਨੂੰ ਲੈ ਕੇ ਪੁੱਤ ਵੱਲੋਂ ਪਿਤਾ

ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਛੇ ਮਹੀਨੇ ਪਹਿਲਾਂ ਸੀਆਈਐਸਐਫ ਤੋਂ ਸੁਰਿੰਦਰ ਸਿੰਘ ਦੀ ਸੇਵਾਮੁਕਤੀ ਤੋਂ ਬਾਅਦ ਪਰਿਵਾਰ ਉੱਤਰਾਖੰਡ ਵਿਚ ਆਪਣੇ ਜੱਦੀ ਪਿੰਡ ਜਾਣ ਦੀ ਤਿਆਰੀ ਕਰ ਰਿਹਾ ਸੀ। ਸੂਤਰ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਟੈਂਪੂ ਕਿਰਾਏ 'ਤੇ ਲਿਆ ਸੀ ਅਤੇ ਆਪਣਾ ਸਮਾਨ ਲੱਦਿਆ ਜਾ ਰਿਹਾ ਸੀ ਜਦੋਂ ਸੁਰਿੰਦਰ ਅਤੇ ਦੀਪਕ ਵਿਚਾਲੇ ਇਸ ਗੱਲ ਨੂੰ ਲੈ ਕੇ ਬਹਿਸ ਹੋ ਗਈ ਕਿ ਅਗਲੀ ਸੀਟ 'ਤੇ ਕੌਣ ਬੈਠੇਗਾ।

ਪੁਲਿਸ ਸੂਤਰ ਨੇ ਦੱਸਿਆ ਕਿ ਜਦੋਂ ਸੁਰਿੰਦਰ ਨੇ ਸਾਮਾਨ ਭਰਿਆ ਹੋਣ ਕਾਰਨ ਅਗਲੀ ਸੀਟ 'ਤੇ ਬੈਠਣ ਦੀ ਜ਼ਿੱਦ ਕੀਤੀ, ਤਾਂ ਦੀਪਕ ਹਮਲਾਵਰ ਹੋ ਗਿਆ, ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਲੈ ਆਇਆ ਅਤੇ ਕਥਿਤ ਤੌਰ 'ਤੇ ਉਸ ਨੂੰ ਗੋਲੀ ਮਾਰ ਦਿੱਤੀ। ਪੁਲਿਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਹੋਰ ਜਾਂਚ ਜਾਰੀ ਹੈ। ਉੱਤਰੀ ਦਿੱਲੀ ਦੇ ਤਿਮਾਰਪੁਰ ਇਲਾਕੇ ਵਿਚ 26 ਸਾਲਾ ਵਿਅਕਤੀ ਨੇ ਟੈਂਪੂ ਵਿਚ ਅਗਲੀ ਸੀਟ 'ਤੇ ਬੈਠਣ ਤੋਂ ਰੋਕਣ ਉੱਤੇ ਆਪਣੇ ਪਿਤਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੀੜਤ ਪਰਿਵਾਰ ਦਿੱਲੀ ਤੋਂ ਉੱਤਰਾਖੰਡ ਸ਼ਿਫ਼ਟ ਹੋ ਰਿਹਾ ਸੀ ਤੇ ਉਨ੍ਹਾਂ ਇਹ ਟੈਂਪੂ ਕਿਰਾਏ 'ਤੇ ਲਿਆ ਸੀ। ਪੁਲਿਸ ਨੇ ਮੁਲਜ਼ਮ ਦੀਪਕ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਅਪਰਾਧ ਲਈ ਵਰਤੀ ਬੰਦੂਕ 11 ਜ਼ਿੰਦਾ ਕਾਰਤੂਸਾਂ ਸਮੇਤ ਬਰਾਮਦ ਕਰ ਲਈ ਹੈ। ਘਟਨਾ ਵੀਰਵਾਰ ਰਾਤ ਸਾਢੇ ਸੱਤ ਵਜੇ ਦੇ ਕਰੀਬ ਦੀ ਦੱਸੀ ਜਾਂਦੀ ਹੈ। ਪੀੜਤ ਦੀ ਪਛਾਣ ਸੁਰਿੰਦਰ ਸਿੰਘ (60) ਵਜੋਂ ਹੋਈ ਹੈ, ਜੋ ਸੀਆਈਐੱਸਐੱਫ ਦਾ ਸੇਵਾਮੁਕਤ ਸਬ ਇੰਸਪੈਕਟਰ ਸੀ। ਪੀੜਤ ਨੂੰ ਐਚ.ਆਰ.ਐਚ. ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਛੇ ਮਹੀਨੇ ਪਹਿਲਾਂ ਸੀਆਈਐਸਐਫ ਤੋਂ ਸੁਰਿੰਦਰ ਸਿੰਘ ਦੀ ਸੇਵਾਮੁਕਤੀ ਤੋਂ ਬਾਅਦ ਪਰਿਵਾਰ ਉੱਤਰਾਖੰਡ ਵਿਚ ਆਪਣੇ

ਜੱਦੀ ਪਿੰਡ ਜਾਣ ਦੀ ਤਿਆਰੀ ਕਰ ਰਿਹਾ ਸੀ। ਸੂਤਰ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਟੈਂਪੂ ਕਿਰਾਏ 'ਤੇ ਲਿਆ ਸੀ ਅਤੇ ਆਪਣਾ ਸਮਾਨ ਲੱਦਿਆ ਜਾ ਰਿਹਾ ਸੀ ਜਦੋਂ ਸੁਰਿੰਦਰ ਅਤੇ ਦੀਪਕ ਵਿਚਾਲੇ ਇਸ ਗੱਲ ਨੂੰ ਲੈ ਕੇ ਬਹਿਸ ਹੋ ਗਈ ਕਿ ਅਗਲੀ ਸੀਟ 'ਤੇ ਕੌਣ ਬੈਠੇਗਾ।

ਪੁਲਿਸ ਸੂਤਰ ਨੇ ਦੱਸਿਆ ਕਿ ਜਦੋਂ ਸੁਰਿੰਦਰ ਨੇ ਸਾਮਾਨ ਭਰਿਆ ਹੋਣ ਕਾਰਨ ਅਗਲੀ ਸੀਟ 'ਤੇ ਬੈਠਣ ਦੀ ਜ਼ਿੱਦ ਕੀਤੀ, ਤਾਂ ਦੀਪਕ ਹਮਲਾਵਰ ਹੋ ਗਿਆ, ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਲੈ ਆਇਆ ਅਤੇ ਕਥਿਤ ਤੌਰ 'ਤੇ ਉਸ ਨੂੰ ਗੋਲੀ ਮਾਰ ਦਿੱਤੀ। ਪੁਲਿਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

# ਸਰਕਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਕਰ ਰਹੀ ਹੈ ਉਪਰਾਲੇ : ਡਾ ਬਲਜੀਤ ਕੌਰ



ਚੰਡੀਗੜ੍ਹ, 28 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਹੋਰ ਵਰਗਾਂ ਦੀ ਉੱਨਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਦਾ ਬਜ਼ਟ ਉਪਬੰਧ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਕੀਤਾ।

ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 2 ਲੱਖ 70 ਹਜ਼ਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਹੈ। ਇਹ ਟੀਚਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੀਵਨ ਪੱਧਰ ਨੂੰ ਉੱਚਾ ਲਿਜਾਣ ਵਿੱਚ ਸਹਾਈ ਸਿੱਧ ਹੋਵੇਗਾ।

ਡਾ ਬਲਜੀਤ ਕੌਰ ਨੇ ਕਿਹਾ ਕਿ ਪਿਛਲੇ ਵਿੱਤੀ ਸਾਲ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 2 ਲੱਖ 36 ਹਜ਼ਾਰ 575 ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ ਸੀ ਅਤੇ ਰਾਜ ਸਰਕਾਰ ਦੇ ਹਿੱਸੇ ਵੱਜੋ 266.57 ਕਰੋੜ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ।

ਡਾ ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਪਾਸੋਂ ਆਨ-ਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣ ਲਈ ਜ਼ਿਲ੍ਹਾ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ।

ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਲਾਭ ਦੇ ਕੇ ਯਤਨ ਕਰ ਰਹੀ ਹੈ ਕਿ ਇਹ ਬੱਚੇ ਪੜ੍ਹ ਲਿਖਕੇ ਆਤਮ-ਨਿਰਭਰ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ਅਸੀ ਚਾਹੁੰਦੇ ਹਾਂ ਕਿ ਜਿਸ ਵਰਗ ਨਾਲ ਸਦੀਆਂ ਤੋਂ ਵਿਤਕਰਾ ਹੋ ਰਿਹਾ ਸੀ। ਉਸ ਵਰਗ ਦਾ ਯੋਗ ਬੱਚਾ ਆਰਥਿਕਤਾ ਦੇ ਅਭਾਵ ਕਾਰਣ ਵਿੱਦਿਆ ਤੋਂ ਵਾਂਝਾ ਨਾ ਰਹਿ ਜਾਵੇ।

ਡਾ.ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕੀਮ ਅਧੀਨ ਹਜ਼ਾਰਾਂ ਐਸ.ਸੀ. ਵਿਦਿਆਰਥੀਆਂ ਨੇ ਉੱਚ ਸਿੱਖਿਆ ਪੂਰੀ ਕਰਕੇ ਅੱਜ ਵੱਧੀਆਂ ਅਹੁਦਿਆਂ 'ਤੇ ਨੌਕਰੀਆਂ, ਸਰਕਾਰੀ ਸੇਵਾਵਾਂ ਅਤੇ ਆਪਣਾ ਵਪਾਰ ਸ਼ੁਰੂ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਵਿਦਿਆਰਥੀਆਂ ਨੂੰ ਕੇਵਲ ਆਰਥਿਕ ਮਦਦ ਹੀ ਨਹੀਂ, ਸਗੋਂ ਉਨ੍ਹਾਂ ਦੇ ਭਵਿੱਖ ਨੂੰ ਉੱਜ਼ਵਲ ਬਣਾਉਣ ਦਾ ਇੱਕ ਮਜ਼ਬੂਤ ਪਲੇਟਫਾਰਮ ਹੈ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਹਰ ਉਸ ਯੋਗ ਵਿਦਿਆਰਥੀ ਤੱਕ ਪਹੁੰਚਾਇਆ ਜਾਣਾ ਯਕੀਨੀ ਬਣਾਇਆ ਜਾਵੇ, ਜਿਸ ਨੂੰ ਇਸ ਸਕੀਮ ਦੀ ਅਸਲ ਜਰੂਰਤ ਹੈ। ਉਨ੍ਹਾਂ ਨੇ ਇਸ ਗੱਲ ਵੱਲ ਵੀ ਜ਼ੋਰ ਦਿੱਤਾ ਕਿ ਸਕੀਮ ਨੂੰ ਪੂਰੀ ਪਾਰਦਰਸ਼ਤਾ, ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ।

# 'ਆਪ' ਆਗੂ ਜਸਵੀਰ ਸਿੰਘ ਜੱਸੀ ਸੇਖੋਂ ਫੂਡ ਕਮਿਸ਼ਨ ਪੰਜਾਬ ਦੇ ਮੈਂਬਰ ਨਿਯੁਕਤ



ਧੂਰੀ, 28 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਨੂੰ ਪੰਜਾਬ ਸਰਕਾਰ ਵੱਲੋਂ ਫੂਡ ਕਮਿਸ਼ਨ ਪੰਜਾਬ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਜੱਸੀ ਨੇ ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ਅਤੇ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ, ਕਿ ਉਹ ਇਹ ਜ਼ਿੰਮੇਵਾਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਨੇ ਜੋ ਭਰੋਸਾ ਉਨ੍ਹਾਂ 'ਚ ਜਤਾਇਆ ਹੈ, ਉਹ ਉਸ ਉੱਤੇ ਪੂਰਾ ਉਤਰਣ ਦੀ ਪੂਰੀ ਕੋਸ਼ਿਸ਼ ਕਰਨਗੇ।

ਜੱਸੀ ਨੇ ਪਾਰਟੀ ਦੀ ਸੂਝਵਾਨ ਲੀਡਰਸ਼ਿਪ ਦਾ ਵੀ ਧੰਨਵਾਦ ਕੀਤਾ ਜਿਸ ਨੇ ਸਦਾ ਹੀ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਆਗੂਆਂ ਨੂੰ ਅੱਗੇ ਆਣ ਦਾ ਮੌਕਾ ਦਿੱਤਾ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਆਗੂ ਜਸਵੀਰ ਸਿੰਘ (ਜੱਸੀ ਸੇਖੋਂ) ਪੰਜਾਬ ਫੂਡ ਕਮਿਸ਼ਨ ਦਾ ਮੈਂਬਰ ਨਿਯੁਕਤ ਹੋਣ ਉਪਰੰਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਮਿਲਣ ਲਈ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ ਵਿਖੇ ਮਿਲਣ ਲਈ ਪਹੁੰਚੇ। ਉਨ੍ਹਾਂ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਦਿਆਨਤਦਾਰੀ, ਇਮਾਨਦਾਰੀ ਅਤੇ ਪ੍ਰਤੀਬੱਧਤਾ ਨਾਲ ਨਿਭਾਉਣ ਲਈ ਵਚਨਬੱਧਤਾ ਦਾ ਸੰਕਲਪ ਲਿਆ।

ਇਸ ਮੌਕੇ 'ਤੇ ਸਥਾਨਕ ਆਮ ਆਦਮੀ ਪਾਰਟੀ ਵਰਕਰਾਂ ਵੱਲੋਂ ਵੀ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਉਮੀਦ ਜਤਾਈ ਗਈ ਕਿ ਜੱਸੀ ਆਪਣੀ ਨਵੀਂ ਭੂਮਿਕਾ ਵਿੱਚ ਅਹਿਮ ਜ਼ਿੰਮੇਵਾਰੀ ਨਿਭਾਉਣਗੇ।

# 'ਯੁੱਧ ਨਸ਼ਿਆਂ ਵਿਰੁੱਧ' ਦੇ 119ਵੇਂ ਦਿਨ 137 ਰੇਲਵੇ ਸਟੇਸ਼ਨਾਂ ਦੀ ਚੈਕਿੰਗ; 101 ਨਸ਼ਾ ਤਸਕਰ ਗ੍ਰਿਫ਼ਤਾਰ

## 3.5 ਕਿਲੋ ਹੈਰੋਇਨ, 4 ਕਿਲੋ ਅਫ਼ੀਮ ਅਤੇ 1.8 ਲੱਖ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 28 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ 119ਵੇਂ ਦਿਨ ਪੰਜਾਬ ਪੁਲਿਸ ਨੇ ਸੂਬੇ ਭਰ ਦੇ 137 ਰੇਲਵੇ ਸਟੇਸ਼ਨਾਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ (ਵਿਸ਼ੇਸ਼ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਨੂੰ ਸਫ਼ਲ ਬਣਾਉਣ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਬਲ ਤਾਇਨਾਤ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ। ਉਨ੍ਹਾਂ ਕਿਹਾ ਕਿ ਸੂਬੇ ਦੇ ਲੱਗਭੱਗ 137 ਰੇਲਵੇ ਸਟੇਸ਼ਨਾਂ 'ਤੇ ਕੀਤੀ ਗਈ ਕਾਰਵਾਈ ਦੌਰਾਨ ਤਕਰੀਬਨ 1447 ਵਿਅਕਤੀਆਂ ਦੀ ਜਾਂਚ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਇਸ ਕਾਰਵਾਈ ਦੌਰਾਨ ਪੁੱਛਗਿੱਛ ਲਈ 10 ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ।

ਇਸ ਦੇ ਨਾਲ ਹੀ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਅੱਜ 101 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.5 ਕਿਲੋ ਹੈਰੋਇਨ, 4.1 ਕਿਲੋ ਅਫੀਮ ਅਤੇ 1.83 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਨਾਲ ਸਿਰਫ 119 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 19,585 ਹੋ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ 90 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 443 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚੱਲਦਿਆਂ ਰਾਜ ਭਰ ਵਿੱਚ 78 ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 462 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 69 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਕਟਾਰੂਚੱਕ ਵੱਲੋਂ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤੀ 'ਤੇ ਜਸਵੀਰ ਸਿੰਘ ਸੇਖੋਂ ਨੂੰ ਵਧਾਈ

ਚੰਡੀਗੜ੍ਹ, 28 ਜੂਨ, (ਚ.ਨ.ਸ.) : ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਸੂਬਾ ਸਰਕਾਰ ਵੱਲੋਂ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਜੋਂ ਜਸਵੀਰ ਸਿੰਘ ਸੇਖੋਂ ਦੀ ਨਿਯੁਕਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

ਜਸਵੀਰ ਸਿੰਘ ਸੇਖੋਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸ੍ਰੀ ਸੇਖੋਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ 'ਚ ਜਤਾਏ ਗਏ ਵਿਸ਼ਵਾਸ 'ਤੇ ਖਰੇ ਉਤਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਖੇਤੀਬਾੜੀ ਖੇਤਰ ਨਾਲ ਜੁੜੇ ਲੋਕਾਂ ਤੱਕ ਸੁਚਾਰੂ ਢੰਗ ਨਾਲ ਪਹੁੰਚਣ ਕਿਉਂਕਿ ਉਹ ਖਰੀਦ ਪ੍ਰਕਿਰਿਆਵਾਂ ਦਾ ਮੁੱਖ ਹਿੱਸਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸੇਖੋਂ ਨੂੰ ਕੌਮੀ ਖੁਰਾਕ ਸੁਰੱਖਿਆ ਐਕਟ (ਸੈਂਟਰਲ ਐਕਟ 20 ਆਫ 2013), 2013 ਦੀ ਧਾਰਾ 16 ਤਹਿਤ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ।

# ਦਿਲਜੀਤ ਦੁਸਾਂਝ ਦੇ ਹੱਕ 'ਚ ਨਿੱਤਰੀ ਦਿੱਲੀ ਗੁਰਦੁਆਰਾ ਕਮੇਟੀ

## ਦਸਤਾਰਧਾਰੀ ਗਾਇਕ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ : ਕਾਲਕਾ, ਕਾਹਲੋਂ

ਨਵੀਂ ਦਿੱਲੀ, 28 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਦੇ ਮਸਹੂਰ ਗਾਇਕ ਦਿਲਜੀਤ ਦੁਸਾਂਝ ਦੀ ਫਿਲਮ 'ਸਰਦਾਰ ਜੀ 3' ਨੂੰ ਲੈ ਕੇ ਖੜ੍ਹੇ ਹੋਏ ਅਖੌਤੀ ਵਿਵਾਦ ਦੇ ਮਾਮਲੇ ਵਿਚ ਗਾਇਕ ਦੀ ਪਿੱਠ ਥਾਪੜਦਿਆਂ ਕਿਹਾ ਹੈ ਕਿ ਦਸਤਾਰਧਾਰੀ ਗਾਇਕ ਨੂੰ ਬਦਨਾਮ ਕਰਨ ਦਾ ਯਤਨ ਨਹੀਂ ਹੋਣਾ ਚਾਹੀਦਾ।

ਅੱਜ ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿਲਜੀਤ ਦੁਸਾਂਝ ਨੇ ਦੁਨੀਆਂ ਭਰ ਵਿਚ ਪੰਜਾਬੀਆਂ ਦਾ ਨਾਂ ਉੱਚਾ ਕੀਤਾ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਨਾਂ 'ਤੇ ਬੇਲੋੜਾ ਵਿਵਾਦ ਖੜ੍ਹਾ ਨਹੀਂ ਹੋਣਾ ਚਾਹੀਦਾ। ਉਹਨਾਂ ਕਿਹਾ ਕਿ ਜਿਵੇਂ ਕਿ ਕੁਝ ਸੰਗਠਨ ਉਹਨਾਂ 'ਤੇ ਪਾਬੰਦੀ ਦੀ ਮੰਗ ਕਰ ਰਹੇ ਹਨ ਤਾਂ ਉਹ ਇਹ ਕਹਿਣਾ ਚਾਹੁੰਦੇ ਹਨ, ਕਿ ਨੈਟਫਲਿਕਸ ਤੇ ਪ੍ਰਾਈਮ ਸਮੇਤ ਅਨੇਕਾਂ ਕੌਮਾਂਤਰੀ ਪਲੇਟਫਾਰਮਾਂ 'ਤੇ ਵਿਖਾਏ ਜਾਂਦੇ ਪਾਕਿਸਤਾਨੀ ਕੰਟੈਂਟ 'ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ ਤੇ ਸਿਰਫ ਇੱਕਪਾਸੜ ਗੱਲ ਨਹੀਂ ਕੀਤੀ ਜਾਣੀ ਚਾਹੀਦੀ।

ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਦਿਲਜੀਤ ਦੁਸਾਂਝ ਨੇ ਪੰਜਾਬੀ ਮਾਂ ਬੋਲੀ ਤੇ ਦਸਤਾਰ ਦੇ ਮਾਣ ਨੂੰ ਕੋਚੀਲਾ ਸਮੇਤ ਕੌਮਾਂਤਰੀ ਪਲੇਟਫਾਰਮਾਂ 'ਤੇ ਪਹੁੰਚਾਇਆ ਹੈ, ਉਸਦਾ ਕੋਈ ਸਾਨੀ ਨਹੀਂ ਹੈ। ਉਹਨਾਂ ਕਿਹਾ ਕਿ ਸਾਨੂੰ ਅਜਿਹੇ ਗਾਇਕਾਂ 'ਤੇ ਮਾਣ ਹੋਣਾ ਚਾਹੀਦਾ ਹੈ ਨਾ ਕਿ ਉਹਨਾਂ ਦਾ ਬੇਲੋੜਾ ਵਿਰੋਧ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਦਸਤਾਰ ਧਾਰੀ ਸਿੱਖ ਦੀ ਇੰਨੀ ਚੜ੍ਹਾਈ ਪਹਿਲਾਂ ਕਦੇ ਵੀ ਵੇਖਣ ਨੂੰ ਨਹੀਂ ਮਿਲੀ।

# ਦਿਲਜੀਤ ਦੇ ਸਮਰਥਨ ਵਿੱਚ ਆਏ ਜੀ.ਕੇ.; ਫ਼ਿਲਮ 'ਸਰਦਾਰ ਜੀ 3' ਦੇ ਟ੍ਰੋਲਸ ਨੂੰ ਘੇਰਿਆ

## ਸਿੱਖ ਸੰਗਠਨਾਂ ਦੀ ਵਿਚਾਰਧਾਰਕ ਅਪੰਗਤਾ ਚਿੰਤਾ ਦਾ ਵਿਸ਼ਾ : ਜੀ.ਕੇ.



ਨਵੀਂ ਦਿੱਲੀ, 28 ਜੂਨ, (ਅੰਮ੍ਰਿਤਪਾਲ ਸਿੰਘ) : ਅੰਤਰਰਾਸ਼ਟਰੀ ਪੰਜਾਬੀ ਗਾਇਕ ਅਤੇ ਅਦਾਕਾਰ ਦਲਜੀਤ ਦੋਸਾਂਝ ਦੀ ਡਰਾਉਣੀ ਕਾਮੇਡੀ ਪੰਜਾਬੀ ਫਿਲਮ 'ਸਰਦਾਰ ਜੀ 3' ਵਿਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੇ ਸ਼ਾਮਲ ਹੋਣ ਕਰਕੇ ਵਿਵਾਦ ਖੜ੍ਹਾ ਹੋ ਗਿਆ ਹੈ। ਹੁਣ ਇਸ ਮਾਮਲੇ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਜੀ.ਕੇ. ਨੇ ਹਾਨੀਆ ਆਮਿਰ ਕਾਰਨ ਸੱਜੇ-ਪੱਖੀ ਵਿਚਾਰਧਾਰਾ ਵਾਲੇ ਲੋਕਾਂ ਵੱਲੋਂ ਫਿਲਮ ਦੇ ਵਿਰੋਧ 'ਤੇ ਇਤਰਾਜ਼ ਜਤਾਇਆ ਹੈ। ਜੀ.ਕੇ. ਨੇ ਕਿਹਾ ਕਿ ਇਸ ਫਿਲਮ ਦੀ ਸ਼ੂਟਿੰਗ ਫਰਵਰੀ 2025 ਵਿੱਚ ਖਤਮ ਹੋ ਗਈ ਸੀ। ਜਦੋਂ ਕਿ ਪਹਿਲਗਾਮ ਹਮਲਾ ਬਾਅਦ ਵਿੱਚ ਹੋਇਆ ਸੀ। ਜੇਕਰ ਦੁਬਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਖੇਡਣ ਅਤੇ ਰਾਸ਼ਟਰੀ ਮੀਡੀਆ ਚੈਨਲਾਂ 'ਤੇ ਪਾਕਿਸਤਾਨੀ ਮੀਡੀਆ ਪੈਨਲਿਸਟਾਂ ਦੇ ਬੈਠਣ ਉੱਤੇ ਕੋਈ ਇਤਰਾਜ਼ ਨਹੀਂ ਹੈ, ਤਾਂ ਫਿਰ ਪਾਕਿਸਤਾਨੀ ਅਦਾਕਾਰਾ ਦੀ ਅਦਾਕਾਰੀ 'ਤੇ ਹੰਗਾਮਾ ਕਿਉਂ ਹੋ ਰਿਹਾ ਹੈ?

ਜੀ.ਕੇ. ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਵੱਖਰੀ-ਵੱਖਰੀ ਨਹੀਂ ਹੋ ਸਕਦੀ। ਜੇਕਰ ਸੈਂਸਰ ਬੋਰਡ ਦਿਲਜੀਤ ਦੀ ਫਿਲਮ 'ਪੰਜਾਬ 95' 'ਤੇ ਬੇਲੋੜੇ ਕੱਟ ਲਗਾ ਦਿੰਦਾ ਹੈ, ਤਾਂ ਕੋਈ ਨਹੀਂ ਬੋਲਦਾ। ਜਦੋਂ ਕਿ 'ਪੰਜਾਬ 95' ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਸੀ। ਹਾਲਾਂਕਿ, ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਪੁਲਿਸ ਦੁਆਰਾ 25,000 ਸਿੱਖ ਨੌਜਵਾਨਾਂ ਦੇ ਗੈਰ-ਨਿਆਇਕ ਕਤਲਾਂ ਨੂੰ ਜਨਤਕ ਕੀਤਾ ਸੀ, ਜਿਸਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਸੀ।

ਜੀ.ਕੇ. ਨੇ ਸਿੱਖ ਸੰਗਠਨਾਂ ਦੀ ਵਿਚਾਰਧਾਰਕ ਅਪੰਗਤਾ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਦਿੱਲੀ ਕਮੇਟੀ ਦਿਲਜੀਤ ਦੀਆਂ ਫਿਲਮਾਂ ਨਾਲ ਹੋ ਰਹੇ ਅਨਿਆਂ 'ਤੇ ਚੁੱਪ ਹੈ। ਜਿਵੇਂ ਕਿ ਇਹ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਵਿੱਚ ਸਿੱਖ ਕਿਰਦਾਰ ਦੇ ਘਟੀਆ ਚਿੱਤਰਣ 'ਤੇ ਚੁੱਪ ਸੀ। ਦਿੱਲੀ ਕਮੇਟੀ ਨੇ ਹਰਿਆਣਾ ਸਰਕਾਰ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਬੰਦਾ ਬੈਰਾਗੀ' ਕਹਿਣ ਵਾਲੇ ਜਾਰੀ ਇਸ਼ਤਿਹਾਰ 'ਤੇ ਵੀ ਆਪਣਾ ਮੂੰਹ ਬੰਦ ਰੱਖਿਆ ਹੋਇਆ ਹੈ। ਜਦੋਂ ਕਿ ਇਹ ਸਰਕਾਰੀ ਪ੍ਰਭਾਵ ਦੇ ਸਾਹਮਣੇ ਵਿਚਾਰਧਾਰਾ ਦਾ ਸਮਰਪਣ ਹੈ। ਜੀ.ਕੇ. ਨੇ ਫਿਲਮ 'ਸਰਦਾਰ ਜੀ 3' 'ਤੇ ਪਾਬੰਦੀ ਨੂੰ ਬੇਲੋੜਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਿੱਚ ਰੁਕਾਵਟ ਦੱਸਿਆ।

# ਵਿਧਾਇਕ ਅਜੀਤਪਾਲ ਕੋਹਲੀ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਮੀਟਿੰਗ

## ਦਵਿੰਦਰਪਾਲ ਮਿੱਕੀ ਤੇ ਬਲਜਿੰਦਰ ਸਰਾਓ ਦਾ ਸਨਮਾਨ



ਪਟਿਆਲਾ, 28 ਜੂਨ, (ਰੁਪਾਣਾ) : ਬੀਤੇ ਦਿਨੀਂ ਪਟਿਆਲਾ ਵਿਖੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਟੀਮ ਵੱਲੋਂ ਉੱਘੇ ਸਮਾਜ ਸੇਵਕ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਵਾਰਡ ਨੰਬਰ 58 ਦੇ ਐਮ.ਸੀ ਸਰਦਾਰ ਗੁਰਜੀਤ ਸਾਹਨੀ ਦੀ ਅਗਵਾਈ ਹੇਠ ਸਾਹਨੀ ਬੇਕਰੀ 22 ਨੰਬਰ ਫਾਟਕ ਪਟਿਆਲਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਧਾਨ ਸਭਾ ਕੋਆਰਡੀਨੇਟਰ ਦਵਿੰਦਰ ਪਾਲ ਸਿੰਘ ਮਿੱਕੀ ਅਤੇ ਨਵ ਨਿਯੁੱਕਤ ਜ਼ਿਲ੍ਹਾ ਵਾਈਸ ਕੋਆਰਡੀਨੇਟਰ ਬਲਜਿੰਦਰ ਸਿੰਘ ਸਰਾਓ ਅਤੇ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਗੁਰਜੀਤ ਸਿੰਘ ਸਾਹਨੀ ਅਤੇ ਦਵਿੰਦਰ ਪਾਲ ਸਿੰਘ ਮਿੱਕੀ ਵੱਲੋਂ ਮੀਟਿੰਗ ਦੌਰਾਨ ਸ਼ਹਿਰ ਵਾਸੀਆਂ ਨੂੰ ਨਸ਼ੇ ਦੇ ਖਾਤਮੇ ਲਈ ਲਾਮਬੰਦ ਹੋਣ ਲਈ ਹੋਕਾ ਦਿੱਤਾ ਗਿਆ ਅਤੇ ਸਾਰਿਆਂ ਪਰਮੁੱਖ ਸਖਸ਼ੀਅਤਾਂ ਤੋਂ ਸੁਝਾਅ ਮੰਗੇ ਗਏ ਤਾਂ ਜੋ ਆਪਣੇ ਸ਼ਹਿਰ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ। ਇਸ ਮੌਕੇ ਰਣਜੀਤ ਸਿੰਘ (ਚੌਂਕੀ ਇੰਚਾਰਜ ਮਾਡਲ ਟਾਊਨ) ਰਾਕੇਸ਼ ਸ਼ਰਮਾ ਪੀ ਪੀ ਐਸ, ਇਸਤਰੀ ਵਿੰਗ ਦੇ ਪ੍ਰਧਾਨ ਮੋਨਿਕਾ ਸ਼ਰਮਾ, ਅਰਵਿੰਦਰ ਸਿੰਘ ਦਿਓਲ ਸਾਬਕਾ ਐਮ.ਸੀ, ਸੁਰਜੀਤ ਸਿੰਘ ਸਾਬਕਾ ਐਸ ਡੀ ਓ, ਗੁਰਵਿੰਦਰ ਸਿੰਘ ਮਧੋਕ, ਤਰੁਨ ਕੁਮਾਰ ਜੋਸ਼ੀ, ਮੋਹਨ ਅਹੂਜਾ, ਜਰਨੈਲ ਸਿੰਘ, ਮੌਜੂਦ ਰਹੇ ਅਤੇ ਸਾਰਿਆਂ ਵਲੋਂ ਸਰਕਾਰ ਦੇ ਇਸ ਨੇਕ ਉਪਰਾਲੇ ਦੀ ਸ਼ਲਾਘਾ ਕੀਤੀ ਗਈ।


# ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਤਾ ਦਾ ਅੱਜ ਵੀ ਨਹੀਂ ਕੀਤਾ ਗਿਆ ਅੰਤਿਮ ਸੰਸਕਾਰ



ਡੇਰਾ ਬਾਬਾ ਨਾਨਕ, 28 ਜੂਨ, (ਹੈਪੀ ਕੋਟਲੀ) : ਬੀਤੀ ਦੇਰ ਰਾਤ ਪੁਲੀਸ ਜ਼ਿਲ੍ਹਾ ਬਟਾਲਾ ਦੇ ਥਾਣਾ ਕੋਟਲੀ ਸੂਰਤ ਮੱਲ੍ਹੀ ਅਧੀਨ ਪੈਂਦੇ ਪਿੰਡ ਭਗਵਾਨਪੁਰ ਦੇ ਨਾਮੀ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਤਾ ਹਰਜੀਤ ਕੌਰ ਦਾ ਬਟਾਲਾ ਕਾਦੀਆਂ ਚੂੰਗੀ ਨਜ਼ਦੀਕ ਦੋ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਇਸ ਵਾਰਦਾਤ 'ਚ ਭਗਵਾਨਪੁਰੀਆ ਦੀ ਮਾਤਾ ਦੇ ਡਰਾਈਵਰ ਕਰਨਵੀਰ ਸਿੰਘ ਦੀ ਵੀ ਮੌਤ ਹੋ ਗਈ ਸੀ, ਜੋ ਕਿ ਥਾਣਾ ਘੁੰਮਣ ਕਲਾਂ ਦੇ ਪਿੰਡ ਭੀਖੋਆਲੀ ਦਾ ਦੱਸਿਆ ਜਾ ਰਿਹਾ ਹੈ। ਜੱਗੂ ਭਗਵਾਨਪੁਰੀਆ ਦੀ ਮਾਤਾ ਦੀ ਮੌਤ ਦੀ ਖ਼ਬਰ ਨਾਲ ਪੂਰੇ ਪਿੰਡ ਭਗਵਾਨਪੁਰ ਅਤੇ ਇਲਾਕੇ ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ, ਪੂਰੇ ਪਿੰਡ ਵਾਸੀਆਂ ਦੀਆਂ ਅੱਖਾਂ ਨੱਮ ਹਨ। ਪੂਰੇ ਪਿੰਡ ਵਾਸੀ ਮਾਤਾ ਹਰਜੀਤ ਕੌਰ ਦੀ ਮੌਤ ਦਾ ਦੁੱਖ ਮਹਿਸੂਸ ਕਰ ਰਹੇ ਪਿੰਡ ਵਾਸੀਆਂ ਮੁਤਾਬਕ ਮਾਤਾ ਦੀ ਮੌਤ ਨਾਲ ਪਿੰਡ ਵਾਸੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜ਼ਿਕਰਯੋਗ ਹੈ ਮਿਤ੍ਰਕ ਮਾਤਾ ਹਰਜੀਤ ਕੌਰ ਅਤੇ ਕਰਨਵੀਰ ਦੇ ਕਤਲ ਨੂੰ ਲੈ ਕੇ ਪਰਿਵਾਰਿਕ ਮੈਂਬਰਾਂ ਵੱਲੋਂ ਬਟਾਲਾ ਵਿਖੇ ਨੈਸ਼ਨਲ ਹਾਈਵੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜੱਗੂ ਭਗਵਾਨਪੁਰੀਆ ਦੇ ਪਰਿਵਾਰਿਕ ਮੈਂਬਰਾਂ ਦਾ ਕਹਿਣਾ ਹੈ ਇਸ ਦੋਹਰੇ ਕਤਲ ਮਾਮਲੇ ਜੋਂ ਮੁੱਖ ਦੋਸ਼ੀ ਹਨ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਿਆਸਤ ਰੰਜਿਸ਼ ਤਹਿਤ ਜੱਗੂ ਭਗਵਾਨਪੁਰੀਆ ਦੀ ਮਾਤਾ ਹਰਜੀਤ ਕੌਰ ਅਤੇ ਕਰਨਵੀਰ ਸਿੰਘ ਕਤਲ ਹੋਇਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਉਨ੍ਹਾਂ ਚਿਰ ਮਾਤਾ ਹਰਜੀਤ ਕੌਰ ਅਤੇ ਕਰਨਵੀਰ ਸਿੰਘ ਦਾ ਅੰਤਿਮ ਸੰਸਕਾਰ ਵੀ ਨਹੀਂ ਕੀਤਾ ਜਾਵੇਗਾ। ਇਸ ਧਰਨੇ 'ਚ ਵੱਡੀ ਗਿਣਤੀ ਜੱਗੂ ਭਗਵਾਨਪੁਰੀਆ ਪਰਿਵਾਰਿਕ ਮੈਂਬਰ ਰਿਸ਼ਤੇਦਾਰ ਅਤੇ ਇਲਾਕੇ ਦੇ ਲੋਕ ਸ਼ਾਮਿਲ ਸਨ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!



## ਸੰਪਾਦਕੀ

# ਮਨੁੱਖੀ ਅਧਿਕਾਰ ਤੇ ਯੂ. ਐਸ. ਏ

ਅਮਰੀਕਾ ਨੇ ਅਕਸਰ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ, ਨੈਤਿਕ ਅਤੇ ਮਾਨਵਤਾਵਾਦੀ ਕਦਰਾਂ-ਕੀਮਤਾਂ 'ਤੇ ਆਧਾਰਿਤ ਨੀਤੀ ਦੀ ਵਕਾਲਤ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਅਮਲੀ ਤੌਰ 'ਤੇ ਕਈ ਵਾਰ ਉਹ ਖੁਦ ਵੀ ਕਟਹਿਰੇ 'ਚ ਖੜ੍ਹਾ ਨਜ਼ਰ ਆਉਂਦਾ ਹੈ, ਜੋ ਉਸ ਦੇ ਐਲਾਨੇ ਵਾਅਦਿਆਂ ਦੇ ਉਲਟ ਹੋਣ ਦਾ ਸੰਕੇਤ ਦਿੰਦਾ ਹੈ। ਇਹ ਅਮਰੀਕਾ ਵਿਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਿਚ ਡਿਪੋਰਟ ਕਰਨ ਦੇ ਮੁੱਦੇ 'ਤੇ ਆਪਣੇ ਸਟੈਂਡ ਨੂੰ ਜਾਇਜ਼ ਠਹਿਰਾ ਸਕਦਾ ਹੈ, ਪਰ ਇਸ ਨੂੰ ਲਾਗੂ ਕਰਨ ਦੇ ਤਰੀਕੇ ਸਾਹਮਣੇ ਆਏ ਹਨ, ਜਿਸ ਨਾਲ ਦੁਨੀਆ ਭਰ ਵਿਚ ਹੈਰਾਨੀ ਅਤੇ ਚਿੰਤਾ ਦਾ ਮਾਹੌਲ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਫੌਜ ਦਾ ਇਕ ਜਹਾਜ਼ ਕਥਿਤ ਤੌਰ 'ਤੇ ਪ੍ਰਮਾਣਿਤ ਦਸਤਾਵੇਜ਼ਾਂ ਤੋਂ ਬਿਨਾਂ ਅਮਰੀਕਾ ਵਿਚ ਰਹਿ ਰਹੇ ਸੌ ਤੋਂ ਵੱਧ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਭਾਰਤ ਪਹੁੰਚਿਆ ਹੈ। ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਨਿਯਮਾਂ ਅਨੁਸਾਰ ਵਾਪਸ ਭੇਜਣਾ ਅਮਰੀਕਾ ਦਾ ਨੀਤੀਗਤ ਫੈਸਲਾ ਹੋ ਸਕਦਾ ਹੈ, ਪਰ ਅਜਿਹੇ ਲੋਕਾਂ ਨੂੰ ਅਪਰਾਧੀਆਂ ਦੇ ਬਰਾਬਰ ਸਮਝਣਾ ਅਤੇ ਉਨ੍ਹਾਂ ਨਾਲ ਅਜਿਹਾ ਹੀ ਸਲੂਕ ਕਰਨਾ ਕਿਸ ਤਰਕ 'ਤੇ ਜਾਇਜ਼ ਹੋ ਸਕਦਾ ਹੈ? ਅਜਿਹੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਗੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਬੇੜੀਆਂ ਅਤੇ ਹੱਥਕੜੀਆਂ ਪਾ ਕੇ ਫੌਜ ਦੇ ਜਹਾਜ਼ 'ਚ ਭੇਜਿਆ ਗਿਆ ਸੀ। ਇਸ ਸਿਲਸਿਲੇ ਵਿੱਚ, ਵਾਪਸ ਪਰਤਣ ਤੋਂ ਬਾਅਦ, ਕੁਝ ਲੋਕਾਂ ਨੇ ਆਪਣਾ ਦੁੱਖ ਪ੍ਰਗਟ ਕੀਤਾ ਕਿ ਉਨ੍ਹਾਂ ਨੂੰ ਕੈਦੀਆਂ ਜਾਂ ਅਪਰਾਧੀਆਂ ਵਾਂਗ ਲਿਆਂਦਾ ਗਿਆ ਅਤੇ ਜਾਣਬੁੱਝ ਕੇ ਯਾਤਰਾ ਦੌਰਾਨ ਦਰਦਨਾਕ ਹਾਲਾਤਾਂ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ ਗਿਆ। ਅਫ਼ਸੋਸ ਦੀ ਗੱਲ ਹੈ ਕਿ ਸਾਰੇ ਸਵਾਲਾਂ ਨੂੰ ਪਾਸੇ ਰੱਖ ਕੇ ਅਮਰੀਕੀ ਪ੍ਰਸ਼ਾਸਨ ਨੇ ਇਸ ਮੁੱਦੇ 'ਤੇ ਜੋ ਰਵੱਈਆ ਅਪਣਾਇਆ ਹੈ, ਉਹ ਡੋਨਾਲਡ ਟਰੰਪ ਦੇ ਇਸ ਦੂਜੇ ਕਾਰਜਕਾਲ 'ਚ ਨੀਤੀਗਤ ਮੁੱਦਿਆਂ ਨੂੰ ਲਾਗੂ ਕਰਨ ਦੇ ਭਵਿੱਖ ਦੇ ਤਰੀਕੇ ਬਾਰੇ ਸੰਕੇਤ ਦਿੰਦਾ ਹੈ। ਜੇਕਰ ਅਮਰੀਕਾ 'ਚ ਰਹਿ ਰਹੇ ਲੋਕਾਂ ਨੂੰ ਬਿਨਾਂ ਸਹੀ ਦਸਤਾਵੇਜ਼ਾਂ ਦੇ ਭਾਰਤ ਵਾਪਸ ਭੇਜਣਾ ਲਾਜ਼ਮੀ ਹੈ, ਤਾਂ ਫਿਰ ਉਨ੍ਹਾਂ ਨਾਲ ਪੇਸ਼ੇਵਰ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਵਰਗਾ ਸਲੂਕ ਕਰਨਾ ਕਿਵੇਂ ਜਾਇਜ਼ ਹੋ ਸਕਦਾ ਹੈ? ਸੁਭਾਵਿਕ ਤੌਰ 'ਤੇ ਇਸ ਰਵੱਈਏ ਦੀ ਅਮਰੀਕਾ ਵਿਚ ਵੀ ਤਿੱਖੀ ਆਲੋਚਨਾ ਹੋਈ ਹੈ। ਇਸ ਦੇ ਨਾਲ ਹੀ ਭਾਰਤ 'ਚ ਵਿਰੋਧੀ ਧਿਰ ਨੇ ਸਵਾਲ ਉਠਾਇਆ ਹੈ ਕਿ ਅਮਰੀਕਾ ਤੋਂ ਭੇਜੇ ਗਏ ਪ੍ਰਵਾਸੀਆਂ ਨੂੰ ਦਿੱਤੇ ਜਾ ਰਹੇ ਇਲਾਜ ਤੇ ਸਰਕਾਰ ਵੱਲੋਂ ਕੋਈ ਠੋਸ ਇਤਰਾਜ਼ ਕਿਉਂ ਨਹੀਂ ਦਰਜ ਕਰਵਾਇਆ ਗਿਆ ਜਾਂ ਕੋਈ ਸਾਰਥਿਕ ਹੱਲ ਕਿਉਂ ਨਹੀਂ ਕੱਢਿਆ ਗਿਆ? ਇਕ ਪਾਸੇ ਸਰਕਾਰ ਭਾਰਤੀਆਂ ਨੂੰ ਕੈਦੀ ਬਣਾ ਕੇ ਭੇਜੇ ਜਾਣ 'ਤੇ ਚੁੱਪ ਰਹੀ, ਦੂਜੇ ਪਾਸੇ ਟਰੰਪ ਨੇ ਕੋਲੰਬੀਆ ਤੋਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ ਦਾ ਐਲਾਨ ਕਰਦਿਆਂ ਉਥੋਂ ਦੇ ਰਾਸ਼ਟਰਪਤੀ ਨੇ ਆਪਣੇ ਨਾਗਰਿਕਾਂ ਦੀ ਮਾਣ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਹਵਾਈ ਫੌਜ ਦੇ ਦੋ ਜਹਾਜ਼ ਭੇਜੇ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਹੋਵੇ। ਪਰ ਡੋਨਾਲਡ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਸਮੇਤ ਕੁਝ ਹੋਰ ਮੁੱਦਿਆਂ ਪ੍ਰਤੀ ਅਮਰੀਕੀ ਪ੍ਰਸ਼ਾਸਨ ਦਾ ਰਵੱਈਆ ਸਮਝ ਤੋਂ ਬਾਹਰ ਹੈ। ਕੀ ਇਹ ਸੰਭਾਵਨਾ ਨਹੀਂ ਹੈ ਕਿ ਬਹੁਤ ਸਾਰੇ ਭਾਰਤੀ ਵਰਕ ਪਰਮਿਟ ਲੈ ਕੇ ਉੱਥੇ ਗਏ ਹੋਣਗੇ, ਪਰ ਉਨ੍ਹਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ, ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਸ਼੍ਰੇਣੀ ਵਿੱਚ ਆ ਗਏ ਹਨ? ਕੰਮ ਕਰਦੇ ਹੋਏ ਉਨ੍ਹਾਂ ਨੇ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ 'ਚ ਵੀ ਯੋਗਦਾਨ ਪਾਇਆ ਹੋਵੇਗਾ। ਜੇਕਰ ਅਜਿਹੇ ਲੋਕਾਂ ਨੂੰ ਵੀ ਗੈਰ-ਕਾਨੂੰਨੀ ਪ੍ਰਵਾਸੀ ਵਜੋਂ ਚਿੰਨ੍ਹਿਤ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨਾਲ ਕਿਵੇਂ ਪੇਸ਼ ਆਉਣ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ? ਕੀ ਮਨੁੱਖੀ ਅਧਿਕਾਰਾਂ ਦੇ ਮੁੱਦੇ ਤੇ ਹਰ ਰੋਜ਼ ਦੂਜੇ ਦੇਸ਼ਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਵਾਲੇ ਅਮਰੀਕਾ ਨੂੰ ਇਸ ਮੁੱਦੇ 'ਤੇ ਘੱਟੋ-ਘੱਟ ਮਨੁੱਖੀ ਅਤੇ ਸੰਵੇਦਨਸ਼ੀਲ ਰੁਖ ਨਹੀਂ ਅਪਣਾਉਣਾ ਚਾਹੀਦਾ?

**-ਜਗਜੀਤ ਸਿੰਘ ਦਰਦੀ**

### ਹੁਣ ਭਾਰਤੀ ਸੰਵਿਧਾਨ ਦੀ ਸ਼ਬਦ ਪ੍ਰਸੰਗਿਕਤਾ 'ਤੇ ਚਰਚਾ

# ਭਾਰਤੀ ਸੰਵਿਧਾਨ ਵਿੱਚ ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦੀ ਪ੍ਰਸੰਗਿਕਤਾ ਅਤੇ ਸੰਵਿਧਾਨ ਦੀ ਅਸਲੀ ਰੂਹ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਇਨ੍ਹਾਂ ਦਿਨਾਂ ਵਿੱਚ ਇੱਕ ਵਾਰ ਫਿਰ ਭਾਰਤੀ ਸੰਵਿਧਾਨ ਦੀ ਪ੍ਰਸੰਗਿਕਤਾ 'ਤੇ ਸਵਾਲ ਖੜੇ ਕੀਤੇ ਜਾ ਰਹੇ ਹਨ ਹਾਲਾਂਕਿ ਇਹ ਚਰਚਾ ਇੱਕ ਵਾਰ ਪਹਿਲਾਂ ਵੀ ਪਬਲਿਕ ਡੋਮੇਨ ਵਿੱਚ ਆਈ ਸੀ ਪ੍ਰੰਤੂ ਹੁਣ ਇਸ ਤਰ੍ਹਾਂ 1975 ਦੀ ਐਮਰਜੈਂਸੀ ਦੀ ਗੱਲ ਕਰਦਿਆਂ ਹੋਇਆਂ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਦੋ ਸ਼ਬਦ ਜੋ ਸੰਵਿਧਾਨ ਸੰਸ਼ੋਧਨ ਦੁਆਰਾ ਇਸ ਵਿੱਚ ਜੋੜੇ ਗਏ ਸਨ, ਵਿਸ਼ੇਸ਼ਕਰ ਧਰਮ ਨਿਰਪੇਖਤਾ ਤੇ ਸਮਾਜਵਾਦੀ ਸ਼ਬਦ, ਹੁਣ ਉਸ ਬਾਰੇ ਚਰਚਾ ਹੈ ਕਿ ਕੀ ਉਹ ਸੰਵਿਧਾਨ ਦੀ ਅਸਲੀ ਰੂਹ ਦਾ ਰੂਪ ਜੋ ਡਾਕਟਰ ਅੰਬੇਦਕਰ ਤੇ ਉਹਨਾਂ ਦੇ ਸਾਥੀਆਂ ਨੇ ਹਜ਼ਾਰਾਂ ਘੰਟੇ ਦੀ ਬਹਿਸ ਤੋਂ ਬਾਅਦ ਰੱਖੀ ਗਈ ਸੀ ਉਸ ਨਾਲ ਮੇਲ ਖਾਂਦੇ ਹਨ ਕਿ ਨਹੀਂ।

ਕੀ ਇਹ ਉਸ ਵੇਲੇ ਦੀ ਹਕੂਮਤ ਨੇ ਆਪਣੇ ਮੁਫਾਦ ਲਈ ਤੇ ਆਪਣੇ ਹਿੱਤਾਂ ਨੂੰ ਸਾਧਣ ਵਾਸਤੇ ਕੀਤਾ ਗਿਆ, ਇਸ ਬਾਰੇ ਚਰਚਾ ਕਰਦੇ ਹੋਏ ਅਸੀਂ ਵੇਖ ਸਕਦੇ ਹਾਂ ਕਿ ਭਾਰਤੀ ਸੰਵਿਧਾਨ ਨੂੰ ਵਿਸ਼ਵ ਦੇ ਸਭ ਤੋਂ ਵਿਸਥਾਰਤ ਅਤੇ ਗਤੀਸ਼ੀਲ ਸੰਵਿਧਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਨਾ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਹੈ, ਸਗੋਂ ਭਾਰਤ ਦੀ ਸਮਾਜਿਕ, ਸੱਭਿਆਚਾਰਕ ਅਤੇ ਰਾਜਸੀ ਆਕਾਂਖਿਆਵਾਂ ਦਾ ਪ੍ਰਤੀਕ ਵੀ ਹੈ।

ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ਬਦ ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦੀ ਵਰਤੋਂ, ਜੋ 42ਵੀਂ ਸੰਵਿਧਾਨ ਸੋਧ (1976) ਦੁਆਰਾ ਸ਼ਾਮਿਲ ਕੀਤੇ ਗਏ ਸਨ, ਉਹ ਅੱਜ ਵੀ ਵਿਵਾਦ ਅਤੇ ਚਰਚਾ ਦਾ ਵਿਸ਼ਾ ਹਨ। ਇਥੇ ਅਸੀਂ ਸੰਵਿਧਾਨ ਦੀ ਅਸਲੀ ਰੂਹ, ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦੀ ਮਹੱਤਤਾ ਅਤੇ ਅੱਜ ਦੇ ਸਮੇਂ ਵਿੱਚ ਇਨ੍ਹਾਂ ਦੀ ਪ੍ਰਸੰਗਿਕਤਾ ਦਾ ਵਿਸ਼ਲੇਸ਼ਣ ਕਰਾਂਗੇ।

ਭਾਰਤੀ ਸੰਵਿਧਾਨ ਦੀ ਅਸਲੀ ਰੂਹ ਵਿੱਚ ਭਾਰਤੀ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਹੋਇਆ ਸੀ ਅਤੇ ਇਸ ਨੂੰ ਡਾ. ਬੀ.ਆਰ. ਅੰਬੇਡਕਰ ਦੀ ਅਗਵਾਈ ਵਿੱਚ ਸੰਵਿਧਾਨ ਸਭਾ ਨੇ ਤਿਆਰ ਕੀਤਾ ਸੀ। ਸੰਵਿਧਾਨ ਦੀ ਅਸਲੀ ਰੂਹ ਵਿੱਚ ਸਮਾਜਿਕ ਨਿਆਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੇ ਸਿਧਾਂਤ ਸ਼ਾਮਿਲ ਹਨ। ਇਹ ਵਿਧਾਨ ਭਾਰਤ ਦੀ ਬਹੁ-ਸੱਭਿਆਚਾਰਕ ਅਤੇ ਬਹੁ-ਧਾਰਮਿਕ ਪਛਾਣ ਨੂੰ ਸੰਭਾਲਦਾ ਹੈ, ਜਿੱਥੇ ਵਿਭਿੰਨਤਾ ਨੂੰ ਨਾ ਸਿਰਫ਼ ਸਵੀਕਾਰ ਕੀਤਾ ਗਿਆ, ਸਗੋਂ ਇਸ ਨੂੰ ਉਤਸ਼ਾਹਿਤ ਵੀ ਕੀਤਾ ਗਿਆ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਧਰਮ ਨਿਰਪੇਖ ਸ਼ਬਦ ਸ਼ੁਰੂ ਵਿੱਚ ਸ਼ਾਮਿਲ ਨਹੀਂ ਸੀ, ਪਰ ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਧਾਰਮਿਕ ਸੁਤੰਤਰਤਾ ਦੇ ਅਧਿਕਾਰ, ਅਤੇ ਅਨੁਛੇਦ 14, 15 ਅਤੇ 16 ਵਿੱਚ ਸਮਾਨਤਾ ਦੇ ਸਿਧਾਂਤ ਸਪੱਸ਼ਟ ਰੂਪ ਵਿੱਚ ਸੈਕੂਲਰਿਜ਼ਮ ਦੀ ਭਾਵਨਾ ਨੂੰ ਦਰਸਾਉਂਦੇ ਹਨ।

ਸੰਵਿਧਾਨ ਦੀ ਅਸਲੀ ਰੂਹ ਸਰਵ ਧਰਮ ਸੰਭਾਵ ਦੇ ਸਿਧਾਂਤ 'ਤੇ ਅਧਾਰਤ ਹੈ, ਜਿਸਦਾ ਅਰਥ ਹੈ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ। ਇਹ ਭਾਰਤੀ ਸੈਕੂਲਰਿਜ਼ਮ ਦੀ ਵਿਲੱਖਣਤਾ ਹੈ, ਜੋ ਪੱਛਮੀ ਸੈਕੂਲਰਿਜ਼ਮ ਜਿੱਥੇ ਰਾਜ ਅਤੇ ਧਰਮ ਪੂਰੀ ਤਰ੍ਹਾਂ ਵੱਖਰੇ ਹੁੰਦੇ ਹਨ, ਤੋਂ ਵੱਖਰੀ ਹੈ। ਭਾਰਤ ਵਿੱਚ ਸੈਕੂਲਰਿਜ਼ਮ ਦਾ ਮਤਲਬ ਹੈ ਕਿ ਰਾਜ ਸਾਰੇ ਧਰਮਾਂ ਨੂੰ ਸਮਾਨ ਸਤਿਕਾਰ ਦਿੰਦਾ ਹੈ ਅਤੇ ਕਿਸੇ ਵੀ ਧਰਮ ਨੂੰ ਰਾਜ ਧਰਮ ਨਹੀਂ ਬਣਾਉਂਦਾ। ਸ਼ਬਦ ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦਾ ਸੰਵਿਧਾਨ ਵਿੱਚ ਸ਼ਾਮਿਲ ਕਰਨ ਲਈ 1976 ਵਿੱਚ 42ਵੀਂ ਸੰਵਿਧਾਨ ਸੋਧ ਦੁਆਰਾ ਪ੍ਰਸਤਾਵਨਾ ਵਿੱਚ ਸੈਕੂਲਰ ਅਤੇ ਸਮਾਜਵਾਦੀ ਸ਼ਬਦ ਜੋੜੇ ਗਏ। ਇਸ ਸੋਧ ਨੂੰ ਐਮਰਜੈਂਸੀ ਦੇ ਸਮੇਂ (1975-1977) ਦੌਰਾਨ ਲਾਗੂ ਕੀਤਾ ਗਿਆ ਸੀ, ਜਿਸ ਕਾਰਨ ਇਹ ਵਿਵਾਦ ਦਾ ਵਿਸ਼ਾ ਬਣਿਆ। ਉਧਰ ਕਈ ਆਲੋਚਕਾਂ ਦਾ ਮੰਨਣਾ ਸੀ ਕਿ ਸੈਕੂਲਰ ਸ਼ਬਦ ਨੂੰ ਸ਼ਾਮਿਲ ਕਰਨ ਦੀ ਜ਼ਰੂਰਤ ਨਹੀਂ ਸੀ, ਕਿਉਂਕਿ ਸੰਵਿਧਾਨ ਦੇ ਅਨੁਛੇਦ ਪਹਿਲਾਂ ਹੀ ਧਰਮ ਨਿਰਪੇਖਤਾ ਦੀ ਭਾਵਨਾ ਨੂੰ ਸੰਭਾਲਦੇ ਸਨ। ਦੂਜੇ ਪਾਸੇ, ਸਮਰਥਕਾਂ ਦਾ ਕਹਿਣਾ ਸੀ ਕਿ ਸੈਕੂਲਰ ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ਾਮਿਲ ਕਰਕੇ ਭਾਰਤ ਦੀ ਬਹੁ-ਧਾਰਮਿਕ ਪਛਾਣ ਨੂੰ ਹੋਰ ਸਪੱਸ਼ਟ ਅਤੇ ਮਜ਼ਬੂਤ ਕੀਤਾ ਗਿਆ ਹੈ।

ਧਰਮ ਨਿਰਪੇਖ ਸ਼ਬਦ ਦੀ ਵਰਤੋਂ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਸੈਕੂਲਰ ਦੇ ਅਰਥ ਨੂੰ ਸਪੱਸ਼ਟ ਕਰਦੀ ਹੈ ਅਤੇ ਇਹ ਸ਼ਬਦ ਇਹ ਸੁਨਿਸ਼ਚਿਤ ਕਰਦਾ ਹੈ ਕਿ ਰਾਜ ਸਾਰੇ ਧਰਮਾਂ ਪ੍ਰਤੀ ਨਿਰਪੇਖ ਰਹੇਗਾ ਅਤੇ ਕਿਸੇ ਵੀ ਧਰਮ ਨੂੰ ਵਿਸ਼ੇਸ਼ ਅਧਿਕਾਰ ਨਹੀਂ ਦੇਵੇਗਾ। ਸੁਪਰੀਮ ਕੋਰਟ ਨੇ ਵੀ 'ਐਸ.ਆਰ. ਬੋਮਈ ਬਨਾਮ ਯੂਨੀਅਨ ਆਫ਼ ਇੰਡੀਆ' (1994) ਦੇ ਮਾਮਲੇ ਵਿੱਚ ਸੈਕੂਲਰਿਜ਼ਮ ਨੂੰ ਸੰਵਿਧਾਨ ਦੀ ਮੂਲ ਸੰਰਚਨਾ ਦਾ ਹਿੱਸਾ ਮੰਨਿਆ ਅਤੇ ਕਿਹਾ ਕਿ ਇਹ ਸੰਵਿਧਾਨ ਦੀ ਅਸਲੀ ਰੂਹ ਦਾ ਅਟੁੱਟ ਅੰਗ ਹੈ। ਸੈਕੂਲਰਿਜ਼ਮ ਦੀ ਭਾਰਤੀ ਪਰਿਭਾਸ਼ਾ ਵਿੱਚ ਅੱਜ ਭਾਰਤੀ ਸੈਕੂਲਰਿਜ਼ਮ ਪੱਛਮੀ ਸੈਕੂਲਰਿਜ਼ਮ ਤੋਂ ਵੱਖਰਾ ਹੈ। ਪੱਛਮੀ ਦੇਸ਼ਾਂ ਵਿੱਚ, ਸੈਕੂਲਰਿਜ਼ਮ ਦਾ ਮਤਲਬ ਅਕਸਰ ਧਰਮ ਅਤੇ ਰਾਜ ਦਾ ਪੂਰਨ ਵਿਛੋੜਾ ਹੁੰਦਾ ਹੈ। ਪਰ ਭਾਰਤ ਵਿੱਚ, ਸੈਕੂਲਰਿਜ਼ਮ ਦਾ ਅਰਥ ਹੈ ਸਾਰੇ ਧਰਮਾਂ ਨੂੰ ਸਮਾਨ ਸਤਿਕਾਰ ਦੇਣਾ ਅਤੇ ਧਾਰਮਿਕ ਮਾਮਲਿਆਂ ਵਿੱਚ ਨਿਰਪੇਖਤਾ। ਇਸ ਦਾ ਉਦਾਹਰਣ ਸੰਵਿਧਾਨ ਦੇ ਅਨੁਛੇਦ 25 ਵਿੱਚ ਮਿਲਦਾ ਹੈ, ਜੋ ਸਾਰੇ ਨਾਗਰਿਕਾਂ ਨੂੰ ਧਰਮ ਦੀ ਸੁਤੰਤਰਤਾ ਦਾ ਅਧਿਕਾਰ ਦਿੰਦਾ ਹੈ, ਪਰ ਨਾਲ ਹੀ ਰਾਜ ਨੂੰ ਸਮਾਜਿਕ ਸੁਧਾਰਾਂ ਲਈ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣ ਦੀ ਵੀ ਇਜਾਜ਼ਤ ਦਿੰਦਾ ਹੈ।

ਸਾਡੇ ਭਾਰਤੀ ਸੈਕੂਲਰਿਜ਼ਮ ਦੀ ਇਹ ਵਿਲੱਖਣਤਾ ਭਾਰਤ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਦੇ ਕਾਰਨ ਹੈ। ਭਾਰਤ ਵਿੱਚ ਸੈਕੂਲਰਿਜ਼ਮ ਦਾ ਅਰਥ ਸਿਰਫ਼ ਧਰਮ ਦੀ ਸੁਤੰਤਰਤਾ ਨਹੀਂ, ਸਗੋਂ ਸਾਰੇ ਧਰਮਾਂ ਦੇ ਸਹਿ-ਅਸਤਿਤਵ ਅਤੇ ਸਮਾਨਤਾ ਦੀ ਭਾਵਨਾ ਵੀ ਹੈ।

ਅੱਜ ਦੇ ਸਮੇਂ ਵਿੱਚ ਸੈਕੂਲਰ ਅਤੇ ਧਰਮ ਨਿਰਪੇਖ ਦੀ ਪ੍ਰਸੰਗਿਕਤਾ ਵਿੱਚ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਸਮੇਂ ਵਿੱਚ, ਜਦੋਂ ਭਾਰਤ ਵਿੱਚ ਰਾਜਨੀਤਕ ਅਤੇ ਸਮਾਜਿਕ ਧਰੁਵੀਕਰਨ ਵੱਧ ਰਿਹਾ ਹੈ, ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦੀ ਪ੍ਰਸੰਗਿਕਤਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਇਹ ਸ਼ਬਦ ਸੰਵਿਧਾਨ ਦੀ ਉਸ ਭਾਵਨਾ ਨੂੰ ਸਪੱਸ਼ਟ ਕਰਦੇ ਹਨ, ਜੋ ਸਾਰੇ ਨਾਗਰਿਕਾਂ ਨੂੰ ਧਰਮ, ਜਾਤੀ, ਜਾਂ ਲਿੰਗ ਦੇ ਆਧਾਰ 'ਤੇ ਬਿਨਾਂ ਕਿਸੇ ਭੇਦਭਾਵ ਦੇ ਸਮਾਨ ਅਧਿਕਾਰ ਦਿੰਦੀ ਹੈ। ਸਮਾਜਿਕ ਸਦਭਾਵਨਾ ਵਾਲਾ ਮਾਹੌਲ ਤੇ ਭਾਰਤ ਵਰਗੇ ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਦੇਸ਼ ਵਿੱਚ, ਸੈਕੂਲਰਿਜ਼ਮ ਸਮਾਜਿਕ ਸਦਭਾਵਨਾ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੈਕੂਲਰ ਸ਼ਬਦ ਸੰਵਿਧਾਨ ਵਿੱਚ ਸ਼ਾਮਿਲ ਕਰਕੇ ਇਹ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਰਾਜ ਕਿਸੇ ਖਾਸ ਧਰਮ ਦੀ ਪੱਖਪਾਤ ਨਹੀਂ ਕਰੇਗਾ। ਉਧਰ ਰਾਜਨੀਤਕ ਸਥਿਰਤਾ ਅਤੇ ਅੱਜ ਦੇ ਸਮੇਂ ਵਿੱਚ, ਜਦੋਂ ਧਾਰਮਿਕ ਅਤੇ ਸੱਭਿਆਚਾਰਕ ਮੁੱਦੇ ਰਾਜਨੀਤੀ ਦਾ ਹਿੱਸਾ ਬਣ ਰਹੇ ਹਨ, ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦ ਸੰਵਿਧਾਨ ਦੀ ਨਿਰਪੇਖਤਾ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਇਹ ਸ਼ਬਦ ਸਰਕਾਰ ਨੂੰ ਯਾਦ ਦਿਵਾਉਂਦੇ ਹਨ ਕਿ ਉਸ ਦਾ ਕੰਮ ਸਾਰੇ ਨਾਗਰਿਕਾਂ ਦੀ ਸੇਵਾ ਕਰਨਾ ਹੈ, ਨਾ ਕਿ ਕਿਸੇ ਖਾਸ ਧਰਮ ਜਾਂ ਵਰਗ ਦੀ।


ਇਹ ਸਮਾਜਿਕ ਨਿਆਂ ਅਰਥਾਤ: ਸੈਕੂਲਰਿਜ਼ਮ ਸਮਾਜਿਕ ਨਿਆਂ ਦੀ ਨੀਂਹ ਨੂੰ ਮਜ਼ਬੂਤ ਕਰਦਾ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਘੱਟ ਗਿਣਤੀ ਸਮੁਦਾਏ, ਜੋ ਅਕਸਰ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਕਮਜ਼ੋਰ ਹੁੰਦੇ ਹਨ, ਨੂੰ ਸਮਾਨ ਅਧਿਕਾਰ ਅਤੇ ਸੁਰੱਖਿਆ ਮਿਲੇ।

ਸੰਵਿਧਾਨ ਬਾਰੇ ਚੁਣੌਤੀਆਂ ਅਤੇ ਵਿਵਾਦ ਹਾਲਾਂਕਿ ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦ ਸੰਵਿਧਾਨ ਦੀ ਭਾਵਨਾ ਨੂੰ ਸਪੱਸ਼ਟ ਕਰਦੇ ਹਨ, ਪਰ ਅੱਜ ਦੇ ਸਮੇਂ ਵਿੱਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਨੂੰ ਲੈ ਕੇ ਵਿਵਾਦ ਵੀ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸੈਕੂਲਰਿਜ਼ਮ ਦੀ ਵਰਤੋਂ ਛਦਮ-ਸੈਕੂਲਰਿਜ਼ਮ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਜਿੱਥੇ ਸਿਆਸੀ ਪਾਰਟੀਆਂ ਵੋਟ ਬੈਂਕ ਦੀ ਰਾਜਨੀਤੀ ਲਈ ਧਾਰਮਿਕ ਸਮੁਦਾਇਆਂ ਦਾ ਸ਼ੋਸ਼ਣ ਕਰਦੀਆਂ ਹਨ। ਇਸ ਤੋਂ ਇਲਾਵਾ, ਸੈਕੂਲਰਿਜ਼ਮ ਦੀ ਗਲਤ ਵਿਆਖਿਆ ਕਰਕੇ ਇਸ ਨੂੰ ਧਰਮ ਵਿਰੋਧੀ ਦਰਸਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ, ਜੋ ਸੰਵਿਧਾਨ ਦੀ ਅਸਲੀ ਭਾਵਨਾ ਦੇ ਵਿਰੁੱਧ ਹੈ।

ਹੁਣ ਚੱਲ ਰਹੀ ਚਰਚਾ ਵਿੱਚ ਕੀ ਇਹ ਸ਼ਬਦ ਜ਼ਰੂਰੀ ਹਨ? ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦਾਂ ਦੀ ਜ਼ਰੂਰਤ 'ਤੇ ਸਵਾਲ ਉਠਾਉਣ ਵਾਲਿਆਂ ਦਾ ਕਹਿਣਾ ਹੈ ਕਿ ਸੰਵਿਧਾਨ ਦੇ ਅਨੁਛੇਦ ਪਹਿਲਾਂ ਹੀ ਸੈਕੂਲਰਿਜ਼ਮ ਦੀ ਭਾਵਨਾ ਨੂੰ ਸੰਭਾਲਦੇ ਹਨ, ਅਤੇ ਇਹ ਸ਼ਬਦ ਸਿਰਫ਼ ਰਾਜਨੀਤਕ ਏਜੰਡੇ ਦੇ ਤਹਿਤ ਸ਼ਾਮਿਲ ਕੀਤੇ ਗਏ ਸਨ। ਪਰ ਅੱਜ ਦੇ ਸਮੇਂ ਵਿੱਚ, ਜਦੋਂ ਧਾਰਮਿਕ ਧਰੁਵੀਕਰਨ ਅਤੇ ਸਮਾਜਿਕ ਵੰਡ ਦੀਆਂ ਚੁਣੌਤੀਆਂ ਵੱਧ ਰਹੀਆਂ ਹਨ, ਇਹ ਸ਼ਬਦ ਸੰਵਿਧਾਨ ਦੀ ਧਰਮ ਨਿਰਪੇਖਤਾ ਦੀ ਪ੍ਰਤੀਬੱਧਤਾ ਨੂੰ ਸਪੱਸ਼ਟ ਕਰਦੇ ਹਨ। ਇਹ ਸ਼ਬਦ ਸਰਕਾਰ ਅਤੇ ਸਮਾਜ ਨੂੰ ਯਾਦ ਦਿਵਾਉਂਦੇ ਹਨ ਕਿ ਭਾਰਤ ਦੀ ਤਾਕਤ ਇਸ ਦੀ ਵਿਭਿੰਨਤਾ ਵਿੱਚ ਹੈ ਅਤੇ ਇਸ ਵਿਭਿੰਨਤਾ ਨੂੰ ਸੰਭਾਲਣ ਲਈ ਨਿਰਪੇਖਤਾ ਅਤੇ ਸਮਾਨਤਾ ਦੀ ਲੋੜ ਹੈ।

ਸੱਚ ਤਾਂ ਇਹ ਹੈ ਕਿ ਭਾਰਤੀ ਸੰਵਿਧਾਨ ਦੀ ਅਸਲੀ ਰੂਹ ਸਮਾਨਤਾ, ਸੁਤੰਤਰਤਾ ਅਤੇ ਸਮਾਜਿਕ ਨਿਆਂ ਤੇ ਅਧਾਰਤ ਹੈ ਅਤੇ ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦ ਇਸ ਰੂਹ ਨੂੰ ਹੋਰ ਸਪੱਸ਼ਟ ਅਤੇ ਮਜ਼ਬੂਤ ਕਰਦੇ ਹਨ। ਅੱਜ ਦੇ ਸਮੇਂ ਵਿੱਚ, ਜਦੋਂ ਧਾਰਮਿਕ ਅਤੇ ਸਮਾਜਿਕ ਧਰੁਵੀਕਰਨ ਦੀਆਂ ਚੁਣੌਤੀਆਂ ਸਾਹਮਣੇ ਹਨ, ਇਹ ਸ਼ਬਦ ਸੰਵਿਧਾਨ ਦੀ ਪ੍ਰਸੰਗਿਕਤਾ ਨੂੰ ਹੋਰ ਵਧਾਉਂਦੇ ਹਨ। ਇਹ ਸਾਰੇ ਨਾਗਰਿਕਾਂ ਨੂੰ ਸਮਾਨ ਅਧਿਕਾਰ ਅਤੇ ਸਤਿਕਾਰ ਦੀ ਗਾਰੰਟੀ ਦਿੰਦੇ ਹਨ ਅਤੇ ਭਾਰਤ ਦੀ ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਪਛਾਣ ਨੂੰ ਸੰਭਾਲਦੇ ਹਨ। ਇਸ ਲਈ, ਸੈਕੂਲਰ ਅਤੇ ਧਰਮ ਨਿਰਪੇਖ ਸ਼ਬਦ ਸੰਵਿਧਾਨ ਦੀ ਅਸਲੀ ਭਾਵਨਾ ਦਾ ਅਟੁੱਟ ਹਿੱਸਾ ਹਨ ਅਤੇ ਅੱਜ ਦੇ ਸਮੇਂ ਵਿੱਚ ਵੀ ਓਨੀ ਹੀ ਪ੍ਰਸੰਗਿਕ ਹਨ।

# ਕੌਣ ਜਾਣਦਾ ਸੀ ? ਰੁਲਦੇ ਫਿਰਨਗੇ ਇਹ, ਆਪਣੇ ਤਾਜ ਵਿੱਚ ਹੀਰੇ ਹੰਢਾਉਣ ਵਾਲੇ



ਬਘੇਲ ਸਿੰਘ ਧਾਲੀਵਾਲ
99142-58142

ਲੱਖਾਂ ਤਕਲੀਫਾਂ ਦੇ ਬਾਵਜੂਦ ਵੀ ਖਾਲਸੇ ਦਾ ਇਤਿਹਾਸ ਮੁੱਢ ਤੋਂ ਹੀ ਗੌਰਵਸ਼ਾਲੀ ਰਿਹਾ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਇਸ ਗੱਲ ਦੀ ਗਵਾਹੀ ਭਰਦਾ ਹੈ। ਦੁਨੀਆਂ ਦੇ ਇਤਿਹਾਸ ਵਿੱਚ ਖਾਲਸਾ ਰਾਜ ਕਈ ਪੱਖਾਂ ਤੋਂ ਮਿਸਾਲੀ ਰਿਹਾ ਹੈ।ਤਾਕਤਵਰ ਸਲਤਨਤ ਦੇ ਮਾਲਕ ਮੰਨੇ ਜਾਣ ਵਾਲੇ ਮਹਾਰਾਜੇ ਨੇ ਕਈ ਇਹੋ ਜਿਹੇ ਕੀਰਤੀਮਾਨ ਵੀ ਸਥਾਪਤ ਕੀਤੇ ਹਨ ਜੋ ਅੱਜ ਤੱਕ ਦੇ ਦੁਨੀਆਂ ਦੇ ਇਤਿਹਾਸ ਵਿੱਚ ਰਿਕਾਰਡ ਬਣਕੇ ਦਰਜ ਹੋ ਚੁੱਕੇ ਹਨ। ਅਫਗਾਨਿਸਤਾਨ ਦੇ ਕਾਬਲ ਕੰਧਾਰ 'ਤੇ ਖਾਲਸਾ ਰਾਜ ਦੇ ਝੰਡੇ ਝੁਲਾਉਣ ਵਾਲਾ ਇਹ ਇੱਕੋ ਇੱਕ ਸਿੱਖ ਸ਼ਹਿਨਸ਼ਾਹ ਹੈ, ਜਿਸਨੇ ਹਿੰਦੂ ਰਾਜਿਆਂ ਵੱਲੋਂ ਮੁਗਲ ਬਾਦਸਾਹਾਂ ਨੂੰ ਹਾਰਿਆ ਕੋਹੇਨੂਰ ਹੀਰਾ ਜਿਹੜਾ ਨਾਦਰ ਸ਼ਾਹ ਦਿੱਲੀ ਦੀ ਲੁੱਟ ਸਮੇਂ ਲੈ ਗਿਆ ਸੀ, ਉਹ ਵੀ ਕਾਬਲ ਦੇ ਸ਼ਾਹ ਸੁਜਾਹ ਤੋਂ ਲੈ ਕੇ ਅੰਤ ਸਮੇਂ ਤੱਕ ਆਪਣੇ ਤਾਜ ਵਿੱਚ ਸਜਾ ਕੇ ਦੁਨੀਆਂ ਨੂੰ ਸ਼ਕਤੀਸਾਲੀ ਸਿੱਖ ਰਾਜ ਦਾ ਅਹਿਸਾਸ ਕਰਵਾਇਆ। ।ਦੱਰਾ ਖੈਬਰ ਦੀਆਂ ਪਹਾੜੀਆਂ ਵਿੱਚੋਂ ਖਾਲਸੇ ਦੇ ਗੂੰਜਦੇ ਜੈਕਾਰੇ ਪਠਾਣਾਂ ਦਾ ਦਿਲ ਦਹਿਲਾਉਂਦੇ ਰਹੇ ਹਨ। ਅੱਜ ਵੀ ਦੁਨੀਆਂ ਦੀਆਂ ਅਖਬਾਰਾਂ ਸਿੱਖ ਰਾਜ ਦੇ ਸਿਪਾਹਸਲਾਰ ਹਰੀ ਸਿੰਘ ਨਲੂਏ ਨੂੰ ਦੁਨੀਆਂ ਦੇ 10 ਤਾਕਤਵਰ ਜੇਤੂਆਂ 'ਚੋਂ ਪਹਿਲੇ ਨੰਬਰ 'ਤੇ ਗਿਣ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਇੱਕ ਝੰਡੇ ਥੱਲੇ ਇਕੱਠੇ ਕਰਕੇ ਇੱਕ ਵਿਸ਼ਾਲ ਸਿੱਖ ਰਾਜ ਸਥਾਪਤ ਕਰਨ ਦਾ ਦ੍ਰਿੜ ਨਿਸਚਾ ਕੀਤਾ ਸੀ, ਜਿਸ ਵਿੱਚ ਉਹ ਕਾਮਯਾਬ ਹੋਇਆ। ਮਹਾਰਾਜੇ ਨੇ ਜਿੱਤੇ ਹੋਏ ਇਲਾਕਿਆਂ ਦੇ ਸਰਦਾਰਾਂ ਨੂੰ ਕੈਦ ਕਰਕੇ ਸਜ਼ਾਵਾਂ ਦੇਣ ਦੀ ਬਜਾਇ ਉਹਨਾਂ ਦੇ ਗੁਜ਼ਾਰੇ ਲਈ ਜਗੀਰਾਂ ਦਾ ਪ੍ਰਬੰਧ ਕਰਕੇ ਦਿੱਤਾ। ਇਹ ਉਹਦੀ ਸੱਚੀ ਸਿੱਖ ਸੋਚ ਦੀ ਉਦਾਹਰਣ ਮੰਨੀ ਜਾ ਸਕਦੀ ਹੈ। 40 ਸਾਲਾਂ ਦੇ ਹਲੀਮੀ ਖਾਲਸਾ ਰਾਜ ਦੀ ਇੱਕ ਅਜਿਹੀ ਮਿਸਾਲ ਵੀ ਮਿਲਦੀ ਹੈ ਜਿਹੜੀ ਨਾ ਦੁਨੀਆਂ 'ਤੇ ਰਾਜ ਕਰਨ ਵਾਲੇ ਕਿਸੇ ਬਾਦਸ਼ਾਹ ਦੇ ਹਿੱਸੇ ਆਈ ਹੈ ਅਤੇ ਨਾ ਕਿਸੇ ਸਰਕਾਰ ਤੋਂ ਅਜਿਹਾ ਸਰਿਆ ਹੈ, ਉਹ ਹੈ ਖਾਲਸਾ ਰਾਜ ਵਿੱਚ ਕਿਸੇ ਵੀ ਵੱਡੇ ਤੋਂ ਵੱਡੇ ਮੁਜਰਮ ਨੂੰ ਵੀ ਮੌਤ ਦੀ ਸਜ਼ਾ ਨਾ ਦੇਣਾ। ਇਹ ਸਿੱਖ ਰਾਜ ਦੀ ਹਲੀਮੀ ਦੀ ਸਿਖਰ ਹੀ ਸਮਝੀ ਜਾ ਸਕਦੀ ਹੈ, ਜਿਸ ਦਾ ਕੋਈ ਤੋੜ ਹੀ ਨਹੀ। ਸਿੱਖਾਂ ਨੂੰ ਅੱਤਵਾਦੀ ਵੱਖਵਾਦੀ ਕਹਿਣ ਵਾਲੇ ਤੇ ਸਿੱਖਾਂ ਪ੍ਰਤੀ ਭਰਮ ਭੁਲੇਖੇ ਪਾਉਣ ਵਾਲੇ ਲੋਕਾਂ ਨੇ ਪਤਾ ਨਹੀਂ ਸਿੱਖ ਕੌਮ ਦਾ ਕਿਹੜਾ ਇਤਿਹਾਸ ਪੜ੍ਹਿਆ ਹੈ, ਜਿਸਦਾ ਉਹ ਲੋਕਾਂ ਵਿੱਚ ਹਊਆ ਖੜਾ ਕਰ ਰਹੇ ਹਨ, ਸਾਨੂੰ ਉਹਨਾਂ ਦੀ ਇਸ ਪੇਤਲੀ ਲਿਆਕਤ 'ਤੇ ਤਰਸ ਆਉਂਦਾ ਹੈ। ਸਿੱਖ ਰਾਜ ਨੇ ਇੱਕ ਧਰਮੀ ਰਾਜ ਹੋਣ ਦੇ ਬਾਵਜੂਦ ਦੁਨੀਆਂ ਨੂੰ ਧਰਮ ਨਿਰਪੱਖਤਾ ਦੀ ਵੀ ਇੱਕ ਨਵੀਂ ਸੇਧ ਦਿੱਤੀ।ਸਿੱਖ ਰਾਜ ਦੀ ਸਭ ਤੋਂ ਵੱਡੀ ਪਰਾਪਤੀ ਹੀ ਇਹ ਕਹੀ ਜਾ ਸਕਦੀ ਹੈ ਕਿ ਸਭ ਧਰਮਾਂ ਦੇ ਲੋਕ ਮਹਾਰਾਜੇ ਦੇ ਰਾਜ ਦੀਆਂ ਸੁੱਖਾਂ ਮੰਗਦੇ ਰਹਿੰਦੇ ਸਨ, ਮਹਾਰਾਜਾ ਰਣਜੀਤ ਸਿੰਘ ਨੇ ਜਿਸ ਨਾਲ ਵੀ ਕੋਈ ਵਾਅਦਾ ਕੀਤਾ, ਉਹਨੂੰ ਹਰ ਹਾਲ ਵਿੱਚ ਪੂਰਾ ਕੀਤਾ।ਸਿੱਖ ਰਾਜ ਨੂੰ ਵਿਸ਼ਾਲ ਕਰਨ ਲਈ ਉਹਨੇ ਬੇਸ਼ੱਕ ਦਾਅਪੇਚ ਵੀ ਖੇਡੇ ਪਰੰਤੂ ਉਹਦੇ ਦਾਅ ਪੇਚਾਂ ਵਿੱਚ ਵੀ ਅੱਜ ਦੇ ਸਿਆਸੀ ਲੀਡਰਾਂ ਦੀ ਤਰ੍ਹਾਂ ਕਿਧਰੇ ਬੇਈਮਾਨੀ ਦੀ ਬੋਅ ਨਹੀਂ ਆਉਂਦੀ।ਬਲਕਿ ਕਣ ਕਣ ਵਿੱਚੋਂ ਖਾਲਸੇ ਦੀ ਚੜ੍ਹਦੀਕਲਾ ਦੇ ਅਵਾਜ਼ੇ ਨਿਕਲਦੇ ਸਨ।ਅੰਤ ਸਮੇਂ ਰਣਜੀਤ ਸਿੰਘ ਦੀਆਂ ਕਹੀਆਂ ਗੱਲਾਂ ਅੱਜ ਵੀ ਖਾਲਸੇ ਦੀ ਅਣਖ ਨੂੰ ਹਲੂਣ ਰਹੀਆਂ ਹਨ।ਮਹਾਰਾਜੇ ਨੇ ਆਪਣੇ ਅੰਤਮ ਦਰਬਾਰ ਵਿੱਚ ਸੰਬੋਧਨ ਕਰਦਿਆਂ ਕਿਹਾ ਸੀ ਕਿ ਖਾਲਸਾ ਜੀ ਮੇਰੇ ਜਾਣ ਦਾ ਸਮਾਂ ਨੇੜੇ ਆ ਗਿਆ ਹੈ ਮੈਨੂੰ ਇਸ ਗੱਲ ਦਾ ਕੋਈ ਗਮ ਨਹੀਂ ਪਰੰਤੂ ਜੇ ਕੋਈ ਡਰ ਹੈ ਤਾਂ ਇਸ ਗੱਲ ਦਾ ਕਿ ਜਿਹੜੇ ਖਾਲਸੇ ਦੀ ਤੇਗ ਤੋਂ ਖੈਬਰ ਦੀਆਂ ਪਹਾੜੀਆਂ ਵੀ ਕੰਬਦੀਆਂ ਰਹੀਆਂ ਹਨ, ਉਹ ਤੇਗ ਕਿਤੇ ਤੁਹਾਡੇ ਆਪਣੇ ਘਰ ਵਿੱਚ ਖੜਕਣ ਨਾ ਲੱਗ ਜਾਵੇ।ਦੁਸ਼ਮਣ ਦੀਆਂ ਚਾਲਾਂ ਤੋਂ ਸੁਚੇਤ ਰਹਿਣਾ, ਖਾਲਸਾ ਜੀ ਮੈਨੂੰ ਖਾਲਸੇ ਦਾ ਰਾਜ ਆਪਣੀ ਜਾਨ ਤੋਂ ਵੀ ਪਿਆਰਾ ਹੈ,ਮੇਰੀ ਇਹ ਆਖਰੀ ਇੱਛਾ ਹੈ ਕਿ ਖਾਲਸੇ ਦੇ ਝੰਡੇ ਸਦਾ ਹੀ ਉੱਚੇ ਝੂਲਦੇ ਰਹਿਣ।ਉਹਨਾਂ ਇਹ ਵੀ ਕਿਹਾ ਸੀ ਕਿ ਗੈਰਾਂ ਦੇ ਝੰਡੇ ਸਾਹਮਣੇ ਸਿਰ ਨਿਵਾਉਣਾ ਮੇਰੀ ਅਣਖ ਨੂੰ ਵੇਚਣ ਵਾਲੀ ਗੱਲ ਹੋਵੇਗੀ, ਜੇ ਕਰ ਖਾਲਸਾ ਮੁੜ ਗੁਲਾਮ ਹੋ ਗਿਆ ਤਾਂ ਮੇਰੀ ਰੂਹ ਨੂੰ ਸ਼ਾਂਤੀ ਨਹੀਂ ਮਿਲੇਗੀ। ਮਹਾਰਾਜਾ ਰਣਜੀਤ ਸਿੰਘ ਦੇ ਇਹਨਾਂ ਦਿਲ ਟੁੰਭਵੇਂ ਅੰਤਮ ਬੋਲਾਂ 'ਚੋਂ ਸਿੱਖ ਰਾਜ ਦਾ ਪਿਆਰ ਝਲਕਦਾ ਹੈ, ਕਿਧਰੋਂ ਵੀ ਮਹਾਰਾਜੇ ਵਰਗਾ ਰਾਜ ਦੇਣ ਦਾ ਦਾਅਵਾ ਕਰਨ ਵਾਲੇ ਅੱਜ ਦੇ ਅਖੌਤੀ ਪੰਥਕ ਸਰਕਾਰ ਦੇ ਹਾਕਮਾਂ ਦੀ ਤਰ੍ਹਾਂ ਨਿੱਜਤਾ ਦਿਖਾਈ ਨਹੀਂ ਦਿੰਦੀ। ਖਾਲਸੇ ਦੀ ਅਣਖ ਨੂੰ ਗ੍ਰਹਿਣ ਲੱਗ ਜਾਣ ਦੇ ਡਰ ਦਾ ਦਰਦ ਵੀ ਸਾਫ ਝਲਕਦਾ ਹੈ। ਖਾਲਸਾ ਜੀ ! ਚਲਾ ਗਿਆ ਉਹ ਸ਼ੇਰੇ ਪੰਜਾਬ, ਜਿਸ ਨੇ ਦੁਨੀਆਂ ਨੂੰ ਇਹ ਦ੍ਰਿੜ ਕਰਵਾਇਆ ਸੀ ਕਿ ਸਿੱਖ ਕੌਮ ਜਿੱਥੇ ਅਮਨ ਪਸੰਦ ਤੇ ਭਾਈਚਾਰਕ ਸਾਂਝਾਂ ਦੀ ਅਲੰਬਰਦਾਰ ਹੈ, ਉਥੇ ਇਹਦੀਆਂ ਰਗਾਂ ਵਿੱਚ ਬਹਿ ਰਿਹਾ ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਖੂਨ ਜਬਰ ਜ਼ੁਲਮ ਦੇ ਖਿਲਾਫ ਜੂਝਣ ਲਈ ਅਤੇ ਅਜ਼ਾਦ ਫਿਜ਼ਾ ਵਿੱਚ ਜਿਊਣ ਲਈ ਖਾਲਸੇ ਦੇ ਉਸ ਕੇਸਰੀ ਝੰਡੇ ਨੂੰ ਉੱਚਾ ਝੁਲਾਉਣ ਲਈ ਹਰ ਸਮੇਂ ਖੌਲਦਾ ਰਹਿੰਦਾ ਹੈ, ਜਿਹੜਾ ਖਾਲਸੇ ਦੀ ਅਜ਼ਾਦ ਹਸਤੀ ਦਾ ਪ੍ਰਤੀਕ ਹੈ।ਅੱਜ ਪੰਜਾਬ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਸੱਚੇ ਪੰਥ ਦਰਦੀ ਆਗੂ ਦੀ ਲੋੜ ਹੈ, ਜਿਹੜਾ ਮਿਸਲਾਂ ਤੋਂ ਵੀ ਵੱਧ ਗਿਣਤੀ ਵਿੱਚ ਆਪਣੀਆਂ ਪਾਰਟੀਆਂ ਬਣਾ ਕੇ ਆਪਣੀ ਆਪਣੀ ਡੁਗ ਡੁਗੀ ਵਜਾਉਣ ਵਾਲੇ ਪੰਥਕ ਆਗੂਆਂ ਨੂੰ ਖਾਲਸੇ ਦੇ ਇੱਕ ਝੰਡੇ ਥੱਲੇ ਲਿਆ ਸਕੇ। ਚਤਰ ਚਲਾਕ ਧਿਆਨ ਸਿੰਘ, ਗੁਲਾਬ ਸਿੰਘ ਦੇ ਵਾਰਸ ਜਿਹੜੇ ਸਿੱਖੀ ਭੇਖ ਵਿੱਚ ਬੈਠ ਕੇ ਇਹਨਾਂ ਦੀ ਪਾਟੋਧਾੜ ਦਾ ਫਾਇਦਾ ਉਠਾਕੇ ਰਾਜ ਭਾਗ ਦੀ ਲਾਲਸਾ ਵਸ ਕੌਮ ਦੀ ਅਣਖ ਗੈਰਤ ਨੂੰ ਢਾਹ ਲਾ ਰਹੇ ਹਨ ਉਹਨਾਂ ਤੋਂ ਕੌਮ ਦਾ ਖਹਿੜਾ ਛੁਡਵਾ ਕੇ ਮੁੜ ਖਾਲਸੇ ਦਾ ਹਲੀਮੀ ਰਾਜ ਸਥਾਪਤ ਕਰ ਸਕੇ।ਅਖੀਰ ਸੋਹਣ ਸਿੰਘ ਸੀਤਲ ਦੇ ਇਹਨਾਂ ਦਰਦ ਭਰੇ ਬੋਲਾਂ ਨਾਲ ਸ਼ੇਰੇ ਪੰਜਾਬ ਨੂੰ ਯਾਦ ਕਰਦੇ ਹਾਂ ਕੌਣ ਜਾਣਦਾ ਸੀ ? ਰੁਲਦੇ ਫਿਰਨਗੇ ਇਹ, ਆਪਣੇ ਤਾਜ ਵਿੱਚ ਹੀਰੇ ਹੰਢਾਣ ਵਾਲੇ,ਸੀਤਲ ਹਾਲ ਫਕੀਰਾਂ ਦੇ ਨ ਜ਼ਰ ਆਉਂਦੇ ਤਾਜ,ਤਖਤ, ਨਿਸ਼ਾਨ, ਕਿਰਪਾਨ ਵਾਲੇ।

# ਮਹਾਨ ਜੇਤੂ ਤੇ ਕੁਸ਼ਲ ਪ੍ਰਬੰਧਕ ਮਹਾਰਾਜਾ ਰਣਜੀਤ ਸਿੰਘ

ਬਲਵਿੰਦਰ ਸਿੰਘ ਕੋਟਕਪੂਰਾ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਉਹ ਇਕ ਬਹਾਦਰ, ਦਲੇਰ, ਦੂਰਦਰਸ਼ੀ, ਕੁਸ਼ਲ ਪ੍ਰਬੰਧਕ, ਨੀਤੀਵਾਨ, ਦਿਆਲੂ ਅਤੇ ਬਹਾਦਰ ਯੋਧਾ ਸੀ। ਨਿਰਸੰਦੇਹ ਉਹ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਪ੍ਰਸਿੱਧ ਤੇ ਪ੍ਰਭਾਵਸ਼ਾਲੀ ਵਿਅਕਤੀ ਹੋਇਆ ਹੈ। ਪ੍ਰਸਿੱਧ ਲੇਖਕ ਬਰਨਜ਼ ਤਾਂ ਇੱਥੋਂ ਤੱਕ ਕਹਿੰਦਾ ਹੈ, ਕਿਸੇ ਵੀ ਏਸ਼ੀਅਨ ਨੂੰ ਮਿਲ ਕੇ ਮੈਂ ਇੰਨਾ ਜ਼ਿਆਦਾ ਪ੍ਰਭਾਵਿਤ ਨਹੀਂ ਹੋਇਆ, ਜਿੰਨਾ ਇਸ ਵਿਅਕਤੀ ਨੂੰ ਮਿਲ ਕੇ ਹੋਇਆ ਹਾਂ। ਬਿਨਾਂ ਕਿਸੇ ਸਿੱਖਿਆ ਤੇ ਬਿਨਾਂ ਕਿਸੇ ਰਹਿਨੁਮਾ ਦੇ ਉਹ ਅਦਭੁਤ ਕਾਰਜਸ਼ਕਤੀ ਤੇ ਉਤਸ਼ਾਹ ਨਾਲ ਰਾਜ ਦੇ ਸਮੁੱਚੇ ਕਾਰਜ ਚਲਾਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਵਿਚ ਵਿਸ਼ੇਸ਼ ਗੁਣ ਇਹ ਸੀ ਕਿ ਉਹ ਪਰਜਾ, ਆਪਣੇ ਦਰਬਾਰ ਦੇ ਉਚ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਦਾ ਆਦਰ ਦਿੰਦਾ ਸੀ, ਚਾਹੇ ਇਹ ਲੋਕ ਕਿਸੇ ਵੀ ਧਰਮ ਨਾਲ ਸਬੰਧਤ ਹੋਣ।

ਜੈਕ ਮੋਟ ਲਿਖਦਾ ਹੈ, ਭਾਵੇਂ ਮਹਾਰਾਜਾ ਰਣਜੀਤ ਸਿੰਘ ਬਿਲਕੁੱਲ ਅਨਪੜ੍ਹ ਸੀ, ਪਰ ਆਪਣੇ ਮੰਤਰੀਆਂ ਦੀਆਂ ਰਿਪੋਰਟਾਂ ਦੇ ਗਹਿਰਾਈ ਤੱਕ ਜਾਂਦਾ ਅਤੇ ਉਨ੍ਹਾਂ ਨੂੰ ਠੀਕ ਵੀ ਕਰਦਾ। ਉਹ ਬੜੀ ਦੂਰ ਦ੍ਰਿਸ਼ਟੀ ਰੱਖਦਾ ਸੀ ਅਤੇ ਆਪਣੇ ਰਾਜ ਦੇ ਹਰ ਵਿਭਾਗ ਦੀਆਂ ਛੋਟੀਆਂ-ਛੋਟੀਆਂ ਗੱਲਾਂ ਦਾ ਵੀ ਧਿਆਨ ਰੱਖਦਾ। ਮਹਾਰਾਜਾ ਗਰੀਬ ਲੋਕਾਂ ਨਾਲ ਖ਼ਾਸ ਹਮਦਰਦੀ ਰੱਖਦਾ ਸੀ। ਉਹ ਕਿਸਾਨਾਂ ਦੀ ਸਹਾਇਤਾ ਕਰਨ ਲਈ ਸਦਾ ਤਿਆਰ ਰਹਿੰਦਾ ਸੀ। ਉਸ ਨੇ ਗਰੀਬ ਲੋਕਾਂ ਲਈ ਲੰਗਰ ਖੋਲ੍ਹ ਰੱਖੇ ਸਨ। ਮਹਾਰਾਜੇ ਦੇ ਦਿਆਲੂ ਤੇ ਦਾਨੀ ਹੋਣ ਕਾਰਨ ਲੋਕ ਉਸ ਨੂੰ ਪਿਆਰ ਨਾਲ ਪਾਰਸ ਕਹਿੰਦੇ ਸਨ। ਸਿੱਖ ਧਰਮ ਦਾ ਸੱਚਾ ਅਨਿਆਈ ਤੇ ਰਾਖਾ ਹੁੰਦਿਆਂ ਹੋਇਆ ਵੀ ਮਹਾਰਾਜਾ ਦੂਜਿਆਂ ਧਰਮਾਂ ਦਾ ਪੂਰਾ ਆਦਰ ਕਰਦਾ ਸੀ। ਉਸ ਦੇ ਰਾਜ ਵਿਚ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਨੂੰ ਪੂਰੀ ਧਾਰਮਿਕ ਸੁਤੰਤਰਤਾ ਪ੍ਰਾਪਤ ਸੀ ਅਤੇ ਉਹ ਸਾਰੇ ਹੀ ਆਪਣੀ ਇੱਛਾ ਅਨੁਸਾਰ ਆਪਣੇ ਆਪਣੇ ਰੀਤੀ ਰਿਵਾਜ਼ਾਂ ਦੀ ਪਾਲਣਾ ਕਰਦੇ ਸਨ। ਰਣਜੀਤ ਸਿੰਘ ਦੇ ਰਾਜ ਵਿਚ ਸਰਕਾਰੀ ਨੌਕਰੀਆਂ ਯੋਗਤਾ ਅਨੁਸਾਰ ਦਿੱਤੀਆਂ ਜਾਂਦੀਆਂ ਸਨ, ਧਰਮ ਤੇ ਜਾਤ ਦੇ ਭੇਦਭਾਵ ਨੂੰ ਧਿਆਨ ਵਿਚ ਨਹੀਂ ਸੀ ਰੱਖਿਆ ਜਾਂਦਾ। ਡਾ: ਕੇ.ਸੀ.ਖੰਨਾ ਨੇ ਰਣਜੀਤ ਸਿੰਘ ਦੀ ਉਦਾਰ ਧਾਰਮਿਕ ਨੀਤੀ ਦਾ ਉਲੇਖ ਕਰਦਿਆਂ ਹੋਇਆਂ, ਉਸਨੂੰ ਰਾਸ਼ਟਰਨਿਰਮਾਤਾ ਕਿਹਾ ਹੈ। ਜੈਕਸਨ ਲਿਖਦਾ ਹੈ, ਉਹ ਪਹਿਲਾ ਭਾਰਤੀ ਜਗਿਆਸੂ ਹੈ, ਜੋ ਮੈਂ ਇਸ ਵਿਚ ਵੇਖਿਆ ਹੈ ਅਤੇ ਗਿਆਨ, ਇੱਛਾ ਵਿਚ ਉਹ ਸਾਰੀ ਕੌਮ ਦੀ ਘਾਟ ਪੂਰੀ ਕਰ ਦਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇਸੇ ਬੁੱਧੀ ਅਨੁਸਾਰ ਇਕ ਪਾਸੇ ਅੰਗਰੇਜ਼ਾਂ ਨੂੰ ਸੁਲ੍ਹਾ ਲਈ ਮਜਬੂਰ ਕਰ ਦਿੱਤਾ ਤੇ ਦੂਜੇ ਪਾਸੇ ਤਾਕਤ ਵਧਾਉਣ ਦੇ ਉਪਰਾਲੇ ਕਰਦਿਆਂ ਇਲਾਕੇ ਦਾ ਵਿਸਥਾਰ ਕਰਨਾ ਆਰੰਭ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਬਾਲ ਅਵਸਥਾ ਵਿਚ ਹੀ ਘੋੜ-ਸਵਾਰੀ ਤੇ ਤਲਵਾਰਬਾਜ਼ੀ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਕਿਹਾ ਜਾਂਦਾ ਹੈ ਕਿ ਦਸ ਵਰ੍ਹਿਆਂ ਦੀ ਉਮਰ ਵਿਚ ਹੀ ਉਸ ਨੇ ਸੋਹਦਰਾ ਨੇੜੇ ਭੰਗੀ ਸੈਨਾ ਨੂੰ ਹਰਾ ਦਿੱਤਾ ਸੀ। ਸ੍ਰੀ ਗ੍ਰਿਫਨ ਲਿਖਦਾ ਹੈ, ਉਹ ਇਕ ਆਦਰਸ਼ ਸੈਨਿਕ ਸੀ, ਜੋ ਬਹੁਤ ਬਲਵਾਨ, ਫੁਰਤੀਲਾ, ਕਿਰਿਆਸ਼ੀਲ, ਦਲੇਰ ਤੇ ਟਿਕਾਊ ਸੀ। ਉਹ ਸੈਨਾ ਨਾਇਕ ਦੀ ਰਹਿਨੁਮਾਈ ਲਈ ਯੁੱਧ ਦੀ ਯੋਜਨਾ ਸਬੰਧੀ ਆਦੇਸ਼ ਦਿੰਦਾ ਸੀ। ਡਾ: ਐਨ.ਕੇ.ਸਿਨਹਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਇੱਕ ਚੰਗਾ ਸੈਨਾ ਨਾਇਕ ਸੀ, ਪਰ ਉਹ ਯੁੱਧ ਨਾਲ ਲੜਨ ਦੀ ਥਾਂ ਯੁੱਧ ਲਈ ਕੀਤੇ ਗਏ ਸੰਗਠਨਾਂ ਦੇ ਕੰਮਾਂ ਲਈ ਵਧੇਰੇ ਪ੍ਰਸਿੱਧ ਸੀ। ਮਹਾਰਾਜਾ ਰਣਜੀਤ ਸਿੰਘ ਨਾ ਕੇਵਲ ਇਕ ਮਹਾਨ ਵਿਜੇਤਾ ਹੀ ਸੀ, ਸਗੋਂ ਇੱਕ ਸੁਯੋਗ ਸ਼ਾਸਨ ਪ੍ਰਬੰਧਕ ਵੀ ਸੀ। ਮੈਗਰੇਗਰ ਲਿਖਦਾ ਹੈ, ਜੇ ਰਾਜ ਦੇ ਕੰਮਾਂ ਵਿਚ ਰਣਜੀਤ ਸਿੰਘ ਦੁਆਰਾ ਧਿਆਨ ਦਿੱਤੇ ਜਾਣ ਦੀ ਲੋੜ ਹੋਵੇ ਤਾਂ ਉਹ ਦਿਨ ਰਾਤ ਇਸ ਲਈ ਤਿਆਰ ਰਹਿੰਦਾ ਸੀ। ਬਹੁਤੀ ਵਾਰ ਇਹ ਹੁੰਦਾ ਕਿ ਉਹ ਰਾਤ ਨੂੰ ਸੋਚ ਕੇ ਪ੍ਰਸ਼ਾਸਨ ਸੰਬੰਧੀ ਯੋਜਨਾ ਬਣਾਉਂਦਾ ਤੇ ਫਿਰ ਆਪਣੇ ਸਕੱਤਰ ਜਾਂ ਪ੍ਰਧਾਨ ਮੰਤਰੀ ਨੂੰ ਅਗਲੇ ਦਿਨ ਸਵੇਰ ਤੱਕ ਹੀ ਉਸਨੂੰ ਅਮਲੀ ਰੂਪ ਦੇਣ ਦਾ ਆਦੇਸ਼ ਦਿੰਦਾ। ਮਹਾਰਾਜਾ ਸੈਨਿਕ ਤੇ ਸਿਵਲ ਪ੍ਰਬੰਧ 'ਚ ਆਪਣੇ ਮੰਤਰੀਆਂ ਤੇ ਕਰਮਚਾਰੀਆਂ ਨੂੰ ਬੜੀ ਸੂਝ ਸਿਆਣਪ ਨਾਲ ਨਿਯੁਕਤ ਕਰਦਾ ਸੀ। ਉਹ ਉਚਿਤ ਸਥਾਨਾਂ ਲਈ ਉਚਿਤ ਵਿਅਕਤੀਆਂ ਨੂੰ ਚੁਣਦਾ ਸੀ ਅਤੇ ਅਜਿਹਾ ਕਰਦੇ ਸਮੇਂ ਪਰਜਾ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀਆਂ ਪਰੰਪਰਾਵਾਂ ਅਤੇ ਜੱਦੀ ਪਰਵਿਰਤੀਆਂ ਵੱਲ ਬਹੁਤ ਜ਼ਿਆਦਾ ਧਿਆਨ ਦਿੰਦਾ ਸੀ। ਰਣਜੀਤ ਸਿੰਘ ਬ੍ਰਿਟਿਸ਼ ਇੰਡੀਆ ਦੇ ਇਤਿਹਾਸ ਵਿਚ ਸਭ ਤੋਂ ਮਹਾਨ ਦੇਸ਼ੀ ਹਾਕਮ ਹੋਇਆ ਹੈ ਤੇ ਉਸ ਨੂੰ ਅੱਜ ਤੱਕ ਵੀ ਸ਼ੇਰ-ਏ-ਪੰਜਾਬ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖਾਂ ਦੇ ਇਤਿਹਾਸ ਵਿਚ ਵੀ ਉਹ ਉਚੇ ਸਥਾਨ ਦਾ ਵਾਸਤਵਿਕ ਅਧਿਕਾਰੀ ਹੈ। ਉਹ ਸਿੱਖ ਧਰਮ ਤੇ ਸਿੱਖ ਗੁਰੂਆਂ ਪ੍ਰਤੀ ਅਸੀਮ ਸ਼ਰਧਾ ਰੱਖਦਾ ਸੀ ਅਤੇ ਆਪਣੇ ਆਪ ਨੂੰ ਖਾਲਸੇ ਦਾ ਸੇਵਕ ਸਮਝਦਾ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਤ ਕੀਤੇ ਗਏ ਖ਼ਾਲਸਾ ਦੇ ਸਿਧਾਂਤ ਤੇ ਉਨ੍ਹਾਂ ਦੇ ਮਹਾਨ ਕਾਰਜਾਂ ਤੋਂ ਵਿਸ਼ੇਸ਼ ਉਤਸ਼ਾਹ ਪ੍ਰਾਪਤ ਕੀਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਮੁਤਾਬਕ ਪੰਜਾਬ ਵਿਚ ਸਿੱਖ ਸਲਤਨਤ ਕਾਇਮ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਬੁੱਧੀਮਤਾ ਦਾ ਪੂਰਾ ਸਬੂਤ ਦਿੱਤਾ। ਇਹ ਪ੍ਰਤਾਪੀ ਮਹਾਰਾਜਾ ਆਪਣੇ ਕਈ ਮਨੋਰਥ ਸਫਲ ਹੋਏ ਦੇਖਣ ਤੋਂ ਪਹਿਲਾਂ ਹੀ 27 ਜੂਨ 1839 ਈ: ਨੂੰ ਅਧਰੰਗ ਦੇ ਰੋਗ ਕਾਰਨ ਅਕਾਲ ਚਲਾਣਾ ਕਰ ਗਿਆ। ਅੱਜ ਇਨ੍ਹਾਂ ਦੀ 186ਵੀਂ ਬਰਸੀ ਮਨਾਈ ਜਾ ਰਹੀ ਹੈ।



ਸੰਜੀਵ ਸਿੰਘ ਸੈਣੀ
7888966168

# ਆਖ਼ਿਰ ਪੰਜਾਬ ਨਸ਼ੇ ਦੇ ਦਾਗ਼ ਤੋਂ ਕਦੋਂ ਮੁਕਤ ਹੋਵੇਗਾ ?

ਕੁੱਝ ਦਿਨ ਪਹਿਲਾਂ ਹੁਸ਼ਿਆਰਪੁਰ ਦੀ ਕੇਂਦਰੀ ਜੇਲ੍ਹ ਵਿੱਚੋਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਖੇਪ ਤੇ ਮੋਬਾਇਲ ਫੋਨਾਂ ਦੀ ਬਰਾਮਦਗੀ ਹੋਈ ਹੈ। ਮਾਣਯੋਗ ਪੰਜਾਬ ਹਰਿਆਣਾ ਹਾਈਕੋਰਟ ਨੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕੈਦੀਆਂ ਵਿੱਚ ਵੱਧ ਰਿਹਾ ਨਸ਼ੇ ਦੇ ਰੁਝਾਨ ਦੀ ਸਰਕਾਰ ਸਾਹਮਣੇ ਪੋਲ ਖੋਲ ਕੇ ਰੱਖ ਦਿੱਤੀ ਹੈ। ਬਿਨਾਂ ਸ਼ੱਕ ਹਾਈ ਕੋਰਟ ਨੇ ਸਰਕਾਰ ਵਿਰੁੱਧ ਇਹ ਟਿੱਪਣੀ ਕੀਤੀ ਹੈ ਕਿ ਪੁਲਿਸ ਦੀ ਮਿਲੀ ਭੁਗਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਣਯੋਗ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ।

ਮਾਰਚ ਮਹੀਨੇ ਪੰਜਾਬ ਸਰਕਾਰ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਇੱਕ ਵਾਰ ਫਿਰ ਨਸ਼ਿਆਂ ਵਿਰੁੱਧ ਜੰਗ ਛੇੜ ਦਿੱਤੀ ਗਈ ਹੈ। ਹਾਲਾਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਆਪ ਪਾਰਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕੁਝ ਮਹੀਨਿਆਂ ਵਿੱਚ ਹੀ ਨਸ਼ਾ ਖਤਮ ਕਰ ਦਿੱਤਾ ਜਾਵੇਗਾ। ਹਾਲਾਂਕਿ ਬਹੁਤ ਕੁੱਝ ਕੀਤਾ ਵੀ ਗਿਆ, ਪਰ ਨਸ਼ੇ ਦੀ ਸਮੱਸਿਆ ਦਾ ਨਿਪਟਾਰਾ ਨਹੀਂ ਹੋ ਸਕਿਆ। 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਪੂਰੇ ਪੰਜਾਬ ਵਿੱਚ 2500 ਤੋਂ ਵੱਧ ਐਫ .ਆਈ.ਆਰ ਦਰਜ ਕੀਤੀਆਂ ਗਈਆਂ ਤੇ 6000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਨਸ਼ਾ ਤਸਕਰਾਂ ਕੋਲੋਂ 100 ਕਿਲੋਗ੍ਰਾਮ ਤੋਂ ਵੱਧ ਅਫ਼ੀਮ, 160 ਕਿਲੋਗ੍ਰਾਮ ਤੋਂ ਵੱਧ ਹੈਰੋਇਨ, 8 ਲੱਖ ਤੋਂ ਵੱਧ ਨਸ਼ੀਲੀ ਗੋਲੀਆਂ, ਕੈਪਸੂਲ, ਪੰਜ ਕਰੋੜ ਤੋਂ ਵੱਧ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਡੀਜੀਪੀ ਰਾਹੀਂ ਖੁਲਾਸਾ ਵੀ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੀਆਂ ਮੱਛੀਆਂ ਦਾ ਪਿੱਛਾ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੂਬੇ ਦੇ ਐਸਐਸਪੀ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਸ਼ਾ ਤਸਕਰਾਂ ਦੀ ਪੜਤਾਲ ਕਰਕੇ ਲਿਸਟ ਜਾਰੀ ਕਰੋ, ਸਰਕਾਰ ਵੱਲੋਂ ਨਸ਼ੇ ਦੀ ਸਪਲਾਈ ਕਰਕੇ ਪੈਸੇ ਨਾਲ ਬਣਾਈ ਗਈ ਕੋਠੀਆਂ 'ਤੇ ਵੀ ਪੀਲਾ ਪੰਜਾ ਚਲਾਇਆ ਗਿਆ। ਸ਼ਹਿਰੀ ਖੇਤਰਾਂ 'ਚ ਮੁਹੱਲਾ ਕਮੇਟੀਆਂ ਨਸ਼ਾ ਤਸਕਰਾਂ 'ਤੇ ਨਜ਼ਰ ਰੱਖਣਗੀਆਂ। ਪਿਛਲੇ ਮਹੀਨੇ ਹੀ ਬਠਿੰਡਾ ਦੀ ਇੱਕ ਮਹਿਲਾ ਪੁਲਿਸ ਮੁਲਾਜ਼ਮ 'ਤੇ ਨਸ਼ੇ ਦੀ ਵਿਕਰੀ ਦੇ ਦੋਸ਼ ਲੱਗਣ 'ਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਦੀ ਜਾਇਦਾਦ ਨੂੰ ਵੀ ਜ਼ਬਤ ਕਰ ਲਿਆ ਗਿਆ, ਜੋ ਕਿ ਕਰੋੜਾਂ ਰੁਪਏ ਦੀ ਸੀ। ਜਾਇਦਾਦ ਦੇ ਅੰਕੜੇ ਸੁਣ ਕੇ ਸਾਰੇ ਹੀ ਹੈਰਾਨ ਹੋ ਗਏ, ਕਿਉਂਕਿ ਉਹ ਕਰੋੜਾਂ ਰੁਪਏ ਤੋਂ ਵੱਧ ਦੀ ਜਾਇਦਾਦ ਸੀ। ਫਗਵਾੜਾ ਵਿੱਚ ਵੀ ਸੀਆਈਏ ਦੀ ਪੂਰੀ ਟੀਮ ਨੂੰ ਪੈਸੇ ਲੈ ਕੇ ਨਸ਼ਾ ਤਸਕਰ ਨੂੰ ਛੱਡਣ ਦਾ ਇਲਜ਼ਾਮ ਲੱਗਾ ਸੀ।

ਚਿੱਟਾ ਪਤਾ ਨਹੀਂ ਇਹ ਪੰਜਾਬ ਵਿੱਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਗੁਰੂਆਂ, ਪੀਰਾਂ ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿੱਚ ਆਪ ਹੀ ਕੰਮ ਕਰਦੀ ਸੀ।ਘਰ ਦੇ ਬਣੇ ਦੁੱਧ, ਦਹੀਂ, ਪਨੀਰ ,ਖ਼ੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ।ਛੇ ਫੁੱਟ ਦੇ ਚਿੱਟੇ ਚਾਦਰੇ ਬੰਨਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ। ਗੁਆਂਢੀ ਸਰਹੱਦ ਪਾਕਿਸਤਾਨ ਤੋਂ ਆਇਆ ਇਹ ਚਿੱਟਾ ਪੰਜਾਬ ਵਿੱਚ ਹੁਣ ਪੈਰ ਪਸਾਰ ਗਿਆ ਹੈ। ਘਰਾਂ ਵਿੱਚ ਸੱਥਰ ਵਿੱਛ ਚੁੱਕੇ ਹਨ। ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਅੰਮ੍ਰਿਤਸਰ ਦੇ ਨਾਬਾਲਗ ਬੱਚੇ ਕੋਲੋਂ 15 ਕਿਲੋ ਹੈਰੋਇਨ ਫੜ੍ਹੀ ਗਈ ਹੈ। ਗ੍ਰਿਫਤਾਰ ਕੀਤੇ ਨਾਬਾਲਗ ਦਾ ਪਿਤਾ ਅਤੇ ਦਾਦਾ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਕਰਕੇ ਜੇਲ੍ਹ ਵਿੱਚ ਬੰਦ ਹਨ।ਤਕਰੀਬਨ ਪਿਛਲੇ ਅੱਠ ਮਹੀਨਿਆਂ 'ਚ ਨਸ਼ਾ ਤਸਕਰਾਂ ਤੋਂ 10 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ। ਜੋ ਕਿ ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ। ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਨਸ਼ਿਆਂ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਕਰੀਬ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਨਾਲ ਪ੍ਰਭਾਵਿਤ ਹਨ ਤੇ ਲੱਖਾਂ ਹੀ ਨੌਜਵਾਨ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਕੁਝ ਪ੍ਰਾਈਵੇਟ ਸੈਂਟਰਾਂ ਤੋਂ ਇਲਾਜ ਕਰਵਾ ਰਹੇ ਹਨ। ਇੱਕ ਵੀਡੀਓ ਵਾਇਰਲ ਹੋ ਰਹੀ ਸੀ, ਜਿਸ ਵਿੱਚ ਇੱਕ ਈ ਰਿਕਸ਼ੇ ਵਾਲਾ ਨਸ਼ੇ ਵਿੱਚ ਧੁੱਤ ਮੂਧੇ ਮੂੰਹ ਰਿਕਸ਼ੇ ਵਿੱਚ ਪਿਆ ਸੀ। ਅੰਮ੍ਰਿਤਸਰ ਦੇ ਕੱਟੜਾ ਬੱਗੀਆਂ ਇਲਾਕੇ ਵਿੱਚ ਦੋ ਸਕੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਇੱਕ ਭਰਾ ਜੇਲ੍ਹ ਵਿਚ ਬੰਦ ਸੀ , ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਚੁੱਕੀ ਹੈ ਤੇ ਦੂਜੇ ਭਰਾ ਦੀ ਨਸ਼ੇ ਦੀ ਜ਼ਿਆਦਾ ਓਵਰਡੋਜ਼ ਕਾਰਨ।ਖਬਰ ਪੜ੍ਹਨ ਨੂੰ ਮਿਲੀ ਕਿ ਕਪੂਰਥਲਾ ਵਿਖੇ ਇਕ ਕੁੜੀ ਲੋਕਾਂ ਤੋਂ ਪੈਸੇ ਮੰਗ ਕੇ ਚਿੱਟਾ ਪੀਂਦੀ ਹੈ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹੁਤਾ ਦਾ ਪਤੀ ਨਸ਼ੇ ਦੀ ਤਸਕਰੀ ਕਾਰਨ ਜੇਲ੍ਹ ਵਿੱਚ ਹੈ। ਚੋਹਲਾ ਸਾਹਿਬ ਵਿਖੇ ਇਕ ਕਿਸਾਨ ਪਰਿਵਾਰ ਦੇ ਦੋਵਾਂ ਪੁੱਤਰਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਵੱਡੇ ਪੁੱਤਰ ਦੀਆਂ ਅੰਤਿਮ ਰਸਮਾਂ ਵੀ ਅਜੇ ਪੂਰੀਆਂ ਵੀ ਨਹੀਂ ਹੋਈਆਂ ਸਨ , ਕਿ ਛੋਟੇ ਪੁੱਤਰ ਦੀ ਵੀ ਪਹਿਲਾਂ ਹੀ ਮੌਤ ਹੋ ਗਈ। ਪੰਜਾਬ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਗੁਜਰਾਤ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਗਈ ਹੈ। ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ।ਲੁਧਿਆਣਾ ਵਿੱਚ ਇੱਕ ਨਾਬਾਲਗ ਦੀ ਨਸ਼ੇ ਵਾਲੀ ਸਰਿੰਜ ਲਗਾ ਕੇ ਮੌਤ ਹੋਣ ਦੀ ਖਬਰ ਪੜ੍ਹੀ। ਮਾਂ-ਪਿਉ ਮਰ ਮਰ ਕੇ ਜਿਊਂਦੇ ਹਨ। ਨਸ਼ੇ ਦੀ ਪੂਰਤੀ ਲਈ ਕਈ ਨਸ਼ੇੜੀ ਘਰ ਦਾ ਵੀ ਸਮਾਨ ਤੱਕ ਵੇਚਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਲਗਾਤਾਰ ਪ੍ਰਵਾਸ ਵੱਧ ਰਿਹਾ ਹੈ। ਇਹ ਵੀ ਇੱਕ ਬਹੁਤ ਵੱਡਾ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਚੇਤੇ ਕਰਵਾ ਦੇਈਏ ਕਿ 2017 ਵਿੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਪੰਜਾਬ ਵਿੱਚ ਆਪ ਸਰਕਾਰ ਵੱਲੋਂ ਨਸ਼ਿਆਂ 'ਤੇ ਨਕੇਲ ਕੱਸਣ ਲਈ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿੱਚ ਵੀ ਆਇਆ ਕਿ ਕੁੱਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕੇਗਾ ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਸਰਹੱਦੀ ਮੁਲਕਾਂ ਦੇ ਆਲਾ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਨਸ਼ਿਆਂ ਦੀ ਸਮੱਗਲਿੰਗ ਨੂੰ ਰੋਕਿਆ ਜਾ ਸਕਦਾ ਹੈ। ਦੇਸ਼ ਦਾ ਭਵਿੱਖ ਬਚਾਓਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਸੂਬੇ ਦੇ ਨਾਗਰਿਕਾਂ ਦਾ ਧੰਨਵਾਦ ਵੀ ਕੀਤਾ ਗਿਆ ਤੇ ਹਰ ਇੱਕ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਪੁਲਿਸ ਨੂੰ ਪੂਰਾ ਸਮਰਥਨ ਕਰੇ। ਬਿਨਾਂ ਸ਼ੱਕ ਪੰਜਾਬ ਸਰਕਾਰ ਸੂਬੇ 'ਚੋਂ ਨਸ਼ਿਆਂ ਨੂੰ ਜੜ ਤੋਂ ਖ਼ਤਮ ਕਰਨ ਲਈ ਵਚਨਬੱਧ ਹੈ।

ਰੋਜ਼ਾਨਾ
ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 29 ਜੂਨ, 2025
Sunday, 29 June, 2025



•ਪਰਵੀਨ ਕੌਰ ਸਿੱਧੂ

# ਪਰਵਾਸ ਅਤੇ ਪੰਜਾਬ

ਮਨੁੱਖ ਦਾ ਪਰਵਾਸ ਕਰਨਾ ਕੋਈ ਨਵਾਂ ਨਹੀਂ ਹੈ, ਪਰ ਹਰ ਕੋਈ ਇਸ ਨੂੰ ਆਪਣੇ-ਆਪਣੇ ਨਜ਼ਰੀਏ ਨਾਲ ਦੇਖਦਾ ਹੈ ਅਤੇ ਆਪਣੇ ਵਿਚਾਰਾਂ ਅਨੁਸਾਰ ਸਹੀ ਜਾਂ ਗ਼ਲਤ ਠਹਿਰਾਉਂਦਾ ਹੈ। ਮਨੁੱਖ ਅੰਦਰ ਕੁਝ ਜਾਣਨ ਅਤੇ ਨਵਾਂ ਕਰਨ ਦੀ ਜਗਿਆਸਾ ਨੇ ਹੀ ਇਸ ਨੂੰ ਇੱਕ ਥਾਂ 'ਤੇ ਟਿਕ ਕੇ ਬੈਠਣ ਨਹੀਂ ਦਿੱਤਾ। ਉਂਝ ਤਾਂ ਮਨੁੱਖ ਦਾ ਪਰਵਾਸ ਕਰਨ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇੱਕ ਧਰਤੀ ਤੋਂ ਦੂਜੀ ਧਰਤੀ 'ਤੇ ਜਾਣਾ ਉਸ ਨੂੰ ਅਤੇ ਉੱਥੋਂ ਦੇ ਲੋਕਾਂ ਨੂੰ ਸਮਝਣਾ ਅਤੇ ਵੇਖਣਾ ਚਾਖਣਾ ਇਨਸਾਨੀ ਬਿਰਤੀ ਹੈ। ਮਨੁੱਖ ਦਾ ਕਿਸੇ ਵਰਗੇ ਹੋ ਜਾਣਾ ਜਾਂ ਕਿਸੇ ਨੂੰ ਆਪਣੇ ਰੰਗ ਵਿੱਚ ਰੰਗ ਲੈਣਾ, ਇਹ ਸਿਲਸਿਲਾ ਬੜਾ ਪੁਰਾਣਾ ਹੈ। ਇਹ ਪਰਵਾਸ ਹੀ ਹੈ, ਜਿਸ ਕਾਰਨ ਮਨੁੱਖ ਨੇ ਏਨੀਆਂ ਖੋਜਾਂ ਕੀਤੀਆਂ ਹਨ ਅਤੇ ਤਰੱਕੀ ਕੀਤੀ ਹੈ।

ਜਦੋਂ ਮਨੁੱਖ ਪਰਵਾਸ ਕਰਦਾ ਹੈ ਤਾਂ ਇਸ ਲਈ ਉਸ ਨੂੰ ਦੁੱਖ, ਕਸ਼ਟ, ਮੁਸੀਬਤਾਂ ਅਤੇ ਔਖਿਆਈਆਂ ਵੀ ਸਹਿਣੀਆਂ ਪੈਂਦੀਆਂ ਹਨ। ਇਨ੍ਹਾਂ ਔਖਿਆਈਆਂ, ਮੁਸੀਬਤਾਂ ਅਤੇ ਕਸ਼ਟਾਂ ਵਿੱਚੋਂ ਹੀ ਕੁਝ ਨਵਾਂ ਨਿਕਲ ਕੇ ਸਾਹਮਣੇ ਆਉਂਦਾ ਹੈ, ਜੋ ਖ਼ਾਸ ਬਣ ਜਾਂਦਾ ਹੈ ਅਤੇ ਇਸੇ ਖ਼ਾਸ ਨੂੰ ਹੀ ਫਿਰ ਦੁਨੀਆ ਸਲਾਮ ਕਰਦੀ ਹੈ। ਇਸ ਧਰਤੀ 'ਤੇ ਮਨੁੱਖ ਇਕੱਲਾ ਹੀ ਜੀਵ ਹੈ, ਜਿਸ ਨੇ ਆਪਣੇ ਚੇਤੰਨ ਅਤੇ ਤੇਜ਼ ਦਿਮਾਗ਼ ਕਾਰਨ ਬਹੁਤਿਆਂ ਜੀਵਾਂ ਉੱਪਰ ਆਪਣਾ ਅਧਿਕਾਰ ਜਮਾਇਆ ਅਤੇ ਨਵੀਆਂ-ਨਵੀਆਂ ਖੋਜਾਂ ਕਰਕੇ ਕਮਾਲ ਕਰ ਦਿੱਤੀ ਹੈ। ਜੀਵਨ ਨੂੰ ਹੋਰ ਸੁਖਾਲਾ ਬਣਾਇਆ ਹੈ। ਮਨੁੱਖ ਨੇ ਲਗਾਤਾਰ ਕੁਝ ਨਾ ਕੁਝ ਸਿੱਖਣ ਦੀ ਲੜੀ ਨੂੰ ਬਰਕਰਾਰ ਰੱਖਿਆ ਹੈ।

ਜੰਗਲਾਂ ਦੀ ਧਰਤੀ ਤੋਂ ਨਿਕਲ ਕੇ ਇਨਸਾਨ ਨੇ ਪੱਧਰੀ ਜ਼ਮੀਨ ਵੱਲ ਰੁਖ਼ ਹੀ ਨਹੀਂ ਕੀਤਾ ਸਗੋਂ ਜ਼ਮੀਨ ਨੂੰ ਪੱਧਰੀ ਕਰਕੇ ਅਤੇ ਅਨਾਜ ਉਗਾਉਣ ਦੇ ਕਾਬਲ ਬਣਾਇਆ। ਕੁਦਰਤ ਦੀਆਂ ਬਾਰੀਕੀਆਂ ਨੂੰ ਸਮਝਿਆ। ਢਿੱਡ ਦੀ ਭੁੱਖ ਨੂੰ ਮਿਟਾਉਣ ਲਈ ਨਵੀਆਂ ਨਵੀਆਂ ਫ਼ਸਲਾਂ ਪੈਦਾ ਕੀਤੀਆਂ। ਇਸ ਦੇ ਨਾਲ ਹੀ ਪਾਣੀ ਦੇ ਕਿਨਾਰਿਆਂ 'ਤੇ ਜੀਵਨ ਬਸਰ ਕਰਨਾ ਸ਼ੁਰੂ ਕੀਤਾ, ਕਿਉਂਕਿ ਪਾਣੀ ਮਨੁੱਖ ਦੀ ਪਹਿਲੀ ਲੋੜ ਹੈ। ਮਨੁੱਖੀ ਦਿਮਾਗ਼ ਨੇ ਆਪਣੀ ਸੋਚ-ਸਮਝ ਮੁਤਾਬਕ ਜੀਵਨ ਨੂੰ ਬਿਹਤਰੀ ਵੱਲ ਲਿਜਾਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਇਨਸਾਨ ਇਨ੍ਹਾਂ ਕੋਸ਼ਿਸ਼ਾਂ ਵਿੱਚ ਕਾਮਯਾਬ ਵੀ ਹੋਇਆ। ਮਨੁੱਖ ਅੰਦਰ ਕੁਝ ਕਰਨ ਦੀ ਜਗਿਆਸਾ ਹੀ ਉਸ ਨੂੰ ਅਗਾਂਹ ਵਧਾਉਂਦੀ ਹੈ। ਪਾਣੀ ਦੇ ਕਿਨਾਰਿਆਂ 'ਤੇ ਬੈਠ ਕੇ ਰੋਸ਼ਨੀ ਦਾ ਨਿਰਮਾਣ ਕਰਨਾ ਅਤੇ ਹਰ ਘਰ ਨੂੰ ਜਗਮਗ ਕਰਨਾ ਇਹ ਮਨੁੱਖ ਦੀ ਉੱਜਲ ਸੋਚ ਦਾ ਪ੍ਰਮਾਣ ਹੈ। ਅੱਗ ਦੀ ਖੋਜ ਕੀਤੀ ਅਤੇ ਕੱਚੇ ਅਨਾਜ ਤੋਂ ਪੱਕੇ ਵੱਲ ਨੂੰ ਹੋ ਤੁਰਿਆ। ਹੁਣ ਤਾਂ ਇਸ ਨੇ ਕਮਾਲ ਹੀ ਕਰ ਦਿੱਤੀ ਹੈ, ਖਾਣ-ਪੀਣ, ਰਹਿਣ-ਸਹਿਣ, ਪਹਿਨਣ ਵਿੱਚ ਲਾਜਵਾਬ ਤਰੱਕੀ ਕੀਤੀ ਹੈ। ਜੇਕਰ ਸਾਡੇ ਦਾਇਰੇ ਸੀਮਤ ਹੋਣਗੇ ਤਾਂ ਫਿਰ ਵਿਕਾਸ ਨਹੀਂ ਹੁੰਦਾ। ਕੁਝ ਸਿੱਖਣ ਲਈ ਘਰ ਤੋਂ ਬਾਹਰ ਨਿਕਲਣਾ ਪੈਂਦਾ ਹੈ ਅਤੇ ਇਸੇ ਨੂੰ ਹੀ ਪਰਵਾਸ ਕਿਹਾ ਜਾਂਦਾ ਹੈ।

ਇਨਸਾਨ ਸ਼ੁਰੂ ਤੋਂ ਹੀ ਪਰਵਾਸ ਕਰਦਾ ਆਇਆ ਹੈ। ਇਨਸਾਨ ਨੇ ਪਿੰਡਾਂ ਤੋਂ ਸ਼ਹਿਰਾਂ ਤੱਕ ਦਾ ਪਰਵਾਸ ਵੀ ਚੰਗੀ ਸਿੱਖਿਆ ਅਤੇ ਸਹੂਲਤਾਂ ਲਈ ਕੀਤਾ। ਇਸੇ ਕਰਕੇ ਮਨੁੱਖ ਨੇ ਵਿਕਾਸ ਕੀਤਾ ਹੈ ਅਤੇ ਕਈ ਕੁਝ ਸਿੱਖਿਆ ਵੀ ਹੈ। ਇੱਕ ਦੂਸਰੇ ਨੂੰ ਦੇਖ ਕੇ ਸਿੱਖਣ ਦੀ ਪ੍ਰਕਿਰਿਆ ਹੀ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਸਿਆਣਿਆਂ ਨੇ ਵੀ ਕਿਹਾ ਹੈ, 'ਸਾੜੇ ਨਾਲੋਂ ਰੀਸ ਚੰਗੀ' ਸੋ ਮਨੁੱਖ ਦੀ ਰੀਸ ਕਰਨ ਦੀ ਆਦਤ ਪੁਰਾਣੀ ਹੈ। ਵਧੀਆ ਨੂੰ ਦੇਖ ਕੇ ਹਮੇਸ਼ਾਂ ਮਨ ਵਿੱਚ ਆਪ ਵੀ ਵਧੀਆ ਅਤੇ ਸੁੱਖ ਸਹੂਲਤਾਂ ਵਾਲਾ ਜੀਵਨ ਜਿਊਣ ਨੂੰ ਦਿਲ ਕਰਦਾ ਹੈ। ਅਸੀਂ ਜਿੰਨੇ ਵੱਧ ਲੋਕਾਂ ਨੂੰ ਜਾਣਾਂਗੇ, ਜਿੰਨੀ ਵੱਧ ਸੱਭਿਅਤਾ ਅਤੇ ਸੰਸਕ੍ਰਿਤੀ ਨਾਲ ਜੁੜਾਂਗੇ ਸਾਡੇ ਗਿਆਨ ਵਿੱਚ ਵੱਖ-ਵੱਖ ਪਹਿਲੂਆਂ ਦੇ ਹਿਸਾਬ ਨਾਲ ਵਾਧਾ ਹੋਵੇਗਾ। ਰੋਜ਼ੀ-ਰੋਟੀ ਅਤੇ ਸੁੱਖ ਸਹੂਲਤਾਂ ਦੀ ਭਾਲ ਵਿੱਚ ਇਨਸਾਨ ਸ਼ੁਰੂ ਤੋਂ ਹੀ ਲੱਗਾ ਰਿਹਾ ਹੈ। ਇਸੇ ਕਰਕੇ ਸਦੀਆਂ ਤੋਂ ਪਰਵਾਸ ਦੀ ਬਿਰਤੀ ਬਣੀ ਹੋਈ ਹੈ ਅਤੇ ਅੱਗੇ ਵੀ ਬਣੀ ਰਹੇਗੀ।

ਕਈ ਵਾਰ ਪਰਵਾਸ ਕਰਨਾ ਮਜਬੂਰੀ ਵੀ ਹੁੰਦਾ ਹੈ। ਹਾਲਾਤ ਹੱਥੋਂ ਮਜਬੂਰ ਹੋ ਕੇ ਵੀ ਇਨਸਾਨ ਪਰਵਾਸ ਕਰਦਾ ਹੈ। ਜਦੋਂ ਕਿਸੇ ਦੇਸ਼ ਵਿੱਚ ਕੋਈ ਕੁਦਰਤੀ ਕਰੋਪੀ ਆ ਜਾਵੇ, ਤਾਂ ਵੀ ਪਰਵਾਸ ਦੀ ਸਥਿਤੀ ਬਣ ਜਾਂਦੀ ਹੈ। ਦੋਹਾਂ ਦੇਸ਼ਾਂ ਵਿਚਕਾਰ ਜੇਕਰ ਜੰਗ-ਯੁੱਧ ਲੱਗ ਜਾਣ ਤਾਂ ਇਸ ਕਰਕੇ ਵੀ ਇੱਕ ਦੇਸ਼ ਤੋਂ ਲਾਗਲੇ ਗੁਆਂਢੀ ਦੇਸ਼ਾਂ ਵਿੱਚ ਜਾ ਕੇ ਸ਼ਰਨ ਲੈਣ ਨੂੰ ਵੀ ਪਰਵਾਸ ਹੀ ਕਹਿ ਸਕਦੇ ਹਾਂ। ਕਿਸੇ ਦੇਸ਼ ਵਿੱਚ ਭੁੱਖਮਰੀ, ਸੋਕਾ ਜਾਂ ਫਿਰ ਕਿਸੇ ਵੀ ਆਫ਼ਤ ਸਮੇਂ ਪਰਵਾਸ ਦੀ ਸਥਿਤੀ ਬਣਦੀ ਹੈ। ਫਿਰ ਜਿੱਥੇ ਇਨਸਾਨ ਲਗਾਤਾਰ ਰਹਿਣ ਲੱਗ ਪਵੇ, ਉਸ ਦਾ ਉੱਥੋਂ ਦੇ ਪੌਣ-ਪਾਣੀ ਅਤੇ ਵਾਤਾਵਰਨ ਦਾ ਆਦੀ ਹੋ ਜਾਣਾ ਸੁਭਾਵਿਕ ਹੈ। ਭਾਈਚਾਰਕ ਅਤੇ ਇਨਸਾਨੀਅਤ ਦੀ ਸਾਂਝ ਦੇ ਮੱਦੇਨਜ਼ਰ ਹਰੇਕ ਦੇਸ਼ ਇੱਕ ਦੂਸਰੇ ਦੇ ਆਮ ਲੋਕਾਂ ਦੀ ਮਦਦ ਕਰਦਾ ਆਇਆ ਹੈ, ਕਿਉਂਕਿ ਜੰਗਾਂ-ਯੁੱਧਾਂ ਵਿੱਚ ਆਮ ਲੋਕਾਂ ਅਤੇ ਜਨਤਾ ਦਾ ਹੀ ਨੁਕਸਾਨ ਹੁੰਦਾ ਹੈ। ਪਰਵਾਸ ਮਨੁੱਖੀ ਸਰੀਰ ਨੂੰ ਸੁੱਖ ਦੇਣ ਲਈ ਅਤੇ ਆਤਮਾ ਨੂੰ ਸੰਤੁਸ਼ਟੀ ਦੇਣ ਲਈ ਕੀਤਾ ਜਾਂਦਾ ਹੈ।

ਕਈ ਵਾਰ ਪਰਵਾਸ ਕਰਨਾ ਮਜਬੂਰੀ ਵੀ ਹੁੰਦਾ ਹੈ। ਹਾਲਾਤ ਹੱਥੋਂ ਮਜਬੂਰ ਹੋ ਕੇ ਵੀ ਇਨਸਾਨ ਪਰਵਾਸ ਕਰਦਾ ਹੈ। ਜਦੋਂ ਕਿਸੇ ਦੇਸ਼ ਵਿੱਚ ਕੋਈ ਕੁਦਰਤੀ ਕਰੋਪੀ ਆ ਜਾਵੇ, ਤਾਂ ਵੀ ਪਰਵਾਸ ਦੀ ਸਥਿਤੀ ਬਣ ਜਾਂਦੀ ਹੈ। ਦੋਹਾਂ ਦੇਸ਼ਾਂ ਵਿਚਕਾਰ ਜੇਕਰ ਜੰਗ-ਯੁੱਧ ਲੱਗ ਜਾਣ ਤਾਂ ਇਸ ਕਰਕੇ ਵੀ ਇੱਕ ਦੇਸ਼ ਤੋਂ ਲਾਗਲੇ ਗੁਆਂਢੀ ਦੇਸ਼ਾਂ ਵਿੱਚ ਜਾ ਕੇ ਸ਼ਰਨ ਲੈਣ ਨੂੰ ਵੀ ਪਰਵਾਸ ਹੀ ਕਹਿ ਸਕਦੇ ਹਾਂ। ਕਿਸੇ ਦੇਸ਼ ਵਿੱਚ ਭੁੱਖਮਰੀ, ਸੋਕਾ ਜਾਂ ਫਿਰ ਕਿਸੇ ਵੀ ਆਫ਼ਤ ਸਮੇਂ ਪਰਵਾਸ ਦੀ ਸਥਿਤੀ ਬਣਦੀ ਹੈ। ਫਿਰ ਜਿੱਥੇ ਇਨਸਾਨ ਲਗਾਤਾਰ ਰਹਿਣ ਲੱਗ ਪਵੇ, ਉਸ ਦਾ ਉੱਥੋਂ ਦੇ ਪੌਣ-ਪਾਣੀ ਅਤੇ ਵਾਤਾਵਰਨ ਦਾ ਆਦੀ ਹੋ ਜਾਣਾ ਸੁਭਾਵਿਕ ਹੈ। ਭਾਈਚਾਰਕ ਅਤੇ ਇਨਸਾਨੀਅਤ ਦੀ ਸਾਂਝ ਦੇ ਮੱਦੇਨਜ਼ਰ ਹਰੇਕ ਦੇਸ਼ ਇੱਕ ਦੂਸਰੇ ਦੇ ਆਮ ਲੋਕਾਂ ਦੀ ਮਦਦ ਕਰਦਾ ਆਇਆ ਹੈ, ਕਿਉਂਕਿ ਜੰਗਾਂ-ਯੁੱਧਾਂ ਵਿੱਚ ਆਮ ਲੋਕਾਂ ਅਤੇ ਜਨਤਾ ਦਾ ਹੀ ਨੁਕਸਾਨ ਹੁੰਦਾ ਹੈ। ਪਰਵਾਸ ਮਨੁੱਖੀ ਸਰੀਰ ਨੂੰ ਸੁੱਖ ਦੇਣ ਲਈ ਅਤੇ ਆਤਮਾ ਨੂੰ ਸੰਤੁਸ਼ਟੀ ਦੇਣ ਲਈ ਕੀਤਾ ਜਾਂਦਾ ਹੈ।

ਰਾਜਿਆਂ-ਮਹਾਰਾਜਿਆਂ ਤੋਂ ਲੈ ਕੇ ਅੱਜ ਦੇ ਹਾਕਮਾਂ ਦਾ ਵੀ ਇਹੀ ਹਾਲ ਹੈ ਕਿ ਉਨ੍ਹਾਂ ਨੇ ਆਪਣੀ ਬਿਹਤਰੀ ਲਈ ਦੂਸਰੀ ਧਰਤੀ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਅਮੀਰ ਹੋਰ ਅਮੀਰ ਬਣਨ ਦੀ ਹੋੜ ਵਿੱਚ ਵੀ ਪਰਵਾਸ ਕਰਦਾ ਹੈ ਅਤੇ ਗ਼ਰੀਬ ਆਪਣੀ ਸਮਰੱਥਾ ਅਨੁਸਾਰ ਜ਼ਰੂਰਤਾਂ ਪੂਰੀਆਂ ਕਰਨ ਲਈ ਵੀ ਪਰਵਾਸ ਕਰਦਾ ਹੈ। ਹਮੇਸ਼ਾਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਆਏ ਹਨ। ਅੱਗੇ ਤੋਂ ਵੀ ਇਹ ਦੋ ਪਹਿਲੂ ਹੀ ਰਹਿਣਗੇ। ਆਪਣੇ ਸਰੀਰ ਨੂੰ ਸੁੱਖ ਦੇਣ ਲਈ ਅਤੇ ਆਤਮਾ ਦੀ ਤ੍ਰਿਪਤੀ ਲਈ ਵੀ ਇਨਸਾਨ ਪਰਵਾਸ ਕਰਦਾ ਹੈ। ਪੁਰਾਣੇ ਸਮੇਂ ਵਿੱਚ ਵੀ ਜੰਗਲਾਂ ਵਿੱਚ ਜਾ ਕੇ ਭਗਤੀ ਕਰਨੀ, ਉੱਥੇ ਜਾ ਕੇ ਰਹਿਣਾ ਅਤੇ ਆਪਣੇ ਜੀਵਨ ਵਿੱਚ ਉਹੋ ਜਿਹੇ ਹਾਲਾਤ ਨਾਲ ਲੜਨ ਦੀ ਸ਼ਕਤੀ ਪੈਦਾ ਕਰਨਾ ਤਾਂ ਕਿ ਮਨ ਨੂੰ ਸੋਧਿਆ ਜਾ ਸਕੇ। ਇਸ ਕਰਕੇ ਹਰੇਕ ਇਨਸਾਨ ਦਾ ਪਰਵਾਸ ਕਰਨ ਦਾ ਤਰੀਕਾ ਅਤੇ ਮਕਸਦ ਵੱਖਰਾ-ਵੱਖਰਾ ਹੁੰਦਾ ਹੈ। ਜ਼ਿੰਦਗੀ

ਬਾਕੀ ਸਫ਼ਾ 7 'ਤੇ



# ਗਰੀਬੀ ਅਤੇ ਅਮੀਰੀ ਦਾ ਵਧ ਰਿਹਾ ਪਾੜਾ

ਨਰਾਇਣ ਦੱਤ

ਪਿਛਲੇ ਦਿਨੀਂ ਇੱਕ ਰਿਪੋਰਟ ਜਾਰੀ ਹੋਈ ਕਿ ਭਾਰਤ ਜਾਪਾਨ ਨੂੰ ਪਛਾੜ ਕੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਮੋਦੀ ਸਰਕਾਰ ਅਤੇ ਮੁੱਖ ਧਾਰਾਈ ਗੋਦੀ ਮੀਡੀਆ ਨੇ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ। ਉਂਝ, ਰਿਪੋਰਟ ਨੇ ਇਹ ਅੰਕੜਾ ਵੀ ਜਾਰੀ ਕੀਤਾ ਕਿ ਜਾਪਾਨ ਦੀ ਪ੍ਰਤੀ ਵਿਅਕਤੀ ਆਮਦਨ 33900 ਅਮਰੀਕੀ ਡਾਲਰ ਅਤੇ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2880 ਅਮਰੀਕੀ ਡਾਲਰ ਹੈ (ਦਸਵੇਂ ਹਿੱਸੇ ਤੋਂ ਵੀ ਘੱਟ)। ਇਹੀ ਇੱਕ ਤੱਥ ਮੋਦੀ ਹਕੂਮਤ ਦੇ ਫੋਕੇ ਦਾਅਵਿਆਂ ਦੀ ਪੋਲ ਖੋਲ੍ਹ ਦਿੰਦਾ ਹੈ। ਇੱਕ ਪੱਖ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਭਾਰਤ ਚੌਥਾ ਵੱਡਾ ਅਰਥਚਾਰਾ ਨਹੀਂ ਬਣਿਆ, ਬਣਨ ਵੱਲ ਵਧ ਰਿਹਾ ਹੈ। ਉਂਝ, ਹਕੀਕਤ ਕੀ ਹੈ, ਇਸ ਬਾਰੇ ਚਰਚਾ ਜ਼ਰੂਰੀ ਹੈ।

ਹਾਲ ਹੀ ਵਿੱਚ ਬਲੂਮਬਰਗ ਇੰਡੈਕਸ ਨੇ ਅਰਬਪਤੀਆਂ ਦੀ ਸੂਚੀ ਨਵਿਆਈ ਹੈ। ਇਸ ਸੂਚੀ ਤੋਂ ਬਾਅਦ ਦੁਨੀਆ ਦੇ ਅਰਬਪਤੀਆਂ ਦੀ ਨੀਂਦ ਉੱਡ ਗਈ ਹੈ। ਇਸ ਦਾ ਇੱਕ ਕਾਰਨ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਬਾਰੇ ਅੰਕੜੇ ਹਨ। ਖਾਸ ਗੱਲ ਇਹ ਹੈ ਕਿ ਦੁਨੀਆ ਦੇ 500 ਅਰਬਪਤੀਆਂ ਵਿੱਚੋਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਹੀ ਅਜਿਹੇ ਅਰਬਪਤੀ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਇੱਕ ਹੋਰ ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਅਨੁਸਾਰ, ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 2 ਬਿਲੀਅਨ ਡਾਲਰ ਤੋਂ ਵੱਧ ਅਤੇ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਇਨ੍ਹਾਂ ਦੋਵਾਂ ਤੋਂ ਬਾਅਦ ਇੰਡੋਨੇਸ਼ੀਆ, ਜਾਪਾਨ ਅਤੇ ਮੈਕਸਿਕੋ ਦੇ ਅਰਬਪਤੀਆਂ ਦੀ ਗਿਣਤੀ ਦੇਖੀ ਜਾਂਦੀ ਹੈ।

ਇਸ ਅਮਲ ਦੀ ਅਸਲੀਅਤ ਜਾਨਣ ਲਈ ਦੋਵਾਂ ਰਿਪੋਰਟਾਂ ਦਾ ਪਿਛੋਕੜ ਜਾਣਨ ਦੀ ਲੋੜ ਹੈ। 1961 ਤੋਂ 2023 ਤੱਕ, ਉੱਪਰਲੇ 1% ਲੋਕਾਂ ਦੀ ਦੌਲਤ ਦਾ ਹਿੱਸਾ ਤਿੰਨ ਗੁਣਾ ਵਧਿਆ: 13% ਤੋਂ 39%। 1961 ਤੋਂ 1981 ਤੱਕ ਦੇਸ਼ ਦੀ ਕੁੱਲ ਦੌਲਤ ਦਾ 11% ਹੇਠਲੇ 50% ਲੋਕਾਂ ਕੋਲ ਸੀ ਜੋ 1991 ਵਿੱਚ ਘਟ ਕੇ 8.8% ਅਤੇ 2002 ਤੱਕ 6.9% ਰਹਿ ਗਿਆ। ਇਹ ਅੰਕੜਾ 6% ਤੋਂ 7% ਦੇ ਵਿਚਕਾਰ ਹੈ। 2022-23 ਤੱਕ ਸਿਖਰਲੇ 1% ਆਮਦਨ ਅਤੇ ਦੌਲਤ ਦੇ ਹਿੱਸੇ (22.6% ਅਤੇ 40.1%) ਆਪਣੇ ਸਭ ਤੋਂ ਉੱਚੇ ਇਤਿਹਾਸਕ ਪੱਧਰ 'ਤੇ ਹਨ ਅਤੇ ਭਾਰਤ ਦਾ ਸਿਖਰਲੇ 1% ਆਮਦਨ ਦਾ ਹਿੱਸਾ ਦੁਨੀਆ ਵਿੱਚ ਸਭ ਤੋਂ ਵੱਧ ਹੈ; ਦੱਖਣੀ ਅਫਰੀਕਾ, ਬ੍ਰਾਜ਼ੀਲ ਅਤੇ ਅਮਰੀਕਾ ਤੋਂ ਵੀ ਵੱਧ। ਜੇ ਅਸੀਂ ਚੋਟੀ ਦੇ 10 ਧਨਾਢਾਂ ਦੀ ਗੱਲ ਕਰੀਏ ਤਾਂ 5 ਅਰਬਪਤੀ ਭਾਰਤ ਦੇ ਹਨ ਜਿਨ੍ਹਾਂ ਵਿੱਚ ਸ਼ਿਵ ਨਾਦਰ, ਸ਼ਾਹਪੁਰ ਮਿਸਤਰੀ ਅਤੇ ਰਵੀ ਜੈਪੁਰੀਆ ਦੇ ਨਾਮ ਸ਼ਾਮਿਲ ਹਨ।

ਜੇ ਅਸੀਂ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇਹ 104 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। 23 ਮਈ ਨੂੰ ਉਸ ਦੀ ਕੁੱਲ ਜਾਇਦਾਦ ਵਿੱਚ 2.35 ਬਿਲੀਅਨ ਡਾਲਰ ਦਾ ਵਾਧਾ ਹੋਇਆ। ਹੁਣ ਮੌਜੂਦਾ ਸਾਲ ਵਿੱਚ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 13 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਇਸ ਸਮੇਂ ਮੁਕੇਸ਼ ਅੰਬਾਨੀ ਦੁਨੀਆ ਦੇ 17ਵੇਂ ਸਭ ਤੋਂ ਅਮੀਰ ਕਾਰੋਬਾਰੀ ਅਤੇ ਏਸ਼ੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਦੂਜੇ ਪਾਸੇ, 23 ਮਈ ਨੂੰ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1.72 ਬਿਲੀਅਨ ਡਾਲਰ ਦਾ ਵਾਧਾ ਹੋਇਆ। ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਗੌਤਮ ਅਡਾਨੀ ਦੀ ਕੁੱਲ ਜਾਇਦਾਦ 82.3 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਮੌਜੂਦਾ ਸਾਲ ਵਿੱਚ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 3.64 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਹੁਣ ਗੌਤਮ ਅਡਾਨੀ ਦੁਨੀਆ ਦੇ 20ਵੇਂ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਇਨ੍ਹਾਂ ਅਰਬਪਤੀਆਂ ਦੀ ਗਿਣਤੀ 2014-24 ਮੋਦੀ ਦੇ ਕਾਰਜਕਾਲ ਦੌਰਾਨ ਛੜੱਪੇ ਮਾਰ ਕੇ ਵਧੀ ਅਤੇ ਵਧ ਰਹੀ ਹੈ। ਇਨ੍ਹਾਂ ਕਾਰਪੋਰੇਟ ਘਰਾਣਿਆਂ ਦੀ ਜਾਇਦਾਦ ਦਾ ਅਜਿਹਾ ਵਾਧਾ ਹੋਣ ਦਾ ਸਭ ਤੋਂ ਵੱਡਾ ਕਾਰਨ 1990-91 ਤੋਂ ਸੰਸਾਰ ਪੱਧਰ 'ਤੇ ਲਾਗੂ ਕੀਤੀ ਜਾ ਰਹੀ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਹੈ ਜਿਸ ਰਾਹੀਂ ਮਜ਼ਦੂਰ ਜਮਾਤ ਵੱਲੋਂ ਕੁਰਬਾਨੀਆਂ ਦੇ ਕੇ ਅਤੇ ਜਾਨ ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਛਾਂਗਿਆ ਗਿਆ ਹੈ। ਭਾਰਤ ਵਿੱਚ 44 ਕਿਰਤ ਕਾਨੂੰਨਾਂ ਦਾ ਭੋਗ ਪਾ ਕੇ ਇਨ੍ਹਾਂ ਨੂੰ 4 ਕਿਰਤ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਹੈ ਜਿਸ ਨਾਲ ਕਿਰਤੀਆਂ ਦੀ ਲੁੱਟ ਤਿੱਖੀ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਜੇ ਅਸੀਂ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇਹ 104 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। 23 ਮਈ ਨੂੰ ਉਸ ਦੀ ਕੁੱਲ ਜਾਇਦਾਦ ਵਿੱਚ 2.35 ਬਿਲੀਅਨ ਡਾਲਰ ਦਾ ਵਾਧਾ ਹੋਇਆ। ਹੁਣ ਮੌਜੂਦਾ ਸਾਲ ਵਿੱਚ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 13 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ।

ਦੂਜਾ ਪੱਖ ਹੈ ਕਿ ਕਾਰਪੋਰੇਟ ਘਰਾਣਿਆਂ ਨੂੰ ਟੈਕਸਾਂ ਵਿੱਚ ਕਰੋੜਾਂ ਰੁਪਏ ਦੀਆਂ ਛੋਟਾਂ ਅਤੇ ਉਨ੍ਹਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਵੱਟੇ ਖਾਤੇ ਪਾਉਣਾ ਹੈ। ਇਹ ਮਸਲਾ ਇੱਕ ਹੀ ਉਦਾਹਰਨ ਨਾਲ ਸਮਝਣਾ ਸੌਖਾ ਰਹੇਗਾ। ਅਨਿਲ ਅੰਬਾਨੀ ਦੀ ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕਾਮ) 'ਤੇ 49,000 ਕਰੋੜ ਰੁਪਏ ਦਾ ਕਰਜ਼ਾ ਸੀ ਜਿਸ ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨਸੀਐੱਲਟੀ) ਦੁਆਰਾ 47,251 ਕਰੋੜ ਰੁਪਏ ਸਵੀਕਾਰ ਕੀਤਾ ਗਿਆ ਸੀ। ਆਰਕਾਮ ਲਈ ਰੈਜ਼ੋਲੂਸ਼ਨ ਪਲਾਨ ਨੂੰ 455 ਕਰੋੜ ਰੁਪਏ ਦੇ ਨਿਬੇੜੇ 'ਤੇ ਮਨਜ਼ੂਰੀ ਦਿੱਤੀ ਗਈ ਸੀ ਜੋ ਕੁੱਲ ਕਰਜ਼ੇ ਦਾ ਬਹੁਤ ਛੋਟਾ ਹਿੱਸਾ (0.92%) ਹੈ।

ਇਸੇ ਸਮੇਂ ਦੌਰਾਨ ਦੁਨੀਆ ਦੇ

ਬਾਕੀ ਸਫ਼ਾ 7 'ਤੇ



ਖੁਸ਼ਪਾਲ ਗਰੇਵਾਲ

# ਕਲਾ, ਸਾਹਿਤ ਅਤੇ ਖ਼ੂਬਸੂਰਤੀ ਦਾ ਸੁਮੇਲ ਮੈਕਸਿਕੋ

ਉੱਤਰੀ ਅਮਰੀਕੀ ਦੇਸ਼ ਮੈਕਸਿਕੋ ਆਪਣੇ ਖਾਣੇ ਤੇ ਗਾਣੇ ਲਈ ਦੁਨੀਆ ਭਰ 'ਚ ਮਸ਼ਹੂਰ ਹੈ। ਘੁਮੱਕੜ ਲੋਕ ਅਕਸਰ ਮੈਕਸਿਕੋ ਦੇ ਖਾਣ-ਪਾਣ ਤੇ ਕੁਦਰਤੀ ਖ਼ੂਬਸੂਰਤੀ ਦਾ ਜ਼ਿਕਰ ਕਰਦੇ ਸੁਣਾਈ ਦਿੰਦੇ ਹਨ। ਕੈਨੇਡਾ ਦੇ ਬਰਫ਼ੀਲੇ ਤੂਫ਼ਾਨਾਂ ਤੇ ਅਮੁੱਕ ਸ਼ਿਫਟਾਂ ਤੋਂ ਕੁਝ ਰਾਹਤ ਪਾਉਣ ਲਈ ਮੈਕਸਿਕੋ ਦੀਆਂ ਨਿੱਘੀਆਂ ਹਵਾਵਾਂ ਦੀ ਗੋਦ ਵਿੱਚ ਜਾਣ ਦਾ ਹੰਭਲਾ ਮਾਰਿਆ। ਮੈਕਸਿਕੋ ਧਰਾਤਲ ਪੱਖੋਂ ਕਾਫ਼ੀ ਵਿਸ਼ਾਲ ਦੇਸ਼ ਹੈ ਤੇ ਇਸ ਦਾ ਕੈਨਕੁੰਨ ਤੇ ਮੈਕਸਿਕੋ ਸ਼ਹਿਰ ਸੈਰ-ਸਪਾਟੇ ਲਈ ਸੈਲਾਨੀਆਂ ਵਿੱਚ ਮਸ਼ਹੂਰ ਹੈ। ਹਮਸਫ਼ਰ ਨਾਲ ਜਾਣ ਕਰਕੇ ਇਹ ਸਫ਼ਰ ਹੋਰ ਵੀ ਵੱਧ ਸੁਹਾਵਣਾ ਬਣ ਗਿਆ। ਮੈਕਸਿਕੋ ਦੀ ਇਤਿਹਾਸਕ-ਸੱਭਿਆਚਾਰ ਮਹੱਤਤਾ ਉਸ ਦੇ ਵਿਸ਼ਾਲ ਸ਼ੂਕਦੇ ਸਮੁੰਦਰਾਂ ਜਿੱਡੇ ਕੈਨਵਸ 'ਤੇ ਫੈਲੀ ਹੋਈ ਹੈ। ਇਸ ਦੀ ਇਤਿਹਾਸਕ-ਸੱਭਿਆਚਾਰ ਮਹੱਤਤਾ ਸਾਡੀ ਮੈਕਸਿਕੋ ਫੇਰੀ ਦੀ ਖਿੱਚ ਦਾ ਮੁੱਖ ਕਾਰਨ ਸੀ।

ਕੈਨੇਡਾ ਦੇ ਸ਼ਹਿਰ ਟੋਰਾਂਟੋ ਤੋਂ ਮੈਕਸਿਕੋ ਸ਼ਹਿਰ ਦਾ ਹਵਾਈ ਸਫ਼ਰ ਛੇ ਘੰਟਿਆਂ ਦਾ ਸੀ। ਹਵਾਈ ਅੱਡੇ ਤੋਂ ਹੋਟਲ ਤੱਕ ਸਫ਼ਰ ਲਈ ਭਾੜੇ 'ਤੇ ਲਈ ਟੈਕਸੀ ਦੇ ਡਰਾਈਵਰ ਨੇ ਮੈਕਸਿਕੋ ਸ਼ਹਿਰ ਦੀਆਂ ਕੁਝ ਕੁ ਇਤਿਹਾਸਕ ਥਾਵਾਂ ਬਾਰੇ ਦੱਸਿਆ। ਨੈੱਟਫਲਿਕਸ ਵਰਗੇ ਪਲੈਟਫਾਰਮਾਂ ਉੱਪਰ ਮੈਕਸਿਕਨ ਡਰੱਗ ਮਾਫੀਆ ਬਾਰੇ ਵੈੱਬ ਸੀਰੀਜ਼ ਦੀ ਭਰਮਾਰ ਕਾਰਨ ਅਸੀਂ ਥੋੜ੍ਹੀ ਜਿਹੀ ਝਿਜਕ ਨਾਲ ਮੈਕਸੀਕਨ ਡਰੱਗ ਮਾਫ਼ੀਆ ਦੀ ਹਕੀਕੀ ਹਾਲਤ ਬਾਰੇ ਜਾਣਨਾ ਚਾਹਿਆ ਤਾਂ ਉਸ ਨੇ ਬੜੇ ਸਹਿਜ ਨਾਲ ਸਮਝਾਇਆ ਕਿ ਇਹ ਸਭ ਬੀਤੇ ਦੀਆਂ ਗੱਲਾਂ ਹਨ। ਫਿਲਮਾਂ ਵਾਲੇ ਕੁਝ ਜ਼ਿਆਦਾ ਹੀ ਮਸਾਲਾ ਲਾ ਦਿੰਦੇ ਹਨ। ਜਦੋਂਕਿ ਸਰਕਾਰਾਂ ਵੱਲੋਂ ਪਾਲੇ ਗੈਂਗਸਟਰਾਂ ਨਾਲੋਂ ਵੱਧ, ਪਹਿਲਾਂ ਸਪੇਨ ਤੇ ਫਿਰ ਅਮਰੀਕਾ ਨੇ ਡਰੱਗ ਮਾਫੀਆ ਤੇ ਗੈਂਗਸਟਰਾਂ ਦੇ ਬਹਾਨੇ ਆਮ ਮੈਕਸੀਕਨਾਂ 'ਤੇ ਬਹੁਤ ਜ਼ੁਲਮ ਕੀਤੇ ਹਨ। ਹੋਟਲ ਦੇ ਬੂਹੇ 'ਤੇ ਦਸਤਕ ਦੇਣ ਤੋਂ ਪਹਿਲਾਂ ਉਸ ਨੇ ਗੈਂਗਵਾਦ ਬਾਰੇ ਸਰਕਾਰੀ ਦਹਿਸ਼ਤੀ ਪ੍ਰਚਾਰ ਤੋਂ ਨਿਸ਼ਚਿੰਤ ਰਹਿ ਕੇ ਘੁੰਮਣ-ਫਿਰਨ ਦੀ ਸਲਾਹ ਦੇ ਕੇ ਆਪਣੀ ਗੱਲ ਮੁਕਾਈ ਤੇ ਸਾਡੀ ਬੇਲੋੜੀ ਚਿੰਤਾ। ਉਸੇ ਸ਼ਾਮ ਗਲੀ ਦੀ ਹਰ ਨੁੱਕਰ 'ਤੇ ਥੋੜ੍ਹੀ-ਥੋੜ੍ਹੀ ਵਿੱਥ ਉੱਪਰ ਸਜੀਆਂ ਰੇਹੜੀਆਂ ਨੇ ਮੈਕਸੀਕਨ ਸਟਰੀਟ ਫੂਡ ਦੀਆਂ ਸੁਣੀਆਂ ਚਰਚਾਵਾਂ ਨੂੰ ਹਕੀਕੀ ਅਨੁਭਵ ਵਿੱਚ ਬਦਲ ਦਿੱਤਾ।

ਅਗਲੀ ਸਵੇਰ ਜਲਦੀ-ਜਲਦੀ ਤਿਆਰ ਹੋ ਕੇ ਜਦੋਂ ਅਸੀਂ 'ਬੇਲਾ ਆਰਟਸ ਪੈਲੇਸ' ਜਾਣ ਲਈ ਟੈਕਸੀ ਲੈਣ ਹੀ ਲੱਗੇ ਸਾਂ ਤਦ ਹੀ ਸਾਨੂੰ ਖ਼ਿਆਲ ਆਇਆ ਕਿ ਕਿਉਂ ਨਾ ਉੱਥੋਂ ਦੇ ਜਨਤਕ ਬੱਸ ਸਫ਼ਰ ਦਾ ਅਨੁਭਵ ਕੀਤਾ ਜਾਵੇ। ਇਹ ਨਾ ਸਿਰਫ਼ ਸਾਡੇ ਬਜਟ ਨੂੰ ਰਾਹਤ ਦੇਵੇਗਾ ਸਗੋਂ ਮੈਕਸੀਕਨ ਲੋਕਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਨੇੜੇ ਤੋਂ ਦੇਖਣ-ਜਾਣਨ ਦਾ ਸਕੂਨ ਵੀ ਦੇਵੇਗਾ। ਮੈਕਸਿਕੋ ਸ਼ਹਿਰ 'ਚ ਪਬਲਿਕ ਟਰਾਂਸਪੋਰਟ ਦੀ ਸੁਵਿਧਾ ਬਹੁਤ ਸ਼ਾਨਦਾਰ ਹੈ, ਬਿਲਕੁਲ ਭਾਰਤ ਦੇ ਕੋਲਕਾਤਾ ਸ਼ਹਿਰ ਵਾਂਗ। ਹਾਲਾਂਕਿ ਕੈਨੇਡਾ-ਅਮਰੀਕਾ ਵਰਗੇ ਵਿਕਸਤ ਮੁਲਕ ਪਬਲਿਕ ਟਰਾਂਸਪੋਰਟ ਦੀ ਸੁਵਿਧਾ ਵਿੱਚ ਮੈਕਸਿਕੋ ਤੋਂ ਵੀ ਫਾਡੀ ਹਨ। ਬੱਸ ਸਫ਼ਰ ਮੁਕਣ ਤੋਂ ਬਾਅਦ ਪਤਾ ਲੱਗਾ ਕਿ ਉੱਥੇ ਦੇ ਲੋਕਾਂ ਨੇ ਇਸ ਸਹੂਲਤ ਲਈ ਕਾਫ਼ੀ ਸੰਘਰਸ਼ ਕੀਤਾ ਸੀ। ਮਤਲਬ ਧਰਤੀ ਦਾ ਕੋਈ ਵੀ ਕੋਨਾ ਹੋਵੇ, ਲੋਕ ਸਵਰਗ ਆਪਣੇ ਸੰਘਰਸ਼ ਸਦਕਾ ਹੀ ਸਿਰਜਦੇ ਹਨ।

ਜਨਤਕ ਥਾਵਾਂ ਤੇ ਬਾਜ਼ਾਰਾਂ 'ਚ ਹਰ ਥਾਂ ਹਰ ਕੋਈ ਆਪਣੇ ਹੱਥ 'ਚ ਜੂਸ ਜਾਂ ਸੋਢਾ ਚੁੱਕੀ ਦਿਖਾਈ ਦਿੰਦਾ ਹੈ। ਹੋਰ ਤਾਂ ਹੋਰ ਕੋਕਾ-ਕੋਲਾ ਦਾ ਸਭ ਤੋਂ ਜ਼ਿਆਦਾ ਸੇਵਨ ਮੈਕਸੀਕਨ ਲੋਕਾਂ ਦੁਆਰਾ ਹੀ ਕੀਤਾ ਜਾਂਦਾ ਹੈ। ਸੁਆਦ ਦੇ ਇਨ੍ਹਾਂ ਚਸਕਿਆਂ ਕਾਰਨ ਇੱਥੇ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਐਨੀ ਜ਼ਿਆਦਾ ਹੋ ਚੁੱਕੀ ਹੈ ਕਿ ਮੈਕਸੀਕਨ ਸਰਕਾਰ ਨੂੰ ਕੋਕਾ-ਕੋਲਾ ਜਿਹੇ ਪਦਾਰਥਾਂ ਅਤੇ ਪਬਲਿਕ ਕੌਫ਼ੀ ਹਾਊਸ ਵਿੱਚ ਸ਼ੂਗਰ 'ਤੇ ਮੁਕੰਮਲ ਪਾਬੰਦੀ ਲਾਉਣੀ ਪਈ ਹੈ। ਲੋਕ ਸਿਰਫ਼ ਬਣਾਉਟੀ ਮਿਠਾਸ ਵਾਲੀ ਖੰਡ ਦਾ ਸੇਵਨ ਕਰਦੇ ਹਨ। ਬੱਸੋਂ ਉਤਰਕੇ ਅਸੀਂ ਖ਼ੂਬਸੂਰਤ ਪਬਲਿਕ ਪਾਰਕਾਂ ਵਿੱਚੋਂ ਦੀ ਹੁੰਦੇ ਹੋਏ ਬੇਲਾ ਆਰਟਸ ਪੈਲੇਸ ਵਿੱਚ ਦਾਖਲ ਹੋਏ। ਸ਼ਹਿਰ ਦੇ ਵਿੱਚੋ-ਵਿੱਚ ਸਥਿਤ ਇਹ ਪੈਲੇਸ ਆਪਣੀ ਖ਼ੂਬਸੂਰਤੀ ਦੇ ਨਾਲ-ਨਾਲ ਇਤਿਹਾਸਕ ਪੱਖ ਤੋਂ ਵੀ ਕਾਫ਼ੀ ਮਹੱਤਵਪੂਰਨ ਹੈ। ਇਹ ਪੈਲੇਸ ਮੈਕਸਿਕੋ ਦੀ ਆਜ਼ਾਦੀ ਦੇ ਨਾਲ-ਨਾਲ ਸਾਹਿਤ ਤੇ ਕਲਾ ਦੀ ਮਹੱਤਤਾ ਨੂੰ ਵੀ ਬਾਖ਼ੂਬੀ ਦਰਸਾਉਂਦਾ ਹੈ। ਬਾਹਰੀ ਕੰਧਾਂ ਉੱਪਰ ਹੋਈ ਕਲਾਕਾਰੀ, ਕਲਾ ਦੇ ਸਿਖਰ ਦਾ ਉੱਤਮ ਨਮੂਨਾ ਹੈ। ਅੰਦਰ ਖ਼ੂਬਸੂਰਤ ਤੇ ਅਰਥ ਭਰਪੂਰ ਪੇਂਟਿੰਗਾਂ ਦੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਜਾਪਦਾ ਹੈ ਕਿ ਮੈਕਸਿਕੋ ਵਿੱਚ ਸਨਕੀ ਤੇ ਖ਼ੂੰਖਾਰ ਫਿਲਮੀ ਗੈਂਗਸਟਰ ਨਹੀਂ ਬਲਕਿ ਕਲਾ ਅਤੇ ਸਾਹਿਤ ਦੇ ਸੱਚੇ ਪ੍ਰੇਮੀ ਵਸਦੇ ਹਨ। ਮੈਕਸਿਕੋ 'ਚ ਅਪਰਾਧੀ ਨਹੀਂ ਬਲਕਿ ਉਹ ਲੋਕ ਵੀ ਵਸਦੇ ਹਨ ਜਿਨ੍ਹਾਂ ਨੇ ਇਸ ਧਰਤੀ ਨੂੰ ਖੂਨ-ਪਸੀਨੇ, ਕੁਰਬਾਨੀਆਂ, ਮਿਹਨਤ, ਕਲਾ, ਸਾਹਿਤ, ਸੱਭਿਆਚਾਰ ਤੇ ਅਮੀਰ ਵਿਰਾਸਤ ਨਾਲ ਜਿਉਂਦਾ ਰੱਖਿਆ ਹੈ। ਇਹੀ ਤਾਂ ਹੈ ਮੈਕਸਿਕੋ ਦਾ ਧੜਕਦਾ ਹੋਇਆ ਦਿਲ। ਇਨ੍ਹਾਂ ਦੀ ਕਲਾ ਵਿੱਚ ਮੈਕਸੀਕਨ ਕਿਸਾਨਾਂ ਦੀ ਹੱਡਭੰਨਵੀਂ ਮਿਹਨਤ ਵਰਗਾ ਜਜ਼ਬਾ ਤੇ ਹਠ ਦਿਖਾਈ ਦਿੰਦਾ ਹੈ।


75 ਪੈਸੇ ਦੀ ਟਿਕਟ ਲੈਣ ਬਾਅਦ ਜਦੋਂ ਪੇਂਟਿੰਗ ਵਾਲੀ ਗੈਲਰੀ ਵਿੱਚ ਦਾਖਲ ਹੋਏ ਤਾਂ ਉਸ ਪੈਲੇਸ ਦੀ ਸਭ ਤੋਂ ਮਸ਼ਹੂਰ ਤੇ ਵਿਵਾਦਤ ਪੇਂਟਿੰਗ 'ਦੇਈਗੋ ਰਾਵੀਰਾ' ਦਾ ਮਾਸਟਰ ਪੀਸ ਦੇਖਿਆ। ਨਿੱਕੀਆਂ-ਨਿੱਕੀਆਂ ਚੀਜ਼ਾਂ ਦੇ ਵੱਡੇ-ਵੱਡੇ ਅਰਥ ਇਸ ਪੇਂਟਿੰਗ ਨੂੰ ਬਹੁਤ ਜ਼ਿਆਦਾ ਖ਼ਾਸ ਬਣਾਉਂਦੇ ਹਨ। ਉਦਾਹਰਨ ਵਜੋਂ ਪੂੰਜੀਵਾਦੀ ਸਮਾਜ ਤੇ ਸਮਾਜਵਾਦੀ ਸਮਾਜ ਦੀਆਂ ਵਿਲੱਖਣਤਾਵਾਂ ਨੂੰ ਬਹੁਤ ਹੀ ਸੁਚੱਜੇ ਤੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਪੇਂਟਿੰਗ ਵਿੱਚ ਦੋ ਸਮਾਜਾਂ ਨੂੰ ਤੁਲਨਾਤਮਕ ਤੌਰ 'ਤੇ ਦਰਸਾਉਂਦਿਆਂ ਦਿਖਾਇਆ ਗਿਆ ਹੈ ਕਿ ਇੱਕ ਪਾਸੇ ਲੈਨਿਨ ਆਮ ਲੋਕਾਂ ਵਿਚਕਾਰ ਖੜ੍ਹ ਕੇ ਰੂਸੀਆਂ ਨੂੰ ਜਥੇਬੰਦ ਹੋਣ ਦਾ ਸੁਨੇਹਾ ਦੇ ਰਿਹਾ ਹੈ। ਲੋਕ ਆਪਸੀ ਪਿਆਰ ਨਾਲ ਮਿਲ ਕੇ ਉਸ ਦੀ ਗੱਲ ਸੁਣ ਰਹੇ ਹਨ। ਰੋਟੀ ਵਾਲੇ ਡੱਬੇ ਵਿੱਚ ਪਏ ਫ਼ਲ ਚੰਗੀ ਸਿਹਤ ਤੇ ਖ਼ੁਸ਼ਹਾਲ ਜ਼ਿੰਦਗੀ ਨੂੰ ਦਰਸਾਉਂਦੇ ਹਨ। ਔਰਤਾਂ ਆਜ਼ਾਦ ਤੇ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੀਆਂ ਹਨ। ਲੋਕ ਇਕੱਠੇ ਹੋ ਕੇ ਸਾਂਝੀਵਾਲਤਾ ਦਾ ਸੁਨੇਹਾ ਦੇ ਰਹੇ ਹਨ। ਜਦਕਿ ਦੂਜੇ ਪਾਸੇ ਪੂੰਜੀਵਾਦੀ ਪ੍ਰਬੰਧ ਅੰਦਰ ਫ਼ੌਜ ਲੋਕਾਂ ਨੂੰ ਕੁੱਟਣ ਲਈ ਤਿਆਰ-ਬਰ-ਤਿਆਰ ਦਿਖਾਈ ਦਿੰਦੀ ਹੈ। ਲੋਕਾਂ ਨੂੰ ਡਰਾਉਣ-ਦਬਕਾਉਣ ਲਈ ਰਾਜਕੀ ਜਬਰ ਦੇ ਨਾਲ-ਨਾਲ ਧਰਮ ਦਾ ਡਰਾਵਾ ਪਾਇਆ ਜਾ ਰਿਹਾ ਹੈ। ਔਰਤਾਂ ਅਹਾਤੇ ਵਿੱਚ ਬੈਠ ਕੇ ਸ਼ਰਾਬ ਪੀ ਰਹੀਆਂ ਹਨ। ਪੂਰਾ ਪ੍ਰਬੰਧ ਸਮਾਜ ਨੂੰ ਭੈੜੀਆਂ ਤੇ ਖ਼ਤਰਨਾਕ ਬਿਮਾਰੀਆਂ ਵੱਲ ਧੱਕ ਰਿਹਾ ਹੈ।

ਹੋਰਨਾਂ ਤਸਵੀਰਾਂ ਵਿੱਚ ਸਪੇਨੀ ਸਾਮਰਾਜ ਵੱਲੋਂ ਕੀਤੇ ਜਬਰ-ਜ਼ੁਲਮਾਂ ਤੇ ਉਸ ਦੇ ਵਿਰੁੱਧ ਬਗਾਵਤ ਨੂੰ ਬੜੇ ਸ਼ਾਨਦਾਰ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਵੱਡਆਕਾਰੀ ਤਸਵੀਰਾਂ ਕਲਾਕ੍ਰਿਤਾਂ ਨੂੰ ਹੋਰ ਵੀ ਵੱਧ ਪ੍ਰਭਾਵਸ਼ਾਲੀ ਬਣਾ ਰਹੀਆਂ ਸਨ। ਸਪੇਨ ਨੇ ਲਗਾਤਾਰ ਤਿੰਨ ਸਦੀਆਂ ਤੱਕ ਮੈਕਸਿਕੋ 'ਤੇ ਰਾਜ ਕੀਤਾ, ਫ਼ਲਸਰੂਪ ਮੈਕਸਿਕੋ ਦੀਆਂ ਸਥਾਨਕ ਭਾਸ਼ਾਵਾਂ ਦੀ ਕਬਰ ਖੋਦ ਕੇ ਸਪੈਨਿਸ਼ ਭਾਸ਼ਾ ਦਾ ਗਲਬਾ ਕਾਇਮ ਕੀਤਾ ਗਿਆ।

ਬੇਲਾ ਆਰਟਸ ਪੈਲੇਸ ਵਿੱਚੋਂ ਲੰਬੀ ਲਾਈਨ 'ਚ ਲੱਗ ਕੇ ਤੇ ਲੰਮਾ ਸਮਾਂ ਇੰਤਜ਼ਾਰ ਕਰਕੇ ਇਸ ਜਗ੍ਹਾ ਕੌਫ਼ੀ ਦਾ ਲੁਤਫ਼ ਉਠਾਉਂਦੇ ਹਨ। ਇਸ ਜਗ੍ਹਾ 'ਤੇ ਬੈਠ ਕੇ ਬੇਲਾ ਆਰਟਸ ਦੇ ਪੈਲੇਸ ਦੀ ਖ਼ੂਬਸੂਰਤੀ ਨੂੰ ਨਿਹਾਰਦਿਆਂ, ਕੌਫ਼ੀ ਦਾ ਆਨੰਦ ਲੈ ਕੇ ਅਸੀਂ ਆਪਣੀ ਸਾਰੀ ਥਕਾਵਟ ਨੂੰ ਲਾਂਭੇ ਕੀਤਾ। ਬੇਲਾ ਆਰਟਸ ਦੇ ਸਾਹਮਣੇ ਲੋਕਾਂ ਨਾਲ ਖਚਾਖਚ ਭਰੇ ਬਾਜ਼ਾਰ ਨਿਕਲਦਿਆਂ ਹੀ ਸਾਹਮਣੇ ਛੱਤ ਉੱਪਰ ਇੱਕ ਕੌਫ਼ੀ ਹਾਊਸ ਬਣਿਆ ਹੋਇਆ ਹੈ। ਕੌਫ਼ੀ ਦੇ ਸ਼ੌਕੀਨ ਬੜੇ ਚਾਅ ਨਾਲ

ਬਾਕੀ ਸਫ਼ਾ 7 'ਤੇ





# ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ: ਫ਼ੌਰੀ ਹੱਲ ਦੀ ਲੋੜ

ਹਰਿੰਦਰ ਹੈਪੀ*

**ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਕਿਸੇ ਨੂੰ ਰੋਜ਼ੀ ਰੋਟੀ ਅਤੇ ਤਰੱਕੀ ਕਰਨ ਲਈ ਘੱਟੋ-ਘੱਟ ਆਰਥਿਕ ਵਸੀਲਿਆਂ ਦੀ ਲੋੜ ਹੈ, ਪਰ ਕੁਝ ਖ਼ਾਸ ਨੌਕਰੀਆਂ ਅਤੇ ਪ੍ਰੀਖਿਆਵਾਂ ਦੀ ਵਡਿਆਈ ਕਰਨਾ ਉਸਾਰੂ ਨਹੀਂ ਹੈ; ਇਹ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਕੁਝ ਹੱਦ ਤੱਕ ਕਮਜ਼ੋਰ ਕਰਦਾ ਹੈ।**

ਪਿਛਲੇ ਦਿਨੀਂ ਦੋ ਵੱਖ ਵੱਖ ਸਿੱਖਿਆ ਸੰਸਥਾਨਾਂ ਵਿੱਚ ਦੋ ਵਿਦਿਆਰਥੀਆਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਨੇ ਸਭ ਦਾ ਧਿਆਨ ਖਿੱਚਿਆ ਹੈ। ਅੰਮ੍ਰਿਤਸਰ ਦੇ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਦਲਿਤ ਵਿਦਿਆਰਥਣ ਵੱਲੋਂ ਖ਼ੁਦਕੁਸ਼ੀ ਅਤੇ ਮੁਲਕ ਦੇ ਤਕਨੀਕੀ ਸਿੱਖਿਆ ਦੇ ਉੱਘੇ ਅਦਾਰੇ ਆਈਆਈਟੀ ਬੰਬਈ ਵਿੱਚ ਦਲਿਤ ਵਿਦਿਆਰਥੀ ਵੱਲੋਂ ਖ਼ੁਦਕੁਸ਼ੀ ਦੀ ਖ਼ਬਰ ਨੇ ਇੱਕ ਵਾਰ ਫਿਰ ਵਿੱਦਿਅਕ ਅਦਾਰਿਆਂ ਵਿੱਚ ਖ਼ੁਦਕੁਸ਼ੀਆਂ ਅਤੇ ਜਾਤ ਪਾਤ ਦੇ ਆਧਾਰ 'ਤੇ ਹੋਣ ਵਾਲੇ ਵਿਤਰਕੇ ਨੂੰ ਉਜਾਗਰ ਕੀਤਾ ਹੈ। ਇਨ੍ਹਾਂ ਦੋਹਾਂ ਮਾਮਲਿਆਂ ਵਿੱਚ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਨਿੱਜੀ ਦੋਸਤਾਂ ਮੁਤਾਬਿਕ ਵਿਦਿਆਰਥੀ ਜਾਤ ਆਧਾਰਿਤ ਸ਼ੋਸ਼ਣ ਦੀਆਂ ਸ਼ਿਕਾਇਤਾਂ ਕਰਦੇ ਰਹੇ ਸਨ। ਇਹ ਘਟਨਾਵਾਂ ਨਾ ਸਿਰਫ਼ ਦਲਿਤ ਵਿਦਿਆਰਥੀਆਂ ਲਈ ਮੰਦਭਾਗੀਆਂ ਹਨ ਬਲਕਿ ਭਾਰਤ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਵੀ ਵੱਡੇ ਖੁਲਾਸੇ ਕਰਦੀਆਂ ਹਨ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ - ਐੱਨ.ਸੀ.ਆਰ.ਬੀ. ਦੀ 2021 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,64,033 ਵਿਅਕਤੀਆਂ ਨੇ ਵੱਖ-ਵੱਖ ਕਾਰਨਾਂ ਕਰਕੇ ਖ਼ੁਦਕੁਸ਼ੀ ਕੀਤੀ। ਇਹ ਸਾਲ 2020 ਦੇ ਮੁਕਾਬਲੇ 7.2% ਦਾ ਵਾਧਾ ਸੀ। ਲੋਕਾਂ ਦਾ ਵੱਡੀ ਗਿਣਤੀ ਵਿੱਚ ਆਪਣੀਆਂ ਜਾਨਾਂ ਲੈਣ ਅਤੇ ਖ਼ੁਦਕੁਸ਼ੀ ਦੇ ਕਾਰਨਾਂ ਦੇ ਮੱਦੇਨਜ਼ਰ ਖ਼ੁਦਕੁਸ਼ੀ ਵੀ ਜਨਤਕ ਸਿਹਤ ਦਾ ਗੰਭੀਰ ਸੰਕਟ ਹੈ ਜਿਸ ਦਾ ਫੌਰੀ ਹੱਲ ਕਰਨ ਦੀ ਲੋੜ ਹੈ।

ਵਿਸ਼ਵ ਸਿਹਤ ਸੰਗਠਨ (WHO) ਦੁਆਰਾ 'ਸੁਸਾਈਡ ਵਰਲਡਵਾਈਡ ਇਨ 2019: ਗਲੋਬਲ ਹੈਲਥ ਐਸਟੀਮੇਸ਼ਨ ਰਿਪੋਰਟ' ਵਿੱਚ ਕਿਹਾ ਗਿਆ ਹੈ ਕਿ ਸੜਕ ਦੁਰਘਟਨਾ, ਟੀ.ਬੀ. ਅਤੇ ਅੰਤਰ-ਵਿਅਕਤੀਗਤ ਸੱਟ ਤੋਂ ਬਾਅਦ ਮੌਤ ਦੇ ਮੁੱਖ ਚਾਰ ਕਾਰਨਾਂ ਵਿੱਚੋਂ ਇੱਕ ਖ਼ੁਦਕੁਸ਼ੀ ਹੈ। ਇਸ ਰਿਪੋਰਟ ਦੇ ਮੁਤਾਬਕ ਹਰ ਸਾਲ 10 ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ ਅਤੇ ਉਸ ਤੋਂ 20 ਗੁਣਾ ਵੱਧ ਲੋਕ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖ਼ੁਦਕੁਸ਼ੀ ਮਲੇਰੀਆ, ਛਾਤੀ ਦੇ ਕੈਂਸਰ, ਯੁੱਧ ਅਤੇ ਕਤਲੇਆਮ ਨਾਲੋਂ ਜ਼ਿਆਦਾ ਲੋਕਾਂ ਨੂੰ ਮਾਰਦੀ ਹੈ।

ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀ ਵਧ ਰਹੀ ਬਾਰੰਬਾਰਤਾ ਨੇ ਦੇਸ਼ ਦੀਆਂ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਲੈ ਕੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਵਿੱਚ ਵਿਦਿਆਰਥੀ ਖ਼ੁਦਕੁਸ਼ੀ ਦਾ ਵਿਗਿਆਨ ਦਰਸਾਉਂਦਾ ਹੈ ਕਿ ਇਹ ਇੱਕ ਵੱਡੀ ਮਾਨਸਿਕ ਸਿਹਤ ਅਤੇ ਸਮਾਜਿਕ ਸਮੱਸਿਆ ਹੈ। ਰੁਝਾਨ ਦਰਸਾਉਂਦੇ ਹਨ ਕਿ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੇ ਦਾਅਵਿਆਂ ਦੇ ਬਾਵਜੂਦ ਵਿਦਿਆਰਥੀਆਂ ਦੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ। ਖ਼ੁਦਕੁਸ਼ੀਆਂ 'ਤੇ ਐੱਨ.ਸੀ.ਆਰ.ਬੀ. ਦੀ ਰਿਪੋਰਟ ਦਰਸਾਉਂਦੀ ਹੈ ਕਿ 2010 ਤੋਂ ਬਾਅਦ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਅਨੁਪਾਤ 7379 ਤੋਂ 13089 ਹੋ ਗਿਆ ਹੈ ਜੋ ਕਿ ਕਾਫ਼ੀ ਵੱਡਾ ਵਾਧਾ ਹੈ।

ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਕਿਸੇ ਨੂੰ ਰੋਜ਼ੀ ਰੋਟੀ ਅਤੇ ਤਰੱਕੀ ਕਰਨ ਲਈ ਘੱਟੋ-ਘੱਟ ਆਰਥਿਕ ਵਸੀਲਿਆਂ ਦੀ ਲੋੜ ਹੈ, ਪਰ ਕੁਝ ਖ਼ਾਸ ਨੌਕਰੀਆਂ ਅਤੇ ਪ੍ਰੀਖਿਆਵਾਂ ਦੀ ਵਡਿਆਈ ਕਰਨਾ ਉਸਾਰੂ ਨਹੀਂ ਹੈ; ਇਹ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਕੁਝ ਹੱਦ ਤੱਕ ਕਮਜ਼ੋਰ ਕਰਦਾ ਹੈ।

ਜਾਤ, ਭਾਰਤ ਵਿੱਚ ਜਨਤਕ ਸਿਹਤ ਦਾ ਇੱਕ ਮਜ਼ਬੂਤ ਸਮਾਜਿਕ ਨਿਰਣਾਇਕ ਹੈ। ਇਸ ਦਾ ਪ੍ਰਗਟਾਵਾ ਅਤੇ ਅਪ੍ਰਤੱਖ ਕਾਰਜ ਵੀ ਇਸ ਕਿਸਮ ਦੀ ਦੁਖਦਾਈ ਮੌਤ ਦਾ ਇੱਕ ਕਾਰਨ ਬਣ ਜਾਂਦੇ ਹਨ। ਰੋਹਿਤ ਵੇਮੁਲਾ ਅਤੇ ਪਾਇਲ ਤਡਵੀ ਦੇ ਕੇਸਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਪ੍ਰਗਤੀਸ਼ੀਲ' ਕਹਾਉਂਦੇ ਵਿੱਦਿਅਕ ਅਦਾਰਿਆਂ ਵਿੱਚ ਵੀ ਜਾਤ-ਪਾਤ 'ਤੇ ਆਧਾਰਿਤ ਵਿਤਕਰਾ ਮੌਜੂਦ ਹੈ। ਰਾਜਸਥਾਨ ਦੇ ਇੰਦਰ ਮੇਘਵਾਲ ਦਾ ਮਾਮਲਾ ਕਾਫ਼ੀ ਖ਼ਬਰਾਂ ਵਿੱਚ ਰਿਹਾ ਜਿੱਥੇ ਇੱਕ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਉੱਚ ਜਾਤ ਦੇ ਅਧਿਆਪਕ ਦੇ ਘੜੇ ਨੂੰ ਹੱਥ ਲਾਉਣ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਜੋ ਸਦਮਾ ਦਲਿਤ ਵਿਦਿਆਰਥੀ ਸਾਰੀ ਉਮਰ ਝੱਲਦੇ ਹਨ, ਉਹ ਉਨ੍ਹਾਂ ਦੀ ਮਾਨਸਿਕ ਅਤੇ ਸਮਾਜਿਕ ਤੰਦਰੁਸਤੀ 'ਤੇ ਡੂੰਘਾ ਅਸਰ ਪਾਉਂਦਾ ਹੈ।

ਔਰਤਾਂ ਲਈ ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਬਚਪਨ ਤੋਂ ਹੀ 'ਸਹਿਣ' ਦੀ ਸਿੱਖਿਆ ਅਤੇ ਮੱਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਲਈ ਕੁਝ ਖ਼ਾਸ ਕਿਸਮ ਦੇ ਜਿਨਸੀ ਜ਼ੁਰਮ ਨੂੰ ਹੀ ਗੰਭੀਰ ਮੰਨਿਆ ਜਾਂਦਾ ਹੈ ਅਤੇ ਬਾਕੀ ਘਟਨਾਵਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਦਾ ਔਰਤਾਂ ਦੀ ਮਾਨਸਿਕ ਸਿਹਤ ਉੱਤੇ ਡੂੰਘਾ ਅਸਰ ਪੈਂਦਾ ਹੈ। ਸਮਾਜ ਅਤੇ ਪਰਿਵਾਰ ਵਿੱਚ ਹੀ ਇੱਕੋ ਜਿਹੀ ਗ਼ਲਤੀ ਕਰਨ 'ਤੇ ਮੁੰਡੇ ਅਤੇ ਕੁੜੀ ਨਾਲ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਆਇਆ ਜਾਂਦਾ ਹੈ। ਕੁੜੀਆਂ ਤੋਂ ਜ਼ਿਆਦਾ 'ਸਿੱਧੀ ਅਤੇ ਸਿਆਣੀ' ਹੋਣ ਦੀ ਉਮੀਦ ਵਿੱਚ ਉਨ੍ਹਾਂ ਨੂੰ ਨੈਤਿਕਤਾ ਦੇ ਪਾਠ ਪੜ੍ਹਾਏ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਪੜ੍ਹਾਈ ਦੌਰਾਨ ਵਾਪਰ ਰਹੀ ਹਰ ਇੱਕ ਜ਼ਿਆਦਤੀ ਉਸ ਦੀ ਖ਼ਰਾਬ ਮਾਨਸਿਕ ਸਿਹਤ ਨੂੰ ਹੋਰ ਖ਼ਰਾਬ ਕਰਦੀ ਹੈ ਜੋ ਉਸ ਨੂੰ ਖ਼ੁਦਕੁਸ਼ੀ ਕਰਨ ਤੱਕ ਮਜਬੂਰ ਕਰ ਦਿੰਦੀ ਹੈ।

ਹਾਲਾਂਕਿ, ਇਹ ਗੱਲ ਹੈਰਾਨੀ ਵਾਲੀ ਤਾਂ ਨਹੀਂ, ਪਰ ਮੰਦਭਾਗੀ ਜ਼ਰੂਰ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਮੌਤ ਦਾ ਦੋਸ਼ ਉਨ੍ਹਾਂ ਵਿਦਿਆਰਥੀਆਂ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ ਅਤੇ ਪ੍ਰਸ਼ਾਸਨ ਵੱਲੋਂ ਵੀ ਵਿਦਿਆਰਥੀਆਂ ਨੂੰ 'ਮਾਨਸਿਕ ਤੌਰ 'ਤੇ ਪਰੇਸ਼ਾਨ' ਦਾ ਟੈਗ ਲਾ ਕੇ ਪਾਸਾ ਵੱਟ ਲਿਆ ਜਾਂਦਾ ਹੈ।

ਵਿਦਿਆਰਥੀ ਦੀ ਖ਼ੁਦਕੁਸ਼ੀ ਦੀ ਰਿਪੋਰਟ ਕਰਨਾ ਇੱਕ ਹੋਰ ਨਾਜ਼ੁਕ ਮੁੱਦਾ ਹੈ ਜਿੱਥੇ ਅਸਲ ਤੀਬਰਤਾ ਅਤੇ ਮਹਾਮਾਰੀ ਵਿਗਿਆਨ ਨੂੰ ਮਾਪਿਆ ਜਾ ਰਿਹਾ ਹੈ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਿਉਂਕਿ ਇਹ ਪੁਲੀਸ ਰਿਕਾਰਡਾਂ ਤੋਂ ਇਕੱਠੇ ਕੀਤੇ ਜਾਂਦੇ ਹਨ, ਇਹ ਸਿਰਫ਼ ਉਨ੍ਹਾਂ ਮਾਮਲਿਆਂ ਨੂੰ ਵਿਚਾਰਦੇ ਹਨ ਜਿਨ੍ਹਾਂ ਵਿੱਚ ਐੱਫ.ਆਈ.ਆਰ. ਦਰਜ ਕੀਤੀ ਗਈ ਹੋਵੇ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਕੇਸਾਂ ਨੂੰ ਬਾਹਰ ਕੱਢ ਦਿੰਦਾ ਹੈ ਜੋ ਪੁਲੀਸ ਰਿਕਾਰਡ ਵਿੱਚ ਨਹੀਂ ਹਨ। ਕੇਸ ਦਰਜ ਨਾ ਹੋਣ ਦੇ ਬਹੁਤ ਸਾਰੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਕਾਰਨ ਹਨ, ਉਹ ਐੱਨ.ਸੀ.ਆਰ.ਬੀ. ਦੇ ਕਿਸੇ ਵੀ ਵਿਸ਼ਲੇਸ਼ਣ ਅਧੀਨ ਨਹੀਂ ਆਉਂਦੇ ਹਨ।

ਭਾਰਤ ਉਸ ਦਾ ਅਨੁਭਵ ਕਰ ਰਿਹਾ ਹੈ ਜਿਸ ਨੂੰ ਆਮ ਤੌਰ 'ਤੇ 'ਬਿਮਾਰੀ ਦਾ ਦੂਹਰਾ ਬੋਝ' ਕਿਹਾ ਜਾਂਦਾ ਹੈ ਜੋ ਕਿ ਸੰਚਾਰੀ ਅਤੇ ਗੈਰ-ਸੰਚਾਰੀ ਬਿਮਾਰੀਆਂ ਦੇ ਬੋਝ ਨੂੰ ਦਰਸਾਉਂਦਾ ਹੈ। ਇਹ ਛੂਤ ਦੀਆਂ ਬਿਮਾਰੀਆਂ, ਕੁਪੋਸ਼ਣ, ਨਵਜਾਤਾਂ ਅਤੇ ਮਾਵਾਂ ਦੀ ਮੌਤ ਦਰ ਅਤੇ ਹੋਰ ਗੰਭੀਰ ਸਿਹਤ ਚਿੰਤਾਵਾਂ 'ਤੇ ਵਧੇਰੇ ਧਿਆਨ ਦੇ ਰਿਹਾ ਹੈ। ਨਤੀਜੇ ਵਜੋਂ ਖ਼ੁਦਕੁਸ਼ੀ ਦੀ ਰੋਕਥਾਮ ਨੂੰ ਬਹੁਤ ਘੱਟ ਤਰਜੀਹ ਮਿਲਦੀ ਹੈ।

ਸਮਾਜ ਸ਼ਾਸਤਰੀ ਐਮਿਲ ਡਰਖਾਈਮ ਦੀ ਮਸ਼ਹੂਰ ਰਚਨਾ 'ਸੁਸਾਈਡ : ਏ ਸਟੱਡੀ ਇਨ ਸੋਸ਼ਿਓਲੋਜੀ, 1897' ਵਿੱਚ ਪਹਿਲੀ ਵਾਰ ਸਿਧਾਂਤਕ ਤੌਰ 'ਤੇ ਇਹ ਮੰਨਿਆ ਗਿਆ ਕਿ ਖ਼ੁਦਕੁਸ਼ੀ ਇੱਕ ਮਨੋਵਿਗਿਆਨਕ ਵਰਤਾਰਾ ਨਹੀਂ ਹੈ; ਇਸ ਦੀ ਬਜਾਏ, ਇਹ ਇੱਕ ਸਮਾਜਿਕ ਵਰਤਾਰਾ ਹੈ। ਉਸ ਅਨੁਸਾਰ ਖ਼ੁਦਕੁਸ਼ੀ ਇਸ ਗੱਲ ਦਾ ਨਤੀਜਾ ਹੈ ਕਿ ਵਿਅਕਤੀ ਨੂੰ ਸਮਾਜ ਕਿੰਨਾ ਜ਼ਿਆਦਾ ਜਾਂ ਘੱਟ ਨਿਯੰਤਰਿਤ ਕਰਦਾ ਹੈ। ਜਰਮਨ ਦਾਰਸ਼ਨਿਕ ਕਾਰਲ ਮਾਰਕਸ ਨੇ ਵੀ ਆਪਣੀ ਰਚਨਾ 'ਆਰਥਿਕ ਅਤੇ ਫ਼ਿਲਾਸਫ਼ੀਕਲ ਖਰੜੇ, 1844' ਵਿੱਚ 'ਬੇਗਾਨਗੀ' ਦੇ ਸੰਕਲਪ ਦੀ ਵਿਆਖਿਆ ਕਰਦੇ ਹੋਏ ਮਨੁੱਖ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਥਿਤੀਆਂ 'ਤੇ ਵੀ ਜ਼ੋਰ ਦਿੱਤਾ, ਜੋ ਮਨੁੱਖ ਦੀ ਮਾਨਸਿਕ ਸਿਹਤ ਅਤੇ ਸਮਾਜਿਕ ਤੰਦਰੁਸਤੀ ਨੂੰ ਨਿਰਧਾਰਤ ਕਰਦੀਆਂ ਹਨ। ਉਸ ਅਨੁਸਾਰ ਪੂੰਜੀਵਾਦ ਦੇ ਅੰਨ੍ਹੇ 'ਵਿਕਾਸ' ਵਿੱਚ ਮਨੁੱਖ ਜਿਸ ਕੰਮ ਵਿੱਚ ਲੱਗੇ ਹੋਏ ਹਨ, ਉਸ ਕੰਮ ਨੂੰ ਕਰਨ ਦੀ ਪ੍ਰਕਿਰਿਆ ਅਤੇ ਕੰਮ ਕਰ ਰਹੇ ਨਾਲ ਦੇ ਵਿਅਕਤੀਆਂ ਨਾਲ ਹੀ ਮਨੁੱਖ ਦਾ ਮਾਨਸਿਕ ਰਿਸ਼ਤਾ ਟੁੱਟ ਜਾਂਦਾ ਹੈ ਅਤੇ ਉਸ ਨੂੰ ਜ਼ਿੰਦਗੀ ਜਿਉਣ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ।

ਖੋਜਕਾਰ ਜੋਅਨਾ ਮੋਨਕਰੀਫ ਕਹਿੰਦੀ ਹੈ, "ਅਖੌਤੀ ਮਾਨਸਿਕ ਸਿਹਤ ਸਮੱਸਿਆਵਾਂ ਦੇ ਡਾਕਟਰੀਕਰਨ ਨੂੰ ਅਸਵੀਕਾਰ ਕਰਨਾ ਪੂੰਜੀਵਾਦ ਦੀਆਂ ਕੁਝ ਬੁਨਿਆਦੀ ਵਿਰੋਧਤਾਈਆਂ ਨੂੰ ਉਜਾਗਰ ਕਰਨ ਅਤੇ ਰਾਜਨੀਤਿਕ ਤਬਦੀਲੀ ਦੇ ਆਧਾਰ ਬਣਾਉਣ ਲਈ ਜ਼ਰੂਰੀ ਹੈ।" ਇਹ ਬਿਆਨ ਸੰਖੇਪ ਵਿੱਚ ਦੱਸਦਾ ਹੈ ਕਿ ਖ਼ੁਦਕੁਸ਼ੀ ਦੇ ਸਿਰਫ਼ ਮਨੋਵਿਗਿਆਨਕ ਪਹਿਲੂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਰੋਕਥਾਮ ਅਤੇ ਪ੍ਰਮੋਟਿਵ ਸਿਹਤ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਖ਼ੁਦਕੁਸ਼ੀ ਦੇ ਪੀੜਤ ਵਿਅਕਤੀ ਨੂੰ ਹੀ ਮਾਨਸਿਕ ਰੂਪ ਨਾਲ ਕਮਜ਼ੋਰ ਕਹਿ ਦੇਣਾ ਅਤੇ ਖ਼ੁਦਕੁਸ਼ੀ ਦੇ ਪੂਰੇ ਮਹਾਮਾਰੀ ਵਿਗਿਆਨ ਨੂੰ ਨਾ ਸਮਝਣਾ ਇੱਕ ਵੱਡਾ ਕਾਰਨ ਹੈ ਕਿ ਖ਼ੁਦਕੁਸ਼ੀਆਂ ਰੁਕਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਖ਼ੁਦਕੁਸ਼ੀ ਜੀਵ-ਵਿਗਿਆਨਕ, ਜੈਨੇਟਿਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਨਕ ਕਾਰਕਾਂ ਦੇ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਦੇ ਨਤੀਜੇ ਵਜੋਂ ਹੁੰਦੀ ਹੈ।

ਸਮੁੱਚੀ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸਥਿਤੀ ਸਿਹਤ ਅਤੇ ਹੋਰ ਪੇਸ਼ਿਆਂ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਦੀ ਹੈ। ਇਸ ਦਾ ਉਦੇਸ਼ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵੱਲ ਹੋਣਾ ਚਾਹੀਦਾ ਹੈ, ਜਿੱਥੇ ਕੋਈ ਵਿਅਕਤੀ ਵਧੀਆ ਤੇ ਲਾਭਕਾਰੀ ਮਹਿਸੂਸ ਕਰ ਸਕਦਾ ਹੈ ਅਤੇ ਤੰਦਰੁਸਤੀ ਦਾ ਆਨੰਦ ਮਾਣ ਸਕਦਾ ਹੈ। 'ਚੰਗੀ ਸਿਹਤ ਅਤੇ ਤੰਦਰੁਸਤੀ' ਦੇ ਤੀਜੇ ਟਿਕਾਊ ਵਿਕਾਸ ਟੀਚੇ ਅਤੇ ਡਬਲਯੂਐੱਚਓ ਅਨੁਸਾਰ ਸਿਹਤ 'ਨਾ ਸਿਰਫ਼ ਬਿਮਾਰੀ ਜਾਂ ਕਮਜ਼ੋਰੀ ਦੀ ਅਣਹੋਂਦ ਬਲਕਿ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ' ਨੂੰ ਸਾਕਾਰ ਕਰਨ ਵਿੱਚ ਖ਼ੁਦਕੁਸ਼ੀਆਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ।

*ਖੋਜਾਰਥੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ।

# "ਏਹੁ ਹਮਾਰਾ ਜੀਵਣਾ"



ਕਿਸੇ ਵੇਲੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਹੁਣ ਵੀ ਭਾਰਤ ਕੋਲ ਅਮੀਰ ਅਤੇ ਵਿਕਾਸਸ਼ੀਲ ਦੇਸ਼ਾਂ ਨਾਲੋਂ ਚੰਗੀ ਉਪਜਾਊ ਧਰਤੀ, ਚੰਗਾ ਵਾਤਾਵਰਨ, ਮਿਹਨਤੀ ਲੋਕ ਹਨ ਪਰ ਅਗਰ ਅਸੀਂ ਗਰੀਬੀ ਦੇ ਲਿਹਾਜ਼ ਨਾਲ ਦੇਖੀਏ ਤਾਂ ਭਾਰਤ ਗਰੀਬ ਦੇਸ਼ਾਂ ਦੀ ਪਹਿਲੀ ਕਤਾਰ ਵਿੱਚ ਆਉਂਦਾ ਹੈ। ਦੇਸ਼ ਦੀ ਗਰੀਬੀ ਦੇ ਬੇਸ਼ੱਕ ਕਈ ਕਾਰਨ ਹੋ ਸਕਦੇ ਹਨ ਪਰ ਸਭ ਵੱਡਾ ਕਾਰਨ ਸਾਡੇ ਦੇਸ਼ ਦੀ ਗੰਧਲੀ ਅਤੇ ਭ੍ਰਿਸ਼ਟ ਰਾਜਨੀਤੀ ਨੂੰ ਕਹਿਣਾ ਗਲਤ ਨਹੀਂ ਹੋਵੇਗਾ। ਸਾਡੇ ਦੇਸ਼ ਵਿੱਚ ਜਿਹੜਾ ਦਿਹਾਤੀ ਵਿਅਕਤੀ ਰੋਜ਼ਾਨਾ 32 ਰੁਪਏ ਅਤੇ ਸ਼ਹਿਰੀ ਰੋਜ਼ਾਨਾ 47 ਰੁਪਏ ਖਰਚਦਾ ਹੈ ਸਰਕਾਰ ਉਸਨੂੰ ਨੂੰ ਗਰੀਬ ਹੀ ਨਹੀਂ ਮੰਨਦੀ । ਜਦੋਂ ਇਹ ਤੱਥ ਪੇਸ਼ ਕਰਦੀ ਰਿਪੋਰਟ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰੰਗਾਰਾਜਨ ਨੇ ਮੋਦੀ ਸਰਕਾਰ ਨੂੰ ਪੇਸ਼ ਕੀਤੀ ਤਾਂ ਚਾਰੇ ਪਾਸੇ ਹਾਹਾਕਾਰ ਮਚ ਗਈ। ਕਿਉਂਕਿ ਇੰਨੀ ਰਕਮ ਨਾਲ ਤਾਂ ਇੱਕ ਵਿਅਕਤੀ ਨੂੰ ਅਤਿ ਦੀ ਮਹਿੰਗਾਈ ਦੇ ਸਮੇਂ 'ਚ ਦੋ ਡੰਗ ਦੀ ਸਧਾਰਨ ਰੋਟੀ ਵੀ ਨਹੀਂ ਮਿਲਦੀ ਤਾਂ ਫਿਰ ਉਹ ਗਰੀਬ ਕਿਵੇਂ ਨਾ ਹੋਏ? ਅਸਲ ਸਚਾਈ ਇਹ ਹੈ ਕਿ ਭਾਰਤ ਦੀ ਕੁਲ ਸਵਾ ਅਰਬ ਅਬਾਦੀ ਦਾ ਲੱਗਭਗ 454 ਮਿਲੀਅਨ ਲੋਕ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਹਨ। ਗਰੀਬਾਂ ਦੀ ਗਿਣਤੀ ਦੇਸ਼ 'ਚ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ। ਇਹ ਗਰੀਬੀ ਦੇ ਕਾਰਨ ਹੀ ਹੈ ਕਿ ਭਾਰਤ ਵਿੱਚ ਭੁੱਖਮਰੀ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਭੁੱਖ ਸਬੰਧੀ ਵਿਸ਼ਵ ਸੂਚੀ 2017 ਵਿੱਚ ਭਾਰਤ ਦਾ119 ਦੇਸ਼ਾਂ ਵਿਚੋਂ 100 ਵਾਂ ਸਥਾਨ ਹੈ। ਇਸ ਸੂਚੀ ਵਿੱਚ ਭਾਰਤ, ਉਤਰੀ ਕੋਰੀਆ, ਇਰਾਨ ਅਤੇ ਬੰਗਲਾ ਦੇਸ਼ ਤੋਂ ਵੀ ਪੱਛੜ ਗਿਆ ਹੈ ਪਰ ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਰਤਾ ਮਾਸਾ ਕੁ ਅੱਗੇ ਹੈ। ਪਿਛਲੇ ਸਾਲ ਦੀ ਇਸ ਸੂਚੀ ਵਿੱਚ ਭਾਰਤ ਦਾ 97 ਵਾਂ ਸਥਾਨ ਸੀ। ਭਾਰਤ ਇਸ ਸਾਲ ਦੀ ਸੂਚੀ ਵਿੱਚ ਇਸ ਖੇਤਰ ਦਾ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾਉਣ ਵਾਲੀ ਸ਼੍ਰੇਣੀ ਵਿੱਚ ਸ਼ਾਮਲ ਹੋਣ ਵਾਲਾ ਦੇਸ਼ ਬਣ ਗਿਆ ਹੈ। ਅੰਤਰਰਾਸ਼ਟਰੀ ਖੁਰਾਕ ਨੀਤੀ ਖੋਜ ਸੰਸਥਾ ਨੇ ਤਾਂ ਇਕ ਰਿਪੋਰਟ ਵਿੱਚ ਦੱਸਿਆ ਹੈ ਕਿ ਭਾਰਤ ਵਿੱਚ ਵਧੇਰੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ ਅਤੇ ਇਸ ਦਾ ਕਾਰਨ ਦੇਸ਼ ਵਿੱਚ ਭੁੱਖਮਰੀ ਦਾ ਪੱਧਰ ਗੰਭੀਰ ਹਾਲਤ ਵਿੱਚ ਪੁੱਜਣਾ ਹੈ। ਭਾਵੇਂ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦੇ ਹਾਕਮਾਂ ਨੇ ਦੇਸ਼ ਵਿਚੋਂ ਭੁੱਖਮਰੀ ਅਤੇ ਗਰੀਬੀ ਤੋਂ ਲੋਕਾਂ ਨੂੰ ਨਿਜ਼ਾਤ ਦੁਆਉਣ ਲਈ ਗਰੀਬੀ ਹਟਾਉ ਜਿਹੇ ਨਾਹਰੇ ਵੀ ਲਗਾਏ। ਗਰੀਬਾਂ ਲਈ ਭਲਾਈ ਸਕੀਮਾਂ ਵੀ ਸ਼ੁਰੂ ਕੀਤੀਆਂ। ਉਹਨਾਂ ਦੇ ਰੁਜ਼ਗਾਰ ਲਈ ਵੀ ਸਮੇਂ ਸਮੇਂ ਯਤਨ ਕੀਤੇ ਪਰ ਇਹ ਨਾਹਰੇ, ਇਹ ਯੋਜਨਾਵਾਂ ਗਰੀਬਾਂ ਦਾ ਕੁਝ ਵੀ ਸੁਆਰ ਨਹੀਂ ਸਕੀਆ। ਜੇਕਰ ਇਹਨਾ ਯੋਜਨਾਵਾਂ ਨੇ ਗਰੀਬਾਂ ਦਾ ਕੁਝ ਸੁਆਰਿਆ ਹੁੰਦਾ ਤਾਂ ਦੇਸ਼ ਵਿੱਚ"ਹਰੇਕ ਲਈ ਭੋਜਨ" ਵਾਲਾ ਕਾਨੂੰਨ ਪਾਸ ਨਾ ਕਰਨਾ ਪੈਂਦਾ ਅਤੇ ਉਸ ਵਿੱਚ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਨੂੰ ਸ਼ਾਮਲ ਨਾ ਕਰਨਾ ਪੈਂਦਾ। ਇਹਨਾ ਯੋਜਨਾਵਾਂ ਦੇ ਬਾਵਜੂਦ ਦੇਸ਼ ਦਾ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੁੰਦਾ ਗਿਆ ਅਤੇ ਗਰੀਬ ਅਮੀਰ ਦਾ ਇਹ ਪਾੜਾ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ। ਇਹਨਾਂ ਲੋਕਾਂ ਕੋਲ ਨਾ ਤਾਂ ਖਾਣ ਲਈ ਪੂਰਾ ਭੋਜਨ ਹੈ, ਨਾ ਰਹਿਣ ਲਈ ਮਕਾਨ ਹਨ, ਨਾ ਪਹਿਨਣ ਲਈ ਯੋਗ ਕੱਪੜਾ ਹੈ। ਭਾਵ ਜ਼ਿੰਦਗੀ ਜੀਊਣ ਲਈ ਲੋੜਾਂ ਪੂਰੀਆਂ ਕਰਨ ਦੇ ਨਾ ਉਹ ਆਪ ਕਾਬਲ ਹੋ ਸਕੇ ਹਨ ਨਾ ਹੀ ਸੱਤ ਦਹਾਕਿਆਂ 'ਚ ਸਮੇਂ ਸਮੇਂ ਬਣੀਆਂ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਦੀ ਸਰਕਾਰਾਂ ਨੇ ਉਹਨਾ ਦੀ ਥਾਹ ਲਈ ਹੈ। ਸਰਕਾਰਾਂ ਵਲੋਂ ਸਮੇਂ ਸਮੇਂ ਲਾਗੂ ਨੀਤੀਆਂ, ਸਕੀਮਾਂ "ਹਵਾ 'ਚ ਤਲਵਾਰਾਂ" ਮਾਰਨ ਤੋਂ ਵੱਧ ਹੋਰ ਕੁਝ ਵੀ ਉਹਨਾ ਦਾ ਸੁਆਰ ਨਹੀਂ ਸਕੀਆਂ।ਗਰੀਬੀ ਆਮ ਲੋਕਾਂ ਲਈ ਸਰਾਪ ਬਣੀ ਹੋਈ ਹੈ। ਗਰੀਬ ਅਨਪੜ੍ਹਤਾ ਦੇ ਚੁੰਗਲ ਵਿਚੋਂ ਬਾਹਰ ਨਹੀਂ ਆ ਸਕੇ। ਇਹਨਾ ਲੋਕਾਂ ਵਿਚੋਂ ਵੱਡੀ ਗਿਣਤੀ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲਿਆਂ ਦੇ ਉਹਨਾ ਲੋਕਾਂ ਦੀ ਹੈ, ਜਿਹਨਾ ਦੀ ਦੇਸ਼ 'ਚ ਆਬਾਦੀ ਕਰਮਵਾਰ ਲੱਗਭਗ 19 ਫੀਸਦੀ ਅਤੇ 12 ਫੀਸਦੀ ਹੈ। ਇਹਨਾ ਲੋਕਾਂ ਦਾ ਕਿੱਤਾ ਮੁੱਖ ਤੌਰ ਤੇ ਮਜ਼ਦੂਰੀ ਹੈ। ਇਹਨਾ ਵਿਚੋਂ 55 ਫੀਸਦੀ ਦਿਹਾੜੀਦਾਰ ਮਜ਼ਦੂਰੀ ਕਰਦੇ ਹਨ ਅਤੇ ਖੇਤ ਮਜ਼ਦੂਰ ਹਨ। ਇਹਨਾਂ ਵਿਚੋਂ ਮਸਾਂ 10 ਫੀਸਦੀ ਉਹ ਪਰਿਵਾਰ ਹਨ ਜਿਹਨਾ ਕੋਲ ਫਰਿੱਜ ਆਦਿ ਹਨ ਅਤੇ ਲਗਭਗ 28 ਫੀਸਦੀ ਇਹੋ ਜਿਹੇ ਪਰਿਵਾਰ ਹਨ ਜਿਹਨਾ ਕੋਲ ਆਪਣੇ ਘਰ ਹਨ। ਇਹਨਾ ਵਿੱਚ 58 ਫੀਸਦੀ ਪਰਿਵਾਰ, ਬੇ-ਜ਼ਮੀਨੇ ਪਰਿਵਾਰ ਹਨ। ਜਿਹਨਾ 54 ਫੀਸਦੀ ਪਰਿਵਾਰਾਂ ਕੋਲ ਆਪਣੇ ਘਰ ਵੀ ਹਨ, ਉਸ ਵਿੱਚ ਇੱਕ ਜਾਂ ਦੋ ਕਮਰੇ ਹੀ ਹਨ। ਇਹੋ ਜਿਹੇ ਹਾਲਤਾਂ ਵਿੱਚ ਉਹਨਾ ਦਾ ਜੀਵਨ ਜੀਊਣ ਦਾ ਪੱਧਰ ਬਹੁਤ ਹੀ ਨੀਵੇਂ ਪੱਧਰ ਦਾ ਹੈ, ਕਿਉਂਕਿ ਪੀਣ ਦੇ ਸਾਫ ਪਾਣੀ ਜਾਂ ਘਰਾਂ 'ਚ ਫਲੱਸ਼ ਲੈਟਰੀਨਾਂ ਬਨਾਉਣ ਤੱਕ ਵੀ ਉਹਨਾ ਦੀ ਪਹੁੰਚ ਹਾਲੀ ਤੱਕ ਵੀ ਨਹੀਂ ਹੋ ਸਕੀ। ਦੇਸ਼ ਦੀ ਵਧਦੀ ਅਬਾਦੀ ਦਾ ਦੇਸ਼ ਦੀ ਆਰਥਿਕਤਾ ਉਤੇ ਭਾਰ ਅਸਹਿਣਯੋਗ ਬਣਦਾ ਜਾ ਰਿਹਾ ਹੈ ਜੋਂ ਗਰੀਬੀ ਦਾ ਵੀ ਕਾਰਨ ਬਣਦਾ ਹੈ ਉਪਰੋਂ ਦੇਸ਼ 'ਚ ਸਿਆਸਤ 'ਚ ਵੱਧ ਰਿਹਾ ਗੰਦਲਾਪਨ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਗਰੀਬ ਵਿਰੋਧੀ ਸਰਕਾਰੀ ਨੀਤੀਆਂ, ਗਰੀਬਾਂ ਲਈ ਲੋਕ ਭਲਾਈ ਸਕੀਮਾਂ ਦੀ ਥੁੜ, ਆਮ ਆਦਮੀ ਨੂੰ ਗਰੀਬ ਬਣਾ ਰਹੀ ਹੈ। ਸਮਾਜ ਵਿਚਲਾ ਭੇਦਭਾਵ ਅਤੇ ਧੰਨ ਦੀ ਗੈਰ-ਵਾਜਬ ਵੰਡ ਨੇ ਦੇਸ਼ ਦੇ ਆਮ ਲੋਕਾਂ ਨੂੰ ਗਰੀਬੀ ਰੇਖਾ ਵੱਲ ਧੱਕਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਗਰੀਬਾਂ ਲਈ ਨਾ ਬਰਾਬਰ ਦੀ ਸਿੱਖਿਆ ਹੈ, ਨਾ ਉਸ ਵਾਸਤੇ ਲੋੜੀਂਦੀਆਂ ਸਿਹਤ ਸਹੂਲਤਾਂ ਹਨ। ਘੱਟ ਤੋਂ ਘੱਟ ਜੀਵਨ ਜੀਊਣ ਦੀਆਂ ਲੋੜਾਂ ਦੀ ਥੁੜ ਉਸ ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ। ਅਸਲ ਵਿੱਚ ਗਰੀਬੀ ਅਤੇ ਇਸਦੀ ਉਪਜ ਭੁੱਖਮਰੀ, ਭਾਰਤ ਵਰਗੇ ਲੋਕਤੰਤਰ ਦੇ ਮੱਥੇ ਉਤੇ ਕਲੰਕ ਦੀ ਤਰ੍ਹਾਂ ਦਿਖਾਈ ਦੇਣ ਲੱਗੀ ਹੈ। ਤਦੇ ਥੁੜਾਂ ਮਾਰੇ ਲੋਕਾਂ ਦਾ ਵਿਸ਼ਵਾਸ਼ ਦੇਸ਼ ਦੀ ਸਿਆਸਤ ਤੋਂ ਉਠਦਾ ਜਾ ਰਿਹਾ ਹੈ। ਗਰੀਬੀ ਕਾਰਨ ਲੋਕ ਅੰਧ-ਵਿਸ਼ਵਾਸ਼ 'ਚ ਫਸ ਰਹੇ ਹਨ। ਸਮਾਜ ਵਿਰੋਧੀ ਸੰਸਥਾਵਾਂ ਦੇ ਚੁੰਗਲ 'ਚ ਫਸਕੇ ਆਪਣੇ ਮਨ ਲਈ ਸਕੂਨ ਲੱਭਣ ਦਾ ਰਾਹ ਫੜ ਰਹੇ ਹਨ।ਲੋੜ ਇਸ ਗੱਲ ਦੀ ਹੈ ਕਿ ਬਿਨ੍ਹਾਂ ਭੇਦਭਾਵ ਦੇ, ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਿਰਵੇ ਇਹਨਾ ਲੋਕਾਂ ਦੇ ਲਈ, ਭਲਾਈ ਸਕੀਮਾਂ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਅਤੇ ਮੌਕੇ ਮੁਹੱਈਏ ਕੀਤੇ ਜਾਣ। ਸਿਰਫ ਦਾਲ, ਆਟਾ, ਬਿਜਲੀ ਮੁਫਤ ਮੁਹੱਈਆ ਕੀਤਿਆਂ ਅਤੇ ਉਹਨਾ ਲਈ ਸਿਰਫ, ਉਹਨਾ ਦੀਆਂ ਵੋਟਾਂ ਲੈਣ ਲਈ ਵੋਟ ਰਾਜਨੀਤੀ ਵਾਲੀਆਂ ਸਕੀਮਾਂ ਲਾਗੂ ਕੀਤਿਆਂ, ਉਨ੍ਹਾਂ ਨੂੰ ਗਰੀਬੀ ਦੀ ਦਲਦਲ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਦੇਸ਼ ਦੀ ਗਰੀਬੀ ਨੂੰ ਦੂਰ ਕਰਨ ਲਈ ਸਰਕਾਰਾਂ ਦੀ ਸਾਫ ਨੀਅਤ ਹੋਣਾ ਲਾਜ਼ਮੀ ਹੈ ਤਾਂ ਕਿ ਉਹ ਇਨ੍ਹਾਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣ ਲਈ ਠੋਸ ਨੀਤੀ ਬਣਾਉਣ ਲਈ ਯਤਨ ਕਰੇ।

ਕੁਲਦੀਪ ਸਾਹਿਲ
9417990040



# ਵਿਆਹ ਦੀ ਭਾਜੀ

ਮੁਹੰਮਦ ਅੱਬਾਸ ਧਾਲੀਵਾਲ
98552-59650

ਪੰਜਾਬੀ ਸੱਭਿਆਚਾਰ ਵਿੱਚ ਵਿਆਹ ਮੌਕੇ, ਘਰ ਵਿੱਚ ਬੱਚੇ ਦਾ ਜਨਮ ਹੋਣ ਜਾਂ ਫਿਰ ਕੋਈ ਤਿਥ ਤਿਓਹਾਰ ਮੌਕੇ ਅਕਸਰ ਸਕੇ ਸਬੰਧੀਆਂ ਦੇ ਘਰਾਂ ਵਿੱਚ ਲੱਡੂ ਆਦਿ ਭੇਜਣ ਦਾ ਰਿਵਾਜ ਆਮ ਹੈ। ਇਨ੍ਹਾਂ ਮੌਕਿਆਂ 'ਤੇ ਮਠਿਆਈ ਵੰਡਣਾ ਸ਼ਗਨ ਮੰਨਿਆ ਜਾਂਦਾ ਹੈ। ਇੱਥੇ ਘਰ ਵਿੱਚ ਪਹਿਲੇ ਮੁੰਡੇ ਜਾਂ ਕੁੜੀ ਦਾ ਵਿਆਹ ਬੰਨ੍ਹੇ ਜਾਣ ਉਪਰੰਤ ਅਕਸਰ ਸਬੰਧਤ ਮੁੰਡੇ ਜਾਂ ਕੁੜੀ ਦੀ ਮਾਂ ਵੱਲੋਂ ਆਪਣੇ ਪੇਕੇ ਘਰ ਜਾ ਕੇ ਲੱਡੂ ਦਿੱਤੇ ਜਾਂਦੇ ਹਨ ਜਿਸ ਨੂੰ ਭੇਲੀ ਕਿਹਾ ਜਾਂਦਾ ਹੈ। ਭੇਲੀ ਦੇਣ ਦਾ ਮਕਸਦ ਧੀ ਵੱਲੋਂ ਆਪਣੇ ਮਾਪਿਆਂ ਜਾਂ ਭੈਣ ਭਰਾਵਾਂ ਤੇ ਚਾਚਿਆਂ ਤਾਇਆਂ ਨੂੰ ਇੱਕ ਪ੍ਰਕਾਰ ਸੁਨੇਹਾ ਦੇਣਾ ਹੁੰਦਾ ਹੈ ਕਿ ਉਹ ਆਪਣੀ ਪੂਰੀ ਤਿਆਰੀ ਕਰਕੇ ਪਰਿਵਾਰ ਸਮੇਤ ਵਿਆਹ ਮੌਕੇ ਪੁੱਜਣ।

ਉਂਝ ਪਹਿਲੇ ਸਮਿਆਂ ਵਿੱਚ ਪੰਜਾਬੀ ਵਿਆਹਾਂ ਵਿੱਚ ਆਮ ਤੌਰ 'ਤੇ ਮੁੱਖ ਮਠਿਆਈ ਲੱਡੂ-ਜਲੇਬੀਆਂ ਹੀ ਹੁੰਦੇ ਸਨ। ਮਠਿਆਈ ਤਿਆਰ ਕਰਨ ਲਈ ਤਿੰਨ ਚਾਰ ਦਿਨ ਪਹਿਲਾਂ ਹੀ ਘਰ ਵਿੱਚ ਹਲਵਾਈ ਲਾ ਲਿਆ ਜਾਂਦਾ ਸੀ। ਇਸ ਮੌਕੇ ਸ਼ਰੀਕੇ ਵਾਲਿਆਂ ਨੂੰ ਵਿਸ਼ੇਸ਼ ਸੱਦਾ ਦਿੱਤਾ ਜਾਂਦਾ। ਕਿਸੇ ਵੀ ਵਿਆਹ ਵਿੱਚ ਲੱਡੂ-ਜਲੇਬੀਆਂ ਵੱਡੀ ਮਿਕਦਾਰ ਵਿੱਚ ਬਣਾਏ ਜਾਂਦੇ ਅਤੇ ਵੰਡੇ ਜਾਂਦੇ ਸਨ।

ਇਸੇ ਤਰ੍ਹਾਂ ਵਿਆਹ ਤੋਂ ਬਾਅਦ ਆਪਣੇ ਆਂਢ-ਗੁਆਂਢ ਦੇ ਨਾਲ ਨਾਲ ਭਾਈਚਾਰੇ ਤੇ ਰਿਸ਼ਤੇਦਾਰਾਂ ਤੇ ਸ਼ਰੀਕਾਂ ਆਦਿ ਨੂੰ ਮਠਿਆਈ ਵੰਡੀ ਜਾਂਦੀ। ਇਸ ਨੂੰ ਵੀ ਭਾਜੀ ਹੀ ਆਖਦੇ ਸਨ।

ਹੁਣ ਮਠਿਆਈ ਦੀ ਕਿਸਮ ਅਤੇ ਇਸ ਸਬੰਧੀ ਰਿਵਾਜਾਂ ਵਿੱਚ ਤਬਦੀਲੀ ਆਈ ਹੈ। ਉਨ੍ਹਾਂ ਸਮਿਆਂ ਵਿੱਚ ਨਾ ਤਾਂ ਮਠਿਆਈ ਮੁੱਲ ਲੈਣ ਦਾ ਰਿਵਾਜ ਸੀ ਤੇ ਨਾ ਹੀ ਅੱਜ ਵਾਂਗ ਵਿਆਹ ਪੈਲੇਸਾਂ ਵਿੱਚ ਹੁੰਦੇ ਸਨ। ਵਿਆਹ ਲੜਕੇ ਦਾ ਹੋਵੇ ਭਾਵੇਂ ਲੜਕੀ ਦਾ ਘਰ ਵਿੱਚ ਕਈ ਦਿਨ ਪਹਿਲਾਂ ਹੀ ਹਲਵਾਈ ਲਗਾ ਲਿਆ ਜਾਂਦਾ। ਉਸ ਨੇ ਆਪਣੀਆਂ ਭੱਠੀਆਂ ਤਿਆਰ ਕਰਕੇ ਮਠਿਆਈ ਬਣਾਉਣੀ ਸ਼ੁਰੂ ਕਰ ਦੇਣੀ। ਜਿਸ ਦਿਨ ਹਲਵਾਈ ਨੇ ਘਰ ਲੱਗਣਾ ਹੁੰਦਾ ਸ਼ਰੀਕੇ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦੇ ਕੇ ਬੁਲਾਇਆ ਜਾਂਦਾ। ਇਸ ਰਸਮ ਨੂੰ 'ਕੜਾਹੀ ਚਾੜ੍ਹਨਾ' ਆਖਿਆ ਜਾਂਦਾ।

ਉਨ੍ਹੀਂ ਦਿਨੀਂ ਲੱਡੂਆਂ ਨੂੰ ਵੱਟਣ ਦਾ ਦ੍ਰਿਸ਼ ਵੀ ਅਤਿ ਦਿਲਕਸ਼ ਹੁੰਦਾ ਸੀ। ਇੱਕ ਵੱਡੇ ਕੜਾਹੇ ਜਾਂ ਦੇਗੇ ਵਿੱਚ ਬੂੰਦੀ ਤੇ ਚਾਸ਼ਣੀ ਨਾਲ ਤਿਆਰ ਕੀਤੇ ਲੱਡੂਆਂ ਦੇ ਸਾਮਾਨ ਨੂੰ ਸ਼ਰੀਕੇ ਵਾਲੇ ਤੇ ਦੂਜੇ ਰਿਸ਼ਤੇਦਾਰ ਇਕੱਠੇ ਬੈਠ ਕੇ ਉਨ੍ਹਾਂ ਦੇ ਲੱਡੂ ਵੱਟਦੇ। ਲੱਡੂਆਂ ਨੂੰ ਸੁਕਾਉਣ ਲਈ ਵੀ ਮੰਜਿਆਂ ਆਦਿ 'ਤੇ ਕੱਪੜੇ ਵਿਛਾ ਕੇ ਪਾਇਆ ਜਾਂਦਾ।

ਜਦੋਂ ਨਾਨਕਿਆਂ ਨੇ ਛੱਕ ਭਰਨ ਲਈ ਆਉਣਾ ਤਾਂ ਇਨ੍ਹਾਂ ਲੱਡੂਆਂ ਦੀ ਰੰਗਤ ਵੇਖਣ ਵਾਲੀ ਹੁੰਦੀ। ਨਾਨਕੇ ਮੇਲ ਨੂੰ ਪਰਾਤਾਂ ਭਰ ਭਰ ਲੱਡੂ ਜਲੇਬੀਆਂ ਅਤੇ ਦੂਜੀ ਮਠਿਆਈ ਭਾਜੀ ਦੇ ਰੂਪ ਵਿੱਚ ਦਿੱਤੀ ਜਾਂਦੀ। ਨਾਨਕਾ ਮੇਲ ਕਈ ਦਿਨਾਂ ਤੱਕ ਵਿਆਹ ਵਾਲੇ ਘਰ ਲੱਡੂ-ਜਲੇਬੀਆਂ ਦਾ ਆਨੰਦ ਮਾਣਦਾ। ਉਦੋਂ ਕੁੜੀ ਦੇ ਵਿਆਹ ਮੌਕੇ ਬਰਾਤ ਆਉਣ ਸਮੇਂ ਤੇ ਫਿਰ ਰੋਟੀ ਤੋਂ ਪਹਿਲਾਂ ਬਰਾਤ ਨੂੰ ਖ਼ੂਬ ਲੱਡੂ-ਜਲੇਬੀਆਂ ਵੰਡੇ ਜਾਂਦੇ ਸਨ। ਜਦੋਂ ਕਿ ਉਸ ਤੋਂ ਵੀ ਪਹਿਲਾਂ ਬਰਾਤਾਂ ਨੂੰ ਲੜਕੀ ਵਾਲੇ ਕਈ ਕਈ ਦਿਨ ਤੱਕ ਠਹਿਰਾਉਂਦੇ ਸਨ। ਉਦੋਂ ਅੱਜਕੱਲ੍ਹ ਵਾਂਗ ਬਹੁਤੇ ਪਕਵਾਨ ਨਹੀਂ ਸਨ ਹੁੰਦੇ। ਅਕਸਰ ਵਿਆਹਾਂ ਵਿੱਚ ਬਾਰਾਤ ਲਈ ਉਬਾਲੇ ਹੋਏ ਚਾਵਲ ਹੁੰਦੇ ਸਨ ਜਿਨ੍ਹਾਂ 'ਤੇ ਸ਼ੱਕਰ ਭੁੱਕ ਦਿੱਤੀ ਜਾਂਦੀ ਤੇ ਉੱਪਰੋਂ ਗਰਮ ਗਰਮ ਦੇਸੀ ਘਿਓ ਪਾਇਆ ਜਾਂਦਾ। ਜਿਸ ਕਿਸੇ ਨੇ ਖੁੱਲ੍ਹਾ ਘਿਓ ਵਰਤਾਉਣਾ ਤਾਂ ਬਰਾਤੀਆਂ ਨੇ ਘਰ ਵਾਪਸ ਆ ਕੁੜੀ ਵਾਲਿਆਂ ਦੀਆਂ ਸਿਫ਼ਤਾਂ ਕਰਨੀਆਂ ਕਿ ਬਰਾਤ ਦੀ ਖ਼ੂਬ ਸੇਵਾ ਕੀਤੀ।

**ਅੱਜ ਪੈਲੇਸ ਕਲਚਰ ਨੇ ਸਾਡੇ ਕਈ ਰਿਵਾਜਾਂ ਨੂੰ ਖਤਮ ਹੀ ਕਰ ਦਿੱਤਾ ਹੈ। ਅੱਜ ਪੈਲੇਸਾਂ ਵਿੱਚ ਜੋ ਡੀਜੇ ਤੇ ਆਰਕੈਸਟਰਾ ਦੀਆਂ ਉੱਚੀਆਂ ਤੇ ਧਮਕ ਪਾਊ ਆਵਾਜ਼ਾਂ ਰਾਹੀਂ ਪ੍ਰਦੂਸ਼ਣ ਫੈਲਦਾ ਹੈ, ਉਹ ਯਕੀਨਨ ਅਸਹਿ ਹੁੰਦਾ ਹੈ। ਅਜੋਕੇ ਵਿਆਹ ਨੂੰ ਪੈਲੇਸਾਂ ਦੀ ਰੀਤ ਨੇ ਇੱਕ ਵਪਾਰ ਬਣਾ ਛੱਡਿਆ ਹੈ। ਜਿਹੜੇ ਵਿਆਹ ਵਿੱਚ ਕਈ ਕਈ ਦਿਨਾਂ ਤੱਕ ਬਰਾਤਾਂ ਠਹਿਰਦੀਆਂ ਸਨ, ਹੁਣ ਉਹੋ ਵਿਆਹ ਮਹਿਜ਼ ਦੋ ਢਾਈ ਘੰਟਿਆਂ ਵਿੱਚ ਸੰਪੰਨ ਹੋ ਜਾਂਦੇ ਹਨ।**

ਵਿਆਹ ਦੌਰਾਨ ਨਿਉਂਦਾ ਲੈਣ ਦਾ ਰਿਵਾਜ ਸੀ। ਨਿਉਂਦਾ ਲਿਖਣ ਵਾਲੇ ਕੋਲ ਇੱਕ ਲੱਡੂਆਂ ਦਾ ਥਾਲ ਰੱਖਿਆ ਜਾਂਦਾ ਸੀ। ਵਿਆਹ ਤੋਂ ਬਾਅਦ ਰਿਸ਼ਤੇਦਾਰਾਂ ਦੀ ਵਿਦਾਇਗੀ ਸਮੇਂ ਉਨ੍ਹਾਂ ਨੂੰ ਕਾਫ਼ੀ ਭਾਜੀ ਬੰਨ੍ਹ ਕੇ ਦਿੱਤੀ ਜਾਂਦੀ। ਨਾਨਕਿਆਂ ਨੂੰ ਪੱਕੀ ਭਾਜੀ ਤੇ ਕੱਚੀ ਭਾਜੀ ਅਲੱਗ-ਅਲੱਗ ਦਿੱਤੀ ਜਾਂਦੀ। ਵਿਆਹ ਦੇ ਖਤਮ ਹੋਣ ਉਪਰੰਤ ਨਾਨਕਿਆਂ ਨੂੰ 'ਕੋਠੀ-ਝਾੜ' ਵੀ ਜਾਂਦਾ ਹੈ। ਇਸ ਵਿੱਚ ਵਿਆਹੁਤਾ ਲੜਕੇ ਜਾਂ ਲੜਕੀ ਦੀ ਮਾਂ ਆਪਣੇ ਪੇਕਿਆਂ ਨੂੰ ਵਿਆਹ ਖਤਮ ਹੋਣ ਉਪਰੰਤ ਮਠਿਆਈ ਦੇਣ ਜਾਂਦੀ ਸੀ। ਇਸ ਨੂੰ ਸ਼ਗਨ ਸਮਝਿਆ ਜਾਂਦਾ ਸੀ। ਫਿਰ ਇਸ ਕੋਠੀ ਝਾੜ ਵਾਲੀ ਭਾਜੀ ਵਿੱਚੋਂ ਵੀ ਲੱਡੂ ਤੇ ਖੁਰਮੇ ਆਦਿ ਆਪਣੇ ਸ਼ਰੀਕੇ ਵਿੱਚ ਵੰਡਦੇ। ਅਜਿਹਾ ਕਰਨ ਨਾਲ ਆਪਸੀ ਭਾਈਚਾਰਕ ਸਾਂਝ ਵਿੱਚ ਵਾਧਾ ਹੁੰਦਾ ਸੀ।

ਪਹਿਲਾਂ ਜਦੋਂ ਵਿਆਹ ਘਰਾਂ ਵਿੱਚ ਟੈਂਟ ਲਾ ਕੇ ਹੋਇਆ ਕਰਦੇ ਸਨ ਤਾਂ ਘਰ ਵਿੱਚ ਕਈ ਦਿਨਾਂ ਤੱਕ ਰੌਣਕ ਰਹਿਣੀ। ਇਸ ਦੌਰਾਨ ਦਾਦਕੀਆਂ ਨੇ ਨਾਨਕੀਆਂ ਨੂੰ ਤੇ ਨਾਨਕੀਆਂ ਨੇ ਦਾਦਕੀਆਂ ਨੂੰ ਸਿੱਠਣੀਆਂ ਦੇਣੀਆਂ। ਬੋਲੀਆਂ ਪਾਉਣੀਆਂ ਤੇ ਗਿੱਧਾ ਪੈਣਾ। ਅੱਜ ਪੈਲੇਸ ਕਲਚਰ ਨੇ ਸਾਡੇ ਕਈ ਰਿਵਾਜਾਂ ਨੂੰ ਖਤਮ ਹੀ ਕਰ ਦਿੱਤਾ ਹੈ। ਅੱਜ ਪੈਲੇਸਾਂ ਵਿੱਚ ਜੋ ਡੀਜੇ ਤੇ ਆਰਕੈਸਟਰਾ ਦੀਆਂ ਉੱਚੀਆਂ ਤੇ ਧਮਕ ਪਾਊ ਆਵਾਜ਼ਾਂ ਰਾਹੀਂ ਪ੍ਰਦੂਸ਼ਣ ਫੈਲਦਾ ਹੈ, ਉਹ ਯਕੀਨਨ ਅਸਹਿ ਹੁੰਦਾ ਹੈ। ਅਜੋਕੇ ਵਿਆਹ ਨੂੰ ਪੈਲੇਸਾਂ ਦੀ ਰੀਤ ਨੇ ਇੱਕ ਵਪਾਰ ਬਣਾ ਛੱਡਿਆ ਹੈ। ਜਿਹੜੇ ਵਿਆਹ ਵਿੱਚ ਕਈ ਕਈ ਦਿਨਾਂ ਤੱਕ ਬਰਾਤਾਂ ਠਹਿਰਦੀਆਂ ਸਨ, ਹੁਣ ਉਹੋ ਵਿਆਹ ਮਹਿਜ਼ ਦੋ ਢਾਈ ਘੰਟਿਆਂ ਵਿੱਚ ਸੰਪੰਨ ਹੋ ਜਾਂਦੇ ਹਨ।

ਇੱਥੋਂ ਤਕ ਕਿ ਵਿਆਹ ਦੇ ਕਾਰਡਾਂ ਉੱਤੇ ਵੀ ਵਧੇਰੇ ਕਰਕੇ ਘਰ ਦੀ ਥਾਂ ਅਕਸਰ ਪੈਲੇਸ ਦਾ ਪਤਾ ਹੀ ਲਿਖਿਆ ਮਿਲਦਾ ਹੈ ਤੇ ਬਹੁਤ ਸਾਰੇ ਰਿਸ਼ਤੇਦਾਰ ਤੇ ਸਕੇ-ਸਬੰਧੀ ਵਿਆਹ ਵਿੱਚ ਸ਼ਾਮਲ ਹੋਣ ਨੂੰ ਮਹਿਜ਼ ਇੱਕ ਰਸਮ ਮਹਿਸੂਸ ਕਰਦੇ ਹਨ। ਇਹੋ ਵਜ੍ਹਾ ਹੈ ਕਿ ਲੋਕੀਂ ਇਸ ਰਸਮ ਨੂੰ ਨਿਭਾਉਣ ਹਿਤ ਸਿੱਧੇ ਪੈਲੇਸ ਹੀ ਪਹੁੰਚਦੇ ਹਨ ਤੇ ਸ਼ਗਨ ਪਾਉਣ ਦੀ ਰਸਮੀ ਕਾਰਵਾਈ ਪਾ ਕੇ ਚੱਲਦੇ ਬਣਦੇ ਹਨ।

# ਕਲਾ, ਸਾਹਿਤ ਅਤੇ ਖ਼ੂਬਸੂਰਤੀ ਦਾ ਸੁਮੇਲ ਮੈਕਸਿਕੋ

ਸਫ਼ਾ 5 ਦੀ ਬਾਕੀ

'ਚ ਸਥਾਨਕ ਲੋਕਾਂ ਦੁਆਰਾ ਤਿਆਰ ਕੀਤੀਆਂ ਛੋਟੀਆਂ-ਵੱਡੀਆਂ ਸਜਾਵਟੀ ਚੀਜ਼ਾਂ ਤਾਂ ਬਾਕਮਾਲ ਹੈ ਹੀ ਸਨ, ਪਰ ਜਿਹੜੀ ਚੀਜ਼ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਉਹ ਸੀ ਮਹਾਤਮਾ ਗਾਂਧੀ ਦੇ ਨਾਮ 'ਤੇ ਬਣੇ ਹੋਏ ਕਿਤਾਬ ਘਰ। ਹਰ ਨੁੱਕਰ ਵਿੱਚ ਮਹਾਤਮਾ ਗਾਂਧੀ ਦੇ ਨਾਮ 'ਤੇ ਕਿਤਾਬ ਘਰ ਤੇ ਲਾਇਬ੍ਰੇਰੀਆਂ ਦੀ ਭਰਮਾਰ ਹੈ। ਇਹ ਸਾਡੇ ਲਈ ਅਚੰਭਾ ਤੇ ਉਤਸੁਕਤਾ ਭਰੀ ਗੁੱਥੀ ਸੀ। ਇਹ ਵੀ ਆਪਣੇ-ਆਪ ਵਿੱਚ ਕਮਾਲ ਦੀ ਭਾਵਨਾ ਹੈ ਕਿ ਐਨਾ ਲੰਬਾ ਸਮਾਂ ਕੋਈ ਮੁਲਕ ਗ਼ੁਲਾਮ ਰਹਿਣ ਦੇ ਬਾਵਜੂਦ ਸਾਹਿਤ-ਕਲਾ ਦੇ ਰੁਝਾਨ ਨੂੰ ਬਰਕਰਾਰ ਰੱਖ ਸਕਿਆ ਹੈ। ਅਸੀਂ ਮੈਕਸੀਕੋ 'ਚ ਮਹਾਤਮਾ ਗਾਂਧੀ 'ਤੇ ਬਣੇ ਬਹੁਤ ਵੱਡੇ ਕਿਤਾਬ ਘਰ ਦਾ ਵੀ ਚੱਕਰ ਲਗਾਇਆ।

ਤੀਸਰੇ ਦਿਨ ਤੜਕੇ-ਤੜਕੇ ਅਸੀਂ ਪਹਿਲਾਂ ਟਰੇਨ ਵਿੱਚ ਬੈਠ ਕੇ ਬੱਸ ਅੱਡੇ ਲਈ ਰਵਾਨਾ ਹੋਏ। ਇੱਕ ਘੰਟੇ ਦੇ ਸਫ਼ਰ ਤੋਂ ਬਾਅਦ 'ਮੈਕਸੀਕਨ ਪਿਰਾਮਿਡ' ਦੇਖਣ ਪਹੁੰਚੇ। ਸੂਰਜ ਦੀ ਧਰਮ ਵਿੱਚ ਖ਼ਾਸ ਅਹਿਮੀਅਤ ਹੋਣ ਕਰਕੇ ਇਨ੍ਹਾਂ ਨੂੰ 'ਸੂਰਜ ਦੇ ਪਿਰਾਮਿਡ' ਵੀ ਕਿਹਾ ਜਾਂਦਾ ਹੈ। ਸਦੀਆਂ ਪੁਰਾਣੇ ਤੇ ਲਗਭਗ 213 ਫੁੱਟ ਉੱਚੇ ਪਿਰਾਮਿਡ ਉੱਥੋਂ ਦੀ ਅਮੀਰ ਸੱਭਿਅਤਾ ਨੂੰ ਦਰਸਾਉਂਦੇ ਹਨ। ਸੈਂਕੜੇ ਏਕੜਾਂ 'ਚ ਫੈਲੇ ਇਹ ਪੁਰਾਤਨ ਪੱਥਰ ਦੇ ਬਣੇ ਪਿਰਾਮਿਡ 200 ਸੀ. ਈ. ਦੇ ਸਮੇਂ ਹੋਂਦ ਵਿੱਚ ਆਏ ਸਨ। ਪੁਰਤਾਨ ਕਸਬੇ, ਪਾਣੀ ਦਾ ਪ੍ਰਬੰਧ, ਮਲ-ਤਿਆਗ ਦਾ ਪ੍ਰਬੰਧ ਅਤੇ ਮੰਡੀ ਦੀ ਵਿਵਸਥਾ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਦੇਖਣ 'ਤੇ ਹੈਰਾਨੀ ਹੋਈ ਕਿ ਪੁਰਾਤਨ ਸਮੇਂ ਵਿੱਚ ਵੀ ਮੈਕਸਿਕੋ ਦੀ ਸੱਭਿਅਤਾ ਕਿੰਨੀ ਅਮੀਰ ਤੇ ਅਗਾਂਹਵਧੂ ਸੀ। ਪਾਣੀ ਦਾ ਪ੍ਰਬੰਧ ਤੇ ਨਗਰਾਂ ਦੀ ਉਸਾਰੀ ਕਿੰਨੇ ਆਧੁਨਿਕ ਢੰਗ ਤੇ ਨਕਸ਼ੇ ਦੀ ਤਰਤੀਬ ਵਿੱਚ ਕੀਤੀ ਗਈ ਸੀ, ਇਹ ਦੇਖਣਾ ਆਪਣੇ ਆਪ ਵਿੱਚ ਇੱਕ ਵੱਖਰਾ ਅਨੁਭਵ ਸੀ ਜੋ ਹੜੱਪਾ ਸੱਭਿਅਤਾ ਨਾਲ ਮਿਲਦਾ-ਜੁਲਦਾ ਸੀ। ਸ਼ਾਇਦ ਇਸੇ ਪੁਰਤਾਨ ਵਿਰਾਸਤ ਕਾਰਨ ਮੈਕਸੀਕਨ ਸੱਭਿਅਤਾ ਵੀ ਬਹੁਤ ਅਮੀਰ ਤੇ ਆਧੁਨਿਕ ਸੱਭਿਆਤਾਵਾਂ ਵਿੱਚ ਸ਼ਾਮਲ ਹੈ।

ਚੌਥਾ ਦਿਨ ਅਸੀਂ ਸਾਹਿਤਕ ਥਾਵਾਂ ਨੂੰ ਸਮਰਪਿਤ ਕਰਨਾ ਚਾਹੁੰਦੇ ਸਾਂ। ਹੋਟਲ ਵਿੱਚੋਂ ਨਿਕਲਣ ਤੋਂ ਪਹਿਲਾਂ ਅਸੀਂ ਕੁਝ ਲਾਇਬ੍ਰੇਰੀਆਂ ਦੇਖਣ ਦੀ ਸੂਚੀ ਬਣਾਈ। ਜ਼ਿਆਦਾਤਰ ਲਾਇਬ੍ਰੇਰੀਆਂ ਦੇ ਨਾਮ ਮਹਾਤਮਾ ਗਾਂਧੀ ਦੇ ਨਾਮ 'ਤੇ ਹਨ। ਸਾਨੂੰ ਜਿਹੜੀਆਂ ਗੱਲਾਂ ਨੇ ਹੈਰਾਨ ਕੀਤਾ ਉਨ੍ਹਾਂ ਵਿੱਚੋਂ ਪਹਿਲੀ ਗੱਲ ਸੀ ਸਾਹਿਤ ਪ੍ਰਤੀ ਲੋਕਾਂ ਦੀ ਖਿੱਚ। ਕਿਉਂਕਿ ਕੈਨੇਡਾ-ਅਮਰੀਕਾ ਵਿੱਚ ਜਿਸ ਤਰ੍ਹਾਂ ਮੈਕਸਿਕੋ ਪ੍ਰਤੀ ਸਿਰਫ਼ ਨਸ਼ਾਖੋਰੀ ਤੇ ਜ਼ਹਾਲਤ ਭਰੇ ਪੱਛੜੇ ਲੋਕਾਂ ਵਾਲੀ ਧਾਰਨਾ ਬਣੀ ਹੋਈ ਹੈ, ਪ੍ਰੰਤੂ ਇੱਥੇ ਹਾਲਾਤ ਉਸ ਦੇ ਬਿਲਕੁਲ ਉਲਟ ਸੀ। ਦੂਜੀ ਹੈਰਾਨੀ ਹੋਈ ਮਹਾਤਮਾ ਗਾਂਧੀ ਦੇ ਨਾਮ 'ਤੇ ਲਾਇਬ੍ਰੇਰੀਆਂ ਦੀ ਬਹੁਤਾਤ। ਵਿਦੇਸ਼ ਅੰਦਰ ਮਹਾਤਮਾ ਗਾਂਧੀ ਦੇ ਨਾਮ 'ਤੇ ਲਾਇਬ੍ਰੇਰੀਆਂ ਹੋਣਾ ਬਿਲਕੁਲ ਨਵਾਂ ਅਨੁਭਵ ਸੀ।

ਸ਼ਹਿਰ ਦੀ ਸਭ ਤੋਂ ਮਸ਼ਹੂਰ ਲਾਇਬ੍ਰੇਰੀ ਪਹੁੰਚਣ ਤੋਂ ਪਹਿਲਾਂ ਅਸੀਂ 'ਸਨ ਜੂੰਆਂ ਪਾਬਲੋ' ਦੀ ਮਸ਼ਹੂਰ ਚਰਚ ਵਿੱਚ ਦਾਖਲ ਹੋਏ। ਚਰਚ ਦੇ ਆਲੇ-ਦੁਆਲੇ ਈਸਾਈ ਧਰਮ ਤੇ ਚਰਚ ਨਾਲ ਸਬੰਧਿਤ ਦੁਕਾਨਾਂ ਸਨ। ਹਾਲਾਂਕਿ ਪਿਰਾਮਿਡ ਦੇਖਣ ਤੇ ਲੱਗਦਾ ਸੀ ਕਿ ਮੈਕਸੀਕਨ ਲੋਕਾਂ ਲਈ ਕਿਸੇ ਵੇਲੇ ਪੂਜਣ ਲਈ ਜਾਂ ਧਰਮ ਦੇ ਨਾਮ 'ਤੇ ਸਿਰਫ਼ ਕੁਦਰਤੀ ਸਰੋਤ ਹੀ ਸਨ ਜਿਵੇਂ ਕਿ ਸੂਰਜ, ਪ੍ਰੰਤੂ ਸਪੇਨੀਆਂ ਨੇ ਨਾ ਸਿਰਫ਼ ਆਪਣੀ ਭਾਸ਼ਾ ਸਗੋਂ ਧਰਮ ਵੀ ਮੈਕਸੀਕਨ ਲੋਕਾਂ 'ਤੇ ਥੋਪਿਆ। ਇਹੀ ਕਾਰਨ ਹੈ ਕਿ ਮੈਕਸਿਕੋ ਵਿੱਚ ਚਰਚ ਕਾਫ਼ੀ ਵੱਡੀ ਗਿਣਤੀ ਵਿੱਚ ਹਨ। ਅਖੀਰ ਅਸੀਂ ਮਸ਼ਹੂਰ ਲਾਇਬ੍ਰੇਰੀ 'ਕੈਫ-ਕਿਤਾਬ ਘਰ ਏਲ ਪੈਂਡੁਲੋ' ਵਿੱਚ ਪਹੁੰਚੇ। ਇਸ ਲਾਇਬ੍ਰੇਰੀ ਵਿੱਚ ਬਹੁਤ ਕੁਝ ਖ਼ਾਸ ਸੀ। ਇੰਝ ਕਹਿ ਲਵੋ ਕਿਤਾਬਾਂ ਤੇ ਚਾਹ-ਕੌਫ਼ੀ ਦੇ ਸ਼ੌਕੀਨਾਂ ਲਈ ਤਾਂ ਜਿਵੇਂ ਸਵਰਗ ਹੋਵੇ। ਤਿੰਨ ਮੰਜ਼ਿਲਾਂ ਇਮਾਰਤ ਵਿੱਚ ਬਣੀ ਇਹ ਲਾਇਬ੍ਰੇਰੀ ਕਿਤਾਬਾਂ, ਕੌਫ਼ੀ ਤੇ ਖਾਣ-ਪੀਣ ਦਾ ਬਿਹਤਰੀਨ ਸੁਮੇਲ ਸੀ। ਅੰਦਰ ਜਾਂਦਿਆਂ ਉੱਚੀਆਂ ਕੰਧਾਂ ਤੇ ਕਿਤਾਬਾਂ ਦੀਆਂ ਸ਼ੈਲਫਾਂ ਵਿੱਚ ਪਿਆ ਸਪੈਨਿਸ਼-ਇੰਗਲਿਸ਼ ਸਾਹਿਤ। ਇੱਕ ਪਾਸੇ ਕੌਫ਼ੀ ਹਾਊਸ ਤੇ ਖਾਣੇ ਦੇ ਲੱਗੇ ਟੇਬਲ। ਖਾਣੇ ਦਾ ਪ੍ਰਬੰਧ ਹੋਣ ਦੇ ਬਾਵਜੂਦ ਪੜ੍ਹਨ ਨੂੰ ਤਰਜੀਹ ਦੇਣ ਵਾਲਾ ਮਾਹੌਲ ਸੀ। ਦੂਸਰੀ ਮੰਜ਼ਿਲ ਚੜ੍ਹਦਿਆਂ ਪੌੜੀਆਂ ਦੇ ਦੋਵੇਂ ਪਾਸੇ ਕਿਤਾਬਾਂ ਦੀਆਂ ਸ਼ੈਲਫਾਂ ਵਿੱਚ ਸਾਹਿਤਕ ਕਿਤਾਬਾਂ ਸਨ। ਇੰਝ ਪ੍ਰਤੀਤ ਹੋ ਰਿਹਾ ਸੀ ਕਿ ਪੌੜੀਆਂ ਚੜ੍ਹਨਾ ਵੀ ਤੁਹਾਨੂੰ ਕਿਤਾਬਾਂ ਤੋਂ ਦੂਰ ਨਹੀਂ ਜਾਣ ਦਿੰਦਾ। ਕਿਤਾਬਾਂ ਨਾਲ ਲੱਦੀਆਂ ਗਿਆਨ ਦੀਆਂ ਪੌੜੀਆਂ। ਦੂਸਰੀ ਮੰਜ਼ਿਲ ਦੀ ਬਾਲਕੋਨੀ ਵਿੱਚ ਬਣੀਆਂ ਆਰਾਮਦਾਇਕ ਕੁਰਸੀਆਂ ਤੋਂ ਦਿਖ ਰਿਹਾ ਬਾਹਰ ਸੜਕ ਦਾ ਦ੍ਰਿਸ਼ ਤੇ ਗਮਲਿਆਂ ਦੀ ਹਰਿਆਲੀ ਪੜ੍ਹਨ ਦੇ ਮਾਹੌਲ ਨੂੰ ਹੋਰ ਵੀ ਖ਼ੁਸ਼ਨੁਮਾ ਬਣਾ ਰਿਹਾ ਸੀ। ਦੂਸਰੀ ਮੰਜ਼ਿਲ ਲਗਭਗ ਸਾਰੀ ਬਾਲ ਸਾਹਿਤ ਨਾਲ ਭਰਪੂਰ ਸੀ। ਤੀਸਰੀ ਮੰਜ਼ਿਲ 'ਤੇ ਸ਼ਰਾਬੀ ਸਾਹਿਤਕਾਰਾਂ ਲਈ ਬਾਰ ਬਣਿਆ ਹੋਇਆ ਸੀ ਤੇ ਛੱਤ ਤੇ ਰੰਗ-ਬਿਰੰਗੇ ਕੱਚ ਵਿੱਚੋਂ ਸੂਰਜ ਦਾ ਪ੍ਰਕਾਸ਼ ਆ ਰਿਹਾ ਸੀ। ਸ਼ਰਾਬਾਂ ਤੇ ਕਿਤਾਬਾਂ ਦਾ ਸੁਮੇਲ ਥੋੜਾ ਅਜੀਬ ਲੱਗਿਆ, ਪ੍ਰੰਤੂ ਮੈਕਸੀਕਨ ਲੋਕ ਇਸ ਸੁਮੇਲ ਨੂੰ ਹੋਰ ਤਰ੍ਹਾਂ ਮਾਣਦੇ ਹਨ। ਹਰ ਸੱਭਿਆਚਾਰ ਦੇ ਆਪਣ-ਆਪਣੇ ਰੰਗ-ਰਸ ਹਨ।

ਆਖਰੀ ਦਿਨ ਅਸੀਂ ਸ਼ਹਿਰ ਦੇ ਸਭ ਤੋਂ ਮਸ਼ਹੂਰ ਪਾਰਕ 'ਚੈਪੁਲਟਪੈਕ' 'ਚ ਬਣੇ ਚਿੜੀਆ ਘਰ, ਮਹਿਲ ਤੇ ਖ਼ੂਬਸੂਰਤ ਮੂਰਤੀਆਂ ਦੇਖਣ ਲਈ ਰਵਾਨਾ ਹੋਏ। ਸ਼ਾਮ ਨੂੰ ਕੈਨੇਡਾ ਦੀ ਵਾਪਸੀ ਹੋਣ ਕਰਕੇ ਅਸੀਂ ਸਮੇਂ ਦਾ ਖ਼ੂਬ ਲਾਹਾ ਲੈਣ ਲਈ ਆਪਣਾ ਸਾਮਾਨ ਹੋਟਲ ਵਿੱਚੋਂ ਚੁੱਕ ਕੇ ਸਵੇਰੇ-ਸਵੇਰੇ ਹੀ ਕਮਰਾ ਖਾਲੀ ਕਰ ਦਿੱਤਾ ਤਾਂ ਜੋ ਘੁੰਮਦੇ-ਘੁਮਾਉਂਦੇ ਹੀ ਏਅਰਪੋਰਟ ਪਹੁੰਚੀਏ। ਚੈਪੁਲਟਪੈਕ ਪਾਰਕ ਪਹੁੰਚ ਕੇ ਪਤਾ ਲੱਗਾ ਕਿ ਚਿੜੀਆ ਘਰ ਕੁਝ ਕਾਰਨਾਂ ਕਰਕੇ ਬੰਦ ਸੀ। ਪੈਲੇਸ ਦੇ ਖੁੱਲ੍ਹਣ ਵਿੱਚ ਸਮਾਂ ਹੋਣ ਕਰਕੇ ਅਸੀਂ ਪਾਰਕ ਵਿੱਚ ਘੁੰਮਣ ਚਲੇ ਗਏ। ਅਲੱਗ-ਅਲੱਗ ਤਰ੍ਹਾਂ ਦੇ ਰੁੱਖ ਤੇ ਕਲਾਕਾਰੀ ਦੇ ਉੱਤਮ ਨਮੂਨੇ ਮੂਰਤੀਆਂ ਦੀਆਂ ਬਾਰੀਕੀਆਂ ਦੇਖ ਕੇ ਦਿਲ ਨੂੰ ਡੋਬ ਪੈ ਰਹੇ ਸਨ ਕਿ ਸਾਡਾ ਮੈਕਸਿਕੋ ਵਿੱਚ ਆਖਰੀ ਦਿਨ ਸੀ। ਸਾਹਿਤ, ਕਲਾ, ਕੁਦਰਤ ਦੇ ਨਜ਼ਾਰਿਆਂ ਭਰੇ ਅਸਮਾਨ 'ਚ ਉੱਡਦਿਆਂ ਸ਼ਿਫਟਾਂ ਦੀ ਘੁੰਮਣਘੇਰੀ ਵਿੱਚ ਫਸਣ ਨੂੰ ਭਲਾਂ ਕਿਸਦਾ ਦਿਲ ਕਰਦਾ ਹੈ?

ਕੁਝ ਸਮਾਂ ਬਿਤਾਉਣ ਤੋਂ ਬਾਅਦ ਅਸੀਂ ਮਹਿਲ ਦੇਖਣ ਲਈ ਟਿਕਟਾਂ ਖ਼ਰੀਦੀਆਂ ਤੇ ਕਾਫ਼ੀ ਲੰਮਾ ਪੈਂਡਾ ਤੁਰਨ ਤੋਂ ਬਾਅਦ ਮਹਿਲ ਵਿੱਚ ਦਾਖਲ ਹੋਏ। ਕਿਸੇ ਵੇਲੇ ਸਪੇਨੀਆਂ ਦੇ ਐਸ਼-ਆਰਾਮ ਲਈ ਵਰਤਿਆ ਜਾਂਦਾ ਇਹ ਮਹਿਲ ਅੱਜ-ਕੱਲ੍ਹ ਮਿਊਜ਼ੀਅਮ ਵਿੱਚ ਬਦਲ ਦਿੱਤਾ ਗਿਆ ਹੈ। ਐਸ਼ਪ੍ਰਸਤੀ ਤੇ ਹਰ ਆਮ ਵਰਤੋਂ ਵਾਲੀ ਚੀਜ਼ ਨੂੰ ਖ਼ਾਸ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਸੀ। ਉਦਾਹਰਨ ਵਜੋਂ ਜੇ ਲੋਕ ਪੀਣ ਵਾਲੇ ਪਾਣੀ ਲਈ ਮੁਥਾਜ ਸਨ ਤਾਂ ਮਹਿਲ ਵਿੱਚ ਬੇਸ਼ਕੀਮਤੀ ਬਰਤਨਾਂ ਦੀ ਭਰਮਾਰ ਸੀ। ਮਹਿੰਗਾ ਫਰਨੀਚਰ ਤੇ ਪਖਾਨੇ ਵਿੱਚ ਹਰ ਤਰ੍ਹਾਂ ਦੀ ਸੁਵਿਧਾ ਇਹ ਦਰਸਾਅ ਰਹੀ ਸੀ ਕਿ ਸਪੇਨੀਆਂ ਨੇ ਹਰ ਸੁੱਖ-ਸਹੂਲਤ ਦਾ ਆਨੰਦ ਮੈਕਸਿਕੋ ਦੀ ਲੁੱਟ ਦੇ ਆਸਰੇ ਲਿਆ ਸੀ। ਇਹ ਮਹਿਲ ਮੈਕਸਿਕੋ ਦੀ ਇੱਕ ਪਹਾੜੀ ਉੱਪਰ ਬਣਿਆ ਹੋਣ ਕਰਕੇ ਇਸ ਦੇ ਚਾਰ-ਚੁਫੇਰੇ ਸ਼ਹਿਰ ਦਾ ਨਜ਼ਾਰਾ ਕਾਫ਼ੀ ਖ਼ੂਬਸੂਰਤ ਸੀ। ਮੈਕਸਿਕੋ ਵਿੱਚ ਆਖ਼ਰੀ ਦਿਨ ਦਾ ਭਰਪੂਰ ਆਨੰਦ ਲੈਣ 'ਤੇ ਖ਼ੁਸ਼ੀ ਹੋ ਰਹੀ ਸੀ। ਮਹਿਲ ਵਿੱਚੋਂ ਬਾਹਰ ਆ ਕੇ ਅਸੀਂ ਏਅਰਪੋਰਟ ਲਈ ਰਵਾਨਾ ਹੋਏ। ਕੈਨੇਡਾ ਪਹੁੰਚਣ ਤੋਂ ਬਾਅਦ ਕਈ ਦਿਨਾਂ ਤੱਕ ਦਿਲ ਵਿੱਚੋਂ ਇਹੀ ਆਵਾਜ਼ ਆਉਂਦੀ ਰਹੀ 'ਆਜਾ ਮੈਕਸਿਕੋ ਚੱਲੀਏ!'

ਸੰਪਰਕ: +1 514-576-4373

# ਹਰਦੀਪ ਸੱਭਰਵਾਲ ਦਾ ਪੰਜਾਬੀ ਕਵਿਤਾ ਦੀ ਦਹਿਲੀਜ਼ 'ਤੇ ਸਵਾਗਤ



ਹਰਦੀਪ ਸੱਭਰਵਾਲ ਆਪਣੇ ਹਿੰਦੀ ਕਾਵਿ ਸੰਗ੍ਰਹਿ ਰਾਹੀਂ ਜਿਕਰਯੋਗ ਸਥਾਨ ਬਣਾ ਚੁੱਕਾ ਹੈ। ਪੰਜਾਬੀ ਕਵਿਤਾ ਵਿਚ ਹਰਦੀਪ ਦਾ ਆਉਣਾ ਸ਼ੁਭ ਸ਼ਗਨ ਹੈ। ਹਰਦੀਪ ਸਭੱਰਵਾਲ ਸੰਘਰਸ਼ ਕਰਦਾ-ਕਰਦਾ ਸੰਘਰਸ਼ ਨੂੰ ਆਪਣਾ ਹਥਿਆਰ ਬਣਾ ਲੈਂਦਾ ਹੈ। ਉਹ ਬਹੁਤ ਕੋਮਲ ਹੈ ਪਰ ਉਸ ਦੀ ਕਵਿਤਾ ਬਹੁਤ ਸਖ਼ਤ। ਹਰਦੀਪ ਦੀ ਕਵਿਤਾ ਨੇ ਉਸ ਨੂੰ ਸੰਭਾਲਿਆ ਹੈ। ਹਰਦੀਪ ਦੀ ਕਵਿਤਾ ਲਤਾੜੇ ਗਏ ਮਨੁੱਖ ਨਾਲ ਆ ਖੜ੍ਹਦੀ ਹੈ। ਉਸ ਦੀ ਕਵਿਤਾ ਸੰਘਰਸ਼ ਨਾਲ ਖਹਿ ਰਹੇ ਮਨੁੱਖ ਦੀ ਕਵਿਤਾ ਹੈ। ਉਸ ਦੀ ਕਵਿਤਾ ਸਾਡੇ ਸਮਾਜ ਵਿੱਚ ਸੋਸ਼ਿਤ ਹੋ ਰਹੇ ਮਨੁੱਖ ਦੀ ਦਾਸਤਾਨ ਸੁਣਾਉਂਦੀ ਹੈ ਤੇ ਗਰੀਬ ਦੀ ਧਿਰ ਬਣਦੀ ਹੈ। ਹਰਦੀਪ ਦੀ ਕਵਿਤਾ ਨੂੰ ਇਸ ਲਈ ਵੀ ਪੜ੍ਹਨਾ ਬਣਦਾ ਹੈ ਕਿਉਂਕਿ ਉਹ ਹਾਸ਼ੀਏ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਅਵਾਜ਼ ਬਣਦਾ ਹੈ।

ਨਵਦੀਪ ਸਿੰਘ ਮੁੰਡੀ

## ਧੂੜ

ਦਰਬਾਰ ਸਾਹਿਬ ਮੱਥਾ ਟੇਕ ਲਿਆ
ਕੀਰਤਨ ਸਰਵਣ ਕਰਦੇ ਹੋਏ
ਪਵਿੱਤਰ ਸਰੋਵਰ ਦੀ ਪਰਿਕਰਮਾ ਵੀ ਕਰ ਲਈ
ਕੜਾਹ-ਪ੍ਰਸ਼ਾਦਿ ਛਕਣ ਤੋਂ ਬਾਅਦ ਜੋੜੇਘਰ ਪਹੁੰਚ ਗਿਆ
ਸੇਵਾਦਾਰ ਤੋਂ ਆਪਣਾ ਚਮੜੇ ਦਾ ਬੂਟ ਫੜਦੇ ਹੀ
ਇਕ ਦਮ ਨਜਰ ਬੂਟਾਂ ਤੇ ਰੁਕ ਗਈ

ਜਦੋਂ ਆਇਆ ਸੀ ਤਾਂ ਇਹ ਬੂਟ ਧੂੜ ਦੇ ਭਰੇ ਹੋਏ ਸਨ
ਬਿਲਕੁਲ ਮੈਲੇ ਕੁਚੇਲੇ ਤੇ ਪੁਰਾਣੇ ਲੱਗ ਰਹੇ ਸਨ
ਹੁਣ ਪਲਿਸ਼ ਕੀਤੇ ਹੋਏ ਬਿਲਕੁਲ ਨਵੇਂ ਨਕੋਰ ਚਮਕ ਰਹੇ

ਬੂਟਾਂ ਤੇ ਪਈ ਧੂੜ ਨੂੰ ਯਾਦ ਕਰਦਿਆਂ ਹੀ
ਮੈਨੂੰ ਮਨ ਉਤੇ ਪਈ ਵਿਕਾਰਾ ਦੀ ਧੂੜ ਸਹਿਜ ਸਾਹਮਣੇ ਨਜਰ ਆਈ
ਜਦੋਂ ਆਇਆ ਸੀ ਤਾਂ ਮਨ ਕਿੰਨੀਆ ਧੂੜਾ ਨਾਲ ਭਰਿਆ ਹੋਇਆ ਸੀ
ਹੁਣ ਜਾਣ ਵੇਲੇ ਵੀ ਉੰਨਾ ਹੀ ਮੈਲਾ ਕੁਚੈਲਾ ਮਹਿਸੂਸ ਹੋ ਰਿਹਾ

ਕਾਸ਼ ਕਿ ਮਨ ਤੇ ਜੰਮੀ ਹੋਈ ਧੂੜ ਨੂੰ ਵੀ ਸਾਫ਼ ਕਰਨਾ
ਬੂਟਾਂ ਤੇ ਪਈ ਧੂੜ ਨੂੰ ਸਾਫ ਕਰਨ ਜਿੰਨਾ ਸੌਖਾ ਹੁੰਦਾ...

## ਆਖ਼ਰੀ ਪੁਰਸ਼



ਮੇਰੀ ਮਾਂ ਦੁਨੀਆਂ ਦੀ ਪਹਿਲੀ ਔਰਤ ਨਹੀਂ ਸੀ
ਜੋ ਸੁਪਨੇ ਵੇਖਿਆ ਕਰਦੀ ਸੀ
ਤੇ ਫਿਰ ਉਹਨਾਂ ਸੁਪਨਿਆਂ ਨੂੰ ਛਿੱਕੇ ਤੇ ਟੰਗ ਦਿੰਦੀ ਸੀ

ਮਾਵਾਂ ਵਿਚ ਅਸੀਂ ਝਾਂਸੀ ਦੀ ਰਾਣੀਆਂ ਨਹੀਂ ਵੇਖਦੇ
ਪਰ ਫਿਰ ਵੀ ਉਹ ਬੱਚਿਆਂ ਨੂੰ ਪਿੱਠ ਤੇ ਲੱਦ ਕੇ
ਡਟੀਆਂ ਰਹਿੰਦੀਆਂ
ਜੀਵਣ ਦੇ ਰਣ ਖੇਤਰ ਵਿਚ
ਬੱਚਿਆਂ ਦੀ ਚੰਨ ਲੈਣ ਦੀ ਇੱਛਾ ਲਈ
ਆਪਣੇ ਸੁਪਨਿਆਂ ਨੂੰ ਤੋੜ ਕੇ ਕੁਝ ਕਟੋਰੇ ਬਣਾ
ਉਹਨਾਂ ਦੇ ਚੰਨ ਨੂੰ ਕਟੋਰੇ ਵਿਚ ਲਿਆਉਣ ਦੀ
ਅਸਫਲ ਕੋਸ਼ਿਸ਼ ਕਰਦੀਆਂ

ਮੇਰੀ ਧੀ ਦੁਨੀਆਂ ਦੀ ਆਖਰੀ ਔਰਤ ਨਹੀਂ ਹੋਵੇਗੀ
ਜੋ ਸੁਪਨੇ ਵੇਖਿਆ ਕਰੇਗੀ
ਅਤੇ ਫਿਰ ਉਹਨਾਂ ਸੁਪਨਿਆਂ ਨੂੰ ਛਿੱਕੇ ਤੇ ਟੰਗ ਦੇਵੇਗੀ

ਮੈਂ ਇਕ ਪੁਰਸ਼
ਕਿਸੇ ਵੀ ਹੋਰ ਪੁਰਸ਼ ਵਾਂਗ
ਆਪਣੀ ਮਰਦਾਨਗੀ ਤੇ ਮਾਣ ਕਰਦਾ
ਉਹਨਾਂ ਦੇ ਸੁਪਨਿਆਂ ਨੂੰ ਨੀਵੀਂ ਨਜ਼ਰ ਨਾਲ ਵੇਖਦਾ
ਆਪਣੀ ਤਾਕਤ ਦੇ ਮਦ ਵਿਚ ਚੂਰ
ਆਪਣੇ ਬਲਾਤਕਾਰੀ ਹੋਣ ਤੇ ਮਾਣ ਮਹਿਸੂਸ ਕਰਦਾ
ਆਪਣੀਆਂ ਹੀ ਹੀਣ ਗ੍ਰੰਥੀਆਂ ਵਿਚ
ਔਰਤ ਨੂੰ ਹੀਣ ਸਮਝਦਾ
ਪਰ ਫਿਰ ਵੀ
ਮੈਂ ਬਣਨਾ ਚਾਹੁੰਦਾ ਹਾਂ
ਇਸ ਨਕਲੀ ਮਰਦਾਨਗੀ ਦੀ ਖੱਲ
ਪਹਿਨਦਾ ਆਖਰੀ ਪੁਰਸ਼
ਜੋ ਸੁੱਟ ਦੇਵੇ ਨਾਇਕ ਹੋਣ ਦੀ ਨਕਲੀ ਧਾਰਣਾ
ਬਿਹਤਰ ਹੋਣ ਦਾ ਝੂਠਾ ਗੁਰੂਰ
ਔਰਤ ਸਿਰਫ਼ ਇੱਕ ਔਰਤ ਹੀ ਨਹੀਂ ਹੁੰਦੀ
ਅਤੇ ਆਦਮੀ ਸਿਰਫ ਇਕ ਆਦਮੀ ਹੀ ਨਹੀਂ ਹੁੰਦਾ
ਤੇ ਮੈਂ ਬਣ ਜਾਵਾਂ ਉਨਾ ਹੀ ਇਕ ਇਨਸਾਨ
ਜਿੰਨੀ ਇਨਸਾਨ ਇੱਕ ਔਰਤ ਹੁੰਦੀ ਹੈ।

## ਮਨ

ਮਨ
ਕਿਸੇ ਫਰਿਜ ਵਾਂਗ
ਤੂਸ ਕੇ ਰੱਖਦਾ ਹੈ ਆਪਣੇ ਅੰਦਰ
ਢੇਰ ਸਾਰਾ ਬਾਸੀ ਵਕਤ

ਕਦੇ ਬਣਦਾ
ਕਿਸੇ ਅਲਮਾਰੀ ਵਰਗਾ
ਟੰਗੀਆ ਰਹਿੰਦੀਆਂ ਜਿਸਦੇ ਹੈਂਗਰਾ ਵਿਚ
ਮੁੜ ਕਦੇ ਵਰਤੋ ਵਿਚ ਨਾ ਆਉਣ ਵਾਲੀਆਂ
ਤਹਿ ਲੱਗੀਆਂ ਜਿਹੀਆਂ ਭਾਵਨਾਵਾਂ

ਮਨ, ਕਿਸੇ ਹੋਟਲ ਜਾਂ ਸਰਾਂ ਵਾਂਗ
ਕਿਰਾਏ ਤੇ ਦਿੰਦਾ ਜਿਵੇਂ ਆਪਣੇ ਖਾਲੀ ਕਮਰੇ
ਅਜਨਬੀ ਮਹਿਮਾਨਾਂ ਵਾਂਗ
ਦੋ ਤਿੰਨ ਦਿਨ ਰੁਕਦੇ ਖਿਆਲਾਂ ਨੂੰ

ਮਨ ਕਿੰਨੀ ਵਾਰ
ਹੁੰਦਾ ਕਿਸੇ ਗਿਰਝ ਵਾਂਗ
ਨੋਚਦਾ ਰਹਿੰਦਾ ਅਤੀਤ ਦੀ ਲੋਥ ਨੂੰ
ਕੁਰੇਦ ਕੁਰੇਦ ਕੇ

ਮਨ ਅਸਲ ਵਿਚ ਹੁੰਦਾ ਹੈ
ਧੂੜ ਦੇ ਕਿਸੇ ਕਣ ਵਾਂਗ
ਫੇਰ ਵੀ ਸਮੇਟ ਲੈਂਦਾ ਹੈ ਆਪਣੇ ਅੰਦਰ
ਪੂਰਾ ਬ੍ਰਹਿਮੰਡ....

# ਪ੍ਰੇਰਨਾਦਾਇਕ ਹੈ ਡਾ.ਇੰਦਰਜੀਤ ਸਿੰਘ ਵਾਸੂ ਦੀ ਪੁਸਤਕ 'ਗੁਰਮਤਿ ਸੰਪੂਰਨ ਜੀਵਨ ਦਾ ਮਾਰਗ'

ਉਜਾਗਰ ਸਿੰਘ
ਮੋਬਾਈਲ-94178 13072

ਪ੍ਰਿੰਸੀਪਲ ਡਾ.ਇੰਦਰਜੀਤ ਸਿੰਘ ਵਾਸੂ ਸਿੱਖ ਸਿਧਾਂਤਾਂ ਨੂੰ ਪ੍ਰਣਾਇਆ ਹੋਇਆ ਵਿਦਵਾਨ ਸਿਖਿਆ ਸ਼ਾਸ਼ਤਰੀ ਹੈ। ਉਸ ਦੀਆਂ ਸਿੱਖ ਵਿਚਾਰਧਾਰਾ ਦੀਆਂ ਵਿਸ਼ੇਸ਼ਤਾਈਆਂ ਅਤੇ ਸਿੱਖ ਸਿਧਾਂਤਾਂ ਦੇ ਵਿਸ਼ਲੇਸ਼ਣ ਸੰਬੰਧੀ ਇੱਕ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਗੁਰਮਤਿ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਲਈ ਗੁਰਮਤਿ ਸਿੱਖ ਜਗਤ ਨੂੰ ਖ਼ੁਸ਼ਹਾਲ ਜੀਵਨ ਬਸਰ ਕਰਨ ਲਈ ਮਾਰਗ ਦਰਸ਼ਨ ਕਰਦਾ ਹੈ। 'ਗੁਰਮਤਿ ਸੰਪੂਰਨ ਜੀਵਨ ਦਾ ਮਾਰਗ' ਪੁਸਤਕ ਵਿੱਚ ਸੰਪੂਰਨ ਜੀਵਨ ਜਿਓਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਾਰਗ ਦਰਸ਼ਨ ਲੈਣ ਲਈ ਸੰਪੂਰਨ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਧਰਮ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਦੇਣ ਲਈ ਉਸਨੇ ਇਸ ਪੁਸਤਕ ਨੂੰ ਨੌਂ ਅਧਿਆਇ ਵਿੱਚ ਵੰਡਿਆ ਹੈ। ਸੰਸਾਰ ਵਿੱਚ ਬਹੁਤ ਸਾਰੇ ਧਰਮ ਪ੍ਰਚਲਤ ਹਨ, ਇਸ ਕਰਕੇ ਉਸਨੇ ਪਹਿਲੇ ਅਧਿਆਇ ਵਿੱਚ ਸਿੱਖ ਧਰਮ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਬਾਰੇ ਦੱਸਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੁਗਲ ਰਾਜ ਸੀ ਤੇ ਬਹੁਤ ਸਾਰੇ ਧਰਮ ਅਤੇ ਮਤ ਸਨ। ਸਿੱਖ ਵਿਦੇਸ਼ੀ ਰਾਜ ਨੂੰ ਖ਼ਤਮ ਕਰਕੇ ਆਪਣਾ ਸਵੈਰਾਜ ਪ੍ਰਾਪਤ ਕਰਨ ਵਿੱਚ ਕਿਵੇਂ ਸਫਲ ਹੋਇਆ, ਬਾਰੇ ਜਾਣਕਾਰੀ ਦਿੱਤੀ ਗਈ ਹੈ। ਬੜੀਆਂ ਧਾਰਮਿਕ ਲਹਿਰਾਂ ਚਲ ਰਹੀਆਂ ਸਨ ਪ੍ਰੰਤੂ ਉਨ੍ਹਾਂ ਲਹਿਰਾਂ ਦਾ ਪ੍ਰਭਾਵ ਕਬੂਲਣ ਦੀ ਥਾਂ ਗੁਰੂ ਸਾਹਿਬਾਨ ਨੇ ਨਵਾਂ ਸੰਕਲਪ ਪੇਸ਼ ਕੀਤਾ। ਸਿੱਖ ਧਰਮ ਨੇ ਸਮਾਜਿਕ ਬੁਰਾਈਆਂ ਅਤੇ ਰਾਜਨੀਤਕ ਕੁਰੀਤੀਆਂ ਵਿਰੋਧੀ ਲਹਿਰ ਸਥਿਰ ਬਣਾਈ। ਸਿੱਖ ਲਹਿਰ ਨੂੰ ਵੱਖਰੀ ਕੌਮ ਦੇ ਰੂਪ ਵਿੱਚ ਸਥਾਪਤ ਕਰਦਿਆਂ ਗਤੀਸ਼ੀਲ ਰੱਖਿਆ। ਪ੍ਰਭੂ ਦੀ ਹੋਂਦ ਲਈ ੧ਓ ਦਾ ਸ਼ਬਦ ਵਰਤਿਆ। ਸੰਸਾਰ ਨੂੰ ਸੱਚ ਦੀ ਕੋਠੜੀ ਕਿਹਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੰਗਜੂ ਜਥੇਬੰਦਕ ਖਾਲਸਾ ਸਰੂਪ ਵਾਲੀ ਵੱਖਰੀ ਪਛਾਣ ਪ੍ਰਦਾਨ ਕੀਤੀ। ਸਿੱਖ ਧਰਮ ਸਰਬਤ ਦੇ ਭਲੇ, ਸਹਿਜਤਾ, ਸੰਜਮਤਾ, ਪਰਉਪਕਾਰੀ, ਜਾਤ-ਪਾਤ, ਉਚ-ਨੀਚ ਤੋਂ ਰਹਿਤ, ਇਸਤਰੀਆਂ ਦਾ ਸਤਿਕਾਰ, ਇਨਸਾਫ, ਬਰਾਬਰਤਾ ਅਤੇ ਪਰਮਾਤਮਾ ਇੱਕ ਹੈ ਦੇ ਸਿਧਾਂਤ ਦਾ ਹਾਮੀ ਹੈ। ਕਿਸੇ ਤੇ ਜ਼ੁਲਮ ਨਾ ਕੀਤਾ ਜਾਵੇ ਪ੍ਰੰਤੂ ਜੇਕਰ ਕੋਈ ਜ਼ੁਲਮ ਕਰੇ ਤਾਂ ਉਸਦੇ ਵਿਰੁੱਧ ਡੱਟ ਕੇ ਮੁਕਾਬਲਾ ਕੀਤਾ ਜਾਵੇ ਭਾਵ ਜ਼ੁਲਮ ਦਾ ਨਾਸ਼ ਕੀਤਾ ਜਾਵੇ ਦੀ ਪ੍ਰੇਰਨਾ ਦਿੰਦਾ ਹੈ। ਦੂਜੇ ਅਧਿਆਏ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁ-ਪੱਖੀ ਅਧਿਐਨ ਕੀਤਾ। ਇਸ ਅਧਿਐਨ ਵਿੱਚ ਸਿੱਖ ਧਰਮ ਦਾ ਸੰਕਲਪ, ਵਿਗਿਆਨਕ ਧਰਮ, ਜੀਵਨ ਸਮੱਸਿਆਵਾਂ ਦਾ ਹੱਲ ਕਰਨ ਵਾਲਾ, ਸੰਕਟ ਦਾ ਸਮਾਧਾਨ, ਗੁਰੂ, ਮਨੁੱਖ, ਸੰਸਾਰ, ਮਾਇਆ ਅਤੇ ਮੁਕਤੀ ਦਾ ਸੰਕਲਪ, ਬੁਰਿਆਈ ਪ੍ਰਤੀ ਦ੍ਰਿਸ਼ਟੀ, ਮਨੁੱਖੀ ਜੀਵਨ ਦਾ ਮਨੋਰਥ, ਜੀਵਨ ਇੱਕ ਕਰਮ ਭੂਮੀ, ਸਮਾਨਤਾ, ਸੁਤੰਤਰਤਾ ਨਿਆਂ ਦਾ ਪ੍ਰਤੀਨਿਧ ਗ੍ਰੰਥ, ਆਸ਼ਾਵਾਦੀ, ਮਾਨਵੀ ਸਭਿਆਚਾਰ, ਹੋਰ ਧਰਮ ਮਾਰਗਾਂ ਤੇ ਬ੍ਰਾਹਮਣਵਾਦ ਵਿਰੁੱਧ ਵਿਚਾਰਾਤਮਿਕ ਸੰਘਰਸ਼, ਵਿਸ਼ਵ ਵਿਆਪੀ ਸਭਿਆਚਾਰ ਦਾ ਪ੍ਰੇਰਕ ਗ੍ਰੰਥ, ਮਨੁੱਖੀ ਸਮੱਸਿਆਵਾਂ ਦਾ ਹੱਲ ਅਤੇ ਸਿੱਖ ਇਤਿਹਾਸ ਦੇ ਸੋਮੇ ਦੇ ਤੌਰ ਤੇ ਕੰਮਪੈਰੈਟਿਵ ਅਧਿਐਨ ਕੀਤਾ ਗਿਆ। ਇਨ੍ਹਾਂ ਸਾਰੇ ਪੱਖਾਂ ਦਾ ਅਧਿਐਨ ਕਰਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸੰਪੂਰਨ ਇਨਸਾਨ ਬਣਨ ਲਈ ਸਾਰਥਿਕ ਵਿਚਾਰਧਾਰਾ ਪ੍ਰਦਾਨ ਕਰਦਾ ਹੈ। ਤੀਜੇ ਅਧਿਆਇ ਵਿੱਚ ਗੁਰਬਾਣੀ ਤੇ ਵਰਤਮਾਨ ਸਮੱਸਿਆਵਾਂ (ਵਾਤਾਵਰਣ ਦੇ ਪ੍ਰਸੰਗ ਵਿੱਚ) ਵਾਤਾਵਰਣ ਵਿੱਚ ਪ੍ਰਦੂਸ਼ਣ ਦੇ ਕਾਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਗੁਰਬਾਣੀ ਕਿਵੇਂ ਸਹਾਈ ਹੁੰਦੀ ਹੈ ਦਾ ਵਰਣਨ ਕੀਤਾ ਹੈ। ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਿੱਚ ਮਾਇਆ, ਮਨੁੱਖੀ ਵਾਸ਼ਣਾਵਾਂ, ਕਾਮ, ਕ੍ਰੋਧ ਲੋਭ, ਮੋਹ ਅਤੇ ਅਹੰਕਾਰ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਗੁਰਬਾਣੀ ਇਨ੍ਹਾਂ ਤੋਂ ਖਹਿੜਾ ਛੁਡਾਉਣ ਦਾ ਰਸਤਾ ਦਸਦੀ ਹੈ। ਵਾਤਵਰਨ ਦੀ ਪਵਿਤਰਤਾ ਲਈ ਗੁਰਮਤਿ ਅਗਵਾਈ ਕਰਦੀ ਹੈ। ਇਸ ਤੋਂ ਇਲਾਵਾ ਸਮੁੱਚੇ ਜੀਵ ਮੰਡਲ ਗੁਰਬਾਣੀ ਅਨੁਸਾਰ ਰਾਤਾਂ, ਰੁੱਤਾਂ, ਥਿੱਤਾਂ, ਵਾਰ, ਪਾਉਣ, ਪਾਣੀ ਤੇ ਪਾਤਾਲ ਦੀ ਅਗਨੀ ਸ਼ਾਮਲ ਹਨ। ਗੁਰਬਾਣੀ ਇਨ੍ਹਾਂ ਦੀ ਸਵੱਛਤਾ ਲਈ ਪ੍ਰੇਰਨਾ ਦਿੰਦੀ ਹੈ। ਜੀਵ ਜੰਤੂਆਂ ਦੀ ਰੱਖਿਆ ਦਾ ਸੰਦੇਸ਼ ਦਿੰਦੀ ਹੈ। ਨਾਮ ਜਪਣਾ, ਕਿਰਤ ਕਰਨੀ, ਵੰਡ ਛੱਕਣਾ, ਸੱਚੀ-ਸੁੱਚੀ ਰਹਿਣੀ ਲਈ ਗੁਰਬਾਣੀ ਸਿਖਿਆ ਦਿੰਦੀ ਹੈ। ਜੇਕਰ ਇਨ੍ਹਾਂ ਸਾਰੀਆਂ ਗੱਲਾਂ 'ਤੇ ਅਮਲ ਕੀਤਾ ਜਾਵੇ ਤਾਂ ਵਾਤਾਵਰਨ ਸੰਤੁਲਤ ਤੇ ਸਵੱਛ ਰਹੇਗਾ। ਚੌਥਾ ਅਧਿਆਇ 'ਗੁਰਮਤਿ ਸੰਪੂਰਨ ਜੀਵਨ ਦਾ ਮਾਰਗ' ਪੁਸਤਕ ਦੇ ਨਾਮ ਵਾਲਾ ਹੈ। ਸਿੱਖ ਧਰਮ ਸਾਰੇ ਧਰਮਾ ਤੋਂ ਆਧੁਨਿਕ ਹੈ ਕਿਉਂਕਿ ਗੁਰੂ ਸਾਹਿਬ ਨੇ ਸਾਰੇ ਧਰਮਾ ਵਿੱਚੋਂ ਚੰਗੇ ਗੁਣ ਲੈ ਕੇ ਇਹ ਧਰਮ ਬਣਾਇਆ ਹੈ। ਗੁਰਮਤਿ ਦਾ ਮਾਰਗ ਮਨੁੱਖੀ ਜੀਵਨ ਦੇ ਅਨੁਕੂਲ ਹੈ। ਇੱਕ ਕਰਮ ਭੂਮੀ, ਜੀਵਨ ਸੰਘਰਸ਼, ਜੀਵਨ ਯਾਤਰਾ, ਜੀਣ ਤੇ ਮਰਨ ਦੀ ਕਲਾ, ਦੁਖਾਂਤਿਕ ਸਥਿਤੀਆਂ ਪ੍ਰਤੀ ਸੁਚੇਤ, ਆਸ਼ਾਵਾਦੀ, ਸ਼ਖ਼ਸੀਅਤ ਦੀ ਸੰਪੂਰਨਤਾ ਦੀ ਪ੍ਰਤੀਕ, ਅੰਤਿਮ ਸਰੋਕਾਰਾਂ ਦੀ ਸੋਝੀ, ਸੰਤੁਲਿਤ ਵਿਕਾਸ, ਮਨੁੱਖਾ ਜੀਵਨ ਦਾ ਮਨੋਰਥ, ਮਨੁੱਖੀ ਜੀਵਨ ਦਾ ਸੰਤੁਲਨ, ਚੰਗੇ ਤੇ ਮਾੜੇ ਦੀ ਚੋਣ, ਭਗਤੀ ਮਤ ਪ੍ਰਤਿ ਪ੍ਰਤਿਕਰਮ, ਮਨੁੱਖੀ ਵਿਕਾਸ ਦੀ ਵਿਵਸਥਾ, ਅਤੇ ਗੁਰਮਤਿ ਦੇ ਜੀਵਨ ਮਾਰਗ ਦਾ ਸਹਿਜ ਨਿਰਮਾਣ ਕਰਦਾ ਹੈ। ਪੰਜਵੇਂ ਅਧਿਆਇ ਵਿੱਚ ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਬਾਰੇ ਜਾਣਕਾਰੀ ਦਿੰਦਾ ਹੈ। 'ਅਕਾਲ ਪੁਰਖ ਦੀ ਫ਼ੌਜ' ਦਾ ਫੁਰਮਾਨ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹੈ। ਇਹ ਸ਼ਕਤੀਸ਼ਾਲੀ ਸੰਗਠਨ ਵੱਲ ਇਸ਼ਾਰਾ ਕਰਦਾ ਹੈ, ਜਿਸਦੀ ਅਸੀਮ ਸ਼ਕਤੀ ਹੁੰਦੀ ਹੈ ਤੇ ਕੁਝ ਅਸੂਲਾਂ 'ਤੇ ਅਧਾਰਤ ਹੈ। ਇਤਿਹਸ ਵਿੱਚ ਹੋ ਰਹੇ ਜ਼ੁਲਮਾ ਦੇ ਖਾਤਮੇ ਤੇ ਹਿਫ਼ਾਜਤ ਲਈ ਖਾਲਸਾ ਸਾਜਿਆ ਗਿਆ। ਖਾਲਸੇ ਦਾ ਇਸ਼ਟ ਅਕਾਲ ਪੁਰਖ ਹੈ। ਇਸ ਅਧਿਆਇ ਵਿੱਚ ਇਸਦੀ ਸਾਜਨਾ, ਵਿਕਾਸ, ਸੰਗਠਨਾਤਮਿਕ ਪੱਖ, ਮੁਢਲੇ ਸਿਧਾਂਤ, ਗੌਰਵਸ਼ਾਲੀ ਇਤਿਹਾਸ, ਅਤੇ ਪ੍ਰਾਪਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਛੇਵੇਂ ਅਧਿਆਇ 'ਅਜੋਕੇ ਸੁੱਗ ਵਿੱਚ ਖ਼ਾਲਸੇ ਦੀ ਪ੍ਰਸੰਗਿਕਤਾ ਬਾਰੇ ਦੱਸਿਆ ਗਿਆ ਹੈ। ਮਨੁੱਖੀ ਸੰਘਰਸ਼ ਦੀ ਕਹਾਣੀ ਹਮੇਸ਼ਾ ਚਲਦੀ ਰਹਿੰਦੀ ਹੈ। ਹਰ ਰੋਜ਼ ਨਵੀਂਆਂ ਵੰਗਾਰਾ ਤੇ ਚੁਣੌਤੀਆਂ ਪੈਦਾ ਹੁੰਦੀਆਂ ਹਨ। ਉਨ੍ਹਾਂ ਦਾ ਮੁਕਾਬਲਾ ਕਰਨ ਲਈ ਖ਼ਾਲਸੇ ਦੀ ਪ੍ਰਸੰਗਿਕਤਾ ਬਹੁਤ ਹੈ। ਖ਼ਾਲਸੇ ਦੀ ਸਿਰਜਣਾ ਜ਼ੁਲਮ ਦੇ ਵਿਰੁੱਧ ਹੋਈ ਹੈ। ਜ਼ੁਲਮ ਦਾ ਵਰਤਾਰਾ ਲਗਾਤਾਰ ਚਲਦਾ ਆ ਰਿਹਾ ਹੈ। ਇਸ ਲਈ ਸ਼ਖ਼ਸੀਅਤ ਦੇ ਵਿਕਾਸ, ਮੁਕਤੀ ਦੇ ਸੰਕਲਪ, ਮਿਥਿਹਾਸ ਤੋਂ ਮੁਕਤੀ ਅਜੋਕੇ ਯੁਗ ਦੀਆਂ ਸਮੱਸਿਆਵਾਂ ਦੇ ਸਮਾਧਾਨ ਜਿਨ੍ਹਾਂ ਵਿੱਚ ਅਨਿਆਇ, ਮਨੁੱਖੀ ਕਦਰਾਂ ਕੀਮਤਾਂ ਦਾ ਨਿਘਾਰ, ਪੱਛਵੀਂ ਸਭਿਅਚਾਰ ਦੇ ਹਮਲੇ, ਸਮਾਜਿਕ ਅਪਵਿਤਰਤਾ ਦੇ ਖ਼ਾਤਮੇ, ਧਾਰਮਿਕ ਕਰਮ ਕਾਂਡ, ਮਨੁੱਖੀ ਗੌਰਵ ਨੂੰ ਬਹਾਲ ਕਰਨ, ਸਿੱਖ ਦੀ ਪਛਾਣ, ਸਰਬੱਤ ਦੇ ਭਲੇ, ਨਿਸ਼ਿਆਂ ਦੇ ਖ਼ਤਮੇ ਅਤੇ ਮਨੁੱਖੀ ਵਿਕਾਸ ਲਈ ਖ਼ਾਲਸੇ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਇਸ ਅਧਿਆਇ ਵਿੱਚ ਉਪਰੋਕਤ ਸਾਰੀਆਂ ਗੱਲਾਂ ਬਾਰੇ ਵਿਆਖਿਆ ਨਾਲ ਦੱਸਿਆ ਗਿਆ ਹੈ। ਸੱਤਵੇਂ ਅਧਿਆਇ '1708 ਈ.ਤੋਂ 1765 ਈ.ਤੱਕ ਦੇ ਸਿੱਖ ਸੰਘਰਸ਼' ਬਾਰੇ ਦੱਸਿਆ ਗਿਆ ਹੈ। ਇਹ ਸਮਾਂ ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਹੈ। ਇਸ ਸਮੇਂ ਸਿੱਖ ਸੰਘਰਸ਼ ਵਿੱਚ ਤਬਦੀਲੀਆਂ ਆਈਆਂ ਦੁੱਖ ਸਹੇ ਤੇ ਪ੍ਰਾਪਤੀਆਂ ਵੀ ਕੀਤੀਆਂ। ਇਸ ਅਧਿਆਇ ਵਿੱਚ ਸਿੱਖ ਸੰਘਰਸ਼ ਦੇ ਪਿਛੋਕੜ, ਸੰਘਰਸ਼ ਦੀਆਂ ਧਿਰਾਂ ਦੀ ਪਛਾਣ, ਸਿੱਖ ਸੰਘਰਸ਼ ਦੇ ਆਦਰਸ਼ ਅਤੇ ਇਸ ਸਮੇਂ ਦੇ ਸਮੁੱਚੇ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ ਹੈ। ਬਾਬਾ ਬੰਦਾ ਬਹਾਦਰ ਦੇ ਸਮੇਂ ਸਿੱਖ ਫ਼ੌਜ ਦਾ ਗਠਨ, ਸਰਗਰਮੀਆਂ, ਰਾਜ ਭਾਗ ਕਾਇਮ ਕਰਨਾ, ਵਾਹੀਕਾਰਾਂ ਨੂੰ ਜ਼ਮੀਨ ਦੀ ਮਾਲਕੀ ਦੇਣਾ, ਲੋਹਗੜ੍ਹ ਦੀ ਜੰਗ ਵਿੱਚ ਸ਼ਾਹ ਫ਼ੌਜਾਂ ਨਾਲ ਟੱਕਰ, ਛੋਟਾ ਘੱਲੂਘਾਰਾ, ਦਲ ਖ਼ਾਲਸਾ ਤੇ ਸਿੱਖ ਮਿਸਲਾਂ ਦਾ ਗਠਨ। ਵੱਡਾ ਘੱਲੂਘਾਰਾ, ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਦਾ ਅਪਮਾਨ ਤੇ ਸਨਮਾਨ ਬਹਾਲੀ ਦਾ ਸੰਘਰਸ਼ ਅਤੇ ਜੰਗ ਸੰਬੰਧੀ ਖ਼ਾਲਸੇ ਦਾ ਦ੍ਰਿਸ਼ਟੀਕੋਨ ਸੰਬੰਧੀ ਭਰਪੂਰ ਜਾਣਕਾਰੀ ਦੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਗਾਥਾ ਦਰਸਾਈ ਗਈ ਹੈ। ਇਸੇ ਤਰ੍ਹਾਂ ਅੱਠਵਾਂ ਅਧਿਆਇ ਵਿੱਚ '1850 ਈ.ਤੋਂ 1925 ਤੱਕ ਦੇ ਸਿੱਖ ਸੰਘਰਸ਼' ਦੀ ਕਹਾਣੀ ਦਰਸਾਈ ਹੈ। ਇਹ ਸਮਾਂ ਵੀ ਭਰਪੂਰ ਚੁਣੌਤੀਆਂ ਵਾਲਾ ਸੀ, ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਖ਼ਤਮ ਹੋ ਗਿਆ, ਭਾਰਤ ਗ਼ੁਲਾਮ ਹੋ ਗਿਆ। ਇਸ ਸਮੇਂ ਦੌਰਾਨ ਸਿੱਖਾਂ ਦੀ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ, ਨਿਰੰਕਾਰੀ, ਨਾਮਧਾਰੀ, ਗ਼ਦਰੀ, ਸਿੰਘ ਸਭਾ, ਗੁਰਦੁਆਰਾ ਸੁਧਾਰ ਅਥਵਾ ਅਕਾਲੀ ਅਤੇ ਬੱਬਰ ਅਕਾਲੀ ਲਹਿਰਾਂ ਜ਼ੋਰ ਸ਼ੋਰ ਨਾਲ ਚੱਲੀਆਂ। ਨਸਲੀ ਵਿਤਕਰੇ ਦਾ ਸੰਕਟ, ਇਸਾਈ ਮਤ, ਪੁਜਾਰੀਆਂ ਤੇ ਸਿੱਖ ਸੰਗਤਾਂ ਦਾ ਟਕਰਾਓ, ਨਨਕਾਣੇ ਦਾ ਸਾਕਾ, ਚਾਬੀਆਂ ਦਾ ਮੋਰਚਾ ਗੁਰੂ ਕੇ ਬਾਗ ਦਾ ਮੋਰਚਾ, ਪੰਜਾ ਸਾਹਿਬ ਦਾ ਸ਼ਹੀਦੀ ਸਾਕਾ ਅਤੇ ਗੁਰਦੁਆਰਾ ਗੰਗਸਰ (ਜੈਤੋ) ਦਾ ਮੋਰਚਾ ਬਹੁਤ ਮਹੱਤਪੂਰਨ ਈਵੈਂਟ ਹੋਏ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਨੇ ਕਿਤਨੇ ਸੰਕਟ ਵਿੱਚੋਂ ਲੰਘਕੇ ਸਫ਼ਲਤਾਵਾਂ ਪ੍ਰਾਪਤ ਕੀਤੀਆਂ ਹਨ। ਨੌਵਾਂ ਚੌਪਟਰ 'ਹਰਿ ਮੰਦਰੁ ਏਹੁ ਸਰੀਰੁ ਹੈ' ਸਿੱਖ ਜਗਤ ਲਈ ਸਭ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਸਿੱਖ ਧਰਮ ਵਿੱਚ ਵਾਹਿਗੁਰੂ ਉਸਦੇ ਸਰੀਰ ਵਿੱਚ ਵਾਸਾ ਕਰਦਾ ਹੋਇਆ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਸਰੀਰ ਇੰਦਰਿਆਵੀ ਮੰਦਰ ਹੈ। ਇਸ ਕਰਕੇ ਤਣਾਓ ਵਿੱਚ ਰਹਿੰਦਾ ਹੈ। ਬ੍ਰਹਿਮੰਡ ਦੀ ਵਿਸ਼ੇਸ਼ ਪ੍ਰਾਪਤੀ ਹੈ, ਹਰਿਮੰਦਰ ਕਿਵੇਂ ਹੈ:ਜ਼ਮੀਰ ਦੀ ਆਵਾਜ਼ ਰੱਬੀ ਹੁਕਮ, ਰੱਬ ਦਾ ਸੰਕਲਪ : ਅਨੰਤ ਬਲ ਦਾ ਪ੍ਰਤੀਕ, ਮਨੁੱਖੀ ਪ੍ਰਕ੍ਰਿਤੀ ਦਾ ਸਹਿਜ ਅੰਗ, ਮਾਨਵੀ ਦਸਤੂਰ ਆਦਿ ਪ੍ਰੰਤੂ ਇਸ ਸਰੀਰ ਨੂੰ ਸਿੱਧੇ ਰਸਤੇ ਪਾਉਣ ਲਈ ਹਰਿ ਦੇ ਰਸ ਤੇ ਨਾਮ ਦੀ ਜ਼ਰੂਰਤ ਹੈ, ਇਸ ਤੋਂ ਬਿਨਾ ਮਨੁੱਖ ਭਟਕਿਆ ਰਹਿੰਦਾ ਹੈ। ਇਹ ਰੱਬ ਦਾ ਘਰ ਹੈ, ਰੱਬ ਨਾਲ ਸਾਂਝ ਹੀ ਕਾਇਆ ਕਲਪ ਹੋ ਸਕਦੀ ਹੈ। ਇਸ ਕਰਕੇ ਇਸਨੂੰ ਹਰਿ ਦਾ ਘਰ ਸਿੱਖ ਸਿਧਾਂਤ ਅਨੁਸਾਰ ਕਿਹਾ ਜਾਂਦਾ ਹੈ।






ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਿੰਸੀਪਲ ਡਾ.ਇੰਦਰਜੀਤ ਸਿੰਘ ਵਾਸੂ ਨੇ ਵਿਸਤਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰਮਤਿ ਦੇ ਰਸਤੇ 'ਤੇ ਚਲਕੇ ਹੀ ਸੰਪੂਰਨ ਜੀਵਨ ਜੀਵਿਆ ਜਾ ਸਕਦਾ ਹੈ।

279 ਪੰਨਿਆਂ, 300 ਰੁਪਏ ਭਾਰਤੀ, 10 ਪਾਊਂਡ, 15 ਡਾਲਰ ਕੀਮਤ ਵਾਲੀ ਪੁਸਤਕ ਵਾਸੂ ਪ੍ਰਕਾਸ਼ਨ ਨੇ ਪ੍ਰਕਾਸ਼ਤ ਕੀਤੀ ਹੈ। ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੰਪਰਕ:ਡਾ.ਇੰਦਰਜੀਤ ਸਿੰਘ
9056360763

# ਪਰਵਾਸ ਅਤੇ ਪੰਜਾਬ

ਸਫ਼ਾ 5 ਦੀ ਬਾਕੀ

ਨੂੰ ਬਿਹਤਰੀਨ ਤਰੀਕੇ ਨਾਲ ਬਿਤਾਉਣ ਲਈ ਇਨਸਾਨ ਨੇ ਹਮੇਸ਼ਾਂ ਹੀਲੇ-ਵਸੀਲੇ ਕੀਤੇ ਹਨ। ਇਸੇ ਕੜੀ ਤਹਿਤ ਪੰਜਾਬੀਆਂ ਨੇ ਵੀ ਪਰਵਾਸ ਕੀਤਾ ਹੈ, ਪਰ ਜਿਸ ਹਿਸਾਬ ਨਾਲ ਅੰਕੜੇ ਸਾਹਮਣੇ ਆ ਰਹੇ ਹਨ, ਬਹੁਤ ਹੀ ਭਾਰੀ ਗਿਣਤੀ ਵਿੱਚ ਪੰਜਾਬੀਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਪਰਵਾਸ ਕੀਤਾ ਹੈ। ਕੁਝ ਹਾਲਾਤ ਹੱਥੋਂ ਮਜਬੂਰ ਹੋ ਗਏ ਅਤੇ ਕਈਆਂ ਨੂੰ ਸਰਕਾਰਾਂ, ਦੁਨੀਆਦਾਰਾਂ ਅਤੇ ਆਪਣਿਆਂ ਦੇ ਕਰਕੇ ਵੀ ਪਰਵਾਸ ਕਰਨਾ ਪਿਆ।

ਪਰਵਾਸ ਦੇ ਕਈ ਕਾਰਨ ਹੋ ਸਕਦੇ ਹਨ, ਪਰ ਮੁੱਖ ਤੌਰ 'ਤੇ ਜੋ ਕਾਰਨ ਹਨ, ਉਹ ਹੈ ਬੇਰੁਜ਼ਗਾਰੀ ਅਤੇ ਮਾੜਾ ਸਿਸਟਮ। ਸਮੇਂ ਅਨੁਸਾਰ ਸਹੀ ਤਨਖਾਹ 'ਤੇ ਕੰਮ ਨਾ ਮਿਲਣਾ। ਪੜ੍ਹ ਲਿਖ ਕੇ ਵੀ ਦੁਸ਼ਵਾਰੀਆਂ ਭਰਪੂਰ ਜ਼ਿੰਦਗੀ ਬਤੀਤ ਕਰਨੀ। ਸ਼ਰੀਕੇ ਬਰਾਦਰੀ ਦੀ ਵੇਖੋ ਵੇਖੀ ਆਦਿ ਕਈ ਕਾਰਨ ਹਨ। ਇਹ ਤਾਂ ਸਾਨੂੰ ਪਤਾ ਹੀ ਹੈ ਕਿ ਪੰਜਾਬੀ ਜਿਸ ਪਾਸੇ ਵੀ ਉੱਲਰਦੇ ਹਨ, ਉਸ ਪਾਸੇ ਪੂਰੀ ਸ਼ਿੱਦਤ ਨਾਲ ਜਾਂਦੇ ਹਨ। ਪੰਜਾਬੀਆਂ ਨੇ ਰਿਕਾਰਡ ਤੋੜ ਪਰਵਾਸ ਕੀਤਾ ਹੈ। ਪੜ੍ਹਾਈ ਦੇ ਤੌਰ 'ਤੇ ਬਾਹਰ ਜਾਂਦੇ ਬੱਚੇ ਉੱਥੇ ਜਾ ਕੇ ਵਧੀਆ ਜ਼ਿੰਦਗੀ ਦੀ ਆਸ ਵਿੱਚ ਉਲਝ ਜਾਂਦੇ ਹਨ। ਕਈ ਵਿਦਿਆਰਥੀਆਂ ਨੇ ਬੜੀਆਂ ਮੱਲਾਂ ਵੀ ਮਾਰੀਆਂ ਹਨ, ਪਰ ਕਈਆਂ ਨੂੰ ਉੱਥੇ ਜਾ ਕੇ ਰੁਲਣਾ ਵੀ ਪਿਆ ਹੈ। ਕਿਤੇ ਵੀ ਜਾਓ, ਜ਼ਿੰਦਗੀ ਦੇ ਦੋਵੇਂ ਪੱਖ ਸਾਹਮਣੇ ਆਉਂਦੇ ਹਨ। ਚੰਗਾ ਵੀ ਅਤੇ ਮਾੜਾ ਵੀ। ਇਨਸਾਨ ਦੀ ਆਦਤ ਹੈ ਕਿ ਉਹ ਚੰਗੇ ਪੱਖ ਵੱਲ ਘੱਟ ਜਾਂਦਾ ਹੈ ਅਤੇ ਮਾੜੇ ਪੱਖ ਵੱਲ ਜ਼ਿਆਦਾ ਜਾਂਦਾ ਹੈ। ਰਹੀ ਗੱਲ ਸੰਘਰਸ਼ ਦੀ, ਉਹ ਤਾਂ ਕਿਤੇ ਵੀ ਚਲੇ ਜਾਓ, ਆਪਣੇ ਹਿੱਸੇ ਦਾ ਸੰਘਰਸ਼ ਤਾਂ ਕਰਨਾ ਹੀ ਪੈਣਾ ਹੈ।

ਪਰਵਾਸ ਤਾਂ ਪੰਜਾਬੀ ਪਹਿਲਾਂ ਵੀ ਕਰਦੇ ਸਨ, ਪਰ ਮੇਰੇ ਹਿਸਾਬ ਨਾਲ 1984 ਦੇ ਦੌਰ ਤੋਂ ਬਾਅਦ 90ਵਿਆਂ ਦੇ ਦਹਾਕੇ ਵਿੱਚ ਪੰਜਾਬੀਆਂ ਨੇ ਮਜਬੂਰੀ ਵੱਸ ਪਰਵਾਸ ਕੀਤਾ, ਜੋ ਅੱਜ ਬਹੁਤ ਹੱਦ ਤੱਕ ਸ਼ੌਕ ਅਤੇ ਲਾਲਚ ਬਣ ਚੁੱਕਾ ਹੈ। ਆਪਣੀਆਂ ਜੱਦੀ ਜ਼ਮੀਨਾਂ ਵੇਚ ਕੇ ਭਾਰੀ ਕਰਜ਼ੇ ਚੁੱਕ ਕੇ ਵਿਦੇਸ਼ ਦੀ ਧਰਤੀ 'ਤੇ ਜਾ ਕੇ ਪੜ੍ਹਨਾ ਅਤੇ ਫਿਰ ਸੈੱਟ ਹੋਣ ਲਈ ਹਰ ਪੰਜਾਬੀ ਕਾਹਲਾ ਹੈ। ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਬਿਹਤਰ ਸਿੱਖਿਆ ਅਤੇ ਜੀਵਨ ਦੇਣਾ ਚਾਹੁੰਦਾ ਹੈ। ਇਸ ਲਈ ਚਾਹੇ ਉਨ੍ਹਾਂ ਨੂੰ ਕਿੰਨੀਆਂ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਜਾਵੇ, ਉਹ ਕਰਦੇ ਹਨ। ਪਰਵਾਸ ਕਰਨਾ ਬੁਰਾ ਨਹੀਂ ਹੈ। ਪਰਵਾਸ ਕਰਨ ਦਾ ਤਰੀਕਾ ਬੁਰਾ ਹੋ ਸਕਦਾ ਹੈ ਕਿ ਅਸੀਂ ਕਿਸੇ ਲਾਲਸਾ ਵੱਸ ਮੁਸੀਬਤ ਵਿੱਚ ਤਾਂ ਨਹੀਂ ਫਸ ਰਹੇ। ਸਹੀ ਤਰੀਕੇ ਅਤੇ ਸੋਚ ਨਾਲ ਕੀਤਾ ਪਰਵਾਸ ਗ਼ਲਤ ਨਹੀਂ ਹੁੰਦਾ।

ਮੁਸ਼ਕਲਾਂ ਤਾਂ ਹਰ ਜਗ੍ਹਾ ਆਉਂਦੀਆਂ ਹਨ। ਜ਼ਿੰਦਗੀ ਏਨੀ ਵੀ ਸੌਖੀ ਨਹੀਂ ਹੈ, ਜਿੰਨੀ ਕਿ ਅਸੀਂ ਇਸ ਨੂੰ ਸਮਝਦੇ ਹਾਂ ਅਤੇ ਏਨੀ ਵੀ ਔਖੀ ਨਹੀਂ ਹੈ, ਜਿੰਨੀ ਅਸੀਂ ਇਸ ਨੂੰ ਬਣਾ ਲਿਆ ਹੈ। ਦੂਸਰਾ ਸਾਡੇ ਸਿਸਟਮ ਵਿੱਚ ਕਈ ਤਰ੍ਹਾਂ ਦੀਆਂ ਕਮੀਆਂ ਹਨ ਕਿ ਜੋ ਵਿਅਕਤੀ ਹੱਕ-ਸੱਚ ਦੀ ਗੱਲ ਕਰੇ, ਉਸ ਨੂੰ ਸਜ਼ਾ ਅਤੇ ਫਾਂਸੀ ਮਿਲਦੀ ਹੈ। ਕਾਨੂੰਨ ਵਿੱਚ ਕਈ ਚੋਰ ਮੋਰੀਆਂ ਹਨ। ਮਾੜੇ ਲਈ ਰੁਪਈਏ ਦੀ ਚੋਰੀ ਦੀ ਵੀ ਸਜ਼ਾ ਹੈ ਅਤੇ ਤਕੜੇ ਲਈ ਅਰਬਾਂ ਰੁਪਈਏ ਦੇ ਘਪਲੇ ਵੀ ਕੋਈ ਮਾਅਨਾ ਨਹੀਂ ਰੱਖਦੇ। ਜਿਸ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਘਪਲੇਬਾਜ਼ ਹੋਣ, ਪਰ ਉਨ੍ਹਾਂ ਉੱਪਰ ਕੋਈ ਕੇਸ ਦਰਜ ਨਾ ਹੋਵੇ, ਫਿਰ ਅਸੀਂ ਇਸ ਸਿਸਟਮ ਤੋਂ ਜ਼ਰੂਰ ਭੱਜਾਂਗੇ। ਬਾਹਰ ਗਏ ਸਿਰਫ਼ ਵਧੀਆ ਸਿਸਟਮ ਕਰਕੇ ਹੀ ਵਾਪਸ ਨਹੀਂ ਆਉਂਦੇ। ਚਾਹੇ ਦਿਹਾੜੀ ਵੀ ਕਰਨੀ ਪਵੇ, ਗੁਜ਼ਾਰਾ ਤਾਂ ਹੋ ਜਾਂਦਾ ਹੈ। ਮਾਪਿਆਂ ਦੇ ਮਨਾਂ ਵਿੱਚ ਬੇਰੁਜ਼ਗਾਰੀ, ਅਪਰਾਧ, ਨਸ਼ੇ ਅਤੇ ਕਈ ਹੋਰ ਗੱਲਾਂ ਹਨ, ਜਿਨ੍ਹਾਂ ਕਰਕੇ ਉਹ ਮਜਬੂਰੀ ਵੱਸ ਆਪਣੇ ਬੱਚਿਆਂ ਨੂੰ ਬਾਹਰ ਭੇਜ ਕੇ ਖ਼ੁਸ਼ ਹਨ।

ਕੁਝ ਕੁ ਲੋਕ ਪਰਵਾਸ ਦੇ ਵਿਰੋਧ ਵਿੱਚ ਵੀ ਹਨ, ਪਰ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਪਰਵਾਸ ਲਈ ਭੇਜ ਕੇ ਸੰਤੁਸ਼ਟ ਹਨ। ਰੁਜ਼ਗਾਰ ਦੀ ਗੱਲ ਕਰ ਲਈਏ ਤਾਂ ਇੱਧਰ ਵੀ ਕਈ ਅਜਿਹੇ ਹਨ ਜੋ ਪੀਐੱਚ.ਡੀ. ਕਰਕੇ ਰੇਹੜੀ ਲਗਾ ਰਹੇ ਹਨ। ਤੇਰਾਂ ਸਾਲ ਯੂਨੀਵਰਸਿਟੀ ਵਿੱਚ ਨੌਕਰੀ ਕਰਨ ਦੇ ਬਾਅਦ ਵੀ ਪੱਕਾ ਨਹੀਂ ਕੀਤਾ ਗਿਆ। ਇਸ ਵਿੱਚ ਉਸ ਵਿਅਕਤੀ ਦਾ ਕੀ ਕਸੂਰ ਹੈ? ਜਿਸ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਤੇਰਾਂ ਵਰ੍ਹੇ ਇੱਕ ਸੰਸਥਾ ਨੂੰ ਦੇ ਦਿੱਤੇ। ਵਿਆਹ ਤੋਂ ਬਾਅਦ ਖ਼ਰਚੇ ਵਧ ਜਾਂਦੇ ਹਨ। ਜੋ ਵਿਅਕਤੀ 40-45 ਸਾਲ ਦੀ ਉਮਰ ਵਿੱਚ ਆਪ ਸੈੱਟ ਨਹੀਂ ਹੋ ਸਕਿਆ, ਉਸ ਵਿਚਾਰੇ ਨੇ ਆਪਣੇ ਬੱਚਿਆਂ ਨੂੰ ਕਿਵੇਂ ਸੈੱਟ ਕਰਨਾ ਹੈ।

ਪੜ੍ਹਾਈਆਂ ਦੇ ਵਧ ਰਹੇ ਖ਼ਰਚੇ ਅਤੇ ਰੋਜ਼ਮਰਾ ਦੀ ਜ਼ਿੰਦਗੀ ਨੂੰ ਖਿੱਚਣ ਦੇ ਅਨੇਕਾਂ ਅਜਿਹੇ ਖ਼ਰਚੇ ਹਨ, ਜਿਨ੍ਹਾਂ ਨੂੰ ਪੂਰਾ ਕਰਨਾ ਬਹੁਤ ਮੁਸ਼ਕਲ ਹੈ। ਪੜ੍ਹਾਈ ਤੋਂ ਬਾਅਦ ਵੱਖ-ਵੱਖ ਤਰ੍ਹਾਂ ਦੇ ਟੈਸਟ ਦੇ ਕੇ ਇੱਕ ਆਮ ਵਿਅਕਤੀ ਉਂਝ ਵੀ ਮਾਨਸਿਕ ਪਰੇਸ਼ਾਨੀ ਵਿੱਚ ਘਿਰ ਜਾਂਦਾ ਹੈ। ਇਕੱਲਾ ਪੰਜਾਬੀ ਹੀ ਪਰਵਾਸ ਨਹੀਂ ਕਰ ਰਿਹਾ। ਕਿਸੇ ਕੰਪਨੀ ਵਿੱਚ ਬੱਚਿਆਂ ਨੇ ਰੁਜ਼ਗਾਰ ਲਈ ਜਾਣਾ ਹੋਵੇ ਤਾਂ ਉਹ ਵੀ ਇੱਕ ਸ਼ਹਿਰ ਨੂੰ ਛੱਡ ਕੇ ਦੂਸਰੇ ਸ਼ਹਿਰ ਜਾਣਾ ਪਰਵਾਸ ਹੀ ਕਹਾਉਂਦਾ ਹੈ। ਹਮੇਸ਼ਾਂ ਹਰ ਗੱਲ ਨੂੰ ਚਿੱਥੇ ਹੀ ਜਾਣ ਦੀ ਲੋੜ ਨਹੀਂ ਹੁੰਦੀ। ਸਮੇਂ ਅਤੇ ਹਾਲਾਤ ਨਾਲ ਬਦਲਣਾ ਪੈਂਦਾ ਹੈ। ਅੱਜ ਦੀ ਦੁਨੀਆ ਵਿੱਚ ਹਰ ਕੋਈ ਸਿਆਣਾ ਹੈ। ਨੈੱਟ ਦੇ ਆਉਣ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਉਪਲੱਬਧ ਹੋ ਜਾਂਦੀ ਹੈ। ਮੇਰਾ ਤਾਂ ਇਹੀ ਮੰਨਣਾ ਹੈ ਕਿ ਵਿਅਕਤੀ ਨੂੰ ਜਿੱਥੇ ਵੀ ਜਾ ਕੇ ਸੰਤੁਸ਼ਟੀ ਮਿਲਦੀ ਹੈ, ਉਸ ਨੂੰ ਜਾਣਾ ਚਾਹੀਦਾ ਹੈ। ਕੌਣ ਕੀ ਕਹਿ ਰਿਹਾ ਹੈ? ਇਸ ਬਾਰੇ ਵਿਚਾਰ ਚਰਚਾ ਕਰਨ ਨਾਲੋਂ ਬਿਹਤਰ ਇਹੀ ਹੈ ਕਿ ਆਪਣੀ ਜ਼ਿੰਦਗੀ ਦੇ ਸਾਲਾਂ ਨੂੰ ਬਿਹਤਰ ਬਣਾਇਆ ਜਾਵੇ। ਅਗਾਂਹਵਧੂ ਸੋਚ ਨਾਲ ਅੱਗੇ ਵਧਿਆ ਜਾਵੇ। ਆਪਣੇ ਦਾਇਰਿਆਂ ਨੂੰ ਵਿਸ਼ਾਲ ਕਰਕੇ, ਮੁਸੀਬਤਾਂ ਨੂੰ ਝੱਲਣ ਦੇ ਕਾਬਲ ਬਣ ਕੇ, ਅੱਗੇ ਵਧਦੇ ਰਹਿਣਾ ਹੀ ਜ਼ਿੰਦਗੀ ਦੀ ਹੋਂਦ ਦਾ ਸੰਕੇਤ ਹੈ।

ਸੰਪਰਕ: 81465-36200

# ਗਰੀਬੀ ਅਤੇ ਅਮੀਰੀ ਦਾ ਵਧ ਰਿਹਾ ਪਾੜਾ

ਸਫ਼ਾ 5 ਦੀ ਬਾਕੀ

ਚੋਟੀ ਦੇ ਅਰਬਪਤੀਆਂ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਐਲਨ ਮਸਕ ਦੀ ਦੌਲਤ ਵਿੱਚ 1.14 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ ਜਿਸ ਤੋਂ ਬਾਅਦ ਉਸ ਦੀ ਕੁੱਲ ਦੌਲਤ 374 ਬਿਲੀਅਨ ਡਾਲਰ ਹੋ ਗਈ ਹੈ। ਇਸ ਦੇ ਨਾਲ ਹੀ ਜੈਫ ਬੇਜੋਸ ਦੀ ਕੁੱਲ ਜਾਇਦਾਦ ਵਿੱਚ 1.95 ਬਿਲੀਅਨ ਡਾਲਰ, ਮਾਰਕ ਜ਼ੁਕਰਬਰਗ ਦੀ ਕੁੱਲ ਜਾਇਦਾਦ ਵਿੱਚ 3.29 ਬਿਲੀਅਨ ਡਾਲਰ ਅਤੇ ਲੈਰੀ ਐਲੀਸਨ ਦੀ ਦੌਲਤ ਵਿੱਚ 1.35 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਸਟੀਵ ਬਾਲਮਰ, ਲੈਰੀ ਪੇਜ, ਸਰਗੇਈ ਬ੍ਰਿਨ ਦੀ ਕੁੱਲ ਜਾਇਦਾਦ ਵਿੱਚ ਵੀ 1 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ।

ਤਰੱਕੀ ਨੂੰ ਸਮਾਜਿਕ, ਆਰਥਿਕ, ਵਾਤਾਵਰਨਕ, ਸੱਭਿਆਚਾਰਕ ਪੱਖਾਂ ਦੇ ਪੈਮਾਨਿਆਂ ਤੋਂ ਨਾਪਿਆ ਜਾਂਦਾ ਹੈ। ਗੋਦੀ ਮੀਡੀਆ ਅਤੇ ਹਕੂਮਤੀ ਗਲਿਆਰਿਆਂ ਦਾ ਨਿੱਘ ਮਾਣਦੇ ਬੁੱਧੀਜੀਵੀ ਸਮਾਜ ਦੀ ਅਸਲ ਤਸਵੀਰ ਪੇਸ਼ ਨਹੀਂ ਕਰਦੇ। ਇਸੇ ਕਰ ਕੇ ਮੁੱਖ ਧਾਰਾ ਮੀਡੀਆ ਇਨ੍ਹਾਂ ਤੱਥਾਂ ਨੂੰ ਉਜਾਗਰ ਨਹੀਂ ਕਰੇਗਾ। ਇਸ ਲਈ ਕੁਝ ਤਲਖ਼ ਹਕੀਕਤਾਂ ਜਾਨਣਾ ਬਹੁਤ ਜ਼ਰੂਰੀ ਹੈ। 2014 ਵਿੱਚ ਭਾਰਤ ਸਿਰ ਕਰਜ਼ਾ 49 ਲੱਖ ਰੁਪਏ ਕਰੋੜ ਸੀ ਜੋ 2024 ਤੱਕ ਅਮਰ ਵੇਲ ਵਾਂਗ ਵਧ ਕੇ 220 ਲੱਖ ਕਰੋੜ ਰੁਪਏ ਹੋ ਗਿਆ। 2024 ਦੇ ਗਲੋਬਲ ਹੰਗਰ ਇੰਡੈਕਸ (ਭੁੱਖਮਰੀ) ਵਿੱਚ ਭਾਰਤ 127 ਦੇਸ਼ਾਂ ਵਿੱਚੋਂ 105ਵੇਂ ਸਥਾਨ 'ਤੇ ਹੈ। 13.7% ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। 35.5% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਹੀ ਵਿਕਾਸ ਨਹੀਂ ਹੋ ਰਿਹਾ। ਬੱਚੇ ਨੂੰ ਜਨਮ ਦੇਣ ਸਮੇਂ 66 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਹਰ ਸਾਲ 24000 ਔਰਤਾਂ ਦੀ ਬੱਚੇ ਨੂੰ ਜਨਮ ਦੇਣ ਸਮੇਂ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਵਿਸ਼ਵ ਪੱਧਰ 'ਤੇ ਮਾਵਾਂ ਦੀਆਂ ਮੌਤਾਂ ਦਾ 17% ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਮੌਤਾਂ ਦਾ 21% ਹਿੱਸਾ ਹੈ। ਕੁਪੋਸ਼ਣ ਦੇ ਮਾਮਲੇ ਵਿੱਚ ਭਾਰਤ 80 ਮੁਲਕਾਂ ਵਿੱਚੋਂ 67ਵੇਂ ਨੰਬਰ 'ਤੇ ਹੈ।

ਭਾਰਤ ਵਿੱਚ ਹਰ ਸਾਲ ਭੁੱਖ ਕਾਰਨ 25 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸਿਹਤ ਸੁਰੱਖਿਆ ਪੱਖੋਂ 2021 ਦੇ ਅੰਕੜਿਆਂ ਅਨੁਸਾਰ, 195 ਮੁਲਕਾਂ ਵਿੱਚੋਂ ਭਾਰਤ 85ਵੇਂ ਸਥਾਨ 'ਤੇ ਹੈ। 81 ਕਰੋੜ ਲੋਕ ਮਿਹਨਤ ਕਰ ਕੇ ਢਿੱਡ ਨਾ ਭਰ ਸਕਣ ਕਾਰਨ ਮੁਫ਼ਤ ਰਾਸ਼ਨ 'ਤੇ ਨਿਰਭਰ ਹਨ। ਵਿਸ਼ਵ ਖੁਸ਼ੀ ਰਿਪੋਰਟ-2024 ਵਿੱਚ ਭਾਰਤ 143 ਦੇਸ਼ਾਂ ਵਿੱਚੋਂ 126ਵੇਂ ਸਥਾਨ 'ਤੇ ਸੀ। 2022 ਵਿੱਚ ਭਾਰਤ ਵਿੱਚ 11290 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕਸ਼ੀਆਂ ਕੀਤੀਆਂ। ਇਹ ਅੰਕੜਾ 56 ਸਾਲ ਦੇ ਅਰਸੇ ਦੌਰਾਨ ਸਭ ਤੋਂ ਵੱਧ ਹੈ। 2022 ਵਿੱਚ ਹੀ 13044 ਨੌਜਵਾਨਾਂ ਨੇ ਖੁਦਕਸ਼ੀ ਕੀਤੀ। ਨੌਜਵਾਨਾਂ ਵਿੱਚ ਖੁਦਕੁਸ਼ੀ ਦੀ ਦਰ 4% ਸਲਾਨਾ ਦੇ ਹਿਸਾਬ ਨਾਲ ਵਧ ਰਹੀ ਹੈ। ਭਾਰਤ ਵਿੱਚ ਬੇਰੁਜ਼ਗਾਰ 8% ਦੀ ਦਰ ਨੂੰ ਜਾ ਪਹੁੰਚੀ ਹੈ। ਭਾਰਤ ਵਿੱਚ 2022 ਵਿੱਚ 4,50,000 ਸੜਕ ਦੁਰਘਟਨਾਵਾਂ ਵਿੱਚ 1,50,000 ਲੋਕ ਮੌਤ ਦੇ ਮੂੰਹ ਜਾ ਪਏ। 2020 ਵਿੱਚ 10.1 ਕਰੋੜ ਲੋਕ ਡਾਇਬਟੀਜ਼ ਦਾ ਸ਼ਿਕਾਰ ਹੋਏ, 36651 ਮੌਤਾਂ ਹੋਈਆਂ। ਭਾਰਤ ਵਿੱਚ ਦਿਲ ਦਾ ਦੌਰਾ ਪੈਣ ਨਾਲ 47 ਲੱਖ 70 ਹਜ਼ਾਰ ਮੌਤਾਂ ਹੋਈਆਂ। ਭਾਰਤ ਔਰਤਾਂ ਦੀ ਸੁਰੱਖਿਆ ਅਤੇ ਸ਼ਾਂਤੀ ਦੇ ਮਾਮਲੇ ਵਿੱਚ 177 ਮੁਲਕਾਂ ਵਿੱਚ 128ਵੇਂ ਸਥਾਨ 'ਤੇ ਹੈ। 2022 ਵਿੱਚ ਔਰਤਾਂ ਨਾਲ ਵਧੀਕੀਆਂ ਦੇ 4,28,273 ਮੁਕੱਦਮੇ ਦਰਜ ਹੋਏ। ਇਹ 26.35% ਦਾ ਵਾਧਾ ਹੈ। 2022 ਵਿੱਚ 6795 ਔਰਤਾਂ ਦਾਜ ਦੀ ਬਲੀ ਚੜ੍ਹ ਗਈਆਂ। 2022 ਵਿੱਚ ਲੋਕ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਨੇ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ 2020-22 ਦੌਰਾਨ ਪੁਲੀਸ ਹਿਰਾਸਤ ਵਿੱਚ 4484 ਮੌਤਾਂ ਹੋਈਆਂ। ਭਾਰਤ ਵਿੱਚ 'ਆਜ਼ਾਦੀ' ਦੇ 78 ਸਾਲ ਬੀਤ ਜਾਣ ਬਾਅਦ ਵੀ 23.68% ਆਬਾਦੀ ਅਨਪੜ੍ਹ ਅਤੇ 29.6% ਔਰਤਾਂ ਅਨਪੜ੍ਹ ਹਨ। ਐੱਨਸੀਆਰਬੀ ਦੇ 2022 ਦੇ ਅੰਕੜਿਆਂ ਅਨੁਸਾਰ, ਅਨੁਸੂਚਿਤ



ਜਾਤੀ/ਅਨੁਸੂਚਿਤ ਕਬੀਲਿਆਂ ਨਾਲ ਵਧੀਕੀਆਂ ਦੇ 17000 ਮੁਕੱਦਮੇ ਦਰਜ ਹੋਏ।

ਇਹ ਅੰਕੜੇ ਪ੍ਰਤੱਖ ਪ੍ਰਮਾਣ ਹਨ ਕਿ ਕਿਵੇਂ ਭਾਰਤ ਵਿੱਚ ਪੈਦਾ ਹੋ ਰਹੀ ਕੁੱਲ ਦੌਲਤ ਦਾ ਵੱਡਾ ਹਿੱਸਾ ਛੋਟਾ ਜਿਹਾ ਉੱਪਰਲਾ ਤਬਕਾ ਛਕ ਜਾਂਦਾ ਹੈ ਤੇ ਆਮ ਲੋਕਾਂ ਹਿੱਸੇ ਚੂਰ-ਭੂਰ ਹੀ ਪੈਂਦੀ ਹੈ। ਇਹ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਗੱਲ ਨਹੀਂ ਸਗੋਂ ਸਵਾਲ ਪੂਰੇ ਢਾਂਚੇ ਉੱਤੇ ਹੈ, ਸਰਮਾਏਦਾਰਾ ਪ੍ਰਬੰਧ ਉੱਤੇ ਹੈ। ਸਭ ਸਰਕਾਰਾਂ ਦਾ ਕੁੱਲ ਜਮ੍ਹਾਂ-ਜੋੜ ਇਹੀ ਹੈ ਕਿ ਹੁਣ ਤੱਕ ਦਾ ਸਰਮਾਏਦਾਰਾ ਵਿਕਾਸ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕਿਆ; ਇਹ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ ਹੈ।

ਕੇਂਦਰੀ ਹਕੂਮਤ ਲੋਕਾਂ ਨੂੰ ਰਾਸ਼ਟਰਵਾਦ ਦੇ ਪਰਦੇ ਹੇਠ ਫਿਰਕੂ ਜੰਗ ਦੀ ਭੱਠੀ ਵਿੱਚ ਝੋਕਣ ਲਈ ਆਪਣਾ ਨਫ਼ਰਤੀ ਏਜੰਡਾ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਧਾਰਮਿਕ ਘੱਟ ਗਿਣਤੀਆਂ ਵਿੱਚੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਨੂੰ ਨਿਸ਼ਾਨੇ 'ਤੇ ਲਿਆ ਗਿਆ ਹੈ। ਦੂਜਾ ਹਮਲਾ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲਾਂ, ਖੋਜਾਰਥੀਆਂ, ਲੇਖਕਾਂ, ਰੰਗਕਰਮੀਆਂ, ਪੱਤਰਕਾਰਾਂ, ਖਾਸਕਰ ਯੂਟਿਊਬਰਾਂ ਉੱਪਰ ਵਿੱਢਿਆ ਹੋਇਆ ਹੈ। ਹਜੂਮੀ ਹਿੰਸਾ ਅਤੇ ਟਰੋਲ ਆਰਮੀ ਰਾਹੀਂ ਇੱਕ ਹੋਰ ਹਮਲਾ ਤੇਜ਼ ਕੀਤਾ ਹੋਇਆ ਹੈ। ਇਸ ਦਾ ਸਿੱਟਾ ਇਹ ਹੈ ਕਿ 2014 ਤੋਂ 2022 ਤੱਕ, ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂਏਪੀਏ) ਤਹਿਤ ਕੁੱਲ 8,719 ਮਾਮਲੇ ਦਰਜ ਕੀਤੇ ਗਏ ਹਨ। ਗੱਲ ਕੀ, ਲੁੱਟ ਨੂੰ ਹੋਰ ਤੇਜ਼ ਕਰਨ ਲਈ ਜਬਰ ਦਾ ਸਹਾਰਾ ਲਿਆ ਜਾ ਰਿਹਾ ਹੈ।

ਇਹ ਕੇਂਦਰੀ ਹਕੂਮਤ ਵੱਲੋਂ ਪ੍ਰਚਾਰੇ ਜਾ ਰਹੇ 'ਸਭ ਕਾ ਸਾਥ, ਸਭ ਕਾ ਵਿਸ਼ਵਾਸ, ਸਭ ਕਾ ਵਿਕਾਸ' ਦੀ ਅਸਲ ਤਸਵੀਰ ਹੈ। ਸਰਮਾਏਦਾਰੀ ਪ੍ਰਬੰਧ 'ਚ ਨਾ-ਬਰਾਬਰੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਮੱਧਵਰਗ ਤੇ ਛੋਟੇ ਮਾਲਕਾਂ ਦਾ ਮਜ਼ਦੂਰਾਂ 'ਚ ਤਬਦੀਲ ਹੋਣਾ ਅਤੇ ਪੈਸੇ ਦਾ ਕੁਝ ਲੋਕਾਂ ਦੇ ਹੱਥਾਂ 'ਚ ਕੇਂਦਰਤ ਹੋਣਾ ਸਰਮਾਏਦਾਰੀ ਦਾ ਲਾਜ਼ਮੀ ਲੱਛਣ ਹੈ। ਧਰੁਵੀਕਰਨ ਦੀ ਇਹ ਪ੍ਰਕਿਰਿਆ ਭਿਅੰਕਰ ਨਾ-ਬਰਾਬਰੀ ਨੂੰ ਜਨਮ ਦਿੰਦੀ ਹੈ। ਇਸ ਲਈ ਹੁਣ ਨਾ-ਬਰਾਬਰੀ ਵਾਲੇ ਪ੍ਰਬੰਧ ਦਾ ਭੋਗ ਪਾ ਕੇ ਨਵਾਂ ਬਰਾਬਰੀ ਵਾਲਾ ਲੋਕ ਪੱਖੀ ਪ੍ਰਬੰਧ ਸਿਰਜਣ ਦੀ ਲੋੜ ਹੈ। ਇਹਦੇ ਲਈ ਲਾਜ਼ਮੀ ਹੈ ਕਿ ਕਿਰਤੀਆਂ ਨੂੰ ਆਪਣੀ ਜਥੇਬੰਦਕ ਤਾਕਤ ਉੱਤੇ ਟੇਕ ਰੱਖਣੀ ਪਵੇਗੀ।



# ਫੈਸ਼ਨ ਬ੍ਰਾਂਡ ਅੱਜ ਦੀ ਨੌਜਵਾਨ ਪੀੜ੍ਹੀ

ਲਲਿਤ ਗੁਪਤਾ

ਅੱਜ ਦਾ ਯੁੱਗ ਮਾਡਰਨ ਯੁੱਗ ਹੈ। ਹਰ ਇਨਸਾਨ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਚਾਹੁੰਦਾ ਹੈ। ਜੇਕਰ ਆਧੁਨਿਕ ਪੀੜ੍ਹੀ ਦੀ ਗੱਲ ਕਰੀਏ ਤਾਂ ਅੱਜ ਹਰ ਨੌਜਵਾਨ ਅਤੇ ਮੁਟਿਆਰ ਆਪਣੇ ਆਪ ਨੂੰ ਨਿਖਾਰਨਾ ਚਾਹੁੰਦਾ ਹੈ। ਅੱਜ ਦੀ ਪੀੜ੍ਹੀ ਹਰ ਤਰ੍ਹਾਂ ਦੇ ਰੂਪ ਅਪਣਾ ਰਹੀ ਹੈ। ਇਸ ਪੀੜ੍ਹੀ ਲਈ ਨਵੇਂ ਫੈਸ਼ਨ ਅਤੇ ਨਵੇਂ ਸ਼ੌਕ ਅਪਨਾਉਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ। ਕੋਈ ਵੀ ਬੰਦਾ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ।

ਅੱਜ ਦੀ ਪੀੜ੍ਹੀ ਸਾਦਾ ਜੀਵਨ ਜਿਊਣਾ ਭੁੱਲ ਗਈ ਹੈ। ਹਰ ਬੰਦਾ ਨਵੀਨਤਮ ਪਹਿਨਣਾ ਚਾਹੁੰਦਾ ਹੈ, ਨਵੀਨਤਮ ਬ੍ਰਾਂਡ ਖਰੀਦਣਾ ਚਾਹੁੰਦਾ ਹੈ; ਭਾਵੇਂ ਉਹ ਅਮੀਰ ਹੋਵੇ ਜਾਂ ਦਰਮਿਆਨਾ, ਹਰ ਕੋਈ ਦਿਖਾਵੇ ਅਤੇ ਝੂਠੀ ਸ਼ਾਨ ਦਾ ਹਿੱਸਾ ਬਣ ਗਿਆ ਹੈ। ਅੱਜ ਬਹੁਤ ਸਾਰੇ ਅਜਿਹੇ ਨੌਜਵਾਨ ਅਤੇ ਮੁਟਿਆਰਾਂ ਹਨ ਜਿਨ੍ਹਾਂ ਲਈ ਫੈਸ਼ਨ ਅਤੇ ਵਧੀਆ ਤੋਂ ਵਧੀਆ ਚੀਜ਼ਾਂ 'ਤੇ ਖਰਚ ਕਰਨਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਲਈ ਪੈਸੇ ਦੀ ਕੀਮਤ ਪਾਣੀ ਵਾਂਗ ਹੋ ਗਈ ਹੈ। ਕੀ ਫੈਸ਼ਨ ਇੰਨਾ ਮਹੱਤਵਪੂਰਨ ਹੋ ਗਿਆ ਹੈ? ਕੀ ਕੋਈ ਬੰਦਾ ਸਾਦਾ ਜੀਵਨ ਨਹੀਂ

ਜੀਅ ਸਕਦਾ? ਕੀ ਬੇਲੋੜੇ ਖਰਚਿਆਂ ਅਤੇ ਦਿਖਾਵੇ ਨੂੰ ਰੋਕਣਾ ਜ਼ਰੂਰੀ ਨਹੀਂ ਹੈ?

ਅੱਜ ਹਰ ਬੰਦਾ ਦੂਜੇ ਦੀ ਬਰਾਬਰੀ ਕਰ ਰਿਹਾ ਹੈ। ਇਸ ਜੀਵਨ ਸ਼ੈਲੀ ਨੇ ਬੰਦੇ ਨੂੰ ਇੰਨਾ ਪ੍ਰਭਾਵਿਤ ਕੀਤਾ ਹੈ ਕਿ ਇਸ ਦਾ ਅਸਰ ਉਸ ਦੀ ਮਾਨਸਿਕ ਸਥਿਤੀ 'ਤੇ ਵੀ ਪੈਣ ਲੱਗਾ ਹੈ। ਅੱਜ ਕਲ੍ਹ ਫੈਸ਼ਨ ਵੀ ਵੱਖਰਾ ਹੋ ਗਿਆ ਹੈ। ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਹਰ ਪਾਸੇ ਵੱਖਰਾ ਫੈਸ਼ਨ ਹੈ। ਜੇਕਰ ਉਹ ਦੋਸਤਾਂ ਵਿਚ ਰਹਿੰਦੇ ਹਨ ਤਾਂ ਉਹ ਹਰ ਪੱਖੋਂ ਆਪਣੇ ਦੋਸਤ ਨਾਲੋਂ ਵਧੀਆ ਪਹਿਨਣਾ ਚਾਹੁੰਦੇ ਹਨ। ਆਪਣੇ ਦੋਸਤ ਨਾਲੋਂ ਵੱਧ ਖਰਚਾ ਕਰ ਕੇ ਦਿਖਾਉਂਦੇ ਹਨ। ਆਪਣੇ ਦੋਸਤ ਨਾਲੋਂ ਵਧੀਆ ਮੋਬਾਈਲ ਲੈਣਾ ਚਾਹੁੰਦਾ ਹੈ। ਹਰ ਕੋਈ ਵੱਡੀ ਥਾਂ ਜਾਂ ਹੋਟਲ ਵਿਚ ਖਾਣਾ ਚਾਹੁੰਦਾ ਹੈ। ਅੱਜ ਦੀ ਜੀਵਨ ਸ਼ੈਲੀ ਨਕਲੀ ਹੋ ਗਈ ਹੈ। ਅਸਲ ਜੀਵਨ ਮਨੁੱਖ ਨੇ ਆਪ ਹੀ ਖਤਮ ਕਰ ਲਿਆ ਹੈ।

ਜੇਕਰ ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਜੀਵਨ ਸ਼ੈਲੀ ਬਹੁਤ ਵਧੀਆ ਸੀ। ਪਹਿਲਾਂ ਨੌਜਵਾਨ ਪੀੜ੍ਹੀ ਦਿੱਖ ਵਿਚ ਨਹੀਂ ਰਹਿੰਦੀ ਸੀ। ਪਹਿਲਾਂ ਵੀ ਲੋਕ ਬਾਹਰ ਖਾਣ ਲਈ ਜਾਂਦੇ ਸਨ, ਪਹਿਲਾਂ ਵੀ ਲੋਕ ਘੜੀਆਂ ਪਹਿਨਦੇ ਸਨ, ਅੱਜ ਮਹਿੰਗੀਆਂ ਘੜੀਆਂ ਵੀ ਪੁਰਾਣੇ ਸਮੇਂ ਦੀਆਂ ਘੜੀਆਂ ਵਾਂਗ ਹੀ ਸਮਾਂ ਦਿਖਾਉਂਦੀਆਂ ਹਨ।

ਪਹਿਲਾਂ ਵੀ ਲੋਕ ਮਨੋਰੰਜਨ ਲਈ ਬਾਹਰ ਨਿਕਲਦੇ ਸਨ ਅਤੇ ਮਨ ਦੀ ਸ਼ਾਂਤੀ ਲਈ ਬਗੀਚਿਆਂ ਵਿਚ ਜਾਂਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਝਰਨੇ ਅਤੇ ਨਹਿਰਾਂ ਦਾ ਆਨੰਦ ਮਾਣਦੇ ਸਨ, ਅੱਜ ਉਨ੍ਹਾਂ ਦੀ ਜਗ੍ਹਾ ਵਾਟਰ ਪਾਰਕਾਂ ਨੇ ਲੈ ਲਈ ਹੈ। ਪਹਿਲਾਂ ਵੀ ਲੋਕ ਚੰਗੇ ਕੱਪੜੇ ਪਹਿਨਦੇ ਸਨ ਅਤੇ ਲੰਮੇ ਸਮੇਂ ਤੱਕ ਉਨ੍ਹਾਂ ਕੱਪੜਿਆਂ ਦੀ ਵਰਤੋਂ ਕਰਦੇ ਸਨ; ਅੱਜ ਉਨ੍ਹਾਂ ਦੀ ਜਗ੍ਹਾ ਸ਼ਾਪਿੰਗ ਮਾਲ ਦੇ ਬ੍ਰਾਂਡਿਡ ਕੱਪੜਿਆਂ ਨੇ ਲੈ ਲਈ ਹੈ। ਅੱਜ ਦੋ-ਤਿੰਨ ਵਾਰ ਪਹਿਨੇ ਹੋਏ ਕੱਪੜੇ ਪੁਰਾਣੇ ਹੋ ਜਾਂਦੇ ਹਨ। ਕਹਿਣ ਦਾ ਭਾਵ ਇਹ ਕਿ ਅੱਜ ਦੀ ਪੀੜ੍ਹੀ ਮਹਿੰਗੇ ਕੱਪੜਿਆਂ ਨੂੰ ਆਪਣਾ ਸਵੈਮਾਣ ਸਮਝਦੀ ਹੈ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਬੰਦੇ ਦੀ ਪਛਾਣ ਕੱਪੜਿਆਂ ਤੋਂ ਨਹੀਂ ਸਗੋਂ ਉਸ ਦੇ ਕਿਰਦਾਰ ਤੋਂ ਹੁੰਦੀ ਹੈ। ਅੱਜ ਦੀ ਜੀਵਨ ਸ਼ੈਲੀ ਨੂੰ ਪੁਰਾਣੀ ਜੀਵਨ ਸ਼ੈਲੀ ਨਾਲ ਜੋੜਨ ਦਾ ਮਤਲਬ ਇਹ ਵੀ ਹੈ ਕਿ ਜਿਸ ਨਵੇਂ ਢੰਗ ਨਾਲ ਅੱਜ ਬੰਦਾ ਜੀਅ ਰਿਹਾ ਹੈ, ਉਹੀ ਜੀਵਨ ਸ਼ੈਲੀ ਪਹਿਲੇ ਸਮਿਆਂ ਵਿਚ ਸੀ। ਫਰਕ ਸਿਰਫ ਇੰਨਾ ਹੈ ਕਿ ਅੱਜ ਦੀ ਪੀੜ੍ਹੀ ਦਾ ਰਹਿਣ-ਸਹਿਣ ਦਾ ਤਰੀਕਾ ਬਦਲ ਗਿਆ ਹੈ। ਪਹਿਲਾਂ ਮਨੁੱਖ ਆਪਣੇ ਅਤੇ ਪਰਿਵਾਰ ਲਈ ਜਿਊਂਦਾ ਸੀ ਪਰ ਅੱਜ ਦੀ ਪੀੜ੍ਹੀ ਦੂਜਿਆਂ ਨੂੰ ਦਿਖਾਉਣ ਲਈ ਜਿਊਂਦੀ ਹੈ।

ਅੱਜ ਦੇ ਸਮੇਂ ਵਿਚ ਮਨੁੱਖ ਦੇ ਖਾਣ-ਪੀਣ ਵਿਚ ਬਹੁਤ ਤਬਦੀਲੀ ਆ ਗਈ ਹੈ। ਸਾਦਾ ਖਾਣਾ ਅੱਜ ਦੀ ਪੀੜ੍ਹੀ ਦੇ ਸੁਭਾਅ ਵਿਚ ਨਹੀਂ ਰਿਹਾ। ਘਰ ਨਾਲੋਂ ਬਾਹਰ ਦਾ ਖਾਣਾ ਖਾਣ ਦੀ ਤਰਜੀਹ ਵਧ ਗਈ ਹੈ। ਜ਼ਿਆਦਾਤਰ ਲੋਕ ਬਾਹਰ ਦਾ ਜੰਕ ਫੂਡ ਖਾਣ ਲੱਗ ਪਏ ਹਨ। ਜੰਕ ਫੂਡ ਸ਼ਬਦ ਹੀ ਇਸ ਭੋਜਨ ਬਾਰੇ ਬਹੁਤ ਕੁਝ ਦੱਸਦਾ ਹੈ। ਇਹ ਦੱਸਦਾ ਹੈ ਕਿ ਇਹ ਸਾਡੀ ਸਿਹਤ ਲਈ ਕਿੰਨਾ ਹਾਨੀਕਾਰਕ ਹੈ। ਇਸ ਤੋਂ ਇਲਾਵਾ ਜੰਕ ਫੂਡ ਮੂਲ ਰੂਪ ਵਿਚ ਮਾੜੇ ਹੁੰਦੇ ਹਨ ਜੋ ਸਾਡੇ ਸਰੀਰ ਨੂੰ ਵੱਖ-ਵੱਖ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਂਦੇ ਹਨ।

ਇਨਸਾਨ ਜਾਣਦਾ ਹੈ ਕਿ ਘਰ ਦਾ ਖਾਣਾ ਅਤੇ ਦੇਸੀ ਭੋਜਨ ਜਿੰਨਾ ਸਿਹਤ ਲਈ ਕੋਈ ਵੀ ਭੋਜਨ ਲਾਭਦਾਇਕ ਨਹੀਂ ਹੈ। ਪੁਰਾਣੇ ਜ਼ਮਾਨੇ ਦੀ ਗੱਲ ਕਰੀਏ ਤਾਂ ਉਸ ਸਮੇਂ ਵੀ ਲੋਕ ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਂਦੇ ਸੀ ਜੋ ਸੁਆਦਲੇ ਅਤੇ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਅੱਜ ਜ਼ਿਆਦਾਤਰ ਲੋਕ ਬਿਮਾਰੀਆਂ ਤੋਂ ਪੀੜਤ ਹਨ ਜਿਸ ਦਾ ਸਭ ਤੋਂ ਵੱਡਾ ਕਾਰਨ ਸਾਡਾ ਖਾਣ-ਪੀਣ ਹੈ। ਜ਼ਿਆਦਾਤਰ ਲੋਕ ਸਿਹਤਮੰਦ ਭੋਜਨ ਖਾਣਾ ਭੁੱਲ ਗਏ ਹਨ। ਮਨੁੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਚੀਜ਼ ਦੀ ਸੀਮਾ ਹੁੰਦੀ ਹੈ, ਜੇਕਰ ਤੁਸੀਂ ਬੇਲੋੜਾ ਖਾਣ-ਪੀਣ ਅਪਨਾਓਗੇ ਤਾਂ ਇਹ ਸਿਹਤ ਲਈ ਹਾਨੀਕਾਰਕ ਹੋਵੇਗਾ।

ਅੱਜ ਫੈਸ਼ਨ ਦਾ ਸਭ ਤੋਂ ਵੱਧ ਪ੍ਰਭਾਵ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ। ਮਨੁੱਖੀ ਸੁਭਾਅ ਹੈ ਕਿ ਉਹ ਨਵੀਆਂ ਅਤੇ ਸੁੰਦਰ ਚੀਜ਼ਾਂ ਅਪਨਾਉਣਾ ਚਾਹੁੰਦਾ ਹੈ। ਅਸਲ ਵਿਚ, ਅੱਜ ਨੌਜਵਾਨ ਲੜਕੇ-ਲੜਕੀਆਂ ਆਪਣੇ ਤਰੀਕੇ ਨਾਲ ਜਿਊਣਾ ਚਾਹੁੰਦੇ ਹਨ। ਕਾਲਜ ਜਾਣ ਵਾਲੇ ਜ਼ਿਆਦਾਤਰ ਨੌਜਵਾਨਾਂ ਲਈ ਇਹ ਸੁਭਾਵਿਕ ਹੈ ਕਿ ਨਵਾਂ ਮਾਹੌਲ ਅਤੇ ਆਜ਼ਾਦੀ ਨੌਜਵਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ।

ਵਿਦਿਆਰਥੀ ਕਿਤਾਬਾਂ ਖਰੀਦਣ ਦੀ ਬਜਾਇ ਨਵੀਨਤਮ ਕਿਸਮ ਦੀਆਂ ਫੈਸ਼ਨ ਵਾਲੀਆਂ ਚੀਜ਼ਾਂ ਪ੍ਰਾਪਤ ਕਰਨ ਵਿਚ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰਦੇ ਹਨ। ਉਹ ਫੈਸ਼ਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਕਰ ਕੇ ਆਪਣੇ ਅਧਿਐਨ ਨੂੰ ਨਜ਼ਰਅੰਦਾਜ਼ ਕਰਦੇ ਹਨ। ਫੈਸ਼ਨ ਕਾਰਨ ਸਮਾਜ ਉੱਚ ਵਰਗ, ਮੱਧ ਵਰਗ ਅਤੇ ਹੇਠਲੇ ਵਰਗ ਵਿਚ ਵੰਡਿਆ ਗਿਆ ਹੈ। ਕਈ ਮਾਪੇ ਆਪਣੇ ਬੱਚਿਆਂ ਦੀਆਂ ਨਵੀਆ ਫੈਸ਼ਨ ਵਾਲੀਆਂ ਚੀਜ਼ਾਂ ਦਾ ਖਰਚਾ ਨਹੀਂ ਝੱਲ ਸਕਦੇ ਪਰ ਉਨ੍ਹਾਂ ਦੇ ਬੱਚੇ ਦੂਜਿਆਂ ਨੂੰ ਦੇਖ ਕੇ ਉਨ੍ਹਾਂ ਨੂੰ ਨਵੀਆਂ ਨਵੀਆਂ ਅਤੇ

ਮਹਿੰਗੀਆਂ ਚੀਜ਼ਾਂ ਲੈ ਕੇ ਦੇਣ ਲਈ ਤੰਗ ਕਰਦੇ ਰਹਿੰਦੇ ਹਨ। ਅੱਜ ਨੌਜਵਾਨ ਪੀੜ੍ਹੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਫੈਸ਼ਨ ਅਤੇ ਦਿਖਾਵੇ ਦੀ ਜ਼ਿੰਦਗੀ ਤੋਂ

ਉਪਰ ਉੱਠ ਕੇ ਸਕੂਨ ਅਤੇ ਸੰਤੁਸ਼ਟੀ ਵਾਲੀ ਜ਼ਿੰਦਗੀ ਅਪਨਾਉਣੀ ਚਾਹੀਦੀ ਹੈ।

ਸੰਪਰਕ: 97815-90500



# ਸਰੀਰ ਲਈ ਕਿਉਂ ਜ਼ਰੂਰੀ ਹੈ ਵਿਟਾਮਿਨ-ਐਚ?




ਸਰੀਰ ਨੂੰ ਸਿਹਤਮੰਦ ਰਹਿਣ ਲਈ ਸਾਰੇ ਵਿਟਾਮਿਨਾਂ ਦੀ ਜ਼ਰੂਰਤ ਹੁੰਦੀ ਹੈ, ਪਰ ਕਿਸੇ ਵੀ ਪੋਸ਼ਕ ਤੱਤ ਦੀ ਕਮੀ ਤੁਹਾਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਬਣਾ ਸਕਦੀ ਹੈ। ਇਸ ਦਾ ਅਸਰ ਚਮੜੀ ਤੇ ਵਾਲਾਂ 'ਤੇ ਵੀ ਪੈਂਦਾ ਹੈ। ਹਾਲਾਂਕਿ, ਤੁਸੀਂ ਖੁਰਾਕ ਵਿੱਚ ਬਦਲਾਅ ਕਰਕੇ ਵਿਟਾਮਿਨਾਂ ਦੀ ਕਮੀ ਨੂੰ ਦੂਰ ਕਰ ਸਕਦੇ ਹੋ। ਇਨ੍ਹਾਂ ਜ਼ਰੂਰੀ ਪੌਸ਼ਟਿਕ ਤੱਤਾਂ ਵਿੱਚ ਵਿਟਾਮਿਨ-ਐਚ ਸ਼ਾਮਲ ਹੁੰਦਾ ਹੈ। ਇਸ ਨੂੰ ਵਿਗਿਆਨ ਦੀ ਭਾਸ਼ਾ ਵਿੱਚ ਬਾਇਓਟਿਨ ਕਿਹਾ ਜਾਂਦਾ ਹੈ। ਇਹ ਵਿਟਾਮਿਨ ਚਮੜੀ, ਵਾਲਾਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਸਾਡੇ ਸਰੀਰ ਨੂੰ ਊਰਜਾਵਾਨ ਰੱਖਣ ਵਿੱਚ ਮਦਦ ਕਰਦਾ ਹੈ। ਤਾਂ ਆਓ ਜਾਣਦੇ ਹਾਂ ਵਿਟਾਮਿਨ-ਐਚ ਦੇ ਫਾਇਦੇ ਅਤੇ ਇਸ ਦੀ ਕਮੀ ਨੂੰ ਦੂਰ ਕਰਨ ਲਈ ਕੀ ਖਾਣਾ ਚਾਹੀਦਾ ਹੈ।

## ਵਿਟਾਮਿਨ-ਐਚ ਦੇ ਫਾਇਦੇ

ਵਿਟਾਮਿਨ-ਐਚ ਭੋਜਨ ਨੂੰ ਸਰੀਰ ਵਿੱਚ ਊਰਜਾ ਵਿੱਚ ਬਦਲਦਾ ਹੈ। ਜਿਸ ਕਾਰਨ ਤੁਸੀਂ ਦਿਨ ਭਰ ਊਰਜਾਵਾਨ ਰਹਿੰਦੇ ਹੋ।
ਗਰਭ ਅਵਸਥਾ ਵਿੱਚ ਵੀ ਵਿਟਾਮਿਨ-ਐਚ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ।
ਵਿਟਾਮਿਨ-ਐਚ ਨਹੁੰਆਂ ਦੇ ਵਿਕਾਸ ਲਈ ਸਹਾਇਕ ਹੈ।
ਇਹ ਵਿਟਾਮਿਨ ਵਾਲਾਂ ਅਤੇ ਚਮੜੀ ਲਈ ਬਹੁਤ ਜ਼ਰੂਰੀ ਹੈ।
ਵਿਟਾਮਿਨ-ਐਚ ਦੀ ਪੂਰਤੀ ਲਈ ਖਾਓ ਇਹ ਭੋਜਨ

## ਆਂਡੇ

ਬਾਇਓਟਿਨ ਮੁੱਖ ਤੌਰ 'ਤੇ ਆਂਡੇ ਦੀ ਜ਼ਰਦੀ ਵਿੱਚ ਪਾਇਆ ਜਾਂਦਾ ਹੈ। ਇਹ ਪ੍ਰੋਟੀਨ ਅਤੇ ਹੋਰ ਵਿਟਾਮਿਨਾਂ ਅਤੇ ਖਣਿਜਾਂ ਦਾ ਇੱਕ ਚੰਗਾ ਸਰੋਤ ਵੀ ਹਨ। ਤੁਸੀਂ ਆਪਣੀ ਖੁਰਾਕ ਵਿੱਚ ਆਂਡੇ ਨੂੰ ਵੱਖ-ਵੱਖ ਤਰੀਕਿਆਂ ਨਾਲ ਸ਼ਾਮਲ ਕਰ ਸਕਦੇ ਹੋ, ਜਿਵੇਂ ਕਿ ਉਨ੍ਹਾਂ ਨੂੰ ਨਾਸ਼ਤੇ, ਸਲਾਦ ਜਾਂ ਸੈਂਡਵਿਚ ਲਈ ਉਬਲੇ ਹੋਏ ਆਂਡੇ ਵਿੱਚ ਸ਼ਾਮਲ ਕਰਨਾ।

## ਬਦਾਮ

ਬਦਾਮ 'ਚ ਵਿਟਾਮਿਨ-ਐੱਚ ਕਾਫੀ ਮਾਤਰਾ 'ਚ ਹੁੰਦਾ ਹੈ। ਜਿਸ ਕਾਰਨ ਵਾਲਾਂ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਹੈ। ਉਹ ਸਿਹਤਮੰਦ ਚਰਬੀ ਅਤੇ ਹੋਰ ਵਿਟਾਮਿਨਾਂ ਅਤੇ ਖਣਿਜਾਂ ਦਾ ਇੱਕ ਚੰਗਾ ਸਰੋਤ ਵੀ ਹਨ। ਤੁਸੀਂ ਇਸਨੂੰ ਸਲਾਦ ਜਾਂ ਦਲੀਆ ਵਿੱਚ ਸ਼ਾਮਲ ਕਰ ਸਕਦੇ ਹੋ।

## ਸ਼ਕਰਕੰਦੀ

ਮਿੱਠੇ ਆਲੂ ਬਾਇਓਟਿਨ ਦਾ ਇੱਕ ਚੰਗਾ ਸਰੋਤ ਹਨ। ਇਸ 'ਚ ਫਾਈਬਰ, ਵਿਟਾਮਿਨ-ਏ ਅਤੇ ਪੋਟਾਸ਼ੀਅਮ ਵੀ ਪਾਇਆ ਜਾਂਦਾ ਹੈ। ਤੁਸੀਂ ਸ਼ਕਰਕੰਦੀ ਨੂੰ ਉਬਾਲ ਕੇ ਖਾ ਸਕਦੇ ਹੋ ਜਾਂ ਕੋਈ ਹੋਰ ਨੁਸਖਾ ਵੀ ਅਜ਼ਮਾ ਸਕਦੇ ਹੋ।

## ਸਾਲਮਨ ਮੱਛੀ

ਸਾਲਮਨ ਬਾਇਓਟਿਨ ਦਾ ਇੱਕ ਵਧੀਆ ਸਰੋਤ ਹੈ। ਇਹ ਪ੍ਰੋਟੀਨ ਅਤੇ ਹੋਰ ਵਿਟਾਮਿਨਾਂ ਦਾ ਵੀ ਚੰਗਾ ਸਰੋਤ ਹੈ। ਵਿਟਾਮਿਨ-ਐੱਚ ਦੀ ਪੂਰਤੀ ਲਈ, ਤੁਹਾਨੂੰ ਆਪਣੀ ਖੁਰਾਕ ਵਿੱਚ ਸਲਮਨ ਮੱਛੀ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਤੁਸੀਂ ਇਸ ਨੂੰ ਗਰਿੱਲ ਕਰਕੇ ਵੀ ਖਾ ਸਕਦੇ ਹੋ।

# ਦਿਮਾਗੀ ਬਿਮਾਰੀ ਦਾ ਪਤਾ ਲਗਾਵੇਗੀ ਤੁਹਾਡੀ ਸਮਾਰਟਵਾਚਸ

ਤੁਹਾਨੂੰ ਅਜਿਹੇ ਕਈ ਮਾਮਲੇ ਸਾਹਮਣੇ ਆਏ ਹੋਣਗੇ ਜਿੱਥੇ ਐਪਲ ਵਾਚ ਯੂਜ਼ਰ ਦੀ ਜਾਨ ਬਚਾਉਣ ਲਈ ਕੰਮ ਆਈ ਹੈ। ਹਾਲਾਂਕਿ, ਸਿਰਫ ਐਪਲ ਵਾਚ ਹੀ ਨਹੀਂ, ਹੁਣ ਸਮਾਰਟ ਹੋਣ ਦਾ ਦਾਅਵਾ ਕਰਨ ਵਾਲੀ ਸਾਧਾਰਨ ਘੜੀ ਵੀ ਉਪਭੋਗਤਾ ਲਈ ਉਸਦੀ ਸਿਹਤ ਨੂੰ ਟਰੈਕ ਕਰਨ ਲਈ ਇੱਕ ਡਿਵਾਇਸ ਬਣ ਗਈ ਹੈ।
ਸਮਾਰਟਵਾਚਸ ਯੂਜ਼ਰਜ਼ ਦੇ ਦਿਲ ਦੀ ਗਤੀ ਦੀ ਨਿਗਰਾਨੀ ਕਰਨ ਤੇ ਉਨ੍ਹਾਂ ਦੇ ਸੌਣ ਦੇ ਪੈਟਰਨ ਦਾ ਪਤਾ ਲਗਾਉਣ ਲਈ ਉਪਯੋਗੀ ਹਨ। ਇਸ ਕੜੀ ਵਿੱਚ ਖੋਜਕਰਤਾਵਾਂ ਨੇ ਸਮਾਰਟਵਾਚ ਨੂੰ ਲੈ ਕੇ ਇੱਕ ਵੱਡੀ ਖੋਜ ਕੀਤੀ ਹੈ। ਸਮਾਰਟਵਾਚ ਦੇ ਜ਼ਰੀਏ ਹੁਣ ਦਿਮਾਗ ਨਾਲ ਜੁੜੀਆਂ ਬਿਮਾਰੀਆਂ ਦਾ ਪਤਾ ਲਗਾਉਣਾ ਸੰਭਵ ਹੋ ਗਿਆ ਹੈ।
ਸਮਾਰਟਵਾਚ ਪਾਰਕਿੰਸਨ ਰੋਗ ਨੂੰ ਪਛਾਣਨ 'ਚ ਕਾਮਯਾਬ
ਮੀਡੀਆ ਰਿਪੋਰਟਾਂ ਮੁਤਾਬਕ ਸਮਾਰਟਵਾਚ ਮੂਵਮੈਂਟ ਡਿਸਆਰਡਰ ਪਾਰਕਿੰਸਨ ਰੋਗ ਦਾ ਪਤਾ ਲਗਾਉਣ 'ਚ ਸਫਲ ਰਿਹਾ ਹੈ। ਇਹ ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਵਿਅਕਤੀ ਦੇ ਹੱਥਾਂ ਜਾਂ ਪੈਰਾਂ ਤੋਂ ਦਿਮਾਗ ਤਕ ਪਹੁੰਚਣ ਵਾਲੀਆਂ ਨਾੜੀਆਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ।
ਇਸ ਤਰ੍ਹਾਂ ਦੀ ਬਿਮਾਰੀ ਦੇ ਲੱਛਣ ਸਰੀਰ 'ਚ ਹੌਲੀ-ਹੌਲੀ ਦਿਖਾਈ ਦਿੰਦੇ ਹਨ, ਜਿਸ ਕਾਰਨ ਇਸ ਬਿਮਾਰੀ ਦਾ ਆਸਾਨੀ ਨਾਲ ਪਤਾ ਨਹੀਂ ਲਗਾਇਆ ਜਾ ਸਕਦਾ ਪਰ ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਮਾਰਟਵਾਚ ਦੇ ਸ਼ੁਰੂਆਤੀ ਲੱਛਣਾਂ ਦਾ ਪਤਾ ਲਗਾ ਕੇ ਇਸ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ।
ਸਮਾਰਟਵਾਚ ਦੀ ਮਦਦ ਨਾਲ ਬਿਮਾਰੀ ਬਾਰੇ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ
ਅਸਲ ਵਿੱਚ, ਇੱਕ ਖੋਜ ਦੇ ਦੌਰਾਨ, ਲਗਭਗ 7 ਦਿਨਾਂ ਲਈ 1,03,000 ਉਪਭੋਗਤਾਵਾਂ ਨੂੰ ਸਮਾਰਟਵਾਚ ਪਹਿਨਣ ਲਈ ਬਣਾਇਆ ਗਿਆ ਸੀ। ਇਸ ਦੌਰਾਨ ਸਮਾਰਟਵਾਚ ਨੇ ਯੂਜ਼ਰਜ਼ ਦੀ ਮੂਵਮੈਂਟ ਸਪੀਡ ਨੂੰ ਟਰੈਕ ਕਰਨਾ ਸ਼ੁਰੂ ਕਰ ਦਿੱਤਾ। ਸਮਾਰਟਵਾਚ ਨੇ ਇਨ੍ਹਾਂ ਯੂਜ਼ਰਜ਼ ਦੀ ਹਰਕਤ ਨੂੰ ਟਰੈਕ ਕੀਤਾ ਅਤੇ ਸਿਗਨਲ ਦਿੱਤੇ। ਦੂਜੇ ਪਾਸੇ, ਏਆਈ ਮਾਡਲ ਦੀ ਮਦਦ ਨਾਲ, ਸਮਾਰਟਵਾਚ ਦੇ ਡੇਟਾ ਦੀ ਤੁਲਨਾ ਪਾਰਕਿੰਸਨ ਰੋਗ ਤੋਂ ਪੀੜਤ ਯੂਜ਼ਰਜ਼ ਦੇ ਡੇਟਾ ਨਾਲ ਕੀਤੀ ਗਈ ਸੀ।
ਖੋਜ ਨੇ ਸਿੱਧ ਕੀਤਾ ਹੈ ਕਿ ਸਮਾਰਟਵਾਚਸ ਇੱਕ ਉਪਭੋਗਤਾ ਵਿੱਚ ਪਾਰਕਿੰਸਨ ਰੋਗ ਦੇ ਸ਼ੁਰੂਆਤੀ ਲੱਛਣਾਂ ਦਾ ਪਤਾ ਲਗਾ ਸਕਦੇ ਹਨ। ਖੋਜਕਰਤਾ ਸਮਾਰਟਵਾਚ ਦੀ ਮਦਦ ਨਾਲ ਉਨ੍ਹਾਂ ਉਪਭੋਗਤਾਵਾਂ ਦੀ ਪਛਾਣ ਕਰਨ ਵਿੱਚ ਵੀ ਸਫਲ ਰਹੇ ਜਿਨ੍ਹਾਂ ਨੂੰ ਇਸ ਬਿਮਾਰੀ ਦਾ ਖਤਰਾ ਸੀ।

# ਮਨੁੱਖਤਾ ਦੇ ਭਵਿੱਖ ਦੀ ਤਸਵੀਰ




ਮਨਦੀਪ

ਜ਼ਰਾ ਇਸ ਤਸਵੀਰ ਨੂੰ ਪੂਰੀ ਗਹੁ ਨਾਲ ਵੇਖੋ! ਫਿਰ ਤਸਵੀਰ ਵਿਚਲੇ ਬੱਚਿਆਂ ਦੇ ਹੱਥ ਵਿੱਚ ਫੜੀ ਤਸਵੀਰ ਵੱਲ ਵੇਖੋ! ਇਹ ਉਹ ਇਤਿਹਾਸਕ ਤਸਵੀਰ ਹੈ, ਜਿਸ ਦਾ ਸਬੰਧ ਇਸ ਧਰਤੀ 'ਤੇ ਵਸਦੇ ਹਰ ਉਸ ਵਾਸੀ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ ਜੋ ਹਾਲੇ ਜ਼ਿੰਦਾ ਹੈ। ਇਸ ਤਸਵੀਰ ਨੂੰ ਨਾ ਦੇਖਣ ਅਤੇ ਇਸ ਦੇ ਬਾਰੇ ਨਾ ਜਾਣਨ ਨਾਲ ਹਕੀਕਤ ਰੱਤੀ ਭਰ ਵੀ ਬਦਲਣ ਵਾਲੀ ਨਹੀਂ ਹੈ, ਪਰ ਫਿਰ ਵੀ ਇਸ ਤਸਵੀਰ ਨੂੰ ਦੇਖਣਾ, ਜਾਣਨਾ ਤੇ ਮਹਿਸੂਸ ਕਰਨਾ ਆਪਣੇ ਤੇ ਪੂਰੇ ਮਨੁੱਖੀ ਸਮਾਜ ਦੇ ਭਵਿੱਖ ਨੂੰ ਦੇਖਣ-ਸਮਝਣ ਸਮਾਨ ਹੈ।

ਤਸਵੀਰ ਵਿਚਲੇ ਇਨ੍ਹਾਂ ਬੱਚਿਆਂ ਦੇ ਹੱਥ 'ਚ ਫੜੀ ਤਸਵੀਰ 'ਚ ਇਹ ਬੱਚੇ ਗਾਜ਼ਾ 'ਚ ਇਜ਼ਰਾਇਲੀ ਬੰਬਾਂ ਦੀ ਚਪੇਟ 'ਚ ਆ ਕੇ ਜ਼ਖ਼ਮੀ ਹੋਏ ਆਪਣੇ ਬਾਪ ਨਾਲ ਮਲਬੇ ਦੇ ਢੇਰ ਕੋਲ ਖੜ੍ਹੇ ਦਿਖਾਈ ਦਿੰਦੇ ਹਨ। ਇਹ ਬੱਚੇ ਅਪਰੈਲ ਮਹੀਨੇ ਕੈਨੇਡਾ ਦੀ ਰਾਜਧਾਨੀ ਓਟਵਾ 'ਚ ਹੋ ਰਹੇ ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ। ਇਨ੍ਹਾਂ ਬੱਚਿਆਂ ਸਾਹਮਣੇ ਮਹਿਜ਼ ਦੋ ਫੁੱਟ ਦੀ ਦੂਰੀ 'ਤੇ ਖੜ੍ਹ ਕੇ ਗਾਜ਼ਾ ਦੇ ਨਸਲਘਾਤ ਅਤੇ ਮਨੁੱਖੀ ਸਮਾਜ ਦੇ ਭਵਿੱਖ ਦਾ ਨਕਸ਼ਾ ਦੇਖਣ ਨੂੰ ਮਿਲਿਆ। ਇਹ ਬੱਚੇ ਆਪਣੇ ਪਿਤਾ ਨਾਲ ਵਿਰੋਧ ਪ੍ਰਦਰਸ਼ਨ ਤੋਂ ਇੱਕ ਦਿਨ ਪਹਿਲਾਂ ਗਾਜ਼ਾ ਦੇ ਜੰਗੀ ਖੇਤਰ 'ਚੋਂ ਜਾਨ ਬਚਾ ਕੇ ਕੈਨੇਡਾ ਪਹੁੰਚੇ ਸਨ। ਇਨ੍ਹਾਂ ਦੀਆਂ ਦੋ ਮਾਵਾਂ ਹਾਲੇ ਵੀ ਜੰਗ ਵਿੱਚ ਫਸੀਆਂ ਹੋਈਆਂ ਹਨ। ਇੱਕ ਇਨ੍ਹਾਂ ਨੂੰ ਜਨਮ ਦੇਣ ਵਾਲੀ ਤੇ ਦੂਜੀ ਫਲਸਤੀਨ ਦੀ ਧਰਤ ਮਾਂ!

ਇਨ੍ਹਾਂ ਦੀਆਂ ਅੱਖਾਂ 'ਚ ਸੰਸਾਰ ਭਰ ਦੇ ਲੋਕਾਂ ਨੂੰ ਇੱਕ ਅਪੀਲ, ਇੱਕ ਤਰਲਾ, ਇੱਕ ਬੇਵੱਸੀ ਭਰਿਆ ਸੁਨੇਹਾ ਵੀ ਹੈ ਤੇ ਮਾਵਾਂ ਤੋਂ ਵਿਛੋੜੇ ਦਾ ਡੂੰਘਾ ਦਰਦ ਵੀ। ਕੋਈ ਪਹਾੜ ਜਿੱਡੇ ਜਿਗਰੇ ਵਾਲਾ ਇਨਸਾਨ ਵੀ ਦੋ ਮਿੰਟ ਲਈ ਇਨ੍ਹਾਂ ਮਾਸੂਮ ਬੱਚਿਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਅੱਖਾਂ ਸੁੱਕੀਆਂ ਨਹੀਂ ਰੱਖ ਸਕਦਾ। ਲੋਕ ਤਾਜ਼ਾਂ-ਤਖ਼ਤਾਂ ਨੂੰ ਖ਼ਾਕ ਕਿਵੇਂ ਕਰ ਦਿੰਦੇ ਹਨ? ਇਸ ਸਵਾਲ ਦਾ ਜਵਾਬ ਮੌਨ ਖੜ੍ਹੇ ਇਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਸਾਫ਼ ਪੜ੍ਹਿਆ ਜਾ ਸਕਦਾ ਹੈ। ਜਿਨ੍ਹਾਂ ਨੰਨ੍ਹੀਆਂ ਪਲਕਾਂ ਨੇ ਸੁਪਨੇ ਦੇਖਣ ਦੀ ਵਰੇਸੇ ਜੰਗੀ ਕਹਿਰ ਵੇਖਿਆ ਹੋਵੇ, ਉਨ੍ਹਾਂ ਸਾਹਵੇਂ ਤਖ਼ਤਾਂ ਦਾ ਖੌਫ਼ ਕਿੰਨਾ ਨਿਗੂਣਾ ਹੁੰਦਾ ਹੋਵੇਗਾ?

ਵਿਰੋਧ ਪ੍ਰਦਰਸ਼ਨ ਦੌਰਾਨ ਦੋ ਘੰਟੇ ਸਟੇਜ ਦੇ ਸਾਹਮਣੇ ਮੌਨ ਤੇ ਉਦਾਸ ਖੜ੍ਹੇ ਇਨ੍ਹਾਂ ਬੱਚਿਆਂ ਦੇ ਮਨ ਵਿੱਚ ਸੈਂਕੜੇ ਸਵਾਲ ਦੌੜੇ ਹੋਣਗੇ। ਇਨ੍ਹਾਂ ਭੋਲੀਆਂ-ਨਿਰਦੋਸ਼ ਜਿੰਦਾਂ ਨੂੰ ਸਮਝ ਨਹੀਂ ਆ ਰਿਹਾ ਹੋਣਾ ਕਿ ਆਖ਼ਰ ਇਨ੍ਹਾਂ ਦਾ ਕਸੂਰ ਕੀ ਹੈ? ਮਾਂ ਦਾ ਵਿਛੋੜਾ ਜੰਗ ਦੇ ਜ਼ਖ਼ਮ ਨਾਲੋਂ ਵੀ ਅਸਹਿ ਹੈ। ਜੰਗ ਤੋਂ ਬਚ ਕੇ ਆਏ ਇਨ੍ਹਾਂ ਬੋਟਾਂ ਦੀ ਜਾਨ ਹਾਲੇ ਵੀ ਜੰਗ ਵਿੱਚ ਫਸੀ ਹੋਈ ਹੈ। ਮਾਂ ਕਿੱਥੇ ਹੋਵੇਗੀ? ਕੀ ਉਹ ਜ਼ਿੰਦਾ ਹੈ? ਹੋਰਨਾਂ ਹਜ਼ਾਰਾਂ ਮਾਵਾਂ ਤੇ ਬੱਚਿਆਂ ਵਾਂਗ ਕਿਤੇ ਮਲਬੇ ਹੇਠ ਤਾਂ ਨਹੀਂ ਦੱਬ ਗਈ? ਉੱਧਰ ਮਾਂ, ਜੇਕਰ ਆਦਮਖੋਰੇ ਜੰਗਬਾਜ਼ਾਂ ਦੇ ਹਮਲੇ ਦਾ ਸ਼ਿਕਾਰ ਹੋਣੋਂ ਬਚ ਗਈ ਹੋਵੇਗੀ, ਤਾਂ ਉਸ ਦੇ ਬੱਚਿਆਂ ਬਾਰੇ ਸੰਸੇ ਜੰਗ ਦੀ ਭਿਆਨਕਤਾ ਤੋਂ ਵੀ ਵੱਡੇ ਹੋਣਗੇ।

ਯੂ.ਐੱਨ. ਮੁਤਾਬਕ ਸਾਲ 2024 ਦੀਆਂ ਪਹਿਲੀਆਂ ਦੋ ਤਿਮਾਹੀਆਂ 'ਚ 19000 ਅਨਾਥ ਬੱਚਿਆਂ ਦੀਆਂ 6000 ਮਾਵਾਂ ਸਦਾ ਲਈ ਇਸ ਜਹਾਨ ਤੋਂ ਰੁਖ਼ਸਤ ਕਰ ਦਿੱਤੀਆਂ ਗਈਆਂ। ਜਿੱਥੇ ਹਜ਼ਾਰਾਂ ਬੱਚੇ ਅਨਾਥ ਹੋਏ ਹਨ, ਉੱਥੇ 16456 ਬੱਚਿਆਂ ਦੀਆਂ ਲਾਸ਼ਾਂ ਨਾਲ ਗਾਜ਼ਾ ਦੀਆਂ ਮਾਵਾਂ ਦੀਆਂ ਬੁੱਕਲਾਂ ਲੱਦ ਦਿੱਤੀਆਂ ਗਈਆਂ ਹਨ। ਬੱਚੇ ਲਈ ਦੁਨੀਆ 'ਚ ਸਭ ਤੋਂ ਸੁਰੱਖਿਅਤ ਥਾਂ ਉਸ ਦੀ ਮਾਂ ਦੀ ਗੋਦ ਹੁੰਦੀ ਹੈ। ਹਜ਼ਾਰਾਂ ਫਲਸਤੀਨੀ ਬੱਚਿਆਂ ਤੋਂ ਇਹ ਜੰਨਤ ਜ਼ਬਰੀ ਖੋਹ ਲਈ ਗਈ ਹੈ। ਧਰਤੀ 'ਤੇ ਦੂਸਰੀ ਜੰਨਤ ਮਾਤਭੂਮੀ ਹੁੰਦੀ ਹੈ ਜੋ ਅੱਜ ਲਹੂ-ਲੁਹਾਣ ਹੈ। ਅਮਰੀਕਾ-ਇਜ਼ਰਾਇਲ ਤੇ ਉਸ ਦੇ ਪੱਛਮੀ ਭਾਈਵਾਲਾਂ ਨੇ ਗਾਜ਼ਾ ਦੇ ਬੱਚਿਆਂ ਤੋਂ ਉਨ੍ਹਾਂ ਦੀ ਜੰਨਤ ਖੋਹ ਕੇ ਧਰਤੀ ਦੇ ਇਸ ਟੋਟੇ ਨੂੰ ਨਰਕ ਬਣਾ ਦਿੱਤਾ ਹੈ।

ਮਾਵਾਂ ਦਾ ਜਹਾਨ ਉਸ ਦੀ ਔਲਾਦ ਹੁੰਦਾ ਹੈ। ਜਿਨ੍ਹਾਂ ਮਾਵਾਂ ਦਾ ਕੁੱਲ ਜਹਾਨ ਲੁੱਟਿਆ ਗਿਆ ਹੋਵੇ, ਉਨ੍ਹਾਂ ਕੋਲ ਗਾਜ਼ਾ ਦੀ ਧਰਤੀ 'ਚ ਸਮਾਅ ਜਾਣ ਤੋਂ ਸਿਵਾਏ ਬਚਿਆ ਹੀ ਕੀ ਹੈ? ਜਿਨ੍ਹਾਂ ਦੇ ਲਾਲ ਮਲਬੇ ਹੇਠ ਦਫ਼ਨ ਹਨ, ਉਹ ਇਸ ਲਹੂ ਰੱਤੀ ਧਰਤੀ 'ਤੇ 'ਮੱਧ ਪੂਰਬ ਦਾ ਰੀਵੀਰਾ' ਉਸਾਰਨ ਦੀ ਇਜਾਜ਼ਤ ਕਿਵੇਂ ਦੇ ਦੇਣਗੀਆਂ? ਗਾਜ਼ਾ ਦੇ ਅਨਾਥ ਕਿਵੇਂ ਆਪਣੀਆਂ ਮਾਵਾਂ ਦੀਆਂ ਕਬਰਾਂ 'ਤੇ ਨਸਲਵਾਦੀ ਇਜ਼ਰਾਇਲੀ ਰਾਜ ਦਾ ਝੰਡਾ ਲਹਿਰਾਉਣ ਦੇ ਸਕਦੇ ਹਨ? ਉਹ ਜੋ ਫਲਸਤੀਨ ਦੀ ਧਰਤੀ 'ਤੇ ਸ਼ਾਂਤਮਈ ਸੁਤੰਤਰ ਇਜ਼ਰਾਇਲੀ ਰਾਜ ਸਥਾਪਤ ਕਰਨ ਦੇ ਸੁਪਨੇ ਦੇਖ ਰਹੇ ਹਨ, ਉਨ੍ਹਾਂ ਨੂੰ ਫਲਸਤੀਨ ਦੀ ਮਿੱਟੀ ਵਿੱਚ ਮਿਲਾਈਆਂ ਬੇਚੈਨ ਰੂਹਾਂ ਦੇ ਵਾਰਸ ਚੈਨ ਨਾਲ ਕਿਵੇਂ ਰਾਜ ਕਰਨ ਦੇਣਗੇ?

ਗਾਜ਼ਾ ਦੀ ਧਰਤੀ ਬੰਬ-ਬਰੂਦ ਨਾਲ ਮਲਬੇ ਦਾ ਢੇਰ ਹੀ ਨਹੀਂ ਬਣਾ ਦਿੱਤੀ ਗਈ ਬਲਕਿ ਜੰਗ ਦੇ ਕਹਿਰ ਤੋਂ ਬਚੀਆਂ ਜ਼ਖਮੀ ਜ਼ਿੰਦਗੀਆਂ ਲਈ ਭੋਜਨ, ਪਾਣੀ, ਡਾਕਟਰੀ ਸਹਾਇਤਾ, ਬਿਜਲੀ, ਸਿੱਖਿਆ, ਇੰਟਰਨੈੱਟ ਆਦਿ ਦਾ ਕੁਨੈਕਸ਼ਨ ਲਗਭਗ ਕੱਟ ਦਿੱਤਾ ਗਿਆ ਹੈ। ਕੀ ਇਹ ਕੁਨੈਕਸ਼ਨ ਕੱਟਣ ਨਾਲ ਮਾਤਭੂਮੀ ਨਾਲੋਂ ਨਾਤਾ ਕੱਟਿਆ ਜਾ ਸਕਦਾ ਹੈ? ਗਾਜ਼ਾ ਨੂੰ ਛੱਡ ਕੇ ਵਿਸ਼ਵ ਸ਼ਾਂਤੀ ਕਿਵੇਂ ਸੰਭਵ ਹੋ ਸਕਦੀ ਹੈ? ਖ਼ੂਨੀ ਜੰਗ ਨਾਲ ਜ਼ਖ਼ਮੀ ਗਾਜ਼ਾ ਦੀ ਦਰਦ ਭਰੀ ਕੁਰਲਾਹਟ ਕੁੱਲ ਆਲਮ ਦੀ ਸ਼ਾਂਤੀ ਭੰਗ ਕਰਕੇ ਰੋਹ ਦੀ ਗਰਜ਼ ਪੈਦਾ ਕਰ ਰਹੀ ਹੈ। ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰਨ ਵਾਲੀ ਇਹ ਜੰਗ ਸੰਸਾਰ ਭਰ ਵਿੱਚ ਮਨੁੱਖਤਾ ਨੂੰ ਵੰਡਣ ਦਾ ਕੰਮ ਕਰ ਰਹੀ ਹੈ। ਇਸ ਜੰਗ ਨੇ ਆਲਮੀ ਅਵਾਮ ਦੇ ਮਨਾਂ 'ਚ ਇੱਕ ਵੱਡੀ ਨੈਤਿਕ ਤੇ ਸਪੱਸ਼ਟ ਲੀਕ ਖਿੱਚ ਦਿੱਤੀ ਹੈ। ਕੀ ਤੁਸੀਂ ਇਸ ਮਨੁੱਖਘਾਤੀ ਜੰਗ ਦੇ ਖਿਲਾਫ਼ ਹੋ ਜਾਂ ਪੱਖ 'ਚ? ਸਵਾਲ ਦੀ ਇਹ ਮੂਲ ਨਿਸ਼ਾਨਦੇਹੀ ਅੱਗੇ ਦੀ ਰਣਨੀਤੀ ਤੇ ਇਤਿਹਾਸ ਦਾ ਵੇਗ ਤੈਅ ਕਰੇਗੀ। ਇਹ ਅਹਿਮ ਸਵਾਲ ਤੈਅ ਕਰੇਗਾ ਕਿ ਅਸੀਂ ਭਵਿੱਖ 'ਚ ਆਪਣੇ ਬੱਚਿਆਂ ਦੇ ਹੱਥ ਇਹੋ-ਜਿਹੀ ਦਰਦਨਾਕ ਤਸਵੀਰ ਸੌਂਪਣੀ ਹੈ ਜਾਂ ਨਹੀਂ? ਇਸ ਲਈ ਜ਼ਰਾ ਇਸ ਤਸਵੀਰ ਨੂੰ ਪੂਰੀ ਗਹੁ ਨਾਲ ਵੇਖੋ! ਫਿਰ ਤਸਵੀਰ ਵਿਚਲੇ ਬੱਚਿਆਂ ਦੇ ਹੱਥ ਵਿੱਚ ਫੜੀ ਤਸਵੀਰ ਵੱਲ ਵੇਖੋ!


ਸੰਪਰਕ+1 438-924-2052

# ਮਾੜੀਆਂ ਜਹੀਆਂ ਲਾਵਾਂ

ਅਵਤਾਰ ਸਿੰਘ ਪ੍ਰੋਫ਼ੈਸਰ
ਫੋਨ: 9417518384



ਅੱਜਕਲ ਕਾਲਜਾਂ ਵਿਚ ਦਾਖਲਾ ਮੁਹਿੰਮ ਜਾਰੀ ਹੈ। ਹਰ ਕਾਲਜ ਦੇ ਕੱਚੇ ਪੱਕੇ ਅਧਿਆਪਕਾਂ ਨੂੰ ਕਾਲਜ ਦੇ ਗੇਟ ਮੋਹਰੇ ਬਿਠਾਇਆ ਜਾਂਦਾ ਹੈ ਕਿ ਪੁੱਛ-ਗਿੱਛ ਲਈ ਆਉਣ ਵਾਲੇ ਮੁੰਡੇ ਕੁੜੀਆਂ ਨੂੰ ਕਾਲਜ ਦੇ ਗੁਣ ਦੱਸ ਕੇ ਦਾਖਲੇ ਲਈ ਪ੍ਰੇਰਤ ਕੀਤਾ ਜਾਵੇ।
ਆਪਣੀ ਗਾਲੜੀ ਤਬੀਅਤ ਹੋਣ ਕਾਰਨ ਮੈਂ ਇਹ ਸੇਵਾ ਬੜੇ ਸ਼ੌਂਕ ਨਾਲ ਕਰਦਾ ਰਿਹਾ ਹਾਂ। ਖ਼ਾਸ ਤੌਰ ਪਰ ਦਾਖਲਾ ਲੈਣ ਆਏ ਮੁੰਡੇ ਕੁੜੀ ਦੇ ਨਾਲ ਆਏ ਵੱਡੇ ਭੈਣ ਭਾਈ ਜਾਂ ਮਾਂ ਬਾਪ ਨੂੰ ਏਨਾ ਪ੍ਰਭਾਵਤ ਕਰ ਲੈਂਦਾ ਸਾਂ ਕਿ ਉਹ ਆਪਣੇ ਬੱਚੇ ਨੂੰ ਸਾਡੇ ਕਾਲਜ ਵਿਚ ਦਾਖਲ ਕਰਾ ਹੀ ਜਾਂਦੇ ਸਨ।
ਇਸੇ ਭੁਸ ਕਾਰਨ ਪਰਸੋਂ ਚੌਥੇ ਜਹੇ ਮੇਤੋਂ ਰਿਹਾ ਨਾ ਗਿਆ ਤੇ ਮੈਂ ਰਿਟਾਇਰ ਹੋਣ ਦੇ ਬਾਵਜੂਦ ਕਾਲਜ ਚਲਿਆ ਗਿਆ। ਮੈਂ ਦੇਖਿਆ ਕਿ ਮੁੰਡਿਆਂ ਨਾਲੋਂ ਵੱਧ ਕੁੜੀਆਂ ਆ ਰਹੀਆਂ ਸਨ ਤੇ ਇਸ ਤਰਾਂ ਦੇ ਸਵਾਲ ਕਰ ਰਹੀਆਂ ਸਨ ਕਿ ਉਹ ਦਾਖਲਾ ਲੈ ਕੇ ਨਾਲ ਨਾਲ ਆਇਅਲਟਸ ਕਰ ਸਕਣਗੀਆਂ?
ਇਕ ਲੜਕੀ ਆਈ ਜੋ ਦੇਖਣ ਨੂੰ ਏਨੀ ਨਿੱਕੀ ਜਹੀ ਸੀ ਕਿ ਜਮਾਂ ਹੀ ਧੱਖ ਲਗਦੀ ਸੀ। ਕਹਿਣ ਲੱਗੀ ਕਿ ਉਹ ਆਇਅਲਟਸ ਕਰਦੀ ਹੈ ਤੇ ਉਹਨੇ ਨਾਲ ਨਾਲ ਪੜ੍ਹਾਈ ਵੀ ਕਰਨੀ ਹੈ। ਮੈਂ ਹੈਰਾਨ ਹੋਇਆ ਕਿ ਪੜ੍ਹਾਈ ਦੇ ਨਾਲ ਨਾਲ ਆਇਅਲਟਸ ਕਰਨ ਬਾਰੇ ਤਾਂ ਸਾਰੇ ਪੁੱਛਣ ਆਉਂਦੇ ਹਨ। ਪਰ ਉਹ ਲੜਕੀ ਆਇਅਲਟਸ ਦੇ ਨਾਲ ਪੜ੍ਹਨਾ ਚਾਹੁੰਦੀ ਸੀ।
ਪੁੱਛਣ 'ਤੇ ਉਹਨੇ ਦੱਸਿਆ ਕਿ ਉਹਦੇ ਮਾਪਿਆ ਨੇ ਏਜੰਟ ਨਾਲ ਗੱਲ ਕਰ ਲਈ ਹੈ ਤੇ ਅੱਗੋਂ ਏਜੰਟ ਨੇ ਅਜਿਹਾ ਮੁੰਡਾ ਲੱਭ ਲਿਆ ਹੈ, ਜਿਹੜਾ ਕੁੜੀ ਨੂੰ ਆਇਅਲਟਸ ਕਰਾ ਕੇ ਬਾਹਰ ਭੇਜਣ ਤਕ ਸਾਰਾ ਖ਼ਰਚਾ ਚੁੱਕੇਗਾ।
ਮੈਂ ਉਹਦੇ ਵੱਲ ਦੇਖਿਆ ਤੇ ਹੈਰਾਨ ਹੋ ਕੇ ਪੁੱਛਿਆ ਕਿ ਉਹਨੇ ਹੁਣੇ ਹੀ ਵਿਆਹ ਕਰਵਾ ਲੈਣਾ ਹੈ? ਉਹਦੇ ਜਵਾਬ ਨੇ ਮੇਰੀ ਹੈਰਾਨੀ ਘਟਾਉਣ ਦੀ ਬਜਾਏ ਹੋਰ ਵਧਾ ਦਿਤੀ। ਕਹਿਣ ਲੱਗੀ ਕਿ ਪੱਕਾ ਵਿਆਹ ਨਹੀਂ ਕਰਨਾ ਬਸ ਕੋਰਟ ਮੈਰਿਜ ਕਰਨੀ ਹੈ ਤੇ ਮਾੜੀਆਂ ਜਹੀਆਂ ਲਾਵਾਂ ਲੈਣੀਆਂ ਹਨ। ਉਧਰ ਜਾ ਕੇ ਤਲਾਕ ਲੈ ਲੈਣਾ ਫਿਰ ਇਧਰੋਂ ਕੋਈ ਹੋਰ ਮੁੰਡਾ ਬਾਹਰ ਕੱਢਣਾ ਹੈ। ਉਹਦੇ ਵਾਂਗ ਮੁੰਡੇ ਨੇ ਉਹਦੇ ਬਹਾਨੇ ਬਾਹਰ ਜਾ ਕੇ ਇਧਰੋਂ ਕੋਈ ਹੋਰ ਕੁੜੀ ਬਾਹਰ ਖਿੱਚਣੀ ਹੈ।
ਮੈਂ ਉਹਦੇ "ਕੱਢਣਾ" ਤੇ "ਖਿੱਚਣੀ" ਲਫਜ਼ਾਂ ਤੋਂ ਅੰਦਾਜ਼ ਲਗਾਇਆ ਕਿ ਅੱਜਕਲ ਪੰਜਾਬ ਵਿਚ ਮੁੰਡੇ ਕੁੜੀਆਂ ਦੀ ਖਿੱਚਾ ਧੂਹੀ ਏਨੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਕਿ ਪੰਜਾਬ ਇਕ ਵੱਡਾ ਸਾਰਾ ਬਿਰਧ ਆਸ਼ਰਮ ਬਣਦਾ ਜਾ ਰਿਹਾ ਹੈ।
ਮੈਂ ਉਸ ਲੜਕੀ ਨੂੰ ਪੁੱਛਿਆ ਕਿ ਉਹ ਜਾਹਲੀ ਵਿਆਹ ਕਰਵਾ ਕੇ ਖੁਸ਼ ਹੋਵੇਗੀ? ਉਹ ਕਹਿਣ ਲੱਗੀ ਕਿ ਹੁਣ ਕੁਝ ਬਣਨ ਲਈ ਕੁਝ ਕਰਨਾ ਹੀ ਪੈਣਾ ਹੈ। ਮੈਂ ਸੋਚਿਆ ਕਿ ਇਸ ਕੁੜੀ ਨੂੰ ਕੁਝ ਕਰਨ ਤੇ ਸਭ ਕੁਝ ਕਰਨ ਵਿਚਲਾ ਫਰਕ ਨਹੀਂ ਪਤਾ। ਉਹਨੂੰ ਨਹੀਂ ਪਤਾ ਕਿ ਇਸ ਕੁਝ ਕਰਨ ਨੇ ਉਹਨੂੰ ਏਨਾ ਉਜਾੜ ਦੇਣਾ ਹੈ ਕਿ ਉਹਦੇ ਪੱਲੇ ਉਮਰ ਜਿੱਡੀ ਲੰਮੀ ਖ਼ੁਦਕੁਸ਼ੀ ਦੇ ਸਿਵਾ ਕੁਝ ਨਹੀਂ ਬਚਣਾ।
ਉਹਦੀ ਗੱਲ ਸੁਣ ਕੇ ਮੈਂ ਉਦਾਸ ਹੋ ਗਿਆ ਕਿ ਇਸ ਕੁੜੀ ਨੂੰ ਪਤਾ ਨਹੀਂ ਕਿ ਉਹਦਾ ਕੁਝ ਬਣਨ ਦਾ ਸੁਪਨਾ ਇਥੇ ਹੀ ਪੂਰਾ ਹੋ ਸਕਦਾ ਹੈ। ਬਾਹਰ ਜਾ ਕੇ ਤਾਂ ਇਹ ਕਦੇ ਵੀ ਕੁਝ ਬਣ ਨਹੀਂ ਸਕੇਗੀ ਤੇ ਇਹਦੀ ਆਪਣੇ ਆਪੇ ਨਾਲ ਵੀ ਏਨੀ ਅਣਬਣ ਹੋ ਜਾਵੇਗੀ ਕਿ ਉਹ ਆਪਣੇ ਆਪੇ ਨੂੰ ਤਾਂ ਕੀ ਮਾਪੇ ਨੂੰ ਵੀ ਤਰਸਦੀ ਰਹੇਗੀ। ਉਧਰ ਸਾਰਾ ਮੁਲਕ ਉਹਦੇ ਲਈ ਯਤੀਮਖ਼ਾਨਾ ਬਣਿਆ ਰਹੇਗਾ ਤੇ ਇੱਧਰ ਮਾਪਿਆਂ ਲਈ ਆਪਣਾ ਮੁਲਕ ਮੌਤ ਹੋਣ ਤੱਕ ਲਮਕਦਾ ਬਿਰਧ ਆਸ਼ਰਮ ਬਣ ਜਾਵੇਗਾ।
ਕੁੜੀ ਦੀ ਗੱਲ ਸੁਣਕੇ ਮੈਂ ਸੋਚਦਾ ਹੀ ਰਹਿ ਗਿਆ ਤੇ ਮੈਨੂੰ ਕੰਵਲ ਦੀ ਕਹਾਣੀਆਂ ਦੀ ਕਿਤਾਬ 'ਸੰਧੂਰ' ਚੇਤੇ ਆਈ, ਜਿਹਦੀ ਇਕ ਕਹਾਣੀ ਵਿਚ ਲੇਖਕ ਕਿਸੇ ਕੋਠੇ 'ਤੇ ਜਾਂਦਾ ਹੈ ਤੇ ਉਹਨੂੰ ਤਰਾਂ ਤਰਾਂ ਦੇ ਸਵਾਲ ਪੁੱਛਣ ਡਹਿ ਪੈਂਦਾ ਹੈ। ਕੋਠੇ ਵਾਲੀ ਸੋਚਦੀ ਹੈ ਕਿ ਇਹ ਬੰਦਾ ਦੇਹ ਪਰਚਾਵੇ ਦੀ ਥਾਂ ਦਿਲ ਪਰਚਾਵਾ ਕਰਨ ਵਾਲਾ ਹੀ ਹੈ।



ਲੇਖਕ ਪੁੱਛਦਾ ਹੈ ਕਿ ਉਹ ਇਹ ਕੰਮ ਕਿਉਂ ਕਰਦੀ ਹੈ? ਤਾਂ ਉਹ ਦੱਸਦੀ ਹੈ ਕਿ ਇਹ ਕੰਮ ਉਹਦਾ ਬਾਪ ਕਰਾਉਂਦਾ ਹੈ। ਲੇਖਕ ਪੁੱਛਦਾ ਹੈ ਕਿ ਉਹਦਾ ਬਾਪ ਕਿੱਥੇ ਹੈ? ਜਦ ਉਹ ਦੱਸਦੀ ਹੈ ਕਿ ਬਾਹਰ ਸੌਦਾ ਕਰਨ ਵਾਲਾ ਉਹਦਾ ਬਾਪ ਹੀ ਸੀ ਤਾਂ ਲੇਖਕ ਉਸ ਦੇ ਬਾਪ ਨੂੰ ਅੰਦਰ ਬੁਲਾ ਕੇ ਪੁੱਛਦਾ ਹੈ ਕਿ ਉਹ ਆਪਣੀ ਬੇਟੀ ਕੋਲੋਂ ਇਹ ਕੰਮ ਕਿਉਂ ਕਰਾਉਂਦਾ ਹੈ? ਕੋਠੇ ਵਾਲੀ ਦਾ ਬਾਪ ਜਵਾਬ ਦਿੰਦਾ ਹੈ ਕਿ ਇਹ ਸਭ ਕੁਝ ਰੱਬ ਕਰਾਉਂਦਾ ਹੈ। ਲੇਖਕ ਹੈਰਾਨ ਹੁੰਦਾ ਹੈ ਕਿ ਉਹ ਕਿਹੋ ਜਿਹਾ ਰੱਬ ਹੈ ਜਿਹੜਾ ਕਿਸੇ ਬਾਪ ਨੂੰ ਏਨਾ ਮਜਬੂਰ ਕਰ ਦਿੰਦਾ ਹੈ ਕਿ ਉਹ ਆਪਣੀ ਬੇਟੀ ਨੂੰ ਕੋਠੇ 'ਤੇ ਬਿਠਾ ਦਿੰਦਾ ਹੈ।
ਮੈਨੂੰ ਉਸ ਲੜਕੀ ਦੀ ਗੱਲ ਕੰਵਲ ਦੀ ਕਹਾਣੀ ਨਾਲ ਐਨ੍ਹ ਮਿਲਦੀ ਲੱਗੀ। ਫਰਕ ਸਿਰਫ ਏਨਾ ਹੈ ਕਿ ਹੁਣ ਉਹ ਕੋਠੇ ਕਨੇਡਾ ਦੀਆਂ ਬੇਸਮੈਂਟਾਂ ਦਾ ਰੂਪ ਧਾਰ ਗਏ ਹਨ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਬਾਰੇ ਇਹ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਹੁਣ ਪੰਜਾਬੀ ਮਾਪੇ ਦੱਲੇ, ਲਾੜੇ ਭੜੂਏ ਤੇ ਕੁੜੀਆਂ ਬੇਪੱਤ ਹੋਣ ਲਈ ਏਨੀਆਂ ਉਤਾਵਲੀਆਂ ਹੋਣਗੀਆਂ ਕਿ ਪਾਣੀਪੱਤ ਦੇ ਮੈਦਾਨ ਨੂੰ ਵੀ ਮਾਤ ਪਾ ਦੇਣਗੀਆਂ।
ਡਾਇਆਸਪੋਰਿਕ ਅੰਕੜਿਆਂ ਦਾ ਪਤਾ ਨਹੀਂ, ਪਰ ਸਿਆਣੇ ਅਸਿਆਣੇ ਲੇਖਕਾਂ ਤੇ ਲੀਡਰਾਂ ਦੇ ਫਿਕਰ ਦੇਖ ਕੇ ਲਗਦਾ ਹੈ ਕਿ ਪੰਜਾਬ ਦਿਨੋ ਦਿਨ ਖਾਲੀ ਹੋ ਰਿਹਾ ਹੈ। ਬਾਹਰ ਜਾਣ ਦੀ ਹੋੜ ਨੂੰ ਠੱਲ੍ਹ ਪੈਣ ਦੀ ਬਜਾਏ ਇਹ ਹਨੇਰੀ ਦਿਨੋ ਦਿਨ ਹੋਰ ਮੱਚਦੀ ਜਾ ਰਹੀ ਹੈ ਤੇ ਸਾਰੇ ਪਾਸੇ ਫੂਸ ਦੀ ਅੱਗ ਵਾਂਗ ਫੈਲ ਰਹੀ ਹੈ।
ਅਜਿਹੀ ਅੱਗ ਫੈਲਾਉਣ ਵਿਚ ਵੀ ਸਾਡੇ ਕਲਾਕਾਰ, ਸਾਹਿਤਕਾਰ ਤੇ ਵਿਦਵਾਨ ਲੋਕ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਹ ਬਾਹਰ ਜਾਂਦੇ ਹਨ ਤੇ ਉੱਥੇ ਜਾਂਦੇ ਹੀ ਫੋਟੋਆਂ ਖਿੱਚ ਖਿੱਚ ਫੇਸਬੁੱਕ 'ਤੇ ਇਸ ਤਰਾਂ ਚਾੜ੍ਹਦੇ ਹਨ, ਜਿਵੇਂ ਉਹ ਸੱਚਖੰਡ ਵਿਚ ਪ੍ਰਵੇਸ਼ ਕਰ ਗਏ ਹੋਣ।
ਕਈ ਤਾਂ ਕਿਸੇ ਉਚੀ ਇਮਾਰਤ ਸਾਹਮਣੇ ਖੜ੍ਹੀ ਕਰਕੇ ਆਪਣੀ ਘਰ ਵਾਲੀ ਦੀ ਫੋਟੋ ਖਿੱਚ ਕੇ ਪਾ ਰਹੇ ਹਨ। ਪਤਾ ਨਹੀਂ ਲਗਦਾ ਕਿ ਉਹ ਦਿਖਾਉਣਾ ਕੀ ਚਾਹੁੰਦੇ ਹਨ। ਕਨੇਡਾ ਦੀ ਇਮਾਰਤ ਦੀ ਉਚਾਈ ਕਿ ਆਪਣੀ ਘਰ ਵਾਲੀ ਦਾ ਹੁਸਨ। ਵੈਸੇ ਉਨ੍ਹਾਂ ਘਰਵਾਲੀਆਂ ਅੰਦਰ ਮਾੜੀ ਮੋਟੀ ਵੀ ਸੰਵੇਦਨਸ਼ੀਲਤਾ ਤੇ ਸੂਝ-ਬੂਝ ਹੋਵੇ ਤਾਂ ਉਹ ਇਮਾਰਤ ਅਗੇ ਰੱਖਿਆ ਸ਼ੋ-ਪੀਸ ਜਾਂ ਨੁਮਾਇਸ਼ ਦੀ ਸ਼ੈਅ ਬਣਨ ਲਈ ਕਦੇ ਤਿਆਰ ਨਾ ਹੋਣ।
ਬਹੁਤੇ ਲੋਕਾਂ ਦਾ ਧਿਆਨ ਇੱਧਰ ਨਹੀਂ ਜਾਂਦਾ। ਉਹ ਤਾਂ ਅਜਿਹੀਆਂ ਫੋਟੋਆਂ ਦੇਖ ਕੇ ਇਹੀ ਸੋਚਦੇ ਹਨ ਕਿ ਹਾਇ ਉਇ ਰੱਬਾ, ਅਸੀਂ ਇੱਥੇ ਕਦ ਪੁੱਜਾਂਗੇ! ਇਹੀ ਸੋਚਦੇ ਸੋਚਦੇ ਉਹ ਆਪਣੇ ਧੀਆਂ ਪੁੱਤਾਂ ਦੀ ਬਲ਼ੀ ਦੇਣ ਦੇ 'ਸੁਨਹਿਰੇ' ਸੁਪਨੇ ਦੇਖਣ ਲੱਗ ਜਾਂਦੇ ਹਨ।
ਸਾਡੇ ਸਾਰੇ ਹੀ ਸਿਆਣੇ ਬਿਆਣੇ ਲੇਖਕ, ਅਲੇਖਕ, ਕਲਾਕਾਰ, ਅਕਲਾਕਾਰ, ਵਿਦਵਾਨ, ਬੁੱਧੀ ਅਤੇ ਅਬੁੱਧੀਜੀਵੀ ਪੰਜਾਬ ਨੂੰ ਯਤੀਮਤ ਦਾ ਅਹਿਸਾਸ ਕਰਵਾ ਰਹੇ ਹਨ।
ਯਤੀਮਤ ਤੋਂ ਚੇਤੇ ਆਇਆ ਕਿ ਸ਼ੇਖ ਸਾਅਦੀ ਨੇ ਲਿਖਿਆ ਕਿ ਯਤੀਮਾਂ ਦੇ ਸਾਹਮਣੇ ਆਪਣੇ ਬੱਚੇ ਦਾ ਮੂੰਹ ਨਹੀਂ ਚੁੰਮੀਂਦਾ। ਪਰ ਸਾਡੇ ਲੋਕ ਤਾਂ ਬਿਗਾਨੇ ਪੁੱਤਾਂ ਦਾ ਮੂੰਹ ਚੱਟਣ ਡਹੇ ਹੋਏ ਹਨ ਕਿ ਉਨ੍ਹਾਂ ਦੇ ਆਪਣੇ ਬੱਚੇ ਹੀ ਖ਼ੁਦ ਨੂੰ ਯਤੀਮ ਸਮਝਣ ਲੱਗ ਪਏ ਹਨ।

## ਸਿਰਲੇਖਵਾਰ ਇਸ਼ਤਿਹਾਰ/Classified Advertisement

(U/o 5 Rule 20 CPC)
**In the Court of Sh. Harwinder Singh Civil Judge Junior Division-16, Patiala**
CNR No.PBPT02-000370-2023
Next Date:17.07.2025
Gurbakhshish Singh
Versus
Amandeep Singh
Notice to: 8. Pritam Singh 9. Gurcharan Singh 10. Kuldeep Singh 11. Ajmer Singh 12. Gurdev Singh All S/o Sujjan Singh 13. Paramjit Singh S/o Harjang Singh 14. Sher Singh 15. Pichtour Singh Both S/o Jawala Singh S/o Bir Singh All R/O Village Uchha Gaon, Tehsil and District Patiala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 17.07.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 13-06-2025
**Sd/- Civil Judge Junior Division-16, Patiala**

(U/o 5 Rule 20 CPC)
**In the Court of Ms. Girish Principal Judge Family Court, Giddarbaha**
CNR No.PBSMF2-000274-2023
Next Date:-29-08-2025
Rehmat Kaur And others
Versus
General Public
Notice to: General Public:- Gidderebha Punjab Gidderebha Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 19-06-2025
**Sd/- Principal Judge Family Court, Giddarbaha**

**In the Court of Sh. Bikramdeep Singh Judicial Magistrate- Ist Class-2 Patiala**
CNR No.PBPT03-016641-2022
Next Date:31.07.2025
Detail of Offence:- 138 NI Act
Jasmail Singh
Versus
Jatinder Singh
Notice to: Jatinder Singh Father:- Sukhwinder Singh Rurki Roorki Tehsil and District Fatehgarh Sahib
In above titled Petition the accused could not be served. It is ordered that accused should appear in person or through counsel on **31.07.2025** at 10:00 A.M.
For details logon to https://highcourtchd.gov.in/?mod=district_notice&district=Patiala
Dated, this day of 10-06-2025
**Sd/- Judicial Magistrate- Ist Class-2 Patiala**

(U/o 5 Rule 20 CPC)
**In the Court of Ms. Renu Goyal Civil Judge (Junior Division)-1, Fatehgarh Sahib**
CNR No.PBFG02-000563-2023
Next Date:28.08.2025
Gurdeep Singh
Versus
Gurwinder Singh Now Deceased Through Lr Jaswinder Kaur
Notice to: 1. Gurwinder Singh Now Deceased Through Lr Jaswinder Kaur:- S/o Piara Singh, R/o Near Jassar Petrol Pump, Sirhind, Tehsil and District Fatehgarh Sahib Through Jaswinder Kaur Widow of Gurwinder Singh R/o Near Jassar Petrol Pump, Sirhind Tehsil and District Fatehgarh Sahib. 2. Taranjit Singh S/o Gurwinder Singh R/o Near Jassar Petrol Pump, Sirhind, Tehsil and Distt. Fatehgarh Sahib
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **28.08.2025** at 10:00 A.M.
For details logon to https://highcourtchd.gov.in/?trs=district_notice&district=fatehgarh sahib
Dated, this day of 12-06-2025
**Sd/- Civil Judge (Junior Division)-1, Fatehgarh Sahib**

(U/o 5 Rule 20 CPC)
**In the Court of Sh. Sumit Bhalla Additional Principal Judge Family Court, Camp Court Batala**
CNR No.PBGDF2-000038-2024
Next Date:27.08.2025
MNT 125/5/2024
1. Manisha Wife of Amarjeet Singh and Daughter of Sh. Rajesh Kumar 2. Yashvik Singh Son of Manish and Amarjeet Singh Both R/o Anand Vihar colony, Near Lakshmi Palace Batala.
Versus
Amarjeet Singh S/o Balwinder Singh R/o VPO Shekhpur, Tehsil and Distt. Kaprthala, Having Mobile NO. 7837915379
Notice to: Amarjeet Singh S/o Balwinder Singh R/o VPO Shekhpur, Tehsil and Distt. Kapurthala, Having Mobile NO. 7837915479
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **27.08.2025** at 10:00 A.M.
For details logon to https://highcourtchd.gov.in/?trs =district_notice&district=Gurdaspur
Dated, this day of 28-05-2025
**Sd/- Additional Principal Judge Family Court, Camp Court Batala**

(U/o 5 Rule 20 CPC)
**In the Court of Sh. Kanwal Jit Singh Civil Judge Junior Division-1 Rajpura,**
CNR No.PBPTA0-000046-2025
Next Date: 26.08.2025
Kuldeep Singh
Versus
Pritam Singh
Suit for Possession Permanent Injunction, Suit for Recovery
Notice to: Pritam Singh Son of Diwan Singh Son of Khushal Singh H.No. 2757 Sector 47-C Chandigarh Now at Present Kothi NO. 75 Dalima Vihar Rajpura Tehsil Rajpura Distt. Patiala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **26.**08.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 22-05-2025
**Sd/- Civil Judge Junior Division-1 Rajpura,**

(U/o 5 Rule 20 CPC)
**In the Court of Sh. Harwinder Singh Civil Judge Junior Division-16, Patiala**
CNR No.PBPT02-000695-2025
Next Date:15.07.2025
Navjeet Kaur
Versus
General Police
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **15.07.2025** at 10:00 A.M.
For details logon to https://highcourtchd.gov.in/?mod=district_notice&district=Patiala
Dated, this day of 09-06-2025
**Sd/- Civil Judge Junior Division-16, Patiala**

### ਬੇਦਖਲੀ ਸੂਚਨਾ

ਮੈਂ,ਬਲਵਿੰਦਰ ਸਿੰਘ ਪੁੱਤਰ ਸ. ਹਰਦਿਆਲ ਸਿੰਘ ਵਾਸੀ ਪਿੰਡ ਦਮਾਣੂ ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਹਾਲ ਵਾਸੀ ਜੱਸਪਰ ਕਲੋਨੀ ਨੇੜੇ ਸੈਂਸਰ ਸਕੂਲ ਘਨੌਰ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### Change of Name

I, Anu Gupta W/o Vimal Kumar Aggarwal R/o H.NO-271, Jagatpura, Street No. 5, Hoshiarpur have changed my name from Anu Gupta to Anu Aggarwal. Concerned Note.

# ਸਿਹਤ ਵਿਭਾਗ ਸੀ.ਐਚ.ਸੀ. ਕੈਰੋਂ ਦੀਆਂ ਦੀਆਂ ਟੀਮਾਂ ਵੱਲੋਂ ਡੇਂਗੂ ਅਤੇ ਮੌਸਮੀ ਬੀਮਾਰੀਆਂ ਸੰਬੰਧੀ ਲਗਾਤਾਰ ਕੀਤਾ ਜਾ ਰਿਹੈ ਜਾਗਰੂਕ

ਤਰਨ ਤਾਰਨ, 28 ਜੂਨ (ਪ੍ਰਭਪਿੰਦਰ ਬੰਟੀ ਗੁਰਵਿੰਦਰ ਸਿੰਘ) ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਰਾਏ ਜੀ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਰਾਘਵ ਗੁਪਤਾ ਜੀ ਡਾਕਟਰ ਅਵਨੀਨ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਸੀਐਚਸੀ ਕੈਰੋਂ, ਢੋਟੀਆਂ ਦੀ ਟੀਮਾਂ ਵੱਲੋਂ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜਾਗਰੂਕਤਾ ਫੈਲਾਉਣ ਸੰਬੰਧੀ ਹੋਟ ਸਪੋਟ ਏਰੀਏ ਵਿੱਚ ਜ਼ਿਲ੍ਹੇ ਤੋਂ ਆਈ ਟੀਮ ਜਿਸ ਵਿਚ ਹੈਲਥ ਇੰਸਪੈਕਟਰ ਕਾਰਜ ਸਿੰਘ ਭੁਪਿੰਦਰ ਸਿੰਘ ਵੱਲੋਂ ਸਾਹਬਪੁਰ, ਰਸੂਲਪੁਰ,ਮੁਗਲਚੱਕ, ਠੱਠੀਆਂ ਮਹੰਤਾਂ ਅਤੇ ਉਸਮਾਂ ਆਦਿ ਪਿੰਡਾਂ ਵਿੱਚ ਚੈਕਿੰਗ ਕੀਤੀ ਗਈ ਅਤੇ ਜਿਸ ਜਗ ?ਹਾ ਲਾਰਵਾ ਮਿਲਿਆ ਉਸ ਨੂੰ ਨਸ਼ਟ ਕੀਤਾ ਗਿਆ। ਜ਼ਿਲੇ ਤੋਂ ਆਈ ਹੋਈ ਟੀਮ ਦੀ ਅਗਵਾਈ ਹੇਠ ਲੋਕਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਡੇਂਗੂ ਤੋਂ ਬਚਾਅ ਸਬੰਧੀ ਘਰਾਂ ਵਿੱਚ ਫਰਿੱਜਾਂ ਦੀਆਂ ਟਰੇਆਂ, ਗਮਲੇ, ਪੁਰਾਣੇ ਟਾਇਰਾਂ, ਕੂਲਰ, ਟੁੱਟੇ ਭੱਜੇ ਬਰਤਨਾਂ ਆਦਿ ਵਿੱਚ ਪਾਣੀ ਵੇਸਟ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਖੜ੍ਹੇ ਪਾਣੀ ਵਿੱਚ ਮੱਛਰ ਦੇ ਲਾਰਵੇ ਦੀ ਪੈਦਾਇਸ਼ ਹੋਣ ਨਾਲ ਡੇਂਗੂ , ਮਲੇਰੀਆ, ਚਿਕਨਗੂਨੀਆਂ ਦੇ ਮੱਛਰ ਦੀ ਪੈਦਾਇਸ਼ ਹੋ ਜਾਂਦੀ ਹੈ ਜਿਸ ਨਾਲ ਡੇਂਗੂ ਮਲੇਰੀਆ ਚਿਕਨਗੂਨੀਆਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਇਸ ਲਈ ਸਾਨੂੰ ਕਦੇ ਵੀ ਇਕ ਜਗ ?ਹਾ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਟੋਇਆਂ ਵਿੱਚ ਖੜ੍ਹੇ ਪਾਣੀ ਤੇ ਕਾਲ ?ਾ ਤੇਲ ਪਾਉਣਾ ਚਾਹੀਦਾ ਹੈ ਜਾਂ ਟੋਏ ਨੂੰ ਮਿੱਟੀ ਪਾਕੇ ਬੰਦ ਕਰ ਦੇਣਾ ਚਾਹੀਦਾ ਹੈ ਪੂਰੀ ਤਰ੍ਹਾਂ ਸਾਫ ਸਫ਼ਾਈ ਰੱਖਣੀ ਚਾਹੀਦੀ ਹੈ। ਇਸ ਮੌਕੇ ਹੈਲਥ ਇੰਸਪੈਕਟਰ ਕਾਰਜ ਸਿੰਘ ਅਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖ਼ਾਰ, ਥਕਾਵਟ ਜਾਂ ਸਰੀਰ ਉੱਤੇ ਕਿਸੇ ਤਰ੍ਹਾਂ ਦੇ ਦਾਣੇ, ਜਾਂ ਠੰਡ ਲੱਗਣੀ,ਸਿਰ ਦਰਦ, ਅੱਖਾਂ ਦੇ ਪਿਛਲੇ ਪਾਸੇ ਦਰਦ, ਜੋੜਾਂ ਮਾਸਪੇਸ਼ੀਆਂ ਵਿਚ ਦਰਦ,ਉਲਟੀ ਆਉਣਾਂ, ਮੂੰਹ ਨੱਕ ਮਸੂੜਿਆਂ ਵਿੱਚੋਂ ਖ਼ੂਨ ਵਗਣਾ ਆਦਿ ਲੱਛਣ ਹੋਣ ਤਾਂ ਉਸ ਨੂੰ ਨੇੜੇ ਦੇ ਸਿਹਤ ਕੇਂਦਰ ਤੋਂ ਟੈਸਟ ਕਰਵਾ ਕੇ ਹੀ ਦਵਾਈ ਲੈਣੀ ਚਾਹੀਦੀ ਹੈ। ਇਹ ਟੈਸਟ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਹੁੰਦੇ ਹਨ। ਸਾਨੂੰ ਆਪਣੇ ਘਰੇ ਬਰੂਫਿਨ ਜਾਂ ਡਿਸਪਰਿਨ ਆਦਿ ਗੋਲੀਆਂ ਨਹੀਂ ਖਾਣੀਆਂ ਚਾਹੀਦੀਆਂ ਹਨ ਅਤੇ ਸਫ਼ਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

## ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਮੰਡੀ ਗੋਬਿੰਦਗੜ੍ਹ, 28 ਜੂਨ: ਦੇਸ਼ ਭਗਤ ਯੂਨੀਵਰਸਿਟੀ ਦੀ ਅਗਵਾਈ ਹੇਠ ਕੰਮ ਕਰ ਰਹੇ ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵੱਲੋਂ ਇੱਕ ਵਿਸ਼ੇਸ਼ ਯੋਗਾ ਸੈਸ਼ਨ ਅਤੇ ਰੁੱਖ ਲਗਾਓ ਮੁਹਿੰਮ ਰਾਹੀਂ ਰਵਾਇਤੀ ਤੰਦਰੁਸਤੀ ਅਭਿਆਸਾਂ ਨੂੰ ਵਾਤਾਵਰਣ ਦੀ ਜ਼ਿੰਮੇਵਾਰੀ ਨਾਲ ਜੋੜਦੇ ਹੋਏ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਸਾਲ ਦੇ ਵਿਸ਼ਵਵਿਆਪੀ ਥੀਮ, 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਨੂੰ ਅਪਣਾਉਂਦੇ ਹੋਏ, ਇਹ ਸਮਾਗਮ ਸੰਪੂਰਨ ਸਿਹਤ ਦੇ ਰਵਾਇਤੀ ਇਲਾਜ ਅਭਿਆਸਾਂ ਨੂੰ ਆਧੁਨਿਕ ਸਿਹਤ ਜਾਗਰੂਕਤਾ ਨਾਲ ਜੋੜਨ ਦੇ ਸਮਰਪਣ ਦੀ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ। ਇਸ ਵਿੱਚ ਵਿਦਿਆਰਥੀ, ਫੈਕਲਟੀ, ਗੈਰ-ਅਧਿਆਪਨ ਸਟਾਫ਼ ਅਤੇ ਵਿਸ਼ੇਸ਼ ਮਹਿਮਾਨਾਂ ਸਮੇਤ ਲਗਭਗ 500 ਵਿਅਕਤੀਆਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ। ਇਹ ਦਿਨ ਸ਼ਾਂਤੀ ਅਤੇ ਊਰਜਾ ਨਾਲ ਭਰੇ ਮਾਹੌਲ ਵਿੱਚ ਸ਼ੁਰੂ ਹੋਇਆ, ਜਿਸਨੇ ਇੱਕ ਪੁਨਰਜੀਵਨ ਸ਼ੁਰੂਆਤ ਲਈ ਸੁਰ ਸਥਾਪਤ ਕੀਤੀ। ਇਸ ਸਮਾਗਮ ਦਾ ਉਦਘਾਟਨ ਸਟੇਜ ਪ੍ਰਬੰਧ ਕਰਕੇ ਸਵਾਸਥਵਿਤ ਵਿਭਾਗ ਦੇ ਪ੍ਰੋਫੈਸਰ ਡਾ. ਅਨਿਲ ਜੱਸੀ ਦੇ ਸਵਾਗਤੀ ਭਾਸ਼ਣ ਨਾਲ ਕੀਤਾ ਗਿਆ। ਇਹ ਸਮਾਗਮ ਇੱਕ ਵਿਦਿਆਰਥੀ ਸੈਸ਼ਨ, ਰਾਸ਼ਟਰੀ ਗੀਤ ਗਾਇਨ ਅਤੇ ਰੁੱਖ ਲਗਾਉਣ ਸਮਾਰੋਹ ਨਾਲ ਸਮਾਪਤ ਹੋਏ, ਜੋ ਕਿ ਯੂਨੀਵਰਸਿਟੀ ਦੇ ਟਿਕਾਊ ਜੀਵਨ ਪ੍ਰਤੀ ਸਮਰਪਣ ਨੂੰ ਹੋਰ ਮਜ਼ਬੂਤ ਕਰਦਾ ਹੈ। ਯੂਨੀਵਰਸਿਟੀ ਦੇ ਪਤਵੰਤਿਆਂ ਦੀ ਮੌਜੂਦਗੀ ਨੇ ਸਮਾਗਮ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ, ਜਿਨ੍ਹਾਂ ਵਿੱਚ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਮਾਨਯੋਗ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ, ਪ੍ਰੋ ਵਾਈਸ ਚਾਂਸਲਰ ਡਾ. ਅਮਰਜੀਤ ਸਿੰਘ, ਰਜਿਸਟਰਾਰ ਡਾ ਸ਼ ?ਰੀ ਸੁਰਿੰਦਰ ਕਪੂਰ, ਡਾ. ਕੁਲਭੂਸ਼ਣ, ਡਾਇਰੈਕਟਰ, ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ, ਡਾ. ਅਮਨਦੀਪ ਸ਼ਰਮਾ, ਵਾਈਸ ਪ੍ਰਿੰਸੀਪਲ, ਆਯੁਰਵੈਦਿਕ ਕਾਲਜ ਅਤੇ ਹਸਪਤਾਲ ਅਤੇ ਕਈ ਹੋਰ ਅਧਿਕਾਰੀ ਅਤੇ ਫੈਕਲਟੀ ਮੈਂਬਰ ਸ਼ਾਮਲ ਸਨ। ਸ਼ ?ਰੀ ਚੇਤਨ ਬੰਗਰ (ਐਸਡੀਐਮ, ਅਮਲੋਹ), ਸ਼ਰੀ ਹਰਪਾਲ ਸਿੰਘ (ਨਾਇਬ ਤਹਿਸੀਲਦਾਰ), ਅਤੇ ਹੋਰ ਪ੍ਰਸ਼ਾਸਨਿਕ ਆਗੂਆਂ ਵਰਗੇ ਬਾਹਰੀ ਪਤਵੰਤਿਆਂ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ।

## ਗਰੀਨ ਵਰਲਡ ਮਿਸ਼ਨ (ਪਹਿਲ) ਦੇ ਸਹਿਯੋਗ ਨਾਲ ਬਿਧੀਪੁਰ ਵਿਖੇ ਪੌਦੇ ਲਗਾਏ

ਧਾਰੀਵਾਲ 28 ਜੂਨ (ਅਸ਼ੋਕ ਕੁਮਾਰ) ਗਰੀਨ ਵਰਲਡ ਮਿਸ਼ਨ (ਪਹਿਲ) ਬ੍ਰਾਂਚ ਗੁਰਦਾਸਪੁਰ ਦੇ ਸਹਿਯੋਗ ਨਾਲ ਅੱਜ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਕੁਮਾਰ ਦੇ ਪਿਤਾ ਅਤੇ ਡਾ. ਕੰਵਲਜੀਤ ਸਿੰਘ ਕੇਜੇ ਵਲੋਂ ਸਾਂਝੇ ਤੌਰ ਤੇ ਦੇਵਗੋਤਰਾ ਟਾਇਲ ਸੋਰੂਮ ਬਿਧੀਪੁਰ (ਧਾਰੀਵਾਲ) ਦੇ ਸਾਹਮਣੇ ਫ਼ਲਦਾਰ ਪੌਦੇ ਲਗਾਏ ਗਏ। ਇਸ ਮੌਕੇ ਉਨ੍ਹਾਂ ਸਾਂਝੇ ਤੌਰ ਤੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਹਰੇਕ ਵਿਅਕਤੀ ਨੂੰ ਇਕ ਇਕ ਪੌਦਾ ਲਗਾਉਣਾ ਚਾਹੀਦਾ ਹੈ। ਇਸ ਮੌਕੇ ਰਮਨੀ ਕੁਮਾਰੀ, ਕਾਜਲ ਡੇਵਗੋਤਰਾ, ਨਰਿੰਦਰ ਦੇਵਗੋਤਰਾ, ਮਨਮੋਹਨ ਸਿੰਘ ਗਿੱਲ, ਵਿਜੇ ਵਰਮਾ , ਸੋਨੂ ਸਿਆਲ, ਪਵਨ, ਰਵੀ ਸੋਨੂੰ ਤੋਂ ਇਲਾਵਾ ਹੋਰ ਮਾਜੂਦ ਸਨ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**SMFG Grihashakti** Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਂਉਂਟ ਪੂਨਾਮਾਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

**ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 15 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**
**ਆਮ ਕਰਕੇ ਜਨਤਾ ਨੂੰ** ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ **ਸੂਚਨਾ** ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ (''ਸੁਰੱਖਿਅਤ ਅਸਾਸੇ''), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (''**ਸੁਰੱਖਿਅਤ ਕਰਜ਼ਦਾਤਾ**'') ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੀ ਮਿਤੀ ਤੱਕ ਨਿਮਨ ਦਰਸਾਈ ਬਕਾਇਆ ਰਕਮ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ''** ਅਤੇ **''ਜੋ ਵੀ ਉਥੇ ਹੈ''** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ (ਰੁ. 'ਚ) / ਬਿਆਨਾ ਰਕਮ ਜਮ੍ਹਾਂ (ਰੁ. 'ਚ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | Lan No. 610239211369260<br>1. ਰਣਜੀਤ ਸਿੰਘ<br>2. ਮਨਜੀਤ ਕੌਰ | ਨਵੀਂ ਸਰਾਏਂ ਪੱਟੀ, ਕਾਹਨਗੜ੍ਹ, ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਮਕਾਨ, ਜਿਸਦਾ ਖੇਤਰਫਲ 0-4.2/5 ਮਰਲੇ ਹੈ, ਭਾਵ 132 ਵਰਗ ਗਜ਼, ਜਿਸ ਵਿੱਚ ਖੇਵਟ ਖਤੌਨੀ ਨੰਬਰ 56/96, ਖਸਰਾ ਨੰਬਰ 109//7(8-0), 8/1(6-1), ਕਿਤੇ 2 ਸ਼ਾਮਲ ਹਨ, ਕੁੱਲ ਖੇਤਰਫਲ 14 ਕਨਾਲ 1 ਮਰਲੇ ਜਿਸ ਵਿੱਚੋਂ 22/1405 ਹਿੱਸਾ ਭਾਵ 4.2/5 ਮਰਲੇ ਭਾਵ 132 ਵਰਗ ਗਜ਼। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ:- ਸੜਕ ਵਾਲਾ ਪਾਸਾ 22 ਪੱਛਮ:-ਖੇਤੀਬਾੜੀ ਵਾਲੀ ਜ਼ਮੀਨ ਵਾਲਾ ਪਾਸਾ 22' ਉੱਤਰ:- ਖਾਲੀ ਪਲਾਟ ਵਾਲਾ ਪਾਸਾ 54' ਦੱਖਣ:- ਖਾਲੀ ਪਲਾਟ ਵਾਲਾ ਪਾਸਾ 54 | Rs. 9,80,000/-<br>Rs. 98,000/- | 18.07.2025 at 11.00 AM to 01.00 PM | 17.07.2025 |
| 2. | Lan No. 609939511220865<br>1. ਸਤਨਾਮ ਸਿੰਘ<br>2. ਬਿੰਦਰ ਕੌਰ ਪਤਨੀ ਸਤਨਾਮ ਸਿੰਘ | ਜ਼ਮੀਨ ਦਾ ਮਾਪ 06 ਮਰਲੇ 07 ਸਰਸਾਹੀ ਜਿਸ ਵਿੱਚ ਜ਼ਮੀਨ ਦਾ ਮਾਪ 00 ਕਨਾਲ 05 1/2 ਮਰਲੇ ਜੋ ਕਿ ਜ਼ਮੀਨ ਦੇ ਮਾਪ ਦਾ 11/108 ਹਿੱਸਾ ਹੈ 02 ਕਨਾਲ 14 ਮਰਲੇ ਜਿਸ ਵਿੱਚ ਖਸਰਾ ਨੰਬਰ 14//16/1/1/2 (2-2), 14//16/1/2/1 ਮਿਨ (0-12) ਖੇਵਟ/ਖਤੌਨੀ ਨੰਬਰ 354/533 ਅਤੇ ਜ਼ਮੀਨ ਦਾ ਮਾਪ 01 ਮਰਲੇ 02 ਸਰਸਾਹੀ ਜੋ ਕਿ ਜ਼ਮੀਨ ਦੇ ਮਾਪ ਦਾ 11/108 ਹਿੱਸਾ ਹੈ 00 ਕਨਾਲ 12 ਮਰਲੇ, ਸ਼ਾਮਲ ਹਨ ਖਸਰਾ ਨੰਬਰ 14//16/2/1/1 (0-2), 14//16/2/2 (0-10) ਖੇਵਟ/ਖਤੌਨੀ ਨੰਬਰ 646/959 ਸਾਲ 2014-2015 ਲਈ ਜਮ੍ਹਾਂਬੰਦੀ ਅਨੁਸਾਰ ਲਹਿਰਾ ਧੂਰਕੋਟ ਤਹਿਸੀਲ ਨਥਾਣਾ ਜ਼ਿਲ੍ਹਾ ਬਠਿੰਡਾ ਦੀ ਮਾਲੀਆ ਹੱਦ ਦੇ ਅੰਦਰ ਸਥਿਤ। ਹੱਦਬੰਦੀ ਪ੍ਰਕਾਰ ਹੈ:- ਪੂਰਬ:-27; ਮਕਾਨ, ਪੱਛਮ:-27; ਗਲੀ, ਉੱਤਰ:-66; ਖਾਲੀ ਪਲਾਟ, ਦੱਖਣ:-66; ਖਾਲੀ ਪਲਾਟ। | Rs. 8,30,000/-<br>Rs. 83,000/- | 18.07.2025 at 11.00 AM to 01.00 PM | 17.07.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਵੈਬਸਾਈਟ ਪਤੇ (**https://BidDeal.in** ਅਤੇ **www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇਛੁੱਕ ਬੋਲੀਕਾਰ **ਸ਼੍ਰੀ ਹਨੂਵੰਤ ਸਿੰਘ**, ਉਨ੍ਹਾਂ ਦੇ ਮੋਬ. ਨੰ. 9988898312, ਈ-ਮੇਲ : **Hanuwant.Singh@grihashakti.com** ਅਤੇ ਸ਼੍ਰੀ ਨਿਲੋਏ ਡੇਅ,ਨੂੰ ਉਨ੍ਹਾਂ ਦੇ ਮੋਬ. ਨੰ. 9920697801, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।
ਸਥਾਨ : ਪਟਿਆਲਾ, ਬਠਿੰਡਾ, ਪੰਜਾਬ
ਮਿਤੀ :- 26.06.2025
ਸਹੀ/-
**ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**

---

## ਸਟੇਟ ਬੈਂਕ ਆਫ ਇੰਡੀਆ

ਹੋਮ ਲੋਨ ਸੈਂਟਰ, ਦੂਜੀ ਮੰਜ਼ਿਲ, ਪ੍ਰਬੰਧਕੀ ਭਵਨ, ਮਾਡਲ ਟਾਊਨ, ਬਠਿੰਡਾ

**ਕਬਜ਼ਾ ਸੂਚਨਾ** **[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ, ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ਼੍ਰੀਮਤੀ ਰਵਿੰਦਰ ਕੌਰ ਪਤਨੀ ਇਕਬਾਲ ਸਿੰਘ ਅਤੇ ਸ਼੍ਰੀ ਸਤਵੀਰ ਸਿੰਘ ਪੁੱਤਰ ਇਕਬਾਲ ਸਿੰਘ** ਦੋਵੇਂ ਵਾਸੀ ਮਕਾਨ ਨੰ. -152/ਬੀ ਵਾਰਡ ਨੰ. -7, ਗਊਸ਼ਾਲਾ ਰੋਡ, ਰਾਮਾਂ ਮੰਡੀ, ਜ਼ਿਲ੍ਹਾ ਬਠਿੰਡਾ, (**ਕਰਜ਼ਦਾਰ**) | ਟ੍ਰਾਂਸਫਰ ਡੀਡ 104 ਮਿਤੀ 11.04.2017 ਨੂੰ ਦੇ ਅਨੁਸਾਰ ਜਾਇਦਾਦ ਦਾ ਮਾਪ 251.11 ਵਰਗ ਗਜ਼ ਭਾਵ ਰਿਹਾਇਸ਼ੀ ਮਕਾਨ ਜਿਸਦਾ ਆਕਾਰ 45' x 40' (200 ਵਰਗ ਗਜ਼) ਹੈ ਜਿਸ ਵਿੱਚ ਐਮ.ਸੀ. ਨੰ. 7/126ਏ ਹੈ ਜੋ ਕਿ ਐਸ. ਨੰ. 387 ਏ 'ਤੇ ਹੈ ਅਤੇ 2 ਦੁਕਾਨਾਂ 20' x 23' (51.11 ਵਰਗ ਗਜ਼) ਹੈ ਜਿਸ ਵਿੱਚ ਐਮ.ਸੀ. ਨੰ. 7/126 ਹੈ ਜੋ ਕਿ ਲੜੀ ਨੰ. 378 'ਤੇ ਹੈ। ਸਾਲ 2005-06 ਲਈ ਨਗਰ ਕੌਂਸਲ ਰਾਮਾਂ ਦੇ ਅਸੈਸਮੈਂਟ, ਸੀ. ਨੰ. 378, ਵਾਰਡ ਨੰ. 7 ਰਾਮਾਂ ਮੰਡੀ 'ਤੇ ਸਥਿਤ ਹੈ। ਮਕਾਨ ਦੀਆਂ ਹੱਦਾਂ: ਪੂਰਬ: 40' ਇੰਦਰਜੀਤ ਸਿੰਘ ਅਤੇ ਮਾਲਕ, ਪੱਛਮ: 40' ਇੰਦਰਜੀਤ ਸਿੰਘ, ਉੱਤਰ: 45' ਓਮ ਪ੍ਰਕਾਸ਼ ਵਿਜੇ ਕੁਮਾਰ, ਦੱਖਣ: 45' ਗਲੀ, ਦੁਕਾਨ ਦੀਆਂ ਸੀਮਾਵਾਂ ਪੂਰਬ: 20' ਗੁਰਦੁਆਰਾ ਰੋਡ, ਪੱਛਮ: 20' ਮਾਲਕ, ਉੱਤਰ: 23' ਇੰਦਰਜੀਤ ਸਿੰਘ, ਦੱਖਣ: 23' ਗਲੀ | 20.03.2025 | 25.06.2025 | Rs.10,53,358.00 **20.03.2025 ਦੇ ਅਨੁਸਾਰ** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |
| **1. ਸ਼੍ਰੀਮਤੀ ਕ੍ਰਿਸ਼ਨਾ ਦੇਵੀ, ਕਰਜ਼ਦਾਰ-ਕਮ-ਕਾਨੂੰਨੀ ਵਾਰਸ ਪਤਨੀ ਸਵਰਗੀ ਸ਼੍ਰੀ ਮੇਘ ਰਾਜ, 2. ਸ਼੍ਰੀ ਵਿੱਕੀ ਕੁਮਾਰ ਕਰਜ਼ਦਾਰ-ਕਮ-ਕਾਨੂੰਨੀ ਵਾਰਸ ਅਤੇ ਪੁੱਤਰ ਸਵਰਗੀ ਸ਼੍ਰੀ ਮੇਘ ਰਾਜ ਅਤੇ 3. ਸ਼੍ਰੀ ਵੇਦ ਪ੍ਰਕਾਸ਼ ਜ਼ਾਮਨ-ਕਮ-ਕਾਨੂੰਨੀ ਵਾਰਸ ਮੇਘ ਰਾਹ**, ਸਾਰੇ ਵਾਸੀ ਮਕਾਨ ਨੰ. 82, ਵਾਰਡ ਨੰ. 8, ਨੇੜੇ ਚਿਮਨ ਲਾਲ ਗਲੀ, ਲਾਲੂਆਣਾ ਰੋਡ, ਮਾਨਸਾ -151001 | ਰਿਹਾਇਸ਼ੀ ਮਕਾਨ 18' x 66' ਵਾਕੀਆ ਆਬਾਦੀ ਮਾਨਸਾ ਦੇ ਪਲਾਟ 'ਤੇ ਬਣਾਇਆ ਗਿਆ ਹੈ ਜੋ ਕਿ ਸ਼੍ਰੀ ਮੇਘ ਰਾਜ ਪੁੱਤਰ ਸ਼੍ਰੀ ਜੋਤ ਰਾਮ ਅਤੇ ਸ਼੍ਰੀਮਤੀ ਕ੍ਰਿਸ਼ਨਾ ਦੇਵੀ ਪਤਨੀ ਸ਼੍ਰੀ ਮੇਘ ਰਾਜ ਦੇ ਨਾਮ 'ਤੇ ਵਿਕਰੀ ਡੀਡ ਨੰਬਰ 247 ਮਿਤੀ 15.04.1986 ਅਨੁਸਾਰ ਡਾ. ਚਿਮਨ ਲਾਲ ਸਟਰੀਟ, ਲੱਲੂਆਣਾ ਰੋਡ ਮਾਨਸਾ ਵਿਖੇ ਸਥਿਤ ਹੈ ਅਤੇ ਪੂਰਬ: 66' ਤੇਜਾ ਸਿੰਘ, ਪੱਛਮ: ਦੇਸ ਰਾਜ, ਉੱਤਰ: 18' ਸਟਰੀਟ, ਦੱਖਣ: 18 ਤੇਜ ਰਾਮ ਪ੍ਰਜਾਪਤ | 24.03.2025 | 26.06.2025 | Rs.8,38,003.79 **21.03.2025 ਦੇ ਅਨੁਸਾਰ** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |

ਮਿਤੀ : 29.06.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ

---

**SMFG Grihashakti** Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਂਉਂਟ ਪੂਨਾਮਾਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

**ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 30 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**
**ਆਮ ਕਰਕੇ ਜਨਤਾ ਨੂੰ** ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ **ਸੂਚਨਾ** ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ (''ਸੁਰੱਖਿਅਤ ਅਸਾਸੇ''), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (''**ਸੁਰੱਖਿਅਤ ਕਰਜ਼ਦਾਤਾ**'') ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੀ ਮਿਤੀ ਤੱਕ ਨਿਮਨ ਦਰਸਾਈ ਬਕਾਇਆ ਰਕਮ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ''** ਅਤੇ **''ਜੋ ਵੀ ਉਥੇ ਹੈ''** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | Lan No. 615339511287949<br>1. ਜਸਵੰਤ ਸਿੰਘ ਪੁੱਤਰ ਜੀਤਾ ਸਿੰਘ<br>2. ਲਵਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ<br>3. ਜਸਵਿੰਦਰ ਕੌਰ | ਖਸਰਾ ਨੰਬਰ 52//16/2/1(0-7) 52//16/1(3-2) 52//16/3/1(0-4) 16/4/1(0-7) ਜਿਵੇਂ ਕਿ ਖੇਵਟ ਨੰ: 661, 404, 619, 619, 1935, 1985 ਰਾਮੂਵਾਲਾ ਨਵਾਂ ਤਹਿਸੀਲ ਮੋਗਾ ਜ਼ਿਲ੍ਹਾ ਮੋਗਾ ਦੀ ਸਾਲ 2005-2006 ਲਈ ਜਮ੍ਹਾਂਬੰਦੀ ਹਦਬਸਤ ਨੰਬਰ 94 ਸੰਪੱਤੀ ਮਾਪ 0 ਕਨਾਲ 11 ਮਰਲੇ ਸ਼ਾਮਲ ਮੋਗਾ ਪ੍ਰਾਪਰਟੀ। ਹੱਦਬੰਦੀ: ਉੱਤਰ:- ਰਸਤਾ, ਦੱਖਣ:- ਸੁਖਦੇਵ ਸਿੰਘ, ਪੂਰਬ:-ਮੰਦਰ ਸਿੰਘ, ਪੱਛਮ:- ਹਰਬੰਸ ਸਿੰਘ। | Rs. 16,80,000/-<br>Rs. 1,68,000/- | 07.08.2025 at 11.00 AM to 01.00 PM | 06.08.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ ਵੈਬਸਾਈਟ ਪਤੇ (**https://BidDeal.in** ਅਤੇ **www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇਛੁੱਕ ਬੋਲੀਕਾਰ **ਸ਼੍ਰੀ ਹਨੂਵੰਤ ਸਿੰਘ**, ਅਧਿਕਾਰਤ ਵਿਅਕਤੀ ਦਾ ਨਾਮ, ਮੋਬ. ਨੰ. 9988898312, ਈ-ਮੇਲ : **Hanuwant.Singh@grihashakti.com** ਅਤੇ ਸ਼੍ਰੀ ਨਿਲੋਏ ਡੇਅ,ਨੂੰ ਉਨ੍ਹਾਂ ਦੇ ਮੋਬ. ਨੰ. 9920697801, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।
ਸਥਾਨ : ਮੋਗਾ,ਪੰਜਾਬ
ਮਿਤੀ :- 26.06.2025
ਸਹੀ/-
**ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**

---

**SMFG Grihashakti** Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)*
ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)* ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ ''**ਐਸਐਮਐਚਐਫਸੀ**'' ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਅਤੇ ਪਤੇ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ ''**ਐਸਐਮਐਚਐਫਸੀ**'' ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲੜੀ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 610139211323492<br>1. ਆਸ਼ੂਤੋਸ਼ ਤ੍ਰਿਪਾਠੀ ਸਪੁੱਤਰ ਧਰੁਵ ਨਰਾਇਣ ਤ੍ਰਿਪਾਠੀ<br>2. ਅਨੰਦਿਤਾ ਸੁਪਤਨੀ ਆਸ਼ੂਤੋਸ਼ ਤ੍ਰਿਪਾਠੀ | 51 ਵਰਗ ਗਜ਼ ਦੇ ਇਸ ਜਾਇਦਾਦ ਘਰ ਦੇ ਸਾਰੇ ਭਾਗ ਅਤੇ ਹਿੱਸੇ, ਖਸਰਾ ਨੰਬਰ-908, 907, 906, 904, 901, 527, 528, 676, 526, 556, 674, 895, ਖੱਟਾ ਨੰਬਰ-750/932, 806/988, 302/336, 319/353, 702/816, 831/1014, 875/1080, 882/1091, 1092, ਪੰਨਾ ਨੰਬਰ-1762, 1885, 766, 803, 1607, 1957, 2063, 2090, ਸਾਲ 2009-10 ਲਈ ਜਮ ?ਾਂਬੰਦੀ, 8☆ ਨੰਬਰ-260, ਅਬਾਦੀ ਗਿਆਨ ਚੰਦ ਨਗਰ, ਪਿੰਡ-ਲੋਹਾਰਾ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2022-23/103/1/8758 ਮਿਤੀ 20-2-2023, ਆਨੰਦਿਤਾ ਪਤਨੀ ਆਸ਼ੂਤੋਸ਼ ਤ੍ਰਿਪਾਠੀ ਦੇ ਨਾਮ ਤੇ ਦਰਜ। ਹੇਠ ਲਿਖੇ ਅਨੁਸਾਰ ਸੀਮਾ:- ਪੂਰਬੀ-ਪਲਾਟ, ਪੱਛਮ-ਸਤੀਸ਼ ਕੁਮਾਰ ਨੇਗੀ, ਉੱਤਰੀ-ਰੋਡ, ਦੱਖਣੀ-ਪਲਾਟ। | 17.03.2025<br>ਰੁ. 15,05,486.22 (ਰੁਪਏ ਪੰਦਰਾਂ ਲੱਖ ਪੰਜ ਹਜ਼ਾਰ ਚਾਰ ਸੌ ਛਿਆਸੀ ਅਤੇ ਬਾਈ ਪੈਸੇ ਕੇਵਲ) 13.03.2025 ਦੇ ਅਨੁਸਾਰ | 25.06.2025 |
| 2 | LAN :- 610139211258528<br>1. ਬਲਦੇਵ ਰਾਜ (ਕਰਜ਼ਦਾਰ) (ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ ਰਾਹੀਂ) ਅਰੁਣ ਵਿੱਜ ਸਪੁੱਤਰ ਬਲਦੇਵ ਰਾਜ,<br>2. ਕਰਨ ਵਿੱਜ ਸਪੁੱਤਰ ਬਲਦੇਵ ਰਾਜ<br>3. ਰਵੀ ਵਿੱਜ ਸਪੁੱਤਰ ਬਲਦੇਵ ਰਾਜ<br>4. ਊਸ਼ਾ ਰਾਣੀ (ਸਹਿ-ਕਰਜ਼ਦਾਰ ਅਤੇ ਕਾਨੂੰਨੀ ਵਾਰਸ)<br>5. ਵਿਕਰਮ ਵਿੱਜ (ਸਹਿ-ਕਰਜ਼ਦਾਰ ਅਤੇ ਕਾਨੂੰਨੀ ਵਾਰਸ) | ਖੇਵਟ/ਖਤੋਨੀ ਨੰਬਰ-188/194, 189/195, 190/196, 193/199, 191/197, ਖਸਰਾ ਨੰਬਰ-27//1, 2,9,10, 11,12, ਸਾਲ 2005-06 ਲਈ ਜਮਾਂਬੰਦੀ, ਮਕਾਨ ਨੰਬਰ-80, ਪਿੰਡ-ਕਾਕੋਵਾਲ, ਆਬਾਦੀ ਨਿਊ ਸ਼ਿਮਲਾ ਕਲੋਨੀ (ਅੰਮ੍ਰਿਤ ਵਿਹਾਰ), ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ, ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ, ਵਾਸਿਕਾ ਨੰਬਰ-2022-23/106/1/13594 ਮਿਤੀ 23-1-2023 ਨੂੰ ਊਸ਼ਾ ਰਾਣੀ ਪਤਨੀ ਬਲਦੇਵ ਰਾਜ ਦੇ ਨਾਮ 'ਤੇ ਦਰਜ ਵਿਕਰੀ ਡੀਡ ਅਨੁਸਾਰ। ਹੇਠ ਲਿਖੇ ਅਨੁਸਾਰ:- ਪੂਰਬ-ਗੁਆਂਢੀ, ਪੱਛਮੀ-ਗਲੀ, ਉੱਤਰੀ-ਸੜਕ, ਦੱਖਣ-ਨਰਿੰਦਰ ਕੁਮਾਰ। | 26.03.2025<br>ਰੁ. 10,66,452.78 (ਰੁਪਏ ਦਸ ਲੱਖ ਛਿਆਹਠ ਹਜ਼ਾਰ ਚਾਰ ਸੌ ਬਵੰਜਾ ਅਤੇ ਅਠੱਤਰ ਪੈਸੇ ਕੇਵਲ) 26.03.2025 ਦੇ ਅਨੁਸਾਰ | 27.06.2025 |
| 3 | LAN :- 610239510987957<br>1. ਬਲਜਿੰਦਰ ਸਿੰਘ ਸਪੁੱਤਰ ਸੁਰਿੰਦਰ ਸਿੰਘ<br>2. ਬਲਜੀਤ ਕੌਰ ਸੁਪਤਨੀ ਬਲਜਿੰਦਰ ਸਿੰਘ<br>3. ਸਿੰਦਰ ਸਿੰਘ ਸਪੁੱਤਰ ਉਜਾਗਰ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 11-2/5 ਮਰਲੇ ਯਾਨੀ ਕਿ 344.95 ਵਰਗ ਗਜ਼, ਖੇਵਟ/ਖਤੌਨੀ ਨੰਬਰ-22/43 59, ਖਸਰਾ ਨੰਬਰ-127(1-0), 128(1-0), 132(1-0), 137(1-0), 18//21(8-0), 22(20-0), 22(23-ਮਿਨ), 19//24(7-8), 25(8-0), 25//4/2(4-11), 25//5(7-18), 6/1(2-13), 26//1ਮਿਨ(2-0), 2(8-0), 9(7-8), 10(7-7), 26//5(11), 26//5(15), 6(8-0), 54//11(8-0), 20(8-0), 19//16 ਮਿਨ(1-0), 17(6-16), 18//19(8-0), 20(8-0), 19//16 ਮਿਨ(7-0), 18//23 ਮਿਨ(6-0), 42//16(0-5), 16(8-0), 17(8-0), 18(8-0), 19(8-0), 42//23(7-11), 24(7-11), 25(7-11), 55//14(8-0), 18//12/2/1(2-8), 18//18(8-0), 26//1 ਮਿਨ(5-0), 18//24/1(4-0), 25(8-0), 13(8-0), 14(8-0), 16(8-0), 17(8-0), 24/2(4-0), 12/2/2(1-0), 55//5/1 ਮਿਨ(1-7), ਕੁੱਲ ਰਕਬਾ 313 ਕਨਾਲ 18 ਮਰਲੇ ਜਿਸ ਵਿੱਚੋਂ 11-2/5/6278 ਮਰਲੇ, ਸਾਲ 2016-17 ਲਈ ਜਮਾਂਬੰਦੀ, ਪਿੰਡ-ਧੈਂਥਲ, ਤਹਿਸੀਲ-ਸਮਾਣਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ, ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ-2021-22/78/1/2640 ਮਿਤੀ 5-1-2022 ਅਨੁਸਾਰ ਬਲਜਿੰਦਰ ਸਿੰਘ ਪੁੱਤਰ ਸਿੰਦਰ ਸਿੰਘ ਉਰਫ਼ ਸੁਰਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਦੇ ਨਾਮ 'ਤੇ ਦਰਜ ਹੈ। ਸੀਮਾ ਹੇਠ:-ਪੂਰਬੀ-ਰਾਸਤਾ-60'-11", ਪੱਛਮ-ਗੁਰਭਜ ਸਿੰਘ ਦਾ ਘਰ-45'-4"+15'-7", ਉੱਤਰ-ਬਲਬੀਰ ਸਿੰਘ ਦਾ ਘਰ-46'-6"+6', ਦੱਖਣ-ਪੰਜਾਬ ਸਿੰਘ ਦਾ ਘਰ-52'-6"। | 17.03.2025<br>ਰੁ. 14,06,016.97 (ਰੁਪਏ ਚੌਦਾਂ ਲੱਖ ਛੇ ਹਜ਼ਾਰ ਸੋਲਾਂ ਅਤੇ ਸਤਾਨਵੇਂ ਪੈਸੇ ਕੇਵਲ) 13.03.2025 ਦੇ ਅਨੁਸਾਰ | 26.06.2025 |
| 4 | LAN :- 615339511679447<br>1. ਬਲਵੀਰ ਸਿੰਘ ਸਪੁੱਤਰ ਅਰੂੜ ਸਿੰਘ<br>2. ਜਗਦੀਸ਼ ਕੌਰ ਸੁਪਤਨੀ ਬਲਵੀਰ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸਦੀ ਕੀਮਤ 1 ਕਨਾਲ 1 ਮਰਲਾ ਹੈ, 15 ਕਨਾਲ 9 ਮਰਲੇ ਦਾ 21/309 ਹਿੱਸਾ ਹੈ, ਜੋ ਕਿ ਖੇਵਟ ਨੰਬਰ-125, ਖਤੌਨੀ ਨੰਬਰ-153,154 ਕਿੱਟ 7, ਸਾਲ 2020-21 ਲਈ ਜਮ ?ਾਂਬੰਦੀ ਵਿੱਚ ਸ਼ਾਮਲ ਹੈ, ਪਿੰਡ-ਖੰਨਾ, ਤਹਿਸੀਲ-ਜ਼ੀਰਾ, ਜ਼ਿਲ੍ਹਾ-ਫਿਰੋਜ਼ਪੁਰ ਵਿਖੇ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2023-24/119/1/1223 ਮਿਤੀ 28-2-2024 ਅਨੁਸਾਰ ਬਲਵੀਰ ਸਿੰਘ ਪੁੱਤਰ ਅਰੂੜ ਸਿੰਘ ਦੇ ਨਾਮ 'ਤੇ ਦਰਜ ਹੈ। ਸੀਮਾ ਹੇਠ:-ਪੂਰਬੀ-ਹਰਜੀਤ ਸਿੰਘ, ਪੱਛਮੀ-ਰਸਤਾ, ਉੱਤਰੀ-ਰਸਤਾ, ਦੱਖਣੀ-ਰਸਤਾ। | 17.03.2025<br>ਰੁ. 18,77,026.13 (ਰੁਪਏ ਅਠਾਰਾਂ ਲੱਖ ਸਤੱਤਰ ਹਜ਼ਾਰ ਛੱਬੀ ਅਤੇ ਤੇਰਾਂ ਪੈਸੇ ਕੇਵਲ) 13.03.2025 ਦੇ ਅਨੁਸਾਰ | 25.06.2025 |
| 5 | LAN :- 609839211372150<br>1. ਚੋਖਾ ਰਾਮ<br>2. ਵੀਰਾ ਰਾਮ<br>3. ਜੇਠੀ ਸੁਪਤਨੀ ਵੀਰਾ ਰਾਮ | ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ, ਜੋ ਕਿ ਮਕਾਨ ਨੰਬਰ-29, ਪਹਿਲੀ ਮੰਜ਼ਿਲ (ਪ੍ਰਾਪਰਟੀ ਨੰਬਰ-ਪੀਟੀ-1503-1394857), 23 ਵਰਗ ਗਜ਼ (0 ਕਨਾਲ 0.76 ਮਰਲਾ), ਕਵਰਡ ਏਰੀਆ 543.52 ਵਰਗ ਫੁੱਟ ਅਤੇ ਸੁਪਰ ਏਰੀਆ 817 ਵਰਗ ਫੁੱਟ ਹੈ, ਖੇਵਟ/ਖਤੌਨੀ ਨੰਬਰ-279/281, ਖਸਰਾ ਨੰਬਰ-22//6(7-14), ਅੰਬਿਕਾ ਐਨਕਲੇਵ, ਸੈਕਟਰ-115, ਖੂਨੀਮਾਜਰਾ, ਤਹਿਸੀਲ-ਖਰੜ, ਜ਼ਿਲ੍ਹਾ-ਸਾਸ ਨਗਰ ਵਿਖੇ ਸਥਿਤ ਹਨ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2023-24/15/1/4034 ਮਿਤੀ 19-5-2023 ਅਨੁਸਾਰ ਚੌਖਾ ਰਾਮ ਪੁੱਤਰ ਵੀਰਾ ਰਾਮ ਦੇ ਨਾਮ 'ਤੇ ਦਰਜ ਹਨ। ਹੇਠ ਲਿਖੇ ਅਨੁਸਾਰ ਸੀਮਾਬੱਧ:-ਪੂਰਬ-ਖਾਲੀ ਪਲਾਟ, ਪੱਛਮੀ-ਰੋਡ, ਉੱਤਰੀ-ਪਲਾਟ ਨੰ-28, ਦੱਖਣੀ-ਪਲਾਟ ਨੰ-30। | 17.03.2025<br>ਰੁ. 23,57,974.93 (ਰੁਪਏ ਤੇਈ ਲੱਖ ਸਤਵੰਜਾ ਹਜ਼ਾਰ ਨੌਂ ਸੌ ਚੁਹੱਤਰ ਅਤੇ ਤਰਾਨਵੇਂ ਪੈਸੇ ਕੇਵਲ) 13.03.2025 ਦੇ ਅਨੁਸਾਰ | 27.06.2025 |
| 6 | LAN :- 610239210967682<br>1. ਦਵਿੰਦਰ ਸਿੰਘ ਸਪੁੱਤਰ ਗੁਰਮੇਜ ਸਿੰਘ<br>2. ਸੁਖਜਿੰਦਰ ਕੌਰ ਸੁਪਤਨੀ ਦਵਿੰਦਰ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ 10 ਮਰਲੇ (300 ਵਰਗ ਗਜ਼) ਮਾਪਿਆ ਜਾਂਦਾ ਹੈ, ਜਿਸ ਵਿੱਚ ਖੇਵਟ/ਖਤੋਨੀ ਨੰ-22/43 ਤੋਂ 59, ਖਸਰਾ ਨੰ-127(1-0), 128(1-0), 132(1-0), 137(1-0), 18//21(8-0), 22(8-0), 23 ਮਿੰਟ(2-0), 19//24(7-8), 25(8-0), 25//4/2(4-11), 5(7-18), 6/1(2-13), 26//1 ਮਿੰਟ(2-0), 2(8-0), 9(7-8), 10(7-7), 1 ਮਿਨ (1-0), 55//5/1(4-9), 6(8-0), 54//11(8-0), 20(8-0), 19//16 ਮਿਨ(1-0), 17(6-16), 18//19(8-0), 20(8-0), 19//16 ਮਿੰਟ(7-0), 18//23 ਮਿਨ (6-0), 42//16(23), 54/16(20), 17(8-0), 18(8-0), 19(8-0), 42//23(7-11), 24(7-11), 25(7-11), 55//15(8-0), 16(8-0), 17/1(4-0), 26//3(7-8/7-11),(26//3(7-8/7),(216), 55//14(8-0), 18//12/2/1(2-8), 18(8-0), 26//1 ਮਿਨ(5-0), 18//24/1(4-0), 25(8-0), 18//13(8-0), 14(8-0), 16(8-0), 17(8-0), 24/2(4-0), 12/2/2(1-0), 55//5/1 ਮਿਨ (1-7), ਕੁੱਲ ਰਕਬਾ 313 ਕਨਾਲ 18 ਮਰਲੇ ਕਾ 10/6278 ਹਿੱਸਾ ਜਿਸ ਵਿੱਚੋਂ 0-10 ਮਰਲੇ, ਜਮਾਂਬੰਦੀ ਸਾਲ 2016-17 ਲਈ, ਪਿੰਡ-ਧੰਥਲ, ਤਹਿਸੀਲ-ਸਮਾਣਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ, ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰ-2018-19/78/1/1486 ਮਿਤੀ 10-1-2019 ਅਨੁਸਾਰ ਦਰਜ ਹੈ। ਸੁਖਜਿੰਦਰ ਕੌਰ ਪਤਨੀ ਦਵਿੰਦਰ ਸਿੰਘ ਦਾ ਨਾਮ। ਹੱਦਬੰਦੀ ਇਸ ਪ੍ਰਕਾਰ:-ਪੂਰਬੀ-ਸਟਰੀਟ-60', ਪੱਛਮ-ਯਾਦਵਿੰਦਰ ਸਿੰਘ-60', ਉੱਤਰ-ਸੁਭਾ ਸਿੰਘ-45', ਦੱਖਣੀ-ਰੋਡ-45'। | 17.03.2025<br>ਰੁ. 13,97,483.13 (ਰੁਪਏ ਤੇਰਾਂ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਤਰਾਸੀ ਅਤੇ ਤੇਰਾਂ ਪੈਸੇ ਕੇਵਲ) 13.03.2025 ਦੇ ਅਨੁਸਾਰ | 26.06.2025 |
| 7 | LAN :- 610239511425961<br>1. ਕਮਲਪ੍ਰੀਤ ਸਿੰਘ ਸਪੁੱਤਰ ਲਖਮੀਰ ਸਿੰਘ<br>2. ਸਵਰਨ ਕੌਰ ਸੁਪਤਨੀ ਲਖਮੀਰ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0-10-1/6 ਮਰਲੇ, ਜਿਸ ਵਿੱਚ ਖੇਵਟ/ਖਤੌਨੀ ਨੰਬਰ-115/214 ਤੋਂ 227, ਖਸਰਾ ਨੰਬਰ-36//13(8-0), 14(8-0), 15(5-18), 16 ਮਿਨ (7-11), 23(8-0), 44//3(8-0), 8(8-0), 9(7-8), 12(7-8), 44//13/1(4-0), 36//17(8-0), 18/1(2-0), 18/2(6-0), 25//16(8-0), 36//56(4-0), 59//15/2(0-8), 60//12(8-0), 14(2-12), 17/2(1-10), 65//3 ਮਿਨ (3-4), 25//25(8-0), 26//20(5-4), 21(9-12), 35//1(7-0), 2/1(5-6), 36//3(8-0), 4(8-0), 70(70), 70), 8(8-0), 60//20(0-2), 59//16(8-0), 25/2(4-0), 60/19(8-0), 20(8-0), 21/2(4-0), 22(8-0), 65//3 ਮਿਨ (6-0), 13/2/8-0), 13/2(8-0), 23(9-16), 59//24/1(3-8), 24/2(4-0), 25/1(4-0), 60//21/1(4-0), 65//1(8-0), 2(8-0), 66//6(8-0), 7(7-8), 14(7-5), 16(9-15), 60//8/2(4-0), 13(8-0), 59//15/1(7-12), 60//9(8-0), 11(8-0), 65/18(9-4), 35//2/2(2-0), 36//16 ਮਿਨ (0-9), 65//9(8-0), 10(7-8), 11(8-0), 12(8-0), 13/1(8-0), 26(0-10), 66//4(7-8), 5(8-0), 15(8-0), ਕੁੱਲ ਰਕਬਾ 434 ਕਨਾਲ 17 ਮਰਲੇ ਜਿਸ ਵਿੱਚੋਂ 0-10-1/6 ਮਰਲੇ, ਸਾਲ 2016-17 ਲਈ ਜਮਾਂਬੰਦੀ, ਪਿੰਡ-ਧੰਥਲ, ਤਹਿਸੀਲ-ਸਮਾਣਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2022-23/78/1/1737 ਮਿਤੀ 18-10-2022 ਅਨੁਸਾਰ ਸਵਰਨ ਕੌਰ ਪਤਨੀ ਲਖਮੀਰ ਸਿੰਘ ਦੇ ਨਾਮ 'ਤੇ ਦਰਜ ਹੈ। | 17.03.2025<br>Rs. 12,81,453.57 (ਰੁਪਏ ਬਾਰਾਂ ਲੱਖ ਇਕਿਆਸੀ ਹਜ਼ਾਰ ਚਾਰ ਸੌ ਤਰਵੰਜਾ ਅਤੇ ਸਤਵੰਜਾ ਪੈਸੇ ਕੇਵਲ) 13.03.2025 ਦੇ ਅਨੁਸਾਰ | 26.06.2025 |
| 8 | LAN :- 610139510992610<br>1. ਨਿਤਿਨ ਗੁਪਤਾ ਮਾਰਫਤ ਵਿਜੇ ਗੁਪਤਾ<br>2. ਤਮੰਨਾ ਨਿਤਿਨ ਗੁਪਤਾ ਮਾਰਫਤ ਨਿਤਿਨ ਗੁਪਤਾ | ਜਾਇਦਾਦ ਦੇ ਸਾਰੇ ਪਾਗ ਅਤੇ ਹਿੱਸੇ, ਜਿਸਦੀ ਮਾਪ 120 ਵਰਗ ਗਜ਼ ਹੈ, ਖਸਰਾ ਨੰਬਰ-26//20/1, 26//21/2, 38//1/2, ਖੇਵਟ ਨੰਬਰ-145, ਖਤੌਨੀ ਨੰਬਰ-157, ਸਾਲ 2015-16 ਲਈ ਜਮਾਂਬੰਦੀ, ਮਕਾਨ ਨੰਬਰ 0-105, ਅਬਾਦੀ ਮਹਾਂਵੀਰ ਐਨਕਲੇਵ (ਹੈਦਰ ਐਨਕਲੇਵ), ਪਿੰਡ-ਲਾਦੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਹਨ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2020-21/101/1/8003 ਮਿਤੀ 26-11-2020 ਅਨੁਸਾਰ, ਤਮੰਨਾ ਨਿਤਿਨ ਗੁਪਤਾ ਪਤਨੀ ਨਿਤਿਨ ਗੁਪਤਾ ਅਤੇ ਨਿਤਿਨ ਗੁਪਤਾ ਪੁੱਤਰ ਵਿਜੇ ਗੁਪਤਾ ਦੇ ਨਾਮ 'ਤੇ ਦਰਜ ਹਨ। ਹੇਠ ਲਿਖੇ ਅਨੁਸਾਰ ਸੀਮਾਬੱਧ:-ਪੂਰਬ-ਗੁਆਂਢੀ, ਪੱਛਮੀ-ਗੁਆਂਢੀ, ਉੱਤਰ-ਗੁਆਂਢੀ, ਦੱਖਣੀ-ਸੜਕ। | 17.03.2025<br>ਰੁ. 15,93,552.72 (ਰੁਪਏ ਪੰਦਰਾਂ ਲੱਖ ਤਰਾਨਵੇਂ ਹਜ਼ਾਰ ਪੰਜ ਸੌ ਬਵੰਜਾ ਅਤੇ ਬਹੱਤਰ ਪੈਸੇ ਕੇਵਲ) 13.03.2025 ਦੇ ਅਨੁਸਾਰ | 27.06.2025 |
| 9 | LAN :- 610139211520300<br>1. ਲਾਲ ਬਹਾਦੁਰ<br>2. ਸ੍ਰੀ ਗੁਲਸ਼ਨ<br>3. ਸ੍ਰੀਮਤੀ ਊਸ਼ਾ | 200 ਵਰਗ ਗਜ਼ ਦੇ ਇਸ ਜਾਇਦਾਦ ਘਰ ਦਾ ਸਾਰਾ ਟੁਕੜਾ ਅਤੇ ਪਾਰਸਲ, ਜੋ ਕਿ ਖਸਰਾ ਨੰਬਰ-21//17, ਖਾਤਾ ਨੰਬਰ-64/70, ਪੰਨਾ ਨੰਬਰ-133 ਵਿੱਚ ਸ਼ਾਮਲ ਹੈ, ਸਾਲ 2008-09 ਦੀ ਜਮਾਂਬੰਦੀ ਅਨੁਸਾਰ, ਪਿੰਡ-ਭਾਮੀਆਂ ਕਲਾਂ, ਅਬਾਦੀ ਜਿਸਨੂੰ ਗੁਰੂ ਨਾਨਕ ਨਗਰ ਵਜੋਂ ਜਾਣਿਆ ਜਾਂਦਾ ਹੈ, ਗੁਰਦੁਆਰਾ ਸਾਹਿਬ ਦੇ ਨੇੜੇ, ਤਾਜਪੁਰ ਰੋਡ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2023-24/106/1/20868 ਮਿਤੀ 20-12-2023 ਅਨੁਸਾਰ ਊਸ਼ਾ ਪਤਨੀ ਲਾਲ ਬਹਾਦਰ ਦੇ ਨਾਮ 'ਤੇ ਦਰਜ ਹੈ। ਸੀਮਾ ਹੇਠ ਲਿਖੇ ਅਨੁਸਾਰ ਹੈ:- ਪੂਰਬ-ਗੁਆਂਢੀ, ਪੱਛਮੀ-ਖਾਲੀ ਪਲਾਟ, ਉੱਤਰ-ਗੁਆਂਢੀ, ਦੱਖਣੀ-ਗਲੀ। | 20.11.2024<br>ਰੁ. 26,12,108/- (ਰੁਪਏ ਛੱਬੀ ਲੱਖ ਬਾਰਾਂ ਹਜ਼ਾਰ ਇੱਕ ਸੌ ਅੱਠ ਕੇਵਲ) 16.11.2024 ਦੇ ਅਨੁਸਾਰ | 26.06.2025 |
| 10 | LAN :- 610139211010365<br>1. ਸ਼ਿਆਮ ਸ਼ਾਹ ਮਾਰਫਤ ਪਾਰਸ ਨਾਥ<br>2. ਇੰਦੋ ਦੇਵੀ ਸੁਪਤਨੀ ਸ਼ਿਆਮ ਸ਼ਾਹ | ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ, ਜਿਸ ਵਿੱਚ ਘਰ ਨੰਬਰ-ਬੀ-21/13538, ਮਾਪ 93-2/3 ਵਰਗ ਗਜ਼, ਖਸਰਾ ਨੰਬਰ-714 ਮਿਨ, ਖਾਤਾ ਨੰਬਰ-313/472, ਸਾਲ 2009-10 ਲਈ ਜਮਾਂਬੰਦੀ, ਮਕਾਨ ਨੰਬਰ-174, ਪਿੰਡ-ਢੋਲੇਵਾਲ, ਵਿਸ਼ਕਰਮਾ ਕਲੋਨੀ ਵਜੋਂ ਜਾਣੀ ਜਾਂਦੀ ਆਬਾਦੀ, ਗਲੀ ਨੰਬਰ-15, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2021-22/106/1/22412 ਮਿਤੀ 30-3-2022 ਅਨੁਸਾਰ ਇੰਡੋ ਦੇਵੀ ਪਤਨੀ ਸ਼ਿਆਮ ਸ਼ਾਹ ਅਤੇ ਸ਼ਿਆਮ ਸ਼ਾਹ ਪੁੱਤਰ ਪਾਰਸ ਨਾਥ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ:-ਪੂਰਬੀ-ਗਲੀ, ਪੱਛਮੀ-ਭਗਵਾਨ ਚੌਕ, ਉੱਤਰ-ਓਮਪ੍ਰਕਾਸ਼, ਦੱਖਣ-ਛੱਜੂ ਰਾਮ | 17.03.2025<br>ਰੁ. 36,78,494.45 (ਰੁਪਏ ਛੱਤੀ ਲੱਖ ਅਠੱਤਰ ਹਜ਼ਾਰ ਚਾਰ ਸੌ ਚੁਰਾਨਵੇਂ ਅਤੇ ਪੰਤਾਲੀ ਪੈਸੇ ਕੇਵਲ) 13.03.2025 ਦੇ ਅਨੁਸਾਰ | 25.06.2025 |

**ਸਥਾਨ**: ਲੁਧਿਆਣਾ, ਪਟਿਆਲਾ, ਫਿਰੋਜ਼ਪੁਰ, ਐਸਏਐਸ ਨਗਰ, ਪੰਜਾਬ
**ਮਿਤੀ** : 25.06.2025/26.06.2025/27.06.2025
ਸਹੀ/-
**ਅਧਿਕਾਰਤ ਅਧਿਕਾਰੀ,**
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

---

## ਇੰਡੀਅਨ ਬੈਂਕ Indian Bank

ਇਲਾਹਾਬਾਦ ALLAHABAD

**ਸ਼ਾਖਾ : ਐਸਏਐਮ ਲੁਧਿਆਣਾ 165-ਇੰਡਸਟ੍ਰੀਅਲ ਏਰੀਆ-ਏ, ਚੀਮਾ ਚੌਕ, ਲੁਧਿਆਣਾ, ਫੋਨ: 0161-2935587**
**Email: samludhiana@indianbank.co.in**

**ਈ-ਨਿਲਾਮੀ ਮਿਤੀ, ਸਮਾਂ 15.07.2025 ਨੂੰ 10:00:00 ਵਜੇ ਤੋਂ 17:00:00 ਵਜੇ ਤੱਕ**
**(ਵਿਕਰੀ ਦੇ ਮੁਕੰਮਲ ਹੋਣ ਤੱਕ ਹਰੇਕ 10 ਮਿੰਟਾਂ ਦੇ ਸਵੈ ਵਾਧੇ ਸਮੇਤ ਈ-ਨਿਲਾਮੀ ਵਿਧੀ)**

**ਜਾਂਚ ਦੀ ਮਿਤੀ, ਸਮਾਂ 10.07.2025 ਨੂੰ ਬਾ.ਦੁ. 02:00 ਵਜੇ ਤੋਂ ਸ਼ਾਮ 04:00 ਵਜੇ ਤੱਕ**

### ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇਛੁੱਕ ਵਿਕਰੀ ਦੀ ਸੂਚਨਾ

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਕਬਜ਼ਾ ਇੰਡੀਅਨ ਬੈਂਕ (ਤਤਕਾਲੀ ਇਲਾਹਾਬਾਦ ਬੈਂਕ), ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ ''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ''** ਅਤੇ **''ਜੋ ਵੀ ਉਥੇ ਹੈ''** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ ਹੈ। **ਨੋਡਲ ਬੈਂਕ ਖਾਤਾ ਨੰਬਰ ਅਤੇ ਖਾਤੇ ਦਾ ਨਾਮ : 50477835593, ਅਧਿਕਾਰਤ ਅਧਿਕਾਰੀ ਦੇ ਨਾਮ 'ਤੇ ਸ਼ਾਖਾ ਦਾ ਨਾਮ: ਐਸਏਐਮ ਸ਼ਾਖਾ, ਆਈਐਫਐਸੀ ਕੋਡ : ਆਈਡੀਆਈਬੀ000ਐਸ818**

| ਲ. ਨੰ. | ਕਰਜ਼ਦਾਰ ਦਾ ਨਾਮ | ਚੱਲ ਸੰਪੱਤੀ (ਆਂ) ਦੇ ਵਿਸਥਾਰਤ ਵੇਰਵੇ | ਕਬਜ਼ੇ ਦੀ ਕਿਸਮ | ਸੰਪੱਤੀ 'ਤੇ ਦੇਣਦਾਰੀਆਂ | ਸੰਪੱਤੀ ਆਈਡੀ ਨੰਬਰ | ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ / ਬੋਲੀ ਵਾਧਾ ਰਕਮ |
|---|---|---|---|---|---|---|---|
| 1. | 1. ਮੈਸ. ਸ੍ਰਿਸ਼ਟੀ ਏਜੰਸੀਜ਼ ਪ੍ਰਾਈਵੇਟ ਲਿਮਟਿਡ, ਪਤਾ: ਚੌਕ ਲੋਹਾ ਮੰਡੀ, ਫਗਵਾੜਾ, 144401, 2. ਸ਼੍ਰੀ ਵਿਸ਼ਾਲ ਗੁਪਤਾ ਪੁੱਤਰ ਸ਼੍ਰੀ ਪਵਨ ਗੁਪਤਾ (ਡਾਇਰੈਕਟਰ) ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401, ਪਤਾ 2: ਫਲੈਟ ਨੰਬਰ ਯੂ 1001, ਜਲੰਧਰ ਹਾਈਟਸ 66 ਫੁੱਟ ਰੋਡ, ਜਲੰਧਰ, 144004, ਈਮੇਲ:- vishalgupta0074@gmail.com 3. **ਸ਼੍ਰੀਮਤੀ ਦਿਵਿਆ ਗੁਪਤਾ ਪਤਨੀ ਸ਼੍ਰੀ ਵਿਸ਼ਾਲ ਗੁਪਤਾ (ਡਾਇਰੈਕਟਰ)** ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401, ਪਤਾ 2: ਫਲੈਟ ਨੰਬਰ ਯੂ 1001, ਜਲੰਧਰ ਹਾਈਟਸ 66 ਫੁੱਟ ਰੋਡ, ਜਲੰਧਰ, 144004, ਈਮੇਲ:- shrishtiagencies.pvtltd2@gmail.com 4. **ਸ਼੍ਰੀਮਤੀ ਨੀਤੀ ਗੁਪਤਾ ਪਤਨੀ ਸ਼੍ਰੀ ਮੁਨੀਸ਼ ਗੁਪਤਾ (ਕਰਜ਼ਦਾਰ/ਗਿਰਵੀਕਾਰ)** ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401 ਈਮੇਲ:-srishtiagencies.pvtltd2@gmail.com 5. **ਸ਼੍ਰੀ ਮੁਨੀਸ਼ ਗੁਪਤਾ ਪੁੱਤਰ ਸ਼੍ਰੀ. ਪਵਨ ਗੁਪਤਾ (ਕਰਜ਼ਦਾਰ/ਜ਼ਾਮਨ)** ਪਤਾ 1: ਮਕਾਨ ਨੰ. ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401 ਈਮੇਲ:- srishtiagencies.pvtltd2@gmail.com | **ਦੁਕਾਨ ਨੰਬਰ XXXII/102 ਏ, 930 ਵਰਗ ਫੁੱਟ ਦਾ, ਲੋਹਾ ਮੰਡੀ ਚੌਕ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ। ਵਿਕਰੀ ਡੀਡ ਦੇ ਅਧੀਨ ਨੰਬਰ 1015 ਮਿਤੀ 27/6/2000 ਸ਼੍ਰੀ ਵਿਸ਼ਾਲ ਗੁਪਤਾ ਪੁੱਤਰ ਸ਼੍ਰੀ ਪਵਨ ਗੁਪਤਾ ਦੇ ਹੱਕ ਵਿੱਚ।** | ਭੌਤਿਕ ਕਬਜ਼ਾ | ਜਾਣੂੰ ਨਹੀਂ | IDIB750800000037 | Rs. 7,06,14,778.06 (ਰੁ. ਸੱਤ ਕਰੋੜ ਛੇ ਲੱਖ ਚੌਦਾਂ ਹਜ਼ਾਰ ਸੱਤ ਸੌ ਅਠੱਤਰ ਅਤੇ ਛੇ ਪੈਸੇ ਕੇਵਲ) (02.06.2025 ਤੱਕ ਵਿਆਜ ਸਮੇਤ) ਹੈ, ਗੈਰ ਲਾਗੂ ਅਤੇ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | 70,00,000/-<br>7,00,000/-<br>25,000/- |

| ਈ-ਨਿਲਾਮੀ ਵੈਬਸਾਈਟ | ਸੰਪੱਤੀ ਦੀਆਂ ਤਸਵੀਰਾਂ | ਸੰਪੱਤੀ ਦੀ ਵੀਡੀਓ | ਸੰਪੱਤੀ ਦਾ ਸਥਾਨ |
|---|---|---|---|
| | | | |

ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (**https://baanknet.com)** 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ 8291220220 'ਤੇ ਕਾਲ ਕਰੋ। PSB ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਬੋਲੀ ਵਾਧਾ ਰਕਮ ਸਥਿਤੀ ਲਈ, ਕਿਰਪਾ ਕਰਕੇ **support.baanknet@psballiance.com** 'ਤੇ ਸੰਪਰਕ ਕਰੋ।
ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: **https://baanknet.com** ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪ ਲਾਈਨ ਨੰਬਰ +918291220220 'ਤੇ ਸੰਪਰਕ ਕਰੋ।
ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ **https://baanknet.com** ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਵੇਰਵਿਆਂ ਦੀ ਵਰਤੋਂ ਕਰਨ।

**ਮਿਤੀ : 27.06.2025** **ਸਥਾਨ : ਲੁਧਿਆਣਾ** **ਅਧਿਕਾਰਤ ਅਧਿਕਾਰੀ (ਇੰਡੀਅਨ ਬੈਂਕ)**

# ਸਾਬਕਾ ਡੀ.ਜੀ.ਪੀ.ਚਟੋਪਾਧਿਆਏ ਨੇ ਮਜੀਠੀਆ ਦੇ ਡਰੱਗ ਸਮੱਗਲਰਾਂ ਨਾਲ ਡੂੰਘੇ ਸਬੰਧਾਂ ਦੇ ਕੀਤੇ ਦਾਅਵੇ

ਜਲੰਧਰ/ਚੰਡੀਗੜ੍ਹ, 28 ਜੂਨ (ਚ.ਨ.ਸ.): ਪੰਜਾਬ ਵਿੱਚ ਡਰੱਗ ਰੈਕੇਟ ਦੇ ਹਨੇਰੇ ਪੱਖ 'ਤੇ ਰੌਸ਼ਨੀ ਪਾਉਣ ਵਾਲੇ ਇਕ ਖੁਲਾਸੇ 'ਚ ਪੰਜਾਬ ਦੇ ਸਾਬਕਾ ਪੁਲਿਸ ਮੁਖੀ (ਡੀ.ਜੀ.ਪੀ.) ਸਿਧਾਰਥ ਚਟੋਪਾਧਿਆਏ ਨੇ ਬਿਕਰਮ ਮਜੀਠੀਆ ਦੇ ਡਰੱਗ ਸਮੱਗਲਰਾਂ ਨਾਲ ਡੂੰਘੇ ਸਬੰਧਾਂ ਬਾਰੇ ਮੀਡੀਆ ਸਾਹਮਣੇ ਕਈ ਸਨਸਨੀਖ਼ੇਜ਼ ਦਾਅਵੇ ਕੀਤੇ ਹਨ। ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨਾਲ ਅਹਿਮ ਜਾਣਕਾਰੀ ਸਾਂਝੀ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਚਟੋਪਾਧਿਆਏ ਨੇ ਪੰਜਾਬ ਦੀ ਬਰਬਾਦੀ ਦੀ ਇਕ ਭਿਆਨਕ ਤਸਵੀਰ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਡਰੱਗ ਸਮੱਗਲਰਾਂ ਨਾਲ ਮਜੀਠੀਆ ਦੇ 100 ਫ਼ੀਸਦੀ ਸਬੰਧ ਰਹੇ ਹਨ। ਚਟੋਪਾਧਿਆਏ ਨੇ ਕਿਹਾ ਕਿ ਪੰਜਾਬ ਜੋ ਕਦੇ ਇਕ ਖ਼ੁਸ਼ਹਾਲ ਸੂਬਾ ਸੀ, ਹੁਣ ਇਕ ਅਜਿਹੇ ਡਰੱਗ ਖ਼ਤਰੇ ਨਾਲ ਜੂਝ ਰਿਹਾ ਹੈ ਜਿਸ ਨੇ ਦੋ ਪੀੜ੍ਹੀਆਂ ਨੂੰ ਤਬਾਹ ਕਰ ਦਿੱਤਾ ਹੈ। ਉਸ ਸਮੇਂ ਨਿਵੇਸ਼ਕ ਪੰਜਾਬ 'ਚ ਪੈਰ ਰੱਖਣ ਤੋਂ ਡਰਦੇ ਸਨ, ਜਿਸ ਕਾਰਨ ਵਿਕਾਸ ਰੁਕ ਗਿਆ ਸੀ। ਇਸ ਦੇ ਨਾਲ ਹੀ ਸੂਬੇ ਦੇ ਲੱਖਾਂ ਪਰਿਵਾਰ ਇਸ ਡਰ 'ਚ ਜੀ ਰਹੇ ਸਨ ਕਿ ਉਨ੍ਹਾਂ ਦੇ ਬੱਚੇ ਨਸ਼ਿਆਂ ਦਾ ਸ਼ਿਕਾਰ ਹੋ ਸਕਦੇ ਹਨ। ਸਾਬਕਾ ਡੀ.ਜੀ.ਪੀ. ਨੇ ਦੋਸ਼ ਲਗਾਇਆ ਕਿ ਮਜੀਠੀਆ ਦੇ ਨਾ ਸਿਰਫ਼ ਡਰੱਗ ਕਾਰਟੇਲ ਨਾਲ ਵਿੱਤੀ ਸਬੰਧ ਸਨ, ਸਗੋਂ ਉਨ੍ਹਾਂ ਪੰਜਾਬ ਪੁਲਿਸ ਦੀ ਦੁਰਵਰਤੋਂ ਕਰਕੇ ਡਰੱਗ ਵਪਾਰ ਦੇ ਸੰਚਾਲਨ ਨੂੰ ਸਰਗਰਮੀ ਨਾਲ ਸਮਰੱਥ ਬਣਾਇਆ। ਇਸ ਲਈ ਭ੍ਰਿਸ਼ਟ ਅਧਿਕਾਰੀਆਂ ਨੂੰ ਚੁਣਿਆ ਗਿਆ ਤੇ ਤਰੱਕੀ ਦਿੱਤੀ ਗਈ। ਇੰਦਰਜੀਤ ਸਿੰਘ ਵਰਗੇ ਦਾਗੀ ਪੁਲਿਸ ਅਧਿਕਾਰੀ, ਜਿਸ ਵਿਰੁੱਧ 15 ਵਿਭਾਗੀ ਮਾਮਲੇ ਸਨ, ਨੂੰ ਸੀ.ਆਈ.ਏ. ਇੰਚਾਰਜ ਬਣਾ ਕੇ ਨਿਯਮਾਂ ਦੀ ਸਰੇਆਮ ਉਲੰਘਣਾ ਕੀਤੀ ਗਈ।



# ਅਮਰੀਕੀ ਹਵਾਈ ਸੈਨਾ ਚੀਨ ਦੇ ਅਸਲਾ ਘਰ ਤੇ 'ਕਿੱਲ ਵੈੱਬ' ਤੋਂ ਚਿੰਤਤ

ਵਾਸ਼ਿੰਗਟਨ, 28 ਜੂਨ (ਚ.ਨ.ਸ.): ਅਮਰੀਕੀ ਹਵਾਈ ਸੈਨਾ ਦੀ ਅਗਵਾਈ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.) ਦੇ ਮਿਜ਼ਾਈਲ ਸਮਰੱਥਾਵਾਂ ਤੇ ਇਸ ਦੇ 'ਕਿੱਲ ਵੈੱਬ' ਦੇ ਵਿਕਾਸ ਲਈ ਚਿੰਤਤ ਹੈ। ਇਸ ਦੇ ਮੱਦੇਨਜ਼ਰ ਅਮਰੀਕੀ ਰੱਖਿਆ ਵਿਭਾਗ ਨੇ ਆਉਣ ਵਾਲੇ ਬਜਟ ਦੀਆਂ ਮੰਗਾਂ 'ਚ ਚੀਨ ਦੇ ਵੱਧਦੇ ਖ਼ਤਰੇ ਦੇ ਮੱਦੇਨਜ਼ਰ ਹਿੰਦ-ਪ੍ਰਸ਼ਾਂਤ 'ਚ ਸੁਰੱਖਿਆ ਵਧਾਉਣ 'ਤੇ ਜ਼ੋਰ ਦਿੱਤਾ ਹੈ। ਹਾਲਾਂਕਿ ਅਮਰੀਕਾ 'ਚ ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਵੱਲੋਂ ਪੂਰਨ ਪੱਧਰ ਦਾ ਹਮਲਾ ਜੋਖ਼ਮ ਭਰਪੂਰ ਤੇ ਅਸੰਭਵ ਹੈ। ਇਸ ਦੇ ਬਦਲੇ ਚੀਨ ਵੱਲੋਂ ਆਪਣੇ ਹੁਕਮਾਂ ਦੀ ਪ੍ਰਾਪਤੀ ਲਈ ਰਾਜਨੀਤਿਕ ਯੁੱਧ ਜਾਂ ਨਾਕਾਬੰਦੀ ਵਰਗੇ ਹੱਲ ਅਪਨਾਉਣ ਦੀ ਸੰਭਾਵਨਾ ਵੱਧ ਹੈ। ਰਿਪੋਰਟ ਮੁਤਾਬਿਕ ਅਮਰੀਕੀ ਏਅਰ ਫੋਰਸ ਤੇ ਅਮਰੀਕੀ ਸਪੇਸ ਫੋਰਸ ਦੇ ਉੱਚਅਧਿਕਾਰੀਆਂ ਨੇ ਸੈਨੇਟ ਉਪ ਕਮੇਟੀ ਦੀ ਮੀਟਿੰਗ 'ਚ ਆਉਣ ਵਾਲੇ ਸਾਲ ਲਈ ਰੱਖਿਆ ਬਜਟ 'ਤੇ ਗੱਲ ਕੀਤੀ। ਇਸ 'ਚ ਏਅਰ ਫੋਰਸ ਦੇ ਸਕੱਤਰ ਟ੍ਰਾਏ ਮੀਨਕ ਤੇ ਚੀਫ ਆਫ ਸਪੇਸ ਓਪਰੇਸ਼ਨਜ਼ ਜਨਰਲ ਚਾਂਸ ਸਾਲਟਜ਼ਮੈਨ ਸ਼ਾਮਲ ਸਨ। ਮੀਨਕ ਤੇ ਸਾਲਟਜ਼ਮੈਨ ਦੋਵਾਂ ਨੇ ਕਿਹਾ ਕਿ ਪੀ.ਐੱਲ.ਏ. ਆਪਣੀਆਂ ਬੈਲਿਸਟਿਕ ਮਿਜ਼ਾਈਲ ਦੀਆਂ ਸਮਰੱਥਾਵਾਂ 'ਚ ਲਗਾਤਾਰ ਵਿਕਾਸ ਕਰ ਰਹੀ ਹੈ। ਚੀਨ ਕੋਲ ਤਾਈਵਾਨ ਨੂੰ ਨਿਸ਼ਾਨਾ ਬਣਾਉਣ 'ਚ ਸਮਰੱਥ 900 ਤੋਂ ਵੱਧ ਘੱਟ ਰੇਂਜ ਦੀਆਂ ਮਿਸਾਈਲਾਂ ਹਨ, ਨਾਲ ਹੀ 400 ਜ਼ਮੀਨ ਤੋਂ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹਨ, ਜੋ ਪਹਿਲੀ ਦੱਖਣੀ ਸ਼੍ਰੰਖਲਾ (ਜਾਪਾਨ, ਤਾਈਵਾਨ ਤੇ ਫਿਲਿਪੀਨਾਂ ਵਰਗੇ ਏਸ਼ੀਆ ਦੇ ਪੂਰਬੀ ਪਾਸੇ ਵਾਲੇ ਦੇਸ਼ਾਂ) ਤੱਕ ਪਹੁੰਚ ਸਕਦੀਆਂ ਹਨ। ਇਸ ਦੇ ਇਲਾਵਾ ਉਨ੍ਹਾਂ ਨੇ ਚੀਨ ਦੇ ਦਰਮਿਆਨੀ ਦੂਰੀ ਦੇ 1,300 ਬੈਲਿਸਟਿਕ ਮਿਜ਼ਾਈਲਾਂ ਦੇ ਅਸਲਾ ਘਰ 'ਤੇ ਚਾਨਣਾ ਪਾਇਆ ਜੋ ਦੂਜੇ ਦੀਪ ਸ਼੍ਰੇਣੀ (ਬੋਨਿਨ ਦੀਪ, ਮਾਰੀਆਨਾ ਦੀਪ ਸਮੂਹ, ਗੁਆਮ, ਪੱਛਮੀ ਕੈਰੋਲੀਨ ਦੀਪ, ਪੱਛਮੀ ਨਿਊ ਗਿਨੀ ਵਰਗੇ ਦੀਪਾਂ) 'ਤੇ ਹਮਲਾ ਕਰ ਸਕਦੀਆਂ ਹਨ। ਦਰਮਿਆਨੀ ਦੂਰੀ ਦੇ 500 ਬੈਲਿਸਟਿਕ ਮਿਜ਼ਾਈਲਾਂ ਅੈਲਾਸਕਾ ਤੇ ਆਸਟ੍ਰੇਲੀਆ ਦੇ ਕੁਝ ਹਿੱਸਿਆਂ ਤੱਕ ਪਹੁੰਚ ਸਕਦੀਆਂ ਹਨ ਤੇ 400 ਤੋਂ ਜ਼ਿਆਦਾ ਅੰਤਰ ਮਹਾਂਦੀਪ ਬੈਲਿਸਟਿਕ ਮਿਜ਼ਾਈਲਾਂ ਦੁਨੀਆਂ ਭਰ 'ਚ ਪ੍ਰਮਾਣੂ ਹਥਿਆਰਾਂ ਨਾਲ ਹਮਲਾ ਕਰਨ 'ਚ ਸਮਰੱਥ ਹਨ। ਸਾਲਟਜ਼ਮੈਨ ਨੇ ਚੀਨ ਦੇ 'ਕਿੱਲ ਵੈੱਬ' ਬਾਰੇ ਸਭ ਤੋਂ ਜ਼ਿਆਦਾ ਚਿੰਤਾ ਵਿਖਾਈ। ਇਸ ਰਾਹੀਂ ਪੀ.ਐੱਲ.ਏ. ਜ਼ਿਕਰਯੋਗ ਦੂਰੀ ਤੋਂ ਅਮਰੀਕੀ ਯੂਨਾਈਟਡ ਬਲਾਂ ਤੇ ਉਨ੍ਹਾਂ ਦੇ ਆਪ੍ਰੇਸ਼ਨਾਂ 'ਤੇ ਨਜ਼ਰ ਰੱਖ ਸਕਦੀ ਹੈ। ਉਨ੍ਹਾਂ ਨੇ ਪਿਛਲੇ ਮਾਰਚ 'ਚ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਚੀਨ ਨੇ ਪਹਿਲਾਂ ਹੀ 470 ਤੋਂ ਵੱਧ ਗੁਪਤ, ਨਿਗਰਾਨੀ ਤੇ ਟੋਹੀ ਸੈਟੇਲਾਈਟਾਂ ਨੂੰ ਸਥਾਪਤ ਕਰ ਲਿਆ ਹੈ, ਜੋ ਉਸ ਦੇ ਪੇਸ਼ੇਵਰ ਸੈਂਸਰ-ਟੂ-ਸ਼ੂਟਰ ਕਿੱਲ ਵੈੱਬ ਨੂੰ ਜਾਣਕਾਰੀ ਉਪਲਬੱਧ ਕਰਵਾਉਂਦੀਆਂ ਹਨ। ਇਹ 'ਕਿੱਲ ਵੈੱਬ' ਸੈਂਸਰਾਂ ਨੂੰ ਸਿੱਧਾ ਸਟ੍ਰਾਈਕ ਯੂਨਿਟਾਂ ਨਾਲ ਜੋੜਦਾ ਹੈ, ਡੈਟਾ ਸ਼ੇਰਿੰਗ ਤੇ ਆਟੋਮੇਟਿਊਨ ਦੇ ਜ਼ਰੀਏ ਹਮਲਾ ਕਰਨ ਨੂੰ ਰਫ਼ਤਾਰ ਦਿੰਦਾ ਹੈ, ਜਿਸ ਕਾਰਨ ਕੁਝ ਹੀ ਸਕਿੰਟਾਂ 'ਚ ਹਮਲੇ ਕੀਤੇ ਜਾ ਸਕਦੇ ਹਨ।



# ਪੰਜਾਬ-ਹਰਿਆਣਾ ਤੇ ਨਵੀਂ ਦਿੱਲੀ ਵਿਖੇ 11 ਸਾਲ 'ਚ 425 ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ

ਨਵੀਂ ਦਿੱਲੀ, 28 ਜੂਨ (ਚ.ਨ.ਸ.): ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਨੂੰ ਠੱਲ੍ਹ ਨਾ ਪੈਣ 'ਤੇ ਰੋਸ ਪ੍ਰਗਟਾਉਂਦੇ ਹੋਏ ਦਿੱਲੀ ਦੇ ਸ਼ਾਲੀਮਾਰ ਬਾਗ਼ ਨਿਵਾਸੀ ਜਸਬੀਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਦਫ਼ਤਰ ਵਿਖੇ ਇੱਕ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਪਿਛਲੇ 11 ਸਾਲ ਵਿੱਚ ਪੰਜਾਬ ਤੇ ਹਰਿਆਣਾ ਵਿਖੇ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਗੁਟਕੇ ਤੇ ਗੁਰਬਾਣੀ ਪੋਥੀਆਂ ਦੀ ਬੇਅਦਬੀ ਦੀ 425 ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਦੋਸ਼ੀਆਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਦਿੱਲੀ ਵਿਖੇ ਬੇਅਦਬੀਆਂ ਬਾਰੇ ਇਸ਼ਤਿਹਾਰ ਵੰਡ ਕੇ ਸੰਗਤਾਂ ਨੂੰ ਸੁਚੇਤ ਕਰਨ ਵਾਲੇ ਜਸਬੀਰ ਸਿੰਘ ਨੇ ਚਿੱਠੀ ਵਿੱਚ ਰੋਸ ਪ੍ਰਗਟਾਇਆ ਹੈ ਕਿ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਹੋਣ ਕਾਰਨ ਇਹ ਉਨ੍ਹਾਂ ਦੀ ਅਖ਼ੀਰਲੀ ਚਿੱਠੀ ਹੈ ਕਿਉਂਕਿ ਉਹ ਲਿੱਖ-ਲਿੱਖ ਕੇ ਥੱਕ ਚੁੱਕੇ ਹਨ। ਗੱਲਬਾਤ ਕਰਦਿਆਂ ਜਸਬੀਰ ਸਿੰਘ ਨੇ ਦੱਸਿਆ ਕਿ ਸਿਰਫ਼ ਦਿੱਲੀ ਵਿੱਚ ਹੀ 25 ਬੇਅਦਬੀ ਦੇ ਮਾਮਲੇ ਵਾਪਰ ਚੁੱਕੇ ਹਨ, ਜਦਕਿ ਪੰਜਾਬ ਤੇ ਹਰਿਆਣਾ ਵਿੱਚ ਪਿਛਲੇ 11 ਸਾਲਾਂ ਵਿੱਚ ਤਕਰੀਬਨ 400 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ ਬਾਰੇ ਉਨ੍ਹਾਂ ਕੋਲ ਪੂਰਾ ਰਿਕਾਰਡ ਹੈ। ਇਸ ਬਾਰੇ ਮੈਂ ਬੀਤੇ ਦਿਨੀਂ ਇੱਥੇ ਦਿੱਲੀ ਪੁੱਜੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਵੀ ਚਿੱਠੀ ਦਿੱਤੀ ਸੀ ਤੇ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਕਈ ਮਾਮਲਿਆਂ ਵਿੱਚ ਦੋਸ਼ੀ ਫੜੇ ਜਾ ਚੁੱਕੇ ਹਨ, ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਜੇ ਕੋਈ ਦੋਸ਼ੀ ਫੜਿਆ ਵੀ ਗਿਆ ਤਾਂ ਮਾਨਸਿਕ ਰੋਗੀ ਹੋਣ ਦਾ ਬਹਾਨਾ ਬਣਾ ਕੇ ਉਸ ਨੂੰ ਛੱਡ ਦਿੱਤਾ ਗਿਆ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਦਬ ਬਹਾਲੀ ਦੇ ਇਸ ਸੰਜੀਦਾ ਮਸਲੇ ਬਾਰੇ ਸੰਗਤਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਹੁਣ ਤੱਕ ਕੀ ਕੀਤਾ, ਸਰਕਾਰਾਂ ਨੇ ਤਾਂ ਕੁਝ ਨਹੀਂ ਕੀਤਾ, ਜਿਸ ਤੋਂ ਹੁਣ ਉਹ ਦੁੱਖੀ ਹਨ।"

# ਪੰਜਾਬ ਦੀ ਲੀਚੀ ਦੇ ਹੁਣ ਅਰਬ ਦੇਸ਼ਾਂ 'ਚ ਵੀ ਹੋਣ ਲੱਗੇ ਚਰਚੇ

ਚੰਡੀਗੜ੍ਹ, 28 ਜੂਨ (ਚ.ਨ.ਸ.): ਪੰਜਾਬ ਦੀ ਧਰਤੀ ਇੰਨੀ ਉਪਜਾਊ ਹੈ ਕਿ ਇੱਥੇ ਹਰ ਤਰ੍ਹਾਂ ਦੀ ਫ਼ਸਲ ਤਾਂ ਕੀ, ਹਰ ਤਰ੍ਹਾਂ ਦੇ ਫਲਦਾਰ ਬੂਟੇ ਵੀ ਉਗਾਏ ਜਾ ਸਕਦੇ ਹਨ। ਕਿਸੇ ਵੇਲੇ ਭਾਰਤ ਦੇ ਖ਼ੁਸ਼ਬੂ ਤੇ ਅੰਗੂਰਾਂ ਦੀ ਮੱਧ ਏਸ਼ੀਆ ਵਿੱਚ ਸਰਦਾਰੀ ਹੁੰਦੀ ਸੀ ਪਰ ਹੌਲੀ-ਹੌਲੀ ਮੰਡੀਕਰਨ ਦੀ ਘਾਟ ਕਾਰਨ ਕਿਸਾਨੀ ਦਾ ਝੁਕਾਅ ਹੋਰ ਫ਼ਸਲਾਂ ਵੱਲ ਹੋ ਗਿਆ। ਇਸ ਤੋਂ ਪਹਿਲਾਂ ਅਰਬ ਦੇਸ਼ਾਂ ਵਿੱਚ ਪੰਜਾਬ ਦਾ ਬਾਸਮਤੀ ਚੌਲ ਬੜਾ ਪਸੰਦ ਕੀਤਾ ਜਾਂਦਾ ਹੈ। ਹੁਣ ਇਸ ਵਿੱਚ ਲੀਚੀ ਨੇ ਵੀ ਆਪਣਾ ਨਾਂ ਜੋੜ ਲਿਆ ਹੈ। ਬਾਗ਼ਬਾਨੀ ਨਿਰਯਾਤ ਨੂੰ ਹੁਲਾਰਾ ਦਿੰਦੇ ਹੋਏ ਪੰਜਾਬ ਦੇ ਪਠਾਨਕੋਟ ਤੋਂ ਕਤਰ ਦੀ ਰਾਜਧਾਨੀ ਦੋਹਾ ਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਸਭ ਤੋਂ ਵੱਡੇ ਸ਼ਹਿਰ ਦੁਬਈ ਲਈ ਡੇਢ ਮੀਟ੍ਰਿਕ ਟਨ ਗੁਲਾਬ ਦੀ ਖ਼ੁਸ਼ਬੂ ਵਾਲੀ ਲੀਚੀ ਦੀ ਪਹਿਲੀ ਖੇਪ ਰਵਾਨਾ ਕੀਤੀ ਹੈ। ਇਸੇ ਤਰ੍ਹਾਂ ਇਕ ਟਨ ਲੀਚੀ ਦੀ ਪਹਿਲੀ ਖੇਪ ਦੋਹਾ ਨੂੰ ਭੇਜੀ ਗਈ ਹੈ। ਪਠਾਨਕੋਟ ਤੋਂ ਦੁਬਈ ਨੂੰ 0.5 ਮੀਟ੍ਰਿਕ ਟਨ ਲੀਚੀ ਦੀ ਇੱਕ ਵੱਖਰੀ ਖੇਪ ਭੇਜੀ ਗਈ ਹੈ, ਜੋ ਨਿਰਯਾਤ 'ਚ ਦੋਹਰੀ ਉਪਲਬੱਧੀ ਤੇ ਗਲੋਬਲ ਤਾਜ਼ੇ ਫਲ ਬਾਜ਼ਾਰ 'ਚ ਭਾਰਤ ਦੀ ਵੱਧਦੀ ਮੌਜੂਦਗੀ ਦਰਸਾਉਂਦਾ ਹੈ।



ਇਸ ਪਹਿਲਕਦਮੀ ਨੂੰ ਪੰਜਾਬ ਸਰਕਾਰ ਦੇ ਵਣਜ ਤੇ ਉਦਯੋਗ ਮੰਤਰਾਲੇ, ਬਾਗ਼ਬਾਨੀ ਵਿਭਾਗਾਂ ਦੇ ਯੋਗਦਾਨ ਨਾਲ ਖੇਤੀਬਾੜੀ ਤੇ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਟੀ (ਏ.ਪੀ.ਈ.ਡੀ.ਏ.) ਦੁਆਰਾ ਲੂਲੂ ਗਰੁੱਪ ਤੇ ਸੁਜਾਨਪੁਰ ਦੇ ਪ੍ਰਗਤੀਸ਼ੀਲ ਕਿਸਾਨ ਪ੍ਰਭਾਤ ਸਿੰਘ ਦੇ ਸਹਿਯੋਗ ਨਾਲ ਸੁਵਿਧਾਜਨਕ ਬਣਾਇਆ ਗਿਆ ਸੀ। ਉਨ੍ਹਾਂ ਨੇ 23 ਜੂਨ ਨੂੰ ਉਚ ਗੁਣਵੱਤਾ ਵਾਲੀ ਉਪਜ ਦੀ ਸਪਲਾਈ ਕੀਤੀ। ਇਹ ਮਹੱਤਵਪੂਰਨ ਪਹਿਲ ਭਾਰਤ ਦੀ ਬਾਗ਼ਬਾਨੀ ਉਪਜ ਦੀ ਉੱਤਮਤਾ ਨੂੰ ਰੇਖਾਂਕਿਤ ਕਰਦੀ ਹੈ। ਰਾਸ਼ਟਰੀ ਬਾਗ਼ਬਾਨੀ ਬੋਰਡ ਅਨੁਸਾਰ ਵਿੱਤ ਸਾਲ 2023-24 ਲਈ ਪੰਜਾਬ ਦਾ ਲੀਚੀ ਉਤਪਾਦਨ 71,490 ਮੀਟ੍ਰਿਕ ਟਨ ਰਿਹਾ ਜੋ ਭਾਰਤ ਦੇ ਕੁੱਲ ਲੀਚੀ ਉਤਪਾਦਨ 'ਚ 12.39 ਫ਼ੀਸਦੀ ਦਾ ਯੋਗਦਾਨ ਦਿੰਦਾ ਹੈ। ਇਸੇ ਮਿਆਦ ਦੌਰਾਨ ਭਾਰਤ ਨੇ 639.53 ਮੀਟ੍ਰਿਕ ਟਨ ਲੀਚੀ ਦਾ ਨਿਰਯਾਤ ਕੀਤਾ। ਖੇਤੀ ਦਾ ਰਕਬਾ 4,327 ਹੈਕਟੇਅਰ ਸੀ, ਜਿਸ ਦੀ ਔਸਤ ਉਪਜ 16,523 ਕਿਲੋਗ੍ਰਾਮ/ਹੈਕਟੇਅਰ ਸੀ। ਰਵਾਨਾ ਕੀਤੀ ਗਈ ਖੇਪ 'ਚ ਪ੍ਰੀਮੀਅਮ ਪਠਾਨਕੋਟ ਲੀਚੀ ਦਾ ਇਕ ਰੀਫ਼ਰ ਪੈਲੇਟ (ਰੈਫ੍ਰਿਜਰੇਟਿਡ ਕੰਟੇਨਰ) ਸ਼ਾਮਲ ਹੈ, ਜੋ ਇਸ ਖੇਤਰ ਦੇ ਉਤਪਾਦਕਾਂ ਲਈ ਇਕ ਵੱਡਾ ਕਦਮ ਹੈ। ਕਿਸਾਨ ਪ੍ਰਭਾਤ ਸਿੰਘ ਇਸ ਸਫਲਤਾ ਤੋਂ ਬੜੇ ਖ਼ੁਸ਼ ਹਨ ਕਿਉਂਕਿ ਉਨ੍ਹਾਂ ਦੁਆਰਾ ਪੈਦਾ ਕੀਤੀ ਲੀਚੀ ਦੇ ਹੁਣ ਅਰਬ ਦੇਸ਼ਾਂ ਵਿੱਚ ਵੀ ਚਰਚੇ ਹਨ। ਉਹ ਦਿਨ ਦੂਰ ਨਹੀਂ ਹਨ ਜਦੋਂ ਪੰਜਾਬ ਦੀ ਲੀਚੀ ਪੂਰੇ ਅਰਬ ਵਿੱਚ ਆਪਣਾ ਦਬਦਬਾ ਕਾਇਮ ਕਰ ਲਵੇਗੀ।

# ਈਰਾਨ ਦੇ ਵਿਦੇਸ਼ ਮੰਤਰੀ ਨੇ ਅਮਰੀਕੀ ਹਮਲੇ ਨਾਲ ਹੋਏ ਨੁਕਸਾਨ ਦੀ ਗੱਲ ਕਬੂਲੀ



ਦੁਬਈ, 28 ਜੂਨ (ਚ.ਨ.ਸ.): ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਦੇਸ਼ ਦੇ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਹਮਲੇ ਨਾਲ ਕਾਫ਼ੀ ਨੁਕਸਾਨ ਹੋਣ ਦੀ ਗੱਲ ਕਬੂਲੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਉਨ੍ਹਾਂ ਦੇ ਮੁਲਕ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਨਵੀਂ ਗੱਲਬਾਤ ਦੀ ਸੰਭਾਵਨਾ ਗੁੰਝਲਦਾਰ ਹੋ ਗਈ ਹੈ। ਅਮਰੀਕਾ 2015 ਦੇ ਉਸ ਪ੍ਰਮਾਣੂ ਸਮਝੌਤੇ 'ਚ ਸ਼ਾਮਲ ਧਿਰਾਂ ਵਿੱਚੋਂ ਇੱਕ ਸੀ, ਜਿਸ ਵਿੱਚ ਈਰਾਨ ਨੇ ਪਾਬੰਦੀਆਂ 'ਚ ਰਾਹਤ ਤੇ ਹੋਰ ਲਾਭਾਂ ਬਦਲੇ ਆਪਣੇ ਯੂਰੇਨੀਅਮ ਸੋਧ ਪ੍ਰੋਗਰਾਮ ਦਾ ਘੇਰਾ ਸੀਮਿਤ ਰੱਖਣ 'ਤੇ ਸਹਿਮਤੀ ਜਤਾਈ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਅਮਰੀਕਾ ਦੇ ਬਾਹਰ ਹੋਣ ਮਗਰੋਂ ਸਮਝੌਤਾ ਸਿਰੇ ਨਹੀਂ ਚੜ੍ਹਿਆ ਸੀ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਈਰਾਨ ਨਾਲ ਨਵੇਂ ਸਿਰੇ ਤੋਂ ਗੱਲਬਾਤ 'ਚ ਰੁਚੀ ਰੱਖਦੇ ਹਨ ਤੇ ਕਿਹਾ ਕਿ ਦੋਵੇਂ ਧਿਰਾਂ ਅਗਲੇ ਹਫ਼ਤੇ ਮਿਲਣਗੀਆਂ। ਈਰਾਨ ਦੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇੰਟਰਵਿਊ 'ਚ ਅਰਾਗਚੀ ਨੇ ਉਨ੍ਹਾਂ ਦੇ ਵੱਲੋਂ ਮੁਲਕ ਆਪਣੇ ਪ੍ਰਮਾਣੂ ਪ੍ਰੋਗਰਾਮ ਦੇ ਮੁੱਦੇ 'ਤੇ ਗੱਲਬਾਤ 'ਚ ਸ਼ਾਮਲ ਹੋਣ ਦੀ ਸੰਭਾਵਨਾ ਖੁੱਲ੍ਹੀ ਛੱਡ ਦਿੱਤੀ ਪਰ ਨਾਲ ਹੀ ਸੰਕੇਤ ਦਿੱਤੇ ਕਿ ਇਹ ਗੱਲਬਾਤ ਜਲਦੀ ਨਹੀਂ ਹੋਵੇਗੀ।

# ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਦੀ ਸੁਰੱਖਿਆ ਲਈ 180 ਅਰਧ-ਸੈਨਿਕ ਬਲਾਂ ਦੀਆਂ ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ

ਸ੍ਰੀਨਗਰ, 28 ਜੂਨ (ਚ.ਨ.ਸ.): ਸਾਲਾਨਾ ਅਮਰਨਾਥ ਯਾਤਰਾ ਲਈ ਸਿਰਫ਼ ਪੰਜ ਦਿਨ ਬਾਕੀ ਰਹਿੰਦਿਆਂ, ਜੰਮੂ-ਕਸ਼ਮੀਰ ਦੇ ਦੋ ਉੱਚ-ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਦੱਖਣੀ ਕਸ਼ਮੀਰ ਹਿਮਾਲਿਆ ਦੀ 38 ਦਿਨਾਂ ਲੰਬੀ ਯਾਤਰਾ ਦੇ ਸੁਚਾਰੂ ਤੇ ਸ਼ਾਂਤੀਪੂਰਨ ਸੰਚਾਲਨ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ। ਪੁਲਿਸ ਨੇ ਕਿਹਾ ਕਿ ਸ਼ਰਧਾਲੂਆਂ ਦੀ ਸੁਰੱਖਿਆ ਲਈ ਵੱਖ-ਵੱਖ ਅਰਧ ਸੈਨਿਕ ਬਲਾਂ ਦੀਆਂ 180 ਤੋਂ ਵੱਧ ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ। ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਜੰਮੂ ਡਵੀਜ਼ਨਲ ਕਮਿਸ਼ਨਰ ਰਮੇਸ਼ ਕੁਮਾਰ ਨੇ ਕਿਹਾ ਕਿ ਉਪ-ਰਾਜਪਾਲ ਮਨੋਜ ਸਿਨਹਾ 2 ਜੁਲਾਈ ਨੂੰ ਭਗਵਤੀ ਨਗਰ ਵਿਖੇ ਯਾਤਰੀ ਨਿਵਾਸ ਬੇਸ ਕੈਂਪ ਤੋਂ ਪਹਿਲੇ ਜੱਥੇ ਨੂੰ ਹਰੀ ਝੰਡੀ ਦੇਣਗੇ। ਅਸੀਂ ਵੱਖ-ਵੱਖ ਸਰਕਾਰੀ ਰਿਹਾਇਸ਼ ਕੇਂਦਰਾਂ ਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਗਠਨਾਂ ਦੇ ਕਮਿਊਨਿਟੀ ਹਾਲਾਂ ਵਿੱਚ ਸ਼ਰਧਾਲੂਆਂ ਦੇ ਆਰਾਮਦਾਇਕ ਤੇ



ਸੁਰੱਖਿਅਤ ਠਹਿਰਨ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। 38 ਦਿਨਾਂ ਦੀ ਇਹ ਯਾਤਰਾ 3 ਜੁਲਾਈ ਨੂੰ ਦੋਹਰੇ ਰੂਟਾਂ- ਅਨੰਤਨਾਗ ਜ਼ਿਲ੍ਹੇ ਵਿੱਚ ਰਵਾਇਤੀ 48 ਕਿਲੋਮੀਟਰ ਪਹਿਲਗਾਮ ਰਸਤਾ ਤੇ ਗੰਦਰਬਲ ਜ਼ਿਲ੍ਹੇ ਵਿੱਚ ਛੋਟਾ ਪਰ ਉੱਚਾ 14 ਕਿਲੋਮੀਟਰ ਬਾਲਟਾਲ ਰਸਤਾ- ਤੋਂ ਸ਼ੁਰੂ ਹੋਣ ਵਾਲੀ ਹੈ ਜੋ 3,880 ਮੀਟਰ ਉੱਚੀ ਪਵਿੱਤਰ ਗੁਫਾ ਅਮਰਨਾਥ ਵੱਲ ਹੈ। ਜੰਮੂ ਜ਼ੋਨ ਦੇ ਆਈਜੀਪੀ ਭੀਮ ਸੇਨ ਟੂਟੀ ਨੇ ਕਿਹਾ ਕਿ ਪੁਲਿਸ ਦੀ ਤਾਇਨਾਤੀ ਤੋਂ ਇਲਾਵਾ ਸ਼ਰਧਾਲੂਆਂ ਦੀ ਸੁਰੱਖਿਆ ਲਈ ਕਠੂਆ ਜ਼ਿਲ੍ਹੇ ਦੇ ਲਖਨਪੁਰ ਤੋਂ ਰਾਮਬਨ ਜ਼ਿਲ੍ਹੇ ਦੇ ਬਨਿਹਾਲ ਤੱਕ ਵੱਖ-ਵੱਖ ਅਰਧ ਸੈਨਿਕ ਬਲਾਂ ਦੀਆਂ 183 ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਪਹਿਲੀ ਵਾਰ ਲਖਨਪੁਰ-ਜੰਮੂ ਰਾਸ਼ਟਰੀ ਰਾਜਮਾਰਗ (ਐਨਐਚ 44) ਨੂੰ ਸੜਕ ਖੋਲ੍ਹਣ ਵਾਲੀਆਂ ਪਾਰਟੀਆਂ ਦੁਆਰਾ ਸੈਨੇਟਾਈਜ਼ ਕੀਤਾ ਜਾਵੇਗਾ। ਇਸ ਸਾਲ ਅਰਧ ਸੈਨਿਕ ਬਲਾਂ ਦੇ ਕਰਮਚਾਰੀਆਂ ਦੀ ਗਿਣਤੀ, ਸੰਵੇਦਨਸ਼ੀਲ ਖੇਤਰਾਂ ਵਿੱਚ ਤਾਇਨਾਤੀ ਤਾਂ ਸੀਸੀਟੀਵੀ ਨਿਗਰਾਨੀ ਦੇ ਮਾਮਲੇ ਵਿੱਚ ਹੋਰ ਵੀ ਬਿਹਤਰ ਪ੍ਰਬੰਧ ਕੀਤੇ ਜਾ ਰਹੇ ਹਨ। ਪਿਛਲੇ ਐਡੀਸ਼ਨਾਂ ਦੇ ਮੁਕਾਬਲੇ ਵਧੇਰੇ ਚੌਕਸ ਤੇ ਬਹੁ-ਪੱਧਰੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ।

# ਯੂਥ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਨਾਲ ਚੱਟਾਨ ਵਾਂਗ ਖੜ੍ਹਾ ਹੈ: ਔਲਖ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 28 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਜੀਲੈਂਸ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਿਧੜਕ ਜਰਨੈਲ ਸਾਬਕਾ ਕੈਬਨਿਟ ਮੰਤਰੀ ਤੇ ਕੋਰ ਕਮੇਟੀ ਮੈਂਬਰ ਬਿਕਰਮ ਸਿੰਘ ਮਜੀਠੀਆ ਖਿਲਾਫ਼ ਕੀਤੀ ਕਾਰਵਾਈ ਨੂੰ ਅਕਾਲੀ ਆਗੂਆਂ ਖਿਲਾਫ਼ ਧੱਕੇਸ਼ਾਹੀ ਕਰਾਰ ਦਿੰਦਿਆਂ ਬਿਕਰਮ ਸਿੰਘ ਮਜੀਠੀਆ ਦੇ ਨਜ਼ਦੀਕੀ ਸਾਥੀ ਤੇ ਕੌਮੀ ਸੀਨੀਅਰ ਯੂਥ ਆਗੂ ਰਣਜੀਤ ਸਿੰਘ ਸੋਨੂੰ ਔਲਖ ਨੇ ਕਿਹਾ ਕਿ ਸਰਕਾਰ ਲੋਕਾਂ ਦੀ ਆਵਾਜ਼ ਨੂੰ ਦਬਾਉਣ 'ਤੇ ਲੱਗੀ ਹੈ। ਔਲਖ ਨੇ ਕਿਹਾ ਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਜਿਸ ਤਰ੍ਹਾਂ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਤੇ ਲੋਕ ਵਿਰੋਧੀ ਫੈਸਲਿਆਂ ਦਾ ਡੱਟ ਕੇ ਵਿਰੋਧ ਕੀਤਾ ਜਾ ਰਿਹਾ ਸੀ। ਉਸ ਤੋਂ ਬਾਅਦ ਬੁਖਲਾਹਟ ਵਿੱਚ ਆ ਕੇ ਬਿਕਰਮ ਸਿੰਘ ਮਜੀਠੀਆ ਦੀ ਆਵਾਜ਼ ਨੂੰ ਦਬਾਉਣ ਲਈ ਵਿਜੀਲੈਂਸ ਦੁਆਰਾ ਝੂਠੀ ਕਾਰਵਾਈ ਕੀਤੀ ਗਈ ਹੈ। ਯੂਥ ਆਗੂ ਨੇ ਕਿਹਾ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਹੱਕਾਂ ਹਿੱਤਾਂ ਤੇ ਪੰਥਕ ਮੁੱਦਿਆਂ ਲਈ ਪਹਿਰਾ ਦਿੰਦਿਆਂ ਸੱਤਾ ਧਿਰ ਪਾਰਟੀ ਦੀ ਪ੍ਰਵਾਹ ਨਹੀਂ ਕੀਤੀ, ਉਸੇ ਤਰ੍ਹਾਂ ਹੀ ਬਿਕਰਮ ਸਿੰਘ ਮਜੀਠੀਆ ਨੇ ਵੀ ਪੰਜਾਬ ਦੀ ਆਪ ਸਰਕਾਰ ਵੱਲੋਂ ਲੋਕਾਂ ਦੇ ਹੱਕਾਂ 'ਤੇ ਡਾਕੇ ਮਾਰਨ ਤੇ ਲੋਕ ਵਿਰੋਧੀ ਨੀਤੀਆਂ ਦਾ ਡੱਟ ਕੇ ਪ੍ਰਚਾਰ ਕੀਤਾ। ਔਲਖ ਨੇ ਕਿਹਾ ਕਿ ਇਸ ਝੂਠੀ ਕਾਰਵਾਈ ਦੀ ਜਿਥੇ ਸਮੁੱਚਾ ਯੂਥ ਅਕਾਲੀ ਦਲ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ, ਉਥੇ ਯੂਥ ਅਕਾਲੀ ਦਲ ਇਸ ਸਮੇਂ ਮਜੀਠੀਆ ਨਾਲ ਡੱਟ ਕੇ ਖੜ੍ਹਾ ਹੈ।



# ਚੇਅਰਮੈਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਨੌਜਵਾਨਾਂ ਲਈ ਇੱਕ ਸਾਲਾ ਦਾ ਡਿਪਲੋਮਾ ਇੰਨ ਖੇਤੀ ਪਸਾਰ ਸੇਵਾਵਾਂ ਪ੍ਰੋਗਰਾਮ ਸ਼ੁਰੂ ਹੋਇਆ



ਗੁਰਦਾਸਪੁਰ, 28 ਜੂਨ (ਜਗੀਰ ਸਿੰਘ ਮੰਡ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਐਗਰੀਕਲਚਰ ਟੈਕਨਾਲੌਜੀ ਪ੍ਰਬੰਧਨ ਸੰਸਥਾ, ਖ਼ੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਗੁਰਦਾਸਪੁਰ ਵਿਖੇ ਖੇਤੀ ਸਮੱਗਰੀ ਵੇਚਣ ਦਾ ਰੁਜ਼ਗਾਰ ਸ਼ੁਰੂ ਕਰਨ ਲਈ ਲੋੜੀਂਦੇ ਲਾਇਸੈਂਸ ਲੈਣ ਦੇ ਇਛੁੱਕ ਨੌਜਵਾਨਾਂ ਲਈ ਇੱਕ ਸਾਲਾ ਖੇਤੀਬਾੜੀ ਵਿਸਥਾਰ ਸੇਵਾਵਾਂ ਵਿੱਚ ਡਿਪਲੋਮਾ ਇੰਨ ਐਗਰੀਕਲਚਰਲ ਐਕਸਟੈਂਸ਼ਨ ਸਰਵਿਸਿਜ਼ ਫਾਰ ਇਨਪੁੱਟ ਡੀਲਰਜ਼ ਦਾ ਕੋਰਸ ਸ਼ੁਰੂ ਕੀਤਾ ਗਿਆ ਹੈ। ਚੇਅਰਮੈਨ ਰਮਨ ਬਹਿਲ ਵੱਲੋਂ ਇਸ ਕੋਰਸ ਦੇ ਪਹਿਲੇ ਬੈਚ ਦਾ ਅੱਜ ਮੁੱਖ ਖ਼ੇਤੀਬਾੜੀ ਦਫਤਰ ਗੁਰਦਾਸਪੁਰ ਵਿਖੇ ਉਦਘਾਟਨ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਪਾਮੇਤੀ ਡਾ. ਕੇ.ਬੀ. ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਿਖਲਾਈ ਪ੍ਰੋਗਰਾਮ ਦੇ ਪਹਿਲੇ ਬੈਚ ਦਾ ਉਦਘਾਟਨ ਕਰਨ ਉਪਰੰਤ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਗਵਾਈ ਹੇਠ ਪੰਜਾਬ ਸਰਕਾਰ ਖੇਤੀਬਾੜੀ ਨੂੰ ਮਜ਼ਬੂਤ ਕਰਨ ਲਈ ਵੱਡੇ ਯਤਨ ਕਰ ਰਹੀ ਹੈ ਤੇ ਇਸੇ ਲੜੀ ਤਹਿਤ ਆਤਮਾ ਗੁਰਦਾਸਪੁਰ ਵਿਖੇ ਖੇਤੀ ਸਮੱਗਰੀ ਦੀ ਵਿਕਰੀ ਕਰਨ ਦੇ ਰੁਜ਼ਗਾਰ ਨੂੰ ਸ਼ੁਰੂ ਕਰਨ ਦੇ ਚਾਹਵਾਨ ਬੇਰੁਜ਼ਗਾਰ ਨੌਜਵਾਨਾਂ ਲਈ ਖੇਤੀਬਾੜੀ ਵਿਸਥਾਰ ਸੇਵਾਵਾਂ ਵਿੱਚ ਇੱਕ ਸਾਲ ਦਾ ਡਿਪਲੋਮਾ (ਡੀ.ਏ.ਈ.ਐੱਸ.ਆਈ) ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜੋ ਨੌਜਵਾਨਾਂ ਲਈ ਭਵਿੱਖ ਵਿਚ ਵਰਦਾਨ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਐਗਰੀ-ਇਨਪੁੱਟ ਡੀਲਰ (ਖਾਦ, ਬੀਜ ਤੇ ਕੀਟਨਾਸ਼ਕਾਂ), ਕਿਸਾਨ ਭਾਈਚਾਰੇ ਲਈ ਖੇਤੀ ਜਾਣਕਾਰੀ ਦਾ ਇੱਕ ਪ੍ਰਮੁੱਖ ਸਰੋਤ ਹਨ ਤੇ ਇਨ੍ਹਾਂ ਨੂੰ ਤਕਨੀਕੀ ਜਾਣਕਾਰੀ ਦੇ ਕੇ ਕਿਸਾਨਾਂ ਤੱਕ ਪਹੁੰਚਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਸਿਖਲਾਈ ਲੈਣ ਉਪਰੰਤ ਖ਼ੇਤੀਬਾੜੀ ਵਿਭਾਗ ਤੇ ਕਿਸਾਨਾਂ ਵਿਚ ਕੜ੍ਹੀ ਦਾ ਕੰਮ ਕਰਨਗੇ। ਇਸ ਮੌਕੇ ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ, ਡਾ. ਸੰਦੀਪ ਪ੍ਰੋਜੈਕਟ ਡਾਇਰੈਕਟਰ ਆਤਮਾ ਤੇ ਸਿਖਿਆਰਥੀ ਹਾਜ਼ਰ ਸਨ।

# ਡੀ.ਸੀ. ਨੇ ਦਰਿਆ ਰਾਵੀ ਨਾਲ ਲੱਗਦੇ ਇਲਾਕਿਆਂ 'ਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ

ਗੁਰਦਾਸਪੁਰ, 28 ਜੂਨ (ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਆਈ.ਏ.ਐੱਸ. ਵੱਲੋਂ ਬਰਸਾਤੀ ਸੀਜ਼ਨ ਦੌਰਾਨ ਹੜ੍ਹ ਦੀ ਰੋਕਥਾਮ ਲਈ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਅਧਿਕਾਰੀਆਂ ਦੇ ਨਾਲ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕੇ ਮਕੌੜਾ ਪੱਤਣ, ਆਦੀਆਂ ਤੇ ਡੇਰਾ ਬਾਬਾ ਨਾਨਕ ਦੇ ਘਣੀਏ-ਕੇ-ਬੇਟ ਤੇ ਘੋਨੇਵਾਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਆਈ.ਏ.ਐੱਸ., ਐਕਸੀਅਨ ਡੇਰੇਨਜ਼ ਦਿਲਪ੍ਰੀਤ ਸਿੰਘ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜ਼ੀਨਤ ਖੈਹਿਰਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਹੜ੍ਹ ਰੋਕੂ ਪ੍ਰਬਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਡੇਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਰਿਆ ਰਾਵੀ ਦੇ



ਕਿਨਾਰਿਆਂ 'ਤੇ ਚੱਲ ਰਹੇ ਹੜ੍ਹ ਰੋਕੂ ਪ੍ਰਬੰਧਾਂ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਦਰਿਆ ਰਾਵੀ ਵਿੱਚ ਉਜ ਦਰਿਆ ਕਾਰਨ ਆਉਂਦੇ ਹੜ੍ਹਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉੱਜ ਦਰਿਆ ਦੇ ਪਾਣੀ ਦੇ ਪੱਧਰ ਉੱਪਰ ਪੂਰੀ ਤਰ੍ਹਾਂ ਨਜ਼ਰ ਰੱਖੀ ਜਾਵੇ ਤੇ ਜਦੋਂ ਵੀ ਦਰਿਆ ਉੱਜ ਰਾਹੀਂ ਜਾਂ ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿੱਚ ਪਾਣੀ ਛੱਡਿਆ ਜਾਂਦਾ ਹੈ ਤਾਂ ਇਸਦੀ ਅਗਾਊਂ ਸੂਚਨਾ ਲੋਕਾਂ ਤੱਕ ਪਹੁੰਚਾਈ ਜਾਵੇ। ਮਕੌੜਾ ਪੱਤਣ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਸਥਾਨਕ ਲੋਕਾਂ ਤੇ ਬੀ.ਐੱਸ.ਐੱਫ. ਦੇ ਅਧਿਕਾਰੀਆਂ ਨਾਲ ਵੀ ਗੱਲ ਕੀਤੀ ਤੇ ਬੀਤੇ ਸਮੇਂ ਵਿੱਚ ਆਏ ਹੜ੍ਹਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਘਣੀਏ-ਕੇ-ਬੇਟ ਤੇ ਘੋਨੇਵਾਲ ਇਲਾਕੇ ਦਾ ਦੌਰਾ ਕਰਕੇ ਉਥੇ ਕੀਤੇ ਜਾ ਰਹੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤੀ ਸੀਜ਼ਨ ਦੌਰਾਨ ਹੜ੍ਹਾਂ ਦੇ ਕਿਸੇ ਵੀ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ।

# ਪਹਿਲਵਾਨ ਗੁਰਮੇਲ ਸਿੰਘ ਦੀ ਅਮਰੀਕਾ ਫੇਰੀ 'ਤੇ ਕੀਤਾ ਜਾਵੇਗਾ ਭਰਵਾਂ ਸਵਾਗਤ: ਰਾਠੌਰ



ਨਵਾਂਸ਼ਹਿਰ, 28 ਜੂਨ (ਸੁਖਦੇਵ ਸਿੰਘ ਉੜਾਪੜ): ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਪ੍ਰਧਾਨ ਪਹਿਲਵਾਨ ਗੁਰਮੇਲ ਸਿੰਘ ਜੋ ਕਿ ਆਪਣੀ ਅਮਰੀਕਾ ਫੇਰੀ 'ਤੇ ਯੂ.ਐੱਸ.ਏ. ਪਹੁੰਚ ਰਹੇ ਹਨ। ਉਨ੍ਹਾਂ ਦਾ ਅਮਰੀਕਾ 'ਚ ਵੱਸਦੇ ਸਮੂਹ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਚੇਅਰਮੈਨ ਪਰਵਿੰਦਰ ਪਾਲ ਸਿੰਘ ਰਾਠੌਰ ਯੂ.ਐੱਸ.ਏ. ਨੇ ਦਿੱਤੀ। ਉਨ੍ਹਾਂ ਕਿਹਾ ਕਿ ਪਹਿਲਵਾਨ ਗੁਰਮੇਲ ਸਿੰਘ ਨਾਲ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਜਾਣਗੀਆਂ ਤੇ ਵੋਟਾਂ 'ਚ ਰਾਜਪੂਤ ਭਾਈਚਾਰੇ ਨੂੰ ਟਿਕਟ ਦੇਣ 'ਤੇ ਵੀ ਵਿਚਾਰਾਂ ਕੀਤੀਆਂ ਜਾਣਗੀਆਂ। ਕਿਉਂਕਿ ਵੱਡੀ ਗਿਣਤੀ 'ਚ ਸਿੱਖ ਰਾਜਪੂਤ ਭਾਈਚਾਰੇ ਦੇ ਲੋਕ ਦੇਸ਼ਾਂ-ਵਿਦੇਸ਼ਾਂ 'ਚ ਚੰਗਾ ਕਾਰੋਬਾਰ ਕਰਦੇ ਹਨ ਤੇ ਧਾਰਮਿਕ ਰਾਜਨੀਤਿਕ ਪਾਰਟੀਆਂ 'ਚ ਸਰਗਰਮ ਮੈਂਬਰ ਤੇ ਵੱਡੇ-ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ। ਇਸ ਮੌਕੇ ਪ੍ਰਧਾਨ ਸਿਮਰਨ ਸਿੰਘ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਯੂ.ਐੱਸ.ਏ., ਧਰਮਿੰਦਰ ਸਿੰਘ ਰਸਾਲਦਾਰ, ਅੰਗਰੇਜ ਸਿੰਘ ਰਾਠੌਰ, ਦਲਜਿੰਦਰ ਸਿੰਘ ਰਾਠੌਰ, ਗੁਰਦਿਆਲ ਸਿੰਘ ਚੌਹਾਨ, ਨਰਿੰਦਰਪਾਲ ਸਿੰਘ ਰਾਠੌਰ, ਜਸਵਿੰਦਰ ਸਿੰਘ ਪਰਮਾਰ, ਬਲਵੰਤ ਸਿੰਘ ਪਰਮਾਰ, ਪਰਮਿੰਦਰ ਸਿੰਘ ਪਰਮਾਰ, ਗੁਰਮਿੰਦਰ ਸਿੰਘ ਪਰਮਾਰ, ਗੁਰਨਾਮ ਸਿੰਘ ਢੇਰੀ, ਜੋਗਾ ਸਿੰਘ ਚੌਹਾਨ ਢੇਰੀ, ਪਰਮਜੀਤ ਸਿੰਘ ਚੌਹਾਲ ਢੇਰੀ, ਸੁੱਚਾ ਸਿੰਘ ਵੇਰਕਾ ਸਵੀਟਸ, ਲਖਵਿੰਦਰ ਸਿੰਘ ਵੇਰਕਾ ਸਵੀਟਸ, ਵਿਪਨ ਚੌਹਾਨ ਆਦਿ ਹਾਜ਼ਰ ਸਨ।

# ਪੰਜਾਬ ਦੇ ਵੱਡੇ ਮੇਲਿਆਂ ਦਾ ਸ਼ਿੰਗਾਰ, ਪਿੰਡ ਘੱਸ ਦਾ ਮੇਲਾ ਯਾਦਗਾਰੀ ਹੋ ਨਿਬੜਿਆ

ਬਟਾਲਾ, 28 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਸਿਆਣੇ ਆਖਦੇ ਹਨ ਕਿ ਸੰਸਾਰ ਵਿੱਚ ਪੰਜਾਬੀ, ਹਰ ਜਗ੍ਹਾ ਆਪਣੀ ਵਿਲੱਖਣਤਾ ਕਰਕੇ ਆਪਣੀ ਪਹਿਚਾਣ ਬਣਾ ਜਾਂਦੇ ਹਨ ਜਿਵੇਂ ਕਿ ਖੇਡਾਂ ਦੇ ਖੇਤਰ ਵਿੱਚ, ਟੈਕਨਾਲੌਜੀ ਦੇ ਖੇਤਰ ਵਿੱਚ, ਗਾਇਕੀ ਦੇ ਖੇਤਰ ਵਿੱਚ ਆਪਣੀ ਜਿੱਤ ਦੇ ਝੰਡੇ ਗੱਡਣੇ, ਪਰ ਅੱਜ ਪੰਜਾਬੀਆਂ ਨੇ ਪਿੰਡ ਘੱਸ ਦੇ ਬਾਬਾ ਦਸੰਧੀ ਸ਼ਾਹ ਜੀ ਦੇ ਜੋੜ ਮੇਲਾ ਮਨਾਉਣ ਸਮੇਂ ਆਪਣੇ ਚਹੇਤੇ ਗਾਇਕਾਂ, ਨਿੰਮਾ ਸ਼ੌਕੀ-ਪ੍ਰੀਤੀ ਵਾਲੀਆ, ਨਵੀ ਮਾਨ-ਰੋਜ਼ੀ ਮਾਨ, ਪੰਜਾਬੀਅਤ ਦਾ ਰਾਖਾ ਤੇ ਪੰਜਾਬੀ ਗਾਇਕੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲਾ ਲੋਕ ਗਾਇਕ, ਪੰਮਾ ਡੂੰਮੇਵਾਲ, ਭੁਪਿੰਦਰ ਗਿੱਲ-ਜਸਵਿੰਦਰ ਜੀਤੂ ਆਦਿ ਕਲਾਕਾਰਾਂ ਨੂੰ ਵਰਦੇ ਮੀਂਹ ਵਿੱਚ ਸੁਣਨ ਦਾ ਰਿਕਾਰਡ ਤੋੜਿਆ ਤੇ ਇਸ ਜੋੜ ਮੇਲੇ ਨੂੰ ਯਾਦਗਾਰੀ ਮੇਲਾ ਬਣਾ ਦਿੱਤਾ। ਜਲੰਧਰ ਤੋਂ ਆ ਕੇ ਆਪਣੇ ਜੱਦੀ ਪਿੰਡ ਘੱਸ ਵਿਖੇ ਸਾਲਾਨਾ ਮੇਲਾ ਕਰਵਾਉਂਦੇ ਜੋਸ਼ੀ ਪਰਿਵਾਰ ਨੂੰ ਲੋਕ ਵਧਾਈਆਂ ਦੇ



ਰਹੇ ਸਨ ਕਿ ਉਨ੍ਹਾਂ ਨੇ ਆਪਣੇ ਸਿਦਕ, ਸਬਰ ਤੇ ਸਿਰੜ ਨਾਲ ਇਸ ਵੱਡੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਲੋਕਾਂ ਨੂੰ, ਜ਼ਿੰਦਗੀ ਜਿਊਣ ਲਈ ਮਨੋਰੰਜਨ ਦੀ ਅਹਿਮੀਅਤ ਦੱਸੀ ਹੈ। ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਬਾਬਾ ਜੀ ਦੇ ਦਰਬਾਰ ਵਿੱਚ ਹਾਜ਼ਰੀਆਂ ਭਰੀਆਂ ਤੇ ਘੱਸ ਪਿੰਡ ਦੇ ਵਿਕਾਸ ਲਈ 10 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ। ਉਨ੍ਹਾਂ ਆਪਣੇ ਸੰਬੋਧਨ ਰਾਹੀਂ ਹਲਕੇ ਦੇ ਲੋਕਾਂ ਨੂੰ ਪਿਆਰ, ਮੁਹੱਬਤ, ਇਤਫ਼ਾਕ, ਸਨੇਹ ਤੇ ਸੁਹਿਰਦਤਾ ਨਾਲ ਰਹਿਣ ਦੀ ਅਪੀਲ ਕੀਤੀ ਤੇ ਲੜਾਈ-ਝਗੜੇ ਤੋਂ ਬਚੇ ਰਹਿਣ ਲਈ ਵੀ ਕਿਹਾ। ਕਾਂਗਰਸ ਦੇ ਹਲਕਾ ਇੰਚਾਰਜ ਮਨਦੀਪ ਸਿੰਘ ਰੰਗੜ ਨੰਗਲ, ਸਰਪੰਚ ਰਣਜੀਤ ਸਿੰਘ, ਸਰਪੰਚ ਬਚਿੱਤਰ ਸਿੰਘ ਜਾਲੀਆਂ ਤੇ ਇਨ੍ਹਾਂ ਦੇ ਨਾਲ ਆਏ ਸਾਥੀਆਂ ਨੇ ਵੀ ਬਾਬਾ ਜੀ ਦੀ ਦਰਗਾਹ 'ਤੇ ਹਾਜ਼ਰੀ ਲਗਵਾਈ। ਰਮਨ ਜੋਸ਼ੀ ਆਸਟ੍ਰੇਲੀਆ, ਅਰੁਣ ਜੋਸ਼ੀ ਕੈਨੇਡਾ, ਸਤਨਾਮ ਸਿੰਘ ਕੈਨੇਡਾ, ਪ੍ਰਤਾਪ ਸਿੰਘ ਲਾਡੀ ਯੂ.ਐੱਸ.ਏ., ਗੁਰਿੰਦਰਜੀਤ ਸਿੰਘ ਹੈਪੀ ਇਟਲੀ, ਸਿਮਰਨਜੀਤ ਸਿੰਘ ਅਮਰੀਕਾ ਜਰਨੈਲ ਸਿੰਘ ਅਮਰੀਕਾ, ਸੁਰਿੰਦਰ ਮੋਹਨ ਆਸਟਰੀਆ, ਜਤਿੰਦਰ ਮੋਹਨ ਆਸਟਰੀਆ ਨਰੇਸ਼ ਹਸਤੀਰ ਅਮਰੀਕਾ, ਬ੍ਰਿਜ ਮੋਹਨ ਆਸਟਰੀਆ, ਬਾਵਾ ਸਰਮਾ ਕੈਨੇਡਾ ਤੇ ਹੋਰ ਵੀ ਬਹੁਤ ਸਾਰੇ ਐੱਨ.ਆਰ.ਆਈ. ਸਹਿਯੋਗੀ ਵੀਰਾਂ ਨੇ ਲਾਈਵ ਮੇਲੇ ਦਾ ਆਨੰਦ ਮਾਣਿਆ। ਇਸ ਮੌਕੇ ਹੋਰ ਵੀ ਬਹੁਤ ਸਾਰੀਆਂ ਮਾਣਮੱਤੀਆਂ ਸ਼ਖ਼ਸ਼ੀਅਤਾਂ ਬਾਬਾ ਜੀ ਦੇ ਦਰਬਾਰ ਵਿੱਚ ਨਤਮਸਤਕ ਹੋਈਆਂ।

# ਲੱਖ ਦਾਤਾ ਸੱਖੀ ਸਰਵਰ ਦਰਬਾਰ ਦਾ ਸਾਲਾਨਾ ਜੋੜ ਮੇਲਾ ਅੱਜ ਤੋਂ

ਨਵਾਂਸ਼ਹਿਰ, 28 ਜੂਨ (ਸੁਖਦੇਵ ਸਿੰਘ ਉੜਾਪੜ): ਇੱਥੋਂ ਦੇ ਨਜ਼ਦੀਕ ਪਿੰਡ ਭੀਣ ਵਿਖੇ ਲੱਖ ਦਾਤਾ ਸੱਖੀ ਸਰਵਰ ਦਰਬਾਰ 'ਚ ਸਮੂਹ ਸੰਗਤ ਦੇ ਸਹਿਯੋਗ ਨਾਲ 29 ਤੇ 30 ਜੂਨ ਮਨਾਇਆ ਜਾਵੇਗਾ। ਇਸ ਮੌਕੇ ਗੱਦੀਨਸ਼ੀਨ ਬਾਬਾ ਮਦਨ ਸ਼ਾਹ ਨੇ ਦੱਸਿਆ ਕਿ 29 ਜੂਨ ਨੂੰ ਧੂਣੈ ਦੀ ਰਸਮ ਸਵੇਰੇ ਦਸ ਵਜੇ, ਮਹਿੰਦੀ ਦੀ ਰਸਮ ਸ਼ਾਮ ਚਾਰ ਵਜੇ ਤੇ ਚਿਰਾਗ ਰੋਸ਼ਨ ਸ਼ਾਮ ਤੇ ਝੰਡਾ ਚੜ੍ਹਾਉਣ ਦੀ ਰਸਮ ਸ਼ਾਮ ਨੂੰ ਛੇ ਵਜੇ ਦਰਬਾਰ ਵਿਚ ਕੀਤੀ ਜਵੇਗੀ। ਇਸ ਤਰ੍ਹਾਂ ਮੇਲੇ ਦੇ ਦੂਜੇ ਦਿਨ ਸਵੇਰੇ ਚਾਹ-ਪਕੌੜਿਆਂ ਦਾ ਲੰਗਰ ਲਗਾਇਆ ਜਾਵੇਗਾ ਤੇ ਉਸ ਤੋਂ ਬਾਅਦ ਪੰਜਾਬ ਦੇ ਮਸ਼ਹੂਰ ਕਲਾਕਾਰ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਜਿਨ੍ਹਾਂ ਵਿੱਚ ਗਾਇਕ ਹਰਮਨ ਜਰਮਨ, ਮੁਸਕਾਨ ਚੋਪੜਾ, ਗਾਇਕ ਮਹੇਸ਼ ਸਾਜਨ ਤੇ ਬਾਅਦ ਵਿਚ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਵੱਖ ਵੱਖ ਡੇਰਿਆਂ ਤੋਂ ਸੰਤ ਫਕੀਰ ਸ਼ਿਰਕਤ ਕਰਨਗੇ। ਇਸ ਮੌਕੇ ਸਮੂਹ ਸੇਵਾਦਾਰ ਹਾਜ਼ਰ ਰਹੇ ਜਿਨ੍ਹਾਂ ਵਿਚ ਬਾਬਾ ਕੁਲਵੀਰ ਸਿੰਘ ਵਾਈਸ ਚੇਅਰਮੈਨ ਸੂਫੀ ਦਰਗਾਹ ਪ੍ਰਬੰਧਕ ਕਮੇਟੀ, ਦਰਸ਼ਨ ਸਿੰਘ, ਨਿਰਮਲ ਨਿੰਮਾ, ਜੈ ਪਾਲ, ਗੁਰਮੀਤ ਸਿੰਘ, ਰਮਨ ਕੁਮਾਰ, ਜਿੰਦਰ ਕੁਮਾਰ, ਗਲਜੀਤ ਇੰਗਲੈਂਡ, ਦੀਨੋ ਇੰਗਲੈਂਡ ਮੌਜੂਦ ਸਨ।



# ਬੱਚਿਆਂ 'ਚ ਟੀ.ਬੀ. ਦੀ ਪਛਾਣ ਤੇ ਰੋਕਥਾਮ ਸਬੰਧੀ ਕੀਤਾ ਜਾਗਰੂਕ



ਕਾਦੀਆਂ, 28 ਜੂਨ (ਸਲਾਮ ਤਾਰੀ/ਸਿਕੰਦਰ ਸਿੰਘ ਸੰਧੂ): ਸਿਵਲ ਸਰਜਨ ਗੁਰਦਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੀਨੀਅਰ ਮੈਡੀਕਲ ਅਫਸਰ ਡਾ. ਮੋਹਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਸੀ.ਐੱਚ.ਸੀ. ਭਾਮ, ਸੀ.ਐੱਚ.ਸੀ. ਕਾਦੀਆਂ ਤੇ ਸੀ.ਐੱਚ.ਸੀ. ਘੁਮਾਣ ਵਿਖੇ ਬੱਚਿਆਂ ਵਿੱਚ ਟੀ.ਬੀ. ਦੀ ਪਛਾਣ ਤੇ ਰੋਕਥਾਮ ਸਬੰਧੀ ਮੀਟਿੰਗ ਕੀਤੀ ਗਈ। ਇਸ ਮੌਕੇ 'ਤੇ ਡਾ. ਸੋਨਾਲੀ ਵੋਹਰਾ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਤੇ ਹਰਦੀਪ ਕੌਰ ਸਟੇਟ ਨਰਸ ਮੈਂਟੋਰ ਨੇ ਦੱਸਿਆ ਕਿ ਬੱਚਿਆਂ ਵਿੱਚ ਟੀ.ਬੀ. ਦੀ ਪਛਾਣ ਲਈ ਵੱਖ ਵੱਖ ਸੰਸਥਾਵਾਂ ਨਾਲ ਮਿਲ ਕੇ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਟੀ.ਬੀ. ਦੇ ਖਾਤਮੇ ਲਈ ਜਨਤਾ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਟੀ.ਬੀ. ਹੋਣ ਦਾ ਖਤਰਾ ਉਨ੍ਹਾਂ ਨੂੰ ਜ਼ਿਆਦਾ ਹੁੰਦਾ ਹੈ ਜਿਵੇਂ ਕਿ ਟੀ.ਬੀ. ਮਰੀਜ਼ ਦੇ ਪਰਿਵਾਰ ਦਾ ਮੈਂਬਰ, ਰੋਗ ਪ੍ਰਤੀਰੋਧ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼, ਕੁਪੋਸ਼ਣ ਦੇ ਸ਼ਿਕਾਰ ਲੋਕ, ਇਸ ਵੇਲੇ ਟੀ.ਬੀ. ਮੁਕਤ ਮੁਹਿੰਮ ਚੱਲ ਰਹੀ ਹੈ। ਜਿਸ ਵਿਚ ਲੋਕਾਂ ਦੀ ਸ਼ਨਾਖਤ ਕਰਕੇ ਸ਼ੱਕੀ ਮਰੀਜ਼ਾਂ ਦੇ ਸੈਂਪਲ ਟਰੂਨੈਟ ਮਸ਼ੀਨਾਂ ਵਾਲੇ 5 ਤੇ ਜ਼ਿਲ੍ਹੇ ਵਿੱਚ ਮੌਜੂਦ ਸੀਬੀਨੈਟ ਮਸ਼ੀਨ ਵਾਲੇ ਸੈਂਟਰ 'ਤੇ ਚੈਕਿੰਗ ਲਈ ਭੇਜੇ ਜਾਣ, ਟੀ.ਬੀ. ਮਰੀਜ਼ਾਂ ਦੀ ਸ਼ਨਾਖਤ ਹੋਣ 'ਤੇ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਟੀ.ਬੀ. ਮਰੀਜ਼ਾਂ ਦੇ ਪੋਸ਼ਣ ਲਈ ਖੁਰਾਕ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਬੀ.ਈ.ਈ. ਸੁਰਿੰਦਰ ਕੌਰ ਨੇ ਦੱਸਿਆ ਕਿ 2 ਹਫ਼ਤੇ ਤੋਂ ਪੁਰਾਣੀ ਖੰਘ, ਹਲਕਾ ਬੁਖਾਰ ਰਹਿਣਾ, ਥਕਾਵਟ ਰਹਿਣਾ, ਭੁੱਖ ਘੱਟ ਲਗਣਾ, ਵਜ਼ਨ ਘੱਟ ਜਾਣਾ ਆਦਿ ਟੀ.ਬੀ. ਦੇ ਲੱਛਣ ਹਨ। ਅਜਿਹਾ ਹੋਣ 'ਤੇ ਤੁਰੰਤ ਬਲਗਮ ਜਾਂ ਥੁੱਕ ਦੀ ਜਾਂਚ ਕਰਵਾਈ ਜਾਵੇ। ਇਸ ਮੌਕੇ ਡਾ. ਸੋਨਾਲੀ ਵੋਹਰਾ, ਹਰਦੀਪ ਕੌਰ, ਡਾ. ਮੋਹਪ੍ਰੀਤ ਸਿੰਘ, ਬੀ.ਈ.ਈ. ਸੁਰਿੰਦਰ ਕੌਰ ਮਨਜੋਤ ਡੋਗਰਾ ਫਾਰਮੇਸੀ ਅਫਸਰ, ਸਮੂਹ ਸੀ.ਐੱਚ.ਓ., ਸਮੂਹ ਮ ਪ ਹ ਵ (ਮ), ਮ ਪ ਹ ਵ (ਫ) ਤੇ ਆਸ਼ਾ ਵਰਕਰ ਮੌਜੂਦ ਸਨ।

# ਸੱਚਖੰਡ ਵਾਸੀ ਸੰਤ ਬਾਬਾ ਰਾਮ ਸਿੰਘ ਕਾਲੇਕੇ ਵਾਲਿਆਂ ਦੀ 11ਵੀਂ ਬਰਸੀ 7 ਜੁਲਾਈ ਨੂੰ

ਰਈਆ, 28 ਜੂਨ (ਜੁਗਰਾਜ ਸਿੰਘ ਖਾਲਸਾ): ਗੁਰਦੁਆਰਾ ਸ੍ਰੀ ਦਮਦਮਾ ਰੋੜੀ ਸਾਹਿਬ ਪਿੰਡ ਕਾਲੇਕੇ ਦੇ ਮੁਖੀ ਸੰਤ ਬਾਬਾ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਸੱਚਖੰਡ ਵਾਸੀ ਸੰਤ ਬਾਬਾ ਰਾਮ ਸਿੰਘ ਦੀ ਗਿਆਰਵੀਂ ਬਰਸੀ 7 ਜੁਲਾਈ 2025 ਦਿਨ ਸੋਮਵਾਰ ਬਹੁਤ ਸ਼ਰਧਾ ਭਾਵਨਾ ਨਾਲ ਇਲਾਕੇ ਨਿਵਾਸੀ ਤੇ ਐੱਨ.ਆਰ.ਆਈ. ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਜਿਸ ਵਿੱਚ 1 ਜੁਲਾਈ ਦਿਨ ਮੰਗਲਵਾਰ ਨੂੰ ਪਵਿੱਤਰ ਪਾਵਨ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਹੋਵੇਗੀ ਤੇ 11 ਜੁਲਾਈ ਦਿਨ ਸੋਮਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਪਾਠ ਦੇ ਭੋਗ ਪੈਣਗੇ। ਉਪਰੰਤ ਸਾਰੀ ਦਿਹਾੜੀ ਸਿੱਖ ਪੰਥ ਦੇ ਮਹਾਨ ਰਾਗੀ ਕੀਰਤਨੀਏ ਜੱਥੇ, ਕਵੀਸ਼ਰ, ਢਾਡੀ, ਕਥਾਵਾਚਕ, ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਇਸ ਮੌਕੇ 'ਤੇ ਸੰਤ, ਮਹਾਂਪੁਰਖ, ਨਿਹੰਗ ਸਿੰਘ, ਸਮਾਜ ਸੇਵੀ, ਰਾਜਨੀਤਿਕ ਇਲਾਕਾ ਨਿਵਾਸੀ ਤੇ ਐੱਨ.ਆਰ.ਆਈ. ਬਹੁਤ ਗਿਣਤੀ ਵਿੱਚ ਸੰਗਤਾਂ ਹਾਜ਼ਰੀਆਂ ਭਰਨਗੀਆਂ। ਗੁਰੂ ਜੀ ਲੰਗਰ ਅਤੁੱਟ ਵਰਤਨਗੇ। ਸੰਤ ਬਾਬਾ ਗੁਰਦਿਆਲ ਸਿੰਘ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।



# ਭਾਜਪਾ ਨੇ ਪਿੰਡ ਗਾਜੀਕੋਟ 'ਚ ਲੋਕ ਭਲਾਈ ਲਈ ਵਿਸ਼ੇਸ਼ ਕੈਂਪ ਲਗਾਇਆ

ਕਾਹਨੂੰਵਾਨ, 28 ਜੂਨ (ਕੁਲਜੀਤ ਸਿੰਘ ਖੋਖਰ): ਮੰਡਲ ਪੁਰਾਣਾ ਸਾਲਾ ਵਿੱਚ ਸ਼ਕਤੀ ਕੇਂਦਰ ਨੰਬਰ (1) ਦੇ ਪਿੰਡ ਗਾਜੀਕੋਟ ਵਿੱਚ ਭਾਜਪਾ ਵੱਲੋਂ ਮੰਡਲ ਪ੍ਰਧਾਨ ਠਾਕੁਰ ਸੰਦੀਪ ਸਿੰਘ ਦੀ ਯੋਗ ਅਗਵਾਈ ਹੇਠ ਲੋਕਾਂ ਦੀ ਭਲਾਈ ਲਈ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ, ਜਿਸ ਵਿੱਚ ਭਾਜਪਾ ਸਰਕਾਰ ਦੀਆਂ ਚੱਲ ਰਹੀਆਂ ਸਕੀਮਾਂ ਦੇ ਤਹਿਤ ਫ਼ਾਰਮ ਭਰੇ ਗਏ। ਜਿਸ ਵਿੱਚ (86) ਫਾਰਮ ਆਫਲਾਈਨ ਭਰੇ ਗਏ ਤੇ (150) ਫਾਰਮ ਆਨਲਾਈਨ ਭਰ ਕੇ ਆਯੂਸ਼ਮਾਨ ਕਾਰਡ ਮੌਕੇ 'ਤੇ ਹੀ ਬਣਾ ਕੇ ਦਿੱਤੇ ਗਏ। ਇਸ ਕੈਂਪ ਵਿਚ ਆਏ ਹੋਏ ਲੋਕ ਬਹੁਤ ਖ਼ੁਸ਼ ਸਨ ਤੇ ਹਰ ਇੱਕ ਨੇ ਬਾਰ-ਬਾਰ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਕਿ ਮੋਦੀ ਦੀਆਂ ਬਹੁਤ ਸਾਰੀਆਂ ਗਰੀਬ ਭਲਾਈ ਦੀਆਂ ਸਕੀਮਾਂ ਚੱਲ ਰਹੀਆਂ ਹਨ। ਮੋਦੀ ਸਰਕਾਰ ਹਰ ਵਰਗ ਦਾ ਖਿਆਲ ਰੱਖਦੀ ਹੈ। ਇਸ ਮੌਕੇ 'ਤੇ ਕੈਂਪ ਵਿਚ ਪੰਜਾਬ ਸੈਕਟਰੀ ਹਲਕਾ ਇੰਚਾਰਜ ਤੇ ਕੈਂਪਾਂ ਦੇ ਇੰਚਾਰਜ ਰੇਨੂ ਕਸ਼ਯਪ ਜ਼ਿਲ੍ਹਾ ਜਰਨਲ ਸਕੱਤਰ ਜਸਪਾਲ ਕੋਂਡਲ ਜ਼ਿਲ੍ਹਾ ਸਹਿ-ਸੰਯੋਜਕ ਵਿਨੈ ਚੌਧਰੀ, ਰਜੇਸ਼ ਕੁਮਾਰ ਸ਼ਰਮਾ, ਸੰਜੀਵ ਕੁਮਾਰ ਸ਼ਕਤੀ ਕੇਂਦਰ ਇੰਚਾਰਜ ਨਿਰਮਲ ਸਿੰਘ, ਬੂਥ ਇੰਚਾਰਜ ਤੇ ਵਾਈਸ ਪ੍ਰਧਾਨ ਕੈਪਟਨ ਰਮੇਸ਼ ਸਿੰਘ ਬੂਥ ਇੰਚਾਰਜ ਰੋਹਿਤ ਸ਼ਰਮਾ, ਬੂਥ ਇੰਚਾਰਜ ਜਤਿੰਦਰ ਕੁਮਾਰ ਮਹਿਲਾ ਮੋਰਚਾ ਗੁਰਵਿੰਦਰ ਮਹਾਜਨ, ਜਰਨਲ ਸਕੱਤਰ ਰਜੇਸ਼ ਕੁਮਾਰ, ਸਾਬਕਾ ਜਰਨਲ ਸਕੱਤਰ ਕੁਲਦੀਪ ਸਿੰਘ, ਵਾਈਸ ਪ੍ਰਧਾਨ ਕੈਪਟਨ ਦਲਜੀਤ ਸਿੰਘ, ਕੁਲਦੀਪ ਸਿੰਘ, ਮਨੀਸ਼ ਬੱਜੂ ਤੇ ਸਮੂਹ ਭਾਜਪਾ ਵਰਕਰ ਹਾਜ਼ਰ ਸਨ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਛੇ ਰੋਜ਼ਾ ਗੁਰਮਤਿ ਸਿੱਖਿਆ ਕੈਂਪ ਸੰਪੂਰਨ

ਫਤਹਿਗੜ੍ਹ ਸਾਹਿਬ, 28 ਜੂਨ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਦੇ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਿੱਖਿਆ ਕੈਂਪ (23—28 ਜੂਨ,2025) ਅੱਜ ਸੰਪੰਨ ਹੋਇਆ। ਕੈਂਪ ਦੇ ਸਮਾਪਨ ਸਮਾਰੋਹ ਵਿੱਚ ਸ਼ਾਮਿਲ ਹੁੰਦਿਆਂ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤਪਾਲ ਸਿੰਘ ਨੇ ਆਖਿਆ ਕਿ ਕਿਸੇ ਕੌਮ ਲਈ ਸਮਰੱਥ ਅਤੇ ਚਿੰਤਨ ਨੌਜਵਾਨੀ ਹੀ ਉਸ ਦਾ ਸਭ ਤੋਂ ਵੱਡਾ ਸਰਮਾਇਆ ਹੁੰਦੀ ਹੈ। ਉਹਨਾਂ ਆਖਿਆ ਕਿ ਨੌਜਵਾਨੀ ਨੂੰ ਸਮਰੱਥ ਅਤੇ ਚੇਤਨ ਕਰਨ ਵਿੱਚ ਗੁਰਮਤਿ ਸਿੱਖਿਆ ਕੈਂਪਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਵੱਲੋਂ ਕੈਂਪ ਦੇ ਆਯੋਜਨ ਦੀ ਸ਼ਲਾਘਾ ਕਰਦਿਆਂ ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਸਲਾਨਾ ਗੁਰਮਤਿ ਕੈਂਪ ਨੂੰ ਹੋਰ ਚੜ੍ਹਦੀਕਲਾ ਸਹਿਤ ਕੀਤੇ ਜਾਣ ਦੀ ਲੋੜ ਹੈ। ਇਸ ਮੌਕੇ ਕੈਂਪ ਦੀ ਰਿਪੋਰਟ ਪੇਸ਼ ਕਰਦਿਆਂ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਦੇ ਕਨਵੀਨਰ ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਕੈਂਪ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਗੋਆ ਸੂਬਿਆਂ ਤੋਂ ਵਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਉਹਨਾਂ ਦੱਸਿਆ ਕਿ ਕੈਂਪ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ, ਪਹਿਲੇ ਹਿੱਸੇ ਵਿੱਚ ਸਵੇਰੇ ਦੋ ਵਿਦਵਾਨ ਵਕਤਾ ਰੋਜ਼ਾਨਾ ਵਿਦਿਆਰਥੀਆਂ ਦੇ ਰੂਬਰੂ ਹੁੰਦੇ ਸਨ ਅਤੇ ਦੁਪਹਿਰ ਬਾਅਦ ਡੇਢ ਡੇਢ ਘੰਟੇ ਦੇ ਅੱਠ ਤਕਨੀਕੀ ਸੈਸ਼ਨ ਰੱਖੇ ਗਏ ਸਨ, ਜਿਨ੍ਹਾਂ ਵਿੱਚ ਗੁਰਬਾਣੀ ਸੰਥਿਆ, ਸ਼ਬਦ ਕੀਰਤਨ, ਆਈ.ਟੀ., ਸਪੋਕਨ ਇੰਗਲਿਸ਼, ਸਿਰਜਣਾਤਮਕ ਲੇਖਣ, ਗੁਰਮੁਖੀ ਅੱਖਰਕਾਰੀ, ਦਸਤਾਰ ਸਿੱਖਿਆ ਅਤੇ ਗਤਕੇ ਦੀ ਸਿੱਖਿਆ ਦਿੱਤੀ ਗਈ।



ਇਸ ਦੌਰਾਨ ਪ੍ਰੋ. ਹਰਪਾਲ ਸਿੰਘ ਪੰਨੂ ਚੇਅਰ-ਪਰਸਨ, ਚੰਡੀਗੜ੍ਹ ਯੂਨੀਵਰਸਿਟੀ ਘੜੂਆਂ, ਪ੍ਰੋ. ਹਰਭਜਨ ਸਿੰਘ ਸੇਵਾ ਮੁਕਤ ਡਾਇਰੈਕਟਰ, ਭਾਈ ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ, ਪ੍ਰੋ. ਪਰਮਵੀਰ ਸਿੰਘ ਮੁਖੀ ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਬੀਰਬਿਕਰਮ ਸਿੰਘ, ਐਸੋਸ਼ੀਏਟ ਪ੍ਰੋਫੈਸਰ, ਸੈਂਟਰਲ ਯੂਨੀਵਰਸਿਟੀ, ਪਾਂਡੀਚਰੀ, ਡਾ. ਸਿਕੰਦਰ ਸਿੰਘ ਡੀਨ ਵਿਦਿਆਰਥੀ ਭਲਾਈ ਤੇ ਮੁਖੀ ਪੰਜਾਬੀ ਵਿਭਾਗ, ਭਾਈ ਸਤਨਾਮ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਡਾ. ਸੇਵਕ ਸਿੰਘ ਆਦਿ ਪੰਥਕ ਵਿਦਵਾਨ ਸ਼ਾਮਿਲ ਹੋਏ। ਤਕਨੀਕੀ ਸੈਸ਼ਨ ਵਿੱਚ ਡਾ. ਗੁਰਪ੍ਰੀਤ ਸਿੰਘ ਅਰਥ-ਸ਼ਾਸਤਰ ਵਿਭਾਗ, ਡਾ. ਬਲਜੀਤ ਕੌਰ ਅੰਗਰੇਜ਼ੀ ਵਿਭਾਗ, ਡਾ. ਬਿੰਦਰ ਸਿੰਘ ਪੰਜਾਬੀ ਵਿਭਾਗ, ਡਾ. ਕਿਰਨਪ੍ਰੀਤ ਕੌਰ ਕੰਪਿਊਟਰ ਸਾਇੰਸ ਵਿਭਾਗ, ਸਹਾਇਕ ਪ੍ਰੋਫੈਸਰ ਹਰਪ੍ਰੀਤ ਸਿੰਘ ਅਤੇ ਡਾ. ਸਵਰਲੀਨ ਕੌਰ ਸੰਗੀਤ ਵਿਭਾਗ, ਸਹਾਇਕ ਪ੍ਰੋਫੈਸਰ ਨਵਜੋਤ ਕੌਰ ਸਿੱਖਿਆ ਵਿਭਾਗ ਅਤੇ ਗੱਤਕਾ ਕੋਚ ਤਲਵਿੰਦਰ ਸਿੰਘ ਸਰੀਰਕ ਸਿੱਖਿਆ ਵਿਭਾਗ ਨੇ ਰਿਸੋਰਸ ਪਰਸਨ ਅਤੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ। ਕੈਂਪ ਦੌਰਾਨ ਇੱਕ ਪੂਰਾ ਦਿਨ ਵਿਦਿਆਰਥੀਆਂ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਦੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਰੱਖਿਆ ਗਿਆ। ਅੱਜ ਵਿਦਾਇਗੀ ਸੈਸ਼ਨ ਵਿੱਚ ਡਾ. ਸਿਕੰਦਰ ਸਿੰਘ ਨੇ ਪਹੁੰਚੇ ਪਤਵੰਤਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ, ਬੀ.ਬੀ.ਕੇ.ਡੀ.ਏ.ਵੀ. ਕਾਲਜ ਫ਼ਾਰ ਵੂਮੈਨ ਅੰਮ੍ਰਿਤਸਰ, ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਗੁਰੂ ਨਾਨਕ ਸਕੂਲ ਬਸਿਆ, ਖਾਲਸਾ ਕਾਲਜ ਗੜ੍ਹਦੀਵਾਲਾ, ਜਨਰਲ ਸ਼ਿਵਦੇਵ ਸਿੰਘ ਦੀਵਾਨ ਸਿੰਘ ਖਾਲਸਾ ਕਾਲਜ ਪਟਿਆਲਾ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ, ਮਾਤਾ ਸਾਹਿਬ ਕੌਰ ਖਾਲਸਾ ਕਾਲਜ ਲੜਕੀਆਂ, ਮਾਤਾ ਗੁਜਰੀ ਖਾਲਸਾ ਕਾਲਜ, ਮਾਤਾ ਸਾਹਿਬ ਕੌਰ ਗਰਲ ਕਾਲਜ ਬਰਨਾਲਾ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਫ ਗਰਲਜ਼, ਆਕੜ, ਸਰਕਾਰੀ ਰਾਜਿੰਦਰ ਕਾਲਜ, ਬਠਿੰਡਾ, ਗੁਰੂ ਨਾਨਕ ਖਾਲਸਾ ਕਾਲਜ ਡਰੋਲੀਕਲਾਂ, ਜਲੰਧਰ, ਬੀ.ਐਮ. ਖਾਲਸਾ ਕਾਲਜ, ਗੜ੍ਹਸ਼ੰਕਰ, ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ, ਸਰਕਾਰੀ ਕਾਲਜ, ਪੇਹੋਵਾ ਹਰਿਆਣਾ ਅਤੇ ਉਹਨਾਂ ਤੋਂ ਪਹੁੰਚੇ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਰਿਵਿਊ ਸੈਸ਼ਨ ਵਿੱਚ ਵੱਖ-ਵੱਖ ਸੰਸਥਾਵਾਂ ਨਾਲ ਸੰਬੰਧਿਤ ਸਟਾਫ ਅਤੇ ਵਿਦਿਆਰਥੀਆਂ ਨੇ ਕੈਂਪ ਆਯੋਜਕਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਅਜਿਹੇ ਹੋਰ ਉਪਰਾਲੇ ਕਰਨ ਦੀ ਲੋੜ ਜਾਹਿਰ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਵਿਦਿਆਰਥੀਆਂ ਅਤੇ ਸਟਾਫ ਨੂੰ ਸਰਟੀਫਿਕੇਟ ਅਤੇ ਇਨਾਮ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਰਜਿਸਟਰਾਰ ਜਗਜੀਤ ਸਿੰਘ, ਗੁਰਵਿੰਦਰ ਸਿੰਘ ਸੋਢੀ ਸਰੀਰਕ ਸਿੱਖਿਆ ਵਿਭਾਗ, ਡਾ ਪਲਵਿੰਦਰ ਕੌਰ ਤੇ ਜਸਵੀਰ ਸਿੰਘ ਧਰਮ ਅਧਿਐਨ ਵਿਭਾਗ ਆਦਿ ਹਾਜ਼ਰ ਸਨ।

# ਚੇਅਰਮੈਨ ਲਿਬੜਾ ਅਤੇ ਲੋਕ ਸਭਾ ਇੰਚਾਰਜ ਖਾਲਸਾ ਨੇ ਕੀਤਾ ਨਵ ਨਿਯੁਕਤ ਅਹੁਦੇਦਾਰਾਂ ਦਾ ਸਨਮਾਨ



ਫਤਹਿਗੜ੍ਹ ਸਾਹਿਬ, 28 ਜੂਨ (ਹਰਪ੍ਰੀਤ ਕੌਰ ਟਿਵਾਣਾ) : ਜ਼ਿਲ੍ਹਾ ਯੋਜਨਾ ਬੋਰਡ ਫਤਹਿਗੜ੍ਹ ਸਾਹਿਬ ਦੇ ਚੇਅਰਮੈਨ ਅਤੇ ਪ੍ਰਧਾਨ ਆਮ ਆਦਮੀ ਪਾਰਟੀ ਫਤਹਿਗੜ੍ਹ ਸਾਹਿਬ ਅਜੇ ਸਿੰਘ ਲਿਬੜਾ ਵੱਲੋਂ ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਦੇ ਨਵ ਨਿਯੁਕਤ ਸੰਗਠਨ ਇੰਚਾਰਜ ਹਲਕਾ ਅਮਲੋਹ ਤੋਂ ਓਂਕਾਰ ਚੌਹਾਨ, ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਮੀਤ ਬਾਜਵਾ ਅਤੇ ਹਲਕਾ ਬਸੀ ਪਠਾਣਾ ਤੋਂ ਰਾਜਪੂਰੀ ਅਤੇ ਹੋਰ ਨਵ ਨਿਯੁਕਤ ਵਰਕਰ ਸਾਹਿਬਾਨਾਂ ਮੀਟਿੰਗ ਕਰਕੇ ਅਗਲੀ ਵਿਊਤਬੰਦੀ ਦੀ ਯੋਜਨਾ ਉਲੀਕੀ ਗਈ। ਇਸ ਮੌਕੇ ਲੋਕ ਸਭਾ ਇੰਚਾਰਜ ਪ੍ਰਦੀਪ ਸਿੰਘ ਖਾਲਸਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ, ਜਿੱਥੇ ਖਾਲਸਾ ਵੱਲੋਂ ਨਵ ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ ਉੱਥੇ ਹੀ ਚੇਅਰਮੈਨ ਲਿਬੜਾ ਵੱਲੋਂ ਪ੍ਰਦੀਪ ਸਿੰਘ ਖਾਲਸਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਈ ਮੀਟਿੰਗ ਵਿੱਚ ਚੇਅਰਮੈਨ ਅਜੇ ਸਿੰਘ ਲਿਬੜਾ ਵੱਲੋਂ ਨਵ ਨਿਯੁਕਤ ਇੰਚਾਰਜਾਂ ਨੂੰ ਪਾਰਟੀ ਵੱਲੋਂ ਨਵੀਂ ਗਤੀਵਿਧੀਆਂ ਸਬੰਧੀ ਜਾਣੂੰ ਕਰਵਾਇਆ ਗਿਆ ਅਤੇ ਨਵੀਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।


# ਬ੍ਰਹਮ-ਗਿਆਨੀ ਤੇ ਸੂਰਬੀਰ ਸਨ-ਸੰਤ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ

**ਕਰਨੈਲ ਸਿੰਘ ਐਮ.ਏ.**

ਜਗਰਾਓਂ ਤੋਂ ਤਿੰਨ ਮੀਲ ਦੂਰ ਸਤਲੁਜ ਦਰਿਆ ਦੀ ਸਰਹੰਦ ਨਹਿਰ ਦੇ ਕੰਢੇ ਇੱਕ ਅਖਾੜਾ ਨਗਰ ਹੈ। ਸੰਮਤ 1761 ਬਿਕਰਮੀ (ਸੰਨ 1704 ਈ:) ਚੇਤਰ ਮਹੀਨੇ ਕਲਗੀਧਰ ਪਾਤਸ਼ਾਹ ਚਮਕੌਰ ਸਾਹਿਬ ਦੇ ਯੁੱਧ ਉਪਰੰਤ ਜੰਗਲਾਂ ਵਿੱਚ ਵਿਚਰਦੇ ਹੋਏ ਇਸ ਨਗਰ ਵਿਖੇ ਦੋ ਦਿਨ ਠਹਿਰੇ ਸਨ। ਇਸ ਪਿੰਡ ਦੀ ਇੱਕ ਬਿਰਧ ਮਾਤਾ 'ਸੇਵੀ' ਨੇ ਪਿਆਰ, ਸ਼ਰਧਾ ਸਹਿਤ ਮਿੱਠਾ ਪਾ ਕੇ ਸਮੇਤ ਮਲਾਈ ਦੁੱਧ, ਛਕਾ ਕੇ ਸੇਵਾ ਕੀਤੀ। ਮਾਤਾ ਦਾ ਪੁੱਤਰ ਸਤਿਗੁਰਾਂ ਦਾ ਹੁਕਮ ਮੰਨ ਕੇ ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਸਿੰਘ ਸਜ ਕੇ, ਭਾਈ ਮੁਹੱਬਤ ਸਿੰਘ ਬਣਿਆ। ਹਜ਼ੂਰ ਨੇ ਬਖ਼ਸ਼ਿਸ਼ ਕੀਤੀ ਕਿ ਇਸ ਵੰਸ਼ ਵਿੱਚ ਇੱਕ ਪੂਰਨ ਬ੍ਰਹਮ-ਗਿਆਨੀ, ਸੂਰਬੀਰ, ਗੁਰਸਿੱਖ, ਖਾਲਸੇ ਦੇ ਅਸੂਲਾਂ ਵਿੱਚ ਪੂਰਨ ਯੋਧਾ ਹੋ ਕੇ ਗੁਰਮਤਿ ਦਾ ਪ੍ਰਵਾਹ ਚਲਾਏਗਾ।

ਸੱਚ-ਖੰਡ ਵਾਸੀ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਨਮ ਮਾਘ ਦੀ ਪੁੰਨਿਆ ਤੇ ਫੱਗਣ ਦੀ ਸੰਗਰਾਂਦ ਵਿੱਚ 1959 ਬਿਕਰਮੀ ਮੁਤਾਬਿਕ 12 ਫ਼ਰਵਰੀ 1902 ਈ: ਨੂੰ ਪਿਤਾ ਭਾਈ ਰੂੜ ਸਿੰਘ ਦੇ ਘਰ ਮਾਤਾ ਅਨੰਦ ਕੌਰ ਜੀ ਦੀ ਕੁੱਖੋਂ ਅੰਮ੍ਰਿਤ ਵੇਲੇ ਢਾਈ ਵਜੇ ਹੋਇਆ। ਗੁਰਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਏ ਹੁਕਮਨਾਮੇ ਦੇ ਪਹਿਲੇ ਅੱਖਰ 'ਗ' ਤੋਂ ਆਪ ਦਾ ਨਾਂ 'ਗੁਰਬਚਨ ਸਿੰਘ' ਰੱਖਿਆ ਗਿਆ।

ਜਦ ਆਪ ਚਾਰ ਸਾਲ ਦੇ ਹੋਏ ਤਾਂ ਪੁਰਾਤਨ ਖ਼ਾਲਸੇ ਦੀ ਰੀਤੀ ਅਨੁਸਾਰ ਤਾਇਆ ਬਾਬਾ ਕਾਹਨ ਸਿੰਘ ਜੀ ਨੇ ਕੜਾਹ-ਪ੍ਰਸ਼ਾਦ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਆਪ ਨੂੰ ਗੁਰਮੁਖੀ ਦੇ ਪਹਿਲੇ ਪੰਜ ਅੱਖਰ ਲਿਖ ਕੇ ਗੁਰਮੁਖੀ ਦੀ ਵਿੱਦਿਆ ਦੇਣੀ ਸ਼ੁਰੂ ਕੀਤੀ। ਇਹਨਾਂ ਦੇ ਤਾਇਆ ਜੀ ਨੇ ਇਹਨਾਂ ਨੂੰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਦਸ ਗ੍ਰੰਥੀ ਦਾ ਸ਼ੁੱਧ ਪਾਠ ਕਰਵਾਇਆ। ਸੱਤ ਸਾਲ ਦੀ ਉਮਰ ਵਿੱਚ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਕਰਨਾ ਸਿੱਖ ਗਏ। ਭਾਈ ਗੁਰਦਾਸ ਜੀ ਦੀਆਂ ਵਾਰਾਂ, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਚੰਦਰ ਪ੍ਰਬੋਧ ਨਾਟਕ ਦੇ ਆਦਿ ਗ੍ਰੰਥ ਵੀ ਉਹਨਾਂ ਦੇ ਤਾਇਆ ਜੀ ਨੇ ਪੜ੍ਹਾਏ।



13 ਸਾਲ ਦੀ ਉਮਰ ਵਿੱਚ ਉਹਨਾਂ ਪਿੰਡ ਕਿਸ਼ਨਪੁਰੇ ਨਜ਼ਦੀਕ ਇੱਕ ਉਦਾਸੀ ਸਾਧੂ ਮਹੰਤ ਲਾਲ ਦਾਸ ਤੋਂ ਹਿੰਦੂ ਮੱਤ ਗ੍ਰੰਥਾਂ ਦਾ ਅਧਿਐਨ ਕੀਤਾ। 18 ਸਾਲ ਦੀ ਉਮਰ ਵਿੱਚ ਆਪ ਦਾ ਵਿਆਹ ਬਸੰਤ ਸਿੰਘ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ ਨਾਲ ਪਿੰਡ ਰਾਜੋਆਣਾ ਜ਼ਿਲ੍ਹਾ ਲੁਧਿਆਣਾ ਵਿਖੇ ਪੂਰਨ ਗੁਰਮਰਯਾਦਾ ਅਨੁਸਾਰ ਹੋਇਆ। ਗ੍ਰਹਿਸਤ ਜੀਵਨ ਵਿੱਚ ਵੀ ਆਪ ਸਹਿਜ ਅਵਸਥਾ ਵਿੱਚ ਰਹਿੰਦੇ ਤੇ ਬਹੁਤਾ ਸਮਾਂ ਸਿਮਰਨ, ਭਜਨ ਵਿੱਚ ਬਤੀਤ ਕਰਦੇ। ਆਪ ਦੇ ਗ੍ਰਹਿ ਦੋ ਪੁੱਤਰ ਭਾਈ ਕਰਤਾਰ ਸਿੰਘ ਤੇ ਭਾਈ ਭਗਵਾਨ ਸਿੰਘ ਨੇ ਜਨਮ ਲਿਆ। ਜਦ ਵੀ ਕਿਸੇ ਚੰਗੇ ਭਜਨ-ਬੰਦਗੀ ਵਾਲੇ ਮਹਾਂਪੁਰਸ਼ ਬਾਰੇ ਆਪ ਨੂੰ ਪਤਾ ਲੱਗਦਾ ਤਾਂ ਆਪ ਬੜੇ ਸ਼ਰਧਾ ਅਤੇ ਪ੍ਰੇਮ ਨਾਲ ਦਰਸ਼ਨਾਂ ਨੂੰ ਜਾਂਦੇ। ਪਰ ਇਹਨਾਂ ਦੀ ਰੂਹ ਦੀ ਤੜਪ ਗੁਰਬਾਣੀ ਦੇ ਗਿਆਨ ਦੀ ਪ੍ਰਾਪਤੀ ਲਈ ਵੱਧਦੀ ਗਈ। ਗੁਰਬਾਣੀ ਦੀਆਂ ਡੂੰਘਿਆਈਆਂ ਨੂੰ ਸਮਝਣ ਲਈ ਇਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਰੀਦਕੋਟ ਵਾਲਾ ਟੀਕਾ ਜੋ 52 ਨਿਰਮਲੇ ਵਿਦਵਾਨਾਂ ਦਾ ਤਿਆਰ ਕੀਤਾ ਹੋਇਆ, ਗਹੁ ਨਾਲ ਪੜ੍ਹਿਆ ਅਤੇ ਵਿਚਾਰਿਆ। ਉਸ ਟੀਕੇ ਨੇ ਇਹਨਾਂ ਦੇ ਮਨ ਵਿੱਚ ਅਨੰਦ ਵਧਾਇਆ ਅਤੇ ਗਿਆਨ ਵਿਸ਼ਾਲ ਕੀਤਾ।

1920 ਵਿੱਚ ਅਖਾੜੇ ਵਿਖੇ ਸੰਤ ਸੁੰਦਰ ਸਿੰਘ ਜੀ ਦੇ ਮੁਖਾਰਬਿੰਦ ਤੋਂ ਹੋਈ ਅੰਮ੍ਰਿਤ ਰੂਪ ਗੁਰਬਾਣੀ ਦੀ ਕਥਾ ਦਾ ਆਪ ਦੇ ਮਨ 'ਤੇ ਐਸਾ ਪ੍ਰਭਾਵ ਪਿਆ ਕਿ ਨਿਰਮਲ ਰੂਹ ਪ੍ਰੇਮ ਵਿੱਚ ਲੀਨ ਹੋ ਗਈ। ਉਸ ਵੇਲੇ ਸਤਿਗੁਰੂ ਜੀ ਦੀ ਐਸੀ ਕਿਰਪਾ ਹੋਈ ਕਿ ਆਉਂਦੇ-ਜਾਂਦੇ ਸਵਾਸਾਂ ਦੇ ਨਾਲ ਵਾਹਿਗੁਰੂ ਦਾ ਜਾਪ ਸੁਤੇਸਿੱਧ ਹੀ ਹੋਣ ਲੱਗ ਪਿਆ। ਅਗਲੇ ਦਿਨ ਸੰਤ ਸੁੰਦਰ ਸਿੰਘ ਜੀ ਦੇ ਪੰਜ ਪਿਆਰਿਆਂ ਵਿੱਚ ਲੱਗ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜ ਸੌ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਜਿਨ੍ਹਾਂ ਵਿੱਚ ਗੁਰਬਚਨ ਸਿੰਘ ਵੀ ਅੰਮ੍ਰਿਤ ਛਕ ਕੇ ਐਸਾ ਖਾਲਸਾ ਸਜਿਆ ਕਿ ਆਪ ਦੇ ਨਾਂ ਨਾਲ 'ਤਖ਼ੱਲਸ' ਖਾਲਸਾ ਵੀ ਰੱਖਿਆ ਗਿਆ। ਸਾਵਣ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਤੋਂ ਪੱਕੇ ਤੌਰ 'ਤੇ ਪਿੰਡ ਭਿੰਡਰੀ ਜਥੇ ਵਿੱਚ ਰਹਿਣ ਲੱਗ ਪਏ। 1921 ਤੋਂ 1930 ਤੱਕ ਆਪ ਲਗਾਤਾਰ ਇਹਨਾਂ ਦੀ ਸੰਗਤ ਵਿੱਚ ਰਹੇ। 15 ਫ਼ਰਵਰੀ 1930 'ਚ ਗੁਰਦੁਆਰਾ ਸੱਚ-ਖੰਡ ਬੋਪਾਰਾਏ ਵਿਖੇ ਗਿਆਨੀ ਸੁੰਦਰ ਸਿੰਘ ਨੇ ਕਥਾ ਸੁਣਦਿਆਂ ਪ੍ਰਭਾਵਿਤ ਹੋ ਕੇ 'ਦਮਦਮੀ ਟਕਸਾਲ' ਦੀ ਸੇਵਾ-ਸੰਭਾਲ ਉਹਨਾਂ ਨੂੰ ਸੌਂਪ ਦਿੱਤੀ। ਸੰਤ ਜੀ ਨੇ ਬੜੀ ਉਦਾਰਤਾ ਨਾਲ ਆਪ ਇਹਨਾਂ ਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਦੀ ਰਚਨਾ, ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਦਸਵੀਂ ਤੇ ਹੋਰ ਪ੍ਰਮਾਣੀਕ ਗ੍ਰੰਥ ਅਰਥਮਈ ਵਿਆਖਿਆ ਕਰਕੇ ਬੜੇ ਗਹੁ ਤੇ ਪਿਆਰ ਨਾਲ ਪੜ੍ਹਾਏ। ਤਕਰੀਬਨ 36 ਲੱਖ ਜਪੁਜੀ ਸਾਹਿਬ ਦੇ ਪਾਠ, 36 ਲੱਖ ਮੂਲ-ਮੰਤਰ ਦਾ ਜਾਪ ਤੇ ਬੇਅੰਤ ਵਾਹਿਗੁਰੂ ਦਾ ਸਿਮਰਨ ਕਰਵਾਇਆ।

ਸੰਤ ਗੁਰਬਚਨ ਸਿੰਘ ਜੀ ਨੇ ਸਾਰੇ ਹਿੰਦੁਸਤਾਨ ਵਿੱਚ ਵਿਚਰ ਕੇ ਸਵਾ ਸੌ ਤੋਂ ਡੇਢ ਸੌ ਤੱਕ ਸਿੰਘਾਂ ਦੇ ਜਥੇ ਸਮੇਤ ਪੜ੍ਹਾਉਂਦਿਆਂ, ਕੀਰਤਨ ਸਿਖਾਉਂਦਿਆਂ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਦਿਆਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ, ਹਜ਼ਾਰਾਂ ਨੂੰ ਸ਼ੁੱਧ ਪਾਠ ਕਰਵਾਇਆ ਅਤੇ ਸੈਂਕੜਿਆਂ ਨੂੰ ਗਿਆਨੀ ਬਣਾਇਆ। ਸੰਤ ਜੀ ਨੇ ਗੁਰਮਤਿ ਦੀ ਵਿੱਦਿਆ ਪੜ੍ਹਾਉਣ ਦੇ ਨਾਲ-ਨਾਲ ਕਈ ਗੁਰਦੁਆਰਿਆਂ ਦੀ ਸੇਵਾ ਵੀ ਕੀਤੀ।

'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੇ ਸਿਧਾਂਤ ਨੂੰ ਪ੍ਰਚਾਰਿਆ ਅਤੇ ਹੋਰ ਸੇਵਾਵਾਂ ਦੇ ਨਾਲ-ਨਾਲ ਖ਼ਾਲਸਾ ਜੀ ਨੇ ਬਹੁਤ ਸਾਰੇ ਅਖੰਡ-ਪਾਠ ਅਤੇ ਇਕੋਤਰੀਆਂ (ਧਨੌਲਾ, ਸੇਵੇਵਾਲਾ, ਜੋਧਪੁਰ (ਰੋਡੇ), ਸ੍ਰੀ ਅੰਮ੍ਰਿਤਸਰ ਸਾਹਿਬ, ਰਾਮਗੜ੍ਹ, ਸ੍ਰੀ ਹਜ਼ੂਰ ਸਾਹਿਬ) ਕਰਵਾਈਆਂ। 1966 ਵਿੱਚ ਸੰਤ ਜੀ ਦਾ ਬਲੱਡ ਪ੍ਰੈਸ਼ਰ ਨਾਲ ਸਰੀਰ ਢਿੱਲਾ ਹੋਇਆ ਤਾਂ ਸੰਗਤ ਦੀ ਬੇਨਤੀ ਤੇ ਪਿੰਡ ਨੰਗਾਲੀ ਪਹੁੰਚੇ। ਨੰਗਾਲੀ ਤੋਂ ਮਹਿਤਾ ਪਹੁੰਚ ਕੇ ਆਸਣ ਜਮਾ ਲਿਆ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦੋ-ਦੋ, ਤਿੰਨ-ਤਿੰਨ ਕਥਾ ਰੋਜ਼ ਕੀਤੀਆਂ। ਸੰਤ ਜੀ ਨੂੰ ਲਗਾਤਾਰ ਬਲੱਡ ਪ੍ਰੈਸ਼ਰ ਅਤੇ ਸਾਹ ਦਾ ਦੌਰਾ ਪੈਂਦਾ ਰਿਹਾ, 13-14 ਹਾੜ ਨੂੰ ਬਹੁਤ ਸਖ਼ਤ ਦੌਰਾ ਪਿਆ। ਇਸ ਤਰ੍ਹਾਂ ਮਨੁੱਖ ਮਾਤਰ ਨੂੰ ਅਕਾਲ ਪੁਰਖ ਨਾਲ ਜੋੜਦੇ ਹੋਏ ਸੰਤ ਗੁਰਬਚਨ ਸਿੰਘ ਖਾਲਸਾ 29 ਜੂਨ 1969 ਈ: ਨੂੰ 67 ਸਾਲ ਦੀ ਉਮਰ ਭੋਗ ਕੇ ਸੱਚ-ਖੰਡ ਵਾਸ ਕਰ ਗਏ। ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ, ਹਸਪਤਾਲ, ਖ਼ਾਲਸਾ ਅਕੈਡਮੀ ਵੀ ਦਮਦਮੀ ਟਕਸਾਲ ਵੱਲੋਂ ਚਲਾਈ ਜਾ ਰਹੀ ਹੈ। ਸੰਤ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

# ਅਮਰੀਕੀ ਰਾਜਨੀਤੀ ਦੀ ਖੇਡ ਜਾਂ ਵਿਸ਼ਵ ਯੁੱਧ ਵੱਲ ਵਧਦਾ ਕਦਮ ?



**ਵਿੰਕਲਜੀਤ ਸਿੰਘ ਸਰਾ**
9501477889

**ਪ੍ਰਸਥਾਵਨਾ:** ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਦੀ ਰਾਜਨੀਤੀ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਰਹੀ। ਉਨ੍ਹਾਂ ਨੇ ਆਪਣਾ ਸਿਆਸੀ ਰਾਸ਼ਟਰਵਾਦ ਵਿਦੇਸ਼ੀ ਨੀਤੀਆਂ ਰਾਹੀਂ ਵੀ ਚਲਾਇਆ, ਜਿਸ ਵਿੱਚ ਮੱਧ ਪੂਰਬ ਇੱਕ ਪ੍ਰਯੋਗਸ਼ਾਲਾ ਵਾਂਗ ਵਰਤਿਆ ਗਿਆ। ਇਰਾਨ, ਇਜ਼ਰਾਈਲ, ਹਮਾਸ, ਹਿਜ਼ਬੁੱਲਾ, ਸਊਦੀ ਅਰਬ, ਚੀਨ ਅਤੇ ਰੂਸ ਇਹ ਸਭ ਟਰੰਪ ਦੀ ਰਣਨੀਤੀ ਦੇ ਖੇਡਾਰੀ ਬਣੇ।

**ਨਵੀਂਆਂ ਚੋਣਾਂ, ਮੱਧ ਪੂਰਬ 'ਚ ਅੱਗ, ਤੇ ਅਮਰੀਕਾ ਦੇ ਹਿੱਤ ਇੱਕ ਖੁੱਲ੍ਹੀ ਸਚਾਈ, ਪਿਛੋਕੜ:** ਡੌਨਾਲਡ ਟਰੰਪ ਜੋ ਕਿ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਦੁਬਾਰਾ ਉਮੀਦਵਾਰ ਸਨ, ਉਨ੍ਹਾਂ ਨੇ ਆਪਣੇ ਪਿਛਲੇ ਕਾਰਜਕਾਲ (2017-2021) ਦੌਰਾਨ ਮੱਧ ਪੂਰਬ 'ਚ ਜਿਹੜਾ ਖੇਡ ਖੇਡਿਆ, ਉਸਦਾ ਪ੍ਰਭਾਵ ਅੱਜ ਵੀ ਇਰਾਨ, ਇਜ਼ਰਾਈਲ, ਪੈਲੇਸਟਾਈਨ, ਸਿਰੀਆ ਅਤੇ ਲੀਬਨਾਨ ਵਰਗੇ ਖੇਤਰਾਂ 'ਚ ਲਹੂ ਵਾਂਗ ਵਹਿ ਰਿਹਾ ਹੈ। ਟਰੰਪ ਨੇ ਆਪਣੇ ਕਾਰਜਕਾਲ ਵਿਚ ਇਰਾਨ ਨਾਲ ਹੋਇਆ ਪਰਮਾਣੂ ਸਮਝੌਤਾ ਰੱਦ ਕਰ ਦਿੱਤਾ, ਇਜ਼ਰਾਈਲ ਨੂੰ ਪੂਰਾ ਸਿਆਸੀ ਅਤੇ ਸੈਨਾ ਸਮਰਥਨ ਦਿੱਤਾ, ਤੇ ਫਲਸਤੀਨੀ ਲੋਕਾਂ ਉੱਤੇ ਹੋ ਰਹੇ ਹਮਲਿਆਂ ਤੋਂ ਅੱਖਾਂ ਮੋੜ ਲਈਆਂ।

**ਇਜ਼ਰਾਈਲ ਨਾਲ ਖਾਸ ਸਾਂਝ:** ਟਰੰਪ ਨੇ ਇਜ਼ਰਾਈਲ ਦੇ ਹੱਕ 'ਚ ਇਹ ਇਤਿਹਾਸਕ ਫੈਸਲੇ ਕੀਤੇ: ਜੇਰੂਸਲੇਮ ਨੂੰ ਇਜ਼ਰਾਈਲ ਦੀ ਰਾਜਧਾਨੀ ਮੰਨਣਾ। ਅਮਰੀਕੀ ਦੂਤਾਵਾਸ ਨੂੰ ਤੇਲ ਅਵੀਵ ਤੋਂ ਜੇਰੂਸਲੇਮ ਭੇਜਣਾ। ਗਾਜ਼ਾ ਦੇ ਹਮਾਸ, ਲੀਬਨਾਨ ਦੇ ਹਿਜ਼ਬੁੱਲਾ ਤੇ ਯਮਨ ਦੇ ਯਹੂਦੀ ਲੜਾਕਿਆਂ ਨੂੰ 'ਆਤੰਕੀ ਗਠਜੋੜ' ਘੋਸ਼ਿਤ ਕਰਨਾ। 2023-2024 ਵਿੱਚ ਜਦੋਂ ਗਾਜ਼ਾ ਉੱਤੇ ਇਜ਼ਰਾਈਲ ਨੇ ਹਮਲੇ ਵਧਾਏ, ਟਰੰਪ ਨੇ ਇਜ਼ਰਾਈਲ ਨੂੰ ਪੂਰਾ ਸਾਥ ਦਿੱਤਾ। ਹਮਾਸ ਤੇ ਇਰਾਨ ਨੂੰ ਹਮਦਰਦੀ ਦਿਖਾਉਣ ਵਾਲੇ ਦੇਸ਼ਾਂ ਉੱਤੇ ਟਰੰਪ ਨੇ ਸਿੱਧਾ ਦਬਾਅ ਬਣਾਇਆ।

**ਪਹਿਲਾ ਅਧਿਆਇ: ਇਰਾਨ ਨਾਲ ਵੈਰੀਤਾ ਕਿਉਂ ?** 2015 ਵਿੱਚ ਬਰਾਕ ਓਬਾਮਾ ਨੇ ਜਦੋਂ ਇਰਾਨ ਨਾਲ ਪਰਮਾਣੂ ਸਮਝੌਤਾ (JCPOA) ਕੀਤਾ, ਤਾਂ ਇਹ ਮੰਨਿਆ ਗਿਆ ਕਿ ਇਹ ਮੱਧ ਪੂਰਬ ਵਿਚ ਅਮਨ ਲਈ ਵੱਡਾ ਕਦਮ ਸੀ। ਪਰ 2018 ਵਿੱਚ ਟਰੰਪ ਨੇ ਇਸਨੂੰ ਰੱਦ ਕਰ ਦਿੱਤਾ। ਉਨ੍ਹਾਂ ਨੇ ਇਰਾਨ ਉੱਤੇ ਸਖਤ ਪਾਬੰਦੀਆਂ ਲਗਾ ਕੇ ਉਸਦੀ ਅਰਥਵਿਵਸਥਾ ਨੂੰ ਥੱਲੇ ਲਿਆਂਦਾ। 2020 ਵਿਚ ਇਰਾਨੀ ਕਮਾਂਡਰ ਕਾਸਮ ਸੋਲੇਮਾਨੀ ਦੀ ਡਰੋਨ ਹਮਲੇ ਰਾਹੀਂ ਹੱਤਿਆ ਕੀਤੀ ਗਈ, ਜਿਸ ਨਾਲ ਇਰਾਨ-ਅਮਰੀਕਾ ਸੰਬੰਧ ਬਹੁਤ ਖ਼ਰਾਬ ਹੋ ਗਏ। ਇਹ ਸਾਰੇ ਕਦਮ ਟਰੰਪ ਨੇ ਇਰਾਨ ਨੂੰ 'ਦੁਸ਼ਮਨ' ਵਜੋਂ ਪੇਸ਼ ਕਰਕੇ ਅਮਰੀਕਨ ਜਨਤਾ ਨੂੰ ਰਾਸ਼ਟਰਵਾਦੀ ਮਾਹੌਲ 'ਚ ਲਿਜਾਣ ਲਈ ਲਏ।

ਸੋਲੇਮਾਨੀ ਦੀ ਹੱਤਿਆ: 2020 ਵਿੱਚ ਟਰੰਪ ਨੇ ਇਰਾਨ ਦੇ ਸਭ ਤੋਂ ਪ੍ਰਭਾਵਸ਼ਾਲੀ ਜਨਰਲ ਕਾਸਮ ਸੋਲੇਮਾਨੀ ਨੂੰ ਇਰਾਕ ਵਿਚ ਅਮਰੀਕੀ ਡਰੋਨ ਹਮਲੇ ਰਾਹੀਂ ਮਾਰ ਦਿੱਤਾ। ਇਹ ਹਮਲਾ ਇਰਾਨ ਵਿਰੁੱਧ ਘੋਸ਼ਿਤ ਜੰਗ ਵਰਗਾ ਸੀ। ਇਰਾਨ ਨੇ ਇਸਦੇ ਜਵਾਬ 'ਚ ਅਮਰੀਕੀ ਸੈਨਾ ਠਿਕਾਣਿਆਂ ਉੱਤੇ ਰਾਕਟ ਹਮਲੇ ਕੀਤੇ।

**ਇਰਾਨ ਦੀ ਅੰਦਰੂਨੀ ਸਥਿਤੀ:** ਇਸ ਸਮੇਂ (2024-25), ਇਰਾਨ ਦੇ ਨਵੇਂ ਰਾਸ਼ਟਰਪਤੀ ਮੋਹੰਮਦ ਬਾਕਰ ਕਲੀਬਾਫ ਬਣੇ ਉਹਨਾਂ ਨੇ ਹਮਾਸ, ਹਿਜ਼ਬੁੱਲਾ, ਅਤੇ ਹੋਰ ਅਸਮਰਥਿਤ ਸੰਗਠਨਾਂ ਨਾਲ ਸਮੱਰਥਨ ਦੇ ਰਿਸ਼ਤੇ ਹੋਰ ਮਜ਼ਬੂਤ ਕੀਤੇ ।

**ਦੂਜਾ ਅਧਿਆਇ: ਇਜ਼ਰਾਈਲ-ਅਮਰੀਕਾ ਦਾ ਦਿਲ** : ਟਰੰਪ ਨੇ ਇਜ਼ਰਾਈਲ ਨਾਲ ਸਬੰਧ ਹੋਰ ਮਜ਼ਬੂਤ ਬਣਾਏ। ਉਨ੍ਹਾਂ ਦੇ ਦੌਰਾਨ ਅਮਰੀਕਾ ਨੇ ਜੇਰੂਸਲੇਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮੰਨ ਲਿਆ ਅਤੇ ਉਥੇ ਅਮਰੀਕੀ ਦੂਤਾਵਾਸ ਖੋਲ੍ਹ ਦਿੱਤਾ। ਇਸਦੇ ਨਾਲ ਹੀ ਇਜ਼ਰਾਈਲ ਨੇ ਗਾਜ਼ਾ, ਵੈਸਟ ਬੈਂਕ ਅਤੇ ਲੀਬਨਾਨ 'ਚ ਹਮਲੇ ਵਧਾ ਦਿੱਤੇ। ਟਰੰਪ ਸਰਕਾਰ ਨੇ ਇਨ੍ਹਾਂ ਹਮਲਿਆਂ ਉੱਤੇ ਕੋਈ ਨਿੰਦਾ ਨਹੀਂ ਕੀਤੀ।

**ਤੀਜਾ ਅਧਿਆਇ: ਹਮਾਸ ਅਤੇ ਹਿਜ਼ਬੁੱਲਾ ਨਾਲ ਜੰਗ** : 2023 ਅਤੇ 2024 ਵਿੱਚ ਇਜ਼ਰਾਈਲ ਨੇ ਗਾਜ਼ਾ ਉੱਤੇ ਭਿਆਨਕ ਹਮਲੇ ਕੀਤੇ। ਹਮਾਸ ਨੇ 7 ਅਕਤੂਬਰ 2023 ਨੂੰ ਇਜ਼ਰਾਈਲ ਉੱਤੇ ਵੱਡਾ ਹਮਲਾ ਕੀਤਾ ਜਿਸ ਵਿੱਚ 1200 ਲੋਕ ਮਾਰੇ ਗਏ। ਇਸਦੇ ਜਵਾਬ ਵਿਚ ਇਜ਼ਰਾਈਲ ਨੇ ਹਜ਼ਾਰਾਂ ਫਿਲਸਦੀਨੀ ਮਾਰੇ ਅਤੇ ਗਾਜ਼ਾ ਨੂੰ ਤਬਾਹ ਕਰ ਦਿੱਤਾ।

**ਟਰੰਪ ਦਾ ਰਵੱਈਆ:** ਉਨ੍ਹਾਂ ਨੇ ਹਮਾਸ ਨੂੰ 'ਖ਼ਤਰਨਾਕ ਇਰਾਨੀ ਠੇਕੇਦਾਰ' ਦੱਸਿਆ ਅਤੇ ਇਜ਼ਰਾਈਲ ਨੂੰ ਸਮਰਥਨ ਦਿੱਤਾ ਕਿ ਤੁਸੀਂ ਆਪਣੀ ਰੱਖਿਆ ਕਰ ਸਕਦੇ ਹੋ।

**ਮੀਡੀਆ ਪ੍ਰਬੰਧਨ ਅਤੇ ਚੋਣੀ ਲਾਭ:** ਟਰੰਪ ਨੇ ਆਪਣੇ ਰਾਜਨੀਤਿਕ ਰੁਖ ਰਾਹੀਂ ਮੀਡੀਆ ਵਿਚ ਹਮੇਸ਼ਾ ਸੁਰਖੀਆਂ ਬਣਾਈਆਂ। ਉਨ੍ਹਾਂ ਨੇ ਅਮਰੀਕਾ ਫ਼ਸਟ ਨਾਰਾ ਦੇ ਕੇ ਲੋਕਾਂ ਨੂੰ ਵਿਦੇਸ਼ੀ ਮੁੱਦਿਆਂ ਰਾਹੀਂ ਡਰਾਇਆ — ਜਿਵੇਂ ਕਿ ਇਰਾਨ ਦੇ ਹਮਲੇ, ਚੀਨ ਦੀ ਵਾਧੂ ਪਾਵਰ, ਇਜ਼ਰਾਈਲ ਦੀ ਸੁਰੱਖਿਆ, ਆਤੰਕਵਾਦ ਵਧਣਾ ਆਦਿ। ਇਹ ਸਾਰੇ ਮੁੱਦੇ ਅਮਰੀਕੀ ਵੋਟਰਾਂ ਨੂੰ ਗੰਭੀਰ ਤੇ ਭੈਭੀਤ ਦਿਖਾ ਕੇ ਟਰੰਪ ਨੇ ਆਪਣੀ "ਮਜ਼ਬੂਤ ਨੇਤਾ"ਵਾਲੀ ਛਵੀ ਬਣਾਈ।

**ਚੌਥਾ ਅਧਿਆਇ: ਚੋਣੀ ਨਫਾ** : 2024 ਦੀ ਚੋਣ ਦੌੜ ਵਿਚ ਟਰੰਪ ਮੁੜ ਆ ਗਏ। ਉਨ੍ਹਾਂ ਦੀ ਮੁੱਖ ਯੋਜਨਾ ਇਹ ਹੈ ਕਿ ਲੋਕਾਂ ਦੀ ਭਾਵਨਾਵਾਂ ਉੱਤੇ ਖੇਡੋ ਭਵਿੱਖ ਦੀ ਜੰਗ ਤੋਂ ਡਰ ਦਿਖਾਉ। ਚੀਨ ਅਤੇ ਇਰਾਨ ਨੂੰ ਭਿਆਨਕ ਪੇਸ਼ ਕਰੋ। ਇਜ਼ਰਾਈਲ ਨੂੰ ਸਮਰਥਨ ਦੇ ਕੇ ਯਹੂਦੀ ਲੋਬੀ ਦੀ ਹਮਦਰਦੀ ਲਵੋ। ਅਮਰੀਕਾ ਨੂੰ ਮੁੜ 'ਮਹਾਨ' ਬਣਾਉਣ ਦੀ ਗੱਲ ਕਰੋ।

**ਪੰਜਵਾਂ ਅਧਿਆਇ: ਅੰਤਰਰਾਸ਼ਟਰੀ ਪ੍ਰਭਾਵ** :-

**ਭਾਰਤ:** ਭਾਰਤ ਨੇ ਇਜ਼ਰਾਈਲ-ਹਮਾਸ ਜੰਗ ਵਿਚ ਸਥਿਰ ਮੌਕਾ ਰੱਖਿਆ, ਪਰ ਟਰੰਪ ਨੇ ਇਹ ਵੀ ਕਿਹਾ ਕਿ "ਭਾਰਤ ਦੀ ਸੁਰੱਖਿਆ ਲਈ ਮਧ ਪੂਰਬ 'ਚ ਅਮਰੀਕਾ ਦੀ ਹਾਜ਼ਰੀ ਜ਼ਰੂਰੀ ਹੈ।

**ਚੀਨ:** ਟਰੰਪ ਨੇ ਚੀਨ ਵਿਰੁੱਧ ਮੁੜ ਸਖ਼ਤ ਰੁਖ ਲਿਆ । ਚੀਨ-ਇਰਾਨ ਗਠਜੋੜ ਨੂੰ ਨਿਸ਼ਾਨਾ ਬਣਾਇਆ ਗਿਆ।

**ਰੂਸ:** ਯੂਕਰੇਨ-ਰੂਸ ਜੰਗ ਬਾਰੇ ਟਰੰਪ ਨੇ ਕਿਹਾ ਕਿ ਜੇ ਉਹ ਰਾਸ਼ਟਰਪਤੀ ਹੁੰਦੇ ਤਾਂ ਇਹ ਜੰਗ ਹੀ ਨਹੀਂ ਹੋਣੀ ਸੀ। ਇਹਨਾਂ ਬਿਆਨਾਂ ਰਾਹੀਂ ਉਹ ਆਪਣੇ ਆਪ ਨੂੰ ਵਿਸ਼ਵ ਅਮਨ ਦਾ ਰੱਖਵਾਲਾ ਪੇਸ਼ ਕਰ ਰਹੇ ਹਨ।

**ਟਰੰਪ ਦੀ ਨੀਤੀ** : ਮੱਧ ਪੂਰਬ ਦੀ ਅੱਗ ਨੂੰ ਹਵਾ ਦੇਣਾ, ਲੋਕਾਂ ਨੂੰ ਡਰਾਉਣਾ, ਤੇ ਆਪਣੇ ਆਪ ਨੂੰ ਮਸੀਹਾ ਵਜੋਂ ਪੇਸ਼ ਕਰਨਾ — ਇਤਿਹਾਸਕ ਤੌਰ 'ਤੇ ਅਨੈਤਿਕ, ਅਸੁਰੱਖਿਅਤ ਅਤੇ ਵਿਘਟਨਕਾਰੀ ਰੂਪ ਲੈ ਰਹੀ ਹੈ।

**ਸਚਾਈ ਅਤੇ ਸਬਕ:** ਇਹ ਸਾਫ਼ ਹੋ ਚੁੱਕਾ ਹੈ ਕਿ ਟਰੰਪ ਦੀ ਰਾਜਨੀਤੀ 'ਚ ਵਿਦੇਸ਼ੀ ਮੁੱਦੇ, ਖਾਸ ਕਰਕੇ ਇਰਾਨ ਅਤੇ ਇਜ਼ਰਾਈਲ, ਕੇਵਲ ਚੋਣੀ ਹਥਿਆਰ ਬਣ ਚੁੱਕੇ ਹਨ। ਉਨ੍ਹਾਂ ਦੀ ਰਣਨੀਤੀ ਅਮਰੀਕਾ ਲਈ ਨਹੀਂ, ਸਿਰਫ਼ ਆਪਣੇ ਵੋਟਾਂ ਲਈ ਹੈ। ਇਸਦਾ ਖ਼ਮਿਆਜ਼ਾ ਦੱਖਣੀ ਏਸ਼ੀਆ, ਮੱਧ ਪੂਰਬ ਅਤੇ ਦੁਨੀਆਂ ਭਰ ਦੇ ਮੁਸਲਿਮ ਤੇ ਯਹੂਦੀ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

**ਨਤੀਜਾ:** ਟਰੰਪ ਦੀ ਰਣਨੀਤੀ ਸਿਰਫ ਮਜ਼ਬੂਤ ਮੀਡੀਆ ਮੈਨੇਜਮੈਂਟ 'ਤੇ ਦੋਸ਼ਾਂ ਦੀ ਰਾਜਨੀਤੀ ਹੈ। ਅਸਲੀ ਰਾਜਨੀਤਕ ਦੂਰਦਰਸ਼ਤਾ ਜਾਂ ਮਿਡਲ ਈਸਟ ਵਿਚ ਅਮਨ ਲਈ ਕੋਈ ਯਤਨ ਨਹੀਂ। ਇਸ ਤਰ੍ਹਾਂ ਦੀ ਦੌੜ ਦੁਨੀਆਂ ਨੂੰ ਇਕ ਹੋਰ ਵਿਸ਼ਵ ਯੁੱਧ ਵਾਲੀ ਦਿਸ਼ਾ 'ਚ ਧੱਕ ਸਕਦੀ ਹੈ। ਟਰੰਪ ਦੀ ਰਾਜਨੀਤੀ ਵਿਚ ਵਿਦੇਸ਼ੀ ਟਕਰਾਅ ਇਕ ਰਾਜਨੀਤਿਕ ਉਪਕਰਨ ਬਣ ਚੁੱਕਾ ਹੈ। ਉਨ੍ਹਾਂ ਦੀ ਰਣਨੀਤੀ ਤੱਤ ਇਹ ਹੈ —ਭਾਰਤ, ਇਜ਼ਰਾਈਲ, ਚੀਨ, ਇਰਾਨ, ਰੂਸ — ਸਭ ਨੂੰ ਚੋਣੀ ਨਫੇ ਲਈ ਵਰਤਣਾ। ਉਨ੍ਹਾਂ ਦੀ ਰਣਨੀਤੀ ਦੇ ਪ੍ਰਭਾਵ ਹਜ਼ਾਰਾਂ ਮੌਤਾਂ, ਵਿਸਥਾਪਨ, ਅਤੇ ਵਿਸ਼ਵ ਵਿਆਪਕ ਅਸਥਿਰਤਾ ਰੂਪ ਵਿਚ ਸਾਹਮਣੇ ਆ ਰਹੇ ਹਨ।

**ਅੰਤ ਵਿਚ:** ਅਸੀਂ ਏਸੇ ਸਮੇਂ 'ਚ ਰਹੇ ਹਾਂ ਜਿੱਥੇ ਰਾਜਨੀਤਕ ਲਾਭ ਲਈ ਮੁਲਕਾਂ ਦੀ ਤਬਾਹੀ ਵੀ ਕਬੂਲ ਕੀਤੀ ਜਾਂਦੀ ਹੈ।

## ਰੁੱਤਾਂ ਆਂਦੀਆਂ ਰਹੀਆਂ

ਰੁੱਤਾਂ ਜਾਂਦੀਆਂ ਰਹੀਆਂ
ਪਰ ਮੈ ਉਥੇ ਹੀ ਖੜੀ ਰਹਿ ਗਈ
ਜਿਉਣ ਦੇ ਲਈ ਮਕਸਦ ਲੱਭ ਦੀ ਰਹੀ
ਨਾ ਮਿਲਿਆ ਮਕਸਦ
ਨਾ ਮਿਲਿਆ ਸਕੂਨ
ਲੋਕਾਂ ਤੋਂ ਦੂਰ ਭਜਦੀ ਰਹੀ
ਕਿਸੇ ਖ਼ਾਸ ਨੂੰ ਲੱਭਦੀ ਰਹੀ
ਲੱਭਦੀ ਲੱਭਦੀ ਆਪ ਗਵਾਚ ਗਈ
ਇਸ ਦੁਨੀਆਂ ਦੀ ਭੀੜ ਚ
ਦੁਨੀਆ ਤਾਂ ਹੈ ਮਤਲਬੀ
ਪਰ ਇਕ ਦਿਨ ਓ ਮਿਲ ਗਿਆ
ਜਿਸਨੇ ਬਿਨਾਂ ਮਤਲਬ ਤੋਂ ਪਿਆਰ ਕੀਤਾ
ਆਪਣੇ ਆਪ ਨੂੰ ਮੇਰੇ ਲਈ ਕੁਰਬਾਨ ਕੀਤਾ
ਮੈਨੂੰ ਅੱਜ ਵੀ ਉਹ ਦਿਨ ਯਾਦ ਏ
ਜਦੋਂ ਪਹਿਲੀ ਵਾਰ ਤੇਰੇ ਕੋਲ ਆਈ ਸੀ
ਅੱਖਾਂ ਦੇ ਵਿੱਚ ਅੱਥਰੂ ਤੇ ਖਾਲੀ ਹੱਥ ਆਈ ਸੀ
ਮੈ ਨੀ ਜਾਣਦੀ ਸੀ ਤੈਨੂੰ
ਪਰ ਤੂੰ ਤਾਂ ਜਾਣਦਾ ਸੀ ਮੈਨੂੰ
ਮੇਰੀਆਂ ਰਾਹਾਂ ਦਾ ਪਹਿਰਾ ਰੱਖਦਾ ਸੀ
ਹਰ ਮੁਸ਼ਕਿਲ ਵਿੱਚ ਮੇਰੀ ਸਲਾਮਤੀ ਤੱਕਦਾ ਸੀ
ਤੇ ਅੱਜ ਤਾਂ ਇਹ ਪਿਆਰ ਮੁਕੰਮਲ ਹੋ ਗਿਆ ਏ
ਮੈ ਤੇਰੀ ਤੇ ਤੂੰ ਮੇਰਾ ਹੋ ਗਿਆ ਏ
ਲੋਕਾਂ ਨੂੰ ਤਾਂ ਪਿਆਰ ਕਰਕੇ ਬਹੁਤ ਦੇਖ ਲਿਆ ਸੀ
ਪਰ ਮੇਰੇ ਖ਼ੁਦਾ ਤੇਰਾ ਪਿਆਰ
ਮੈਨੂੰ ਸਹੀ ਰਾਹ ਤੇ ਇਕ ਮਕਸਦ ਦੇ ਗਿਆ ਏ।

**ਨਾਮ ਰਾਜਵਿੰਦਰ ਕੌਰ**
**ਪਿੰਡ ਡਕਾਲਾ**

# ਵਿਧਾਇਕ ਪ੍ਰਾਸ਼ਰ ਅਤੇ ਮੇਅਰ ਨੇ ਸੜਕਾਂ ਬਣਾਉਣ ਦਾ ਪ੍ਰੋਜੈਕਟ ਕੀਤਾ ਲਾਂਚ



ਲੁਧਿਆਣਾ,28 ਜੂਨ (ਵਿਸ਼ਾਲ ਸ਼ਰਮਾ): ਗੁਣਵੱਤਾ ਵਾਲੇ ਸੜਕੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਲਈ ਅੱਗੇ ਵਧਦੇ ਹੋਏ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸ਼ਨੀਵਾਰ ਨੂੰ ਟਰਾਂਸਪੋਰਟ ਨਗਰ (ਵਾਰਡ ਨੰਬਰ 30) ਵਿੱਚ ਕੰਕਰੀਟ ਦੀਆਂ ਸੜਕਾਂ ਬਣਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਕੌਂਸਲਰ ਨਿੱਕੂ ਭਾਰਤੀ, ਵਿਧਾਇਕ ਪ੍ਰਾਸ਼ਰ ਅਤੇ ਮੇਅਰ ਇੰਦਰਜੀਤ ਕੌਰ ਦੇ ਨਾਲ, ਦੱਸਿਆ ਕਿ ਇਹ ਪ੍ਰੋਜੈਕਟ ਲੱਗਭੱਗ 71 ਲੱਖ ਦੀ ਅਨੁਮਾਨਤ ਲਾਗਤ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਵਿਧਾਇਕ ਪ੍ਰਾਸ਼ਰ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਵੀ ਟਰਾਂਸਪੋਰਟ ਨਗਰ ਵਿੱਚ ਕੰਕਰੀਟ ਦੀਆਂ ਸੜਕਾਂ ਬਣਾਈਆਂ ਸਨ ਅਤੇ ਬਾਕੀ ਸੜਕਾਂ ਹੁਣ ਇਸ ਪ੍ਰੋਜੈਕਟ ਦੇ ਅਧੀਨ ਆ ਰਹੀਆਂ ਹਨ, ਜਿਸਦਾ ਉਦਘਾਟਨ ਸ਼ਨੀਵਾਰ ਨੂੰ ਕੀਤਾ ਗਿਆ ਹੈ। ਟਰਾਂਸਪੋਰਟਰਾਂ ਤੋਂ ਫੀਡਬੈਕ ਲਿਆ ਗਿਆ ਅਤੇ ਖੇਤਰ ਵਿੱਚ ਭਾਰੀ ਵਾਹਨਾਂ ਦੀ ਆਵਾਜਾਈ ਕਾਰਨ ਕੰਕਰੀਟ ਦੀਆਂ ਸੜਕਾਂ ਬਣਾਉਣ ਦਾ ਫੈਸਲਾ ਲਿਆ ਗਿਆ। ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ (ਸੀਐਮ) ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਭਰ ਵਿੱਚ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕੰਮ ਕਰ ਰਹੀ ਹੈ ਅਤੇ ਵਸਨੀਕਾਂ ਦੀ ਸਹੂਲਤ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

## ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ 14 ਨੂੰ ਬਿਜਲੀ ਦੇ ਨਿੱਜੀਕਰਨ ਕਰਨ ਵਿਰੁੱਧ ਐਕਸੀਅਨ ਦਫ਼ਤਰ ਅੱਗੇ ਦਿੱਤੇ ਜਾਵੇਗਾ ਧਰਨਾ

ਕੋਟ ਈਸੇ ਖਾਂ 28 ਜੂਨ (ਗਾਂਧੀ/ਖੁਰਾਣਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲਾ ਕਮੇਟੀ ਮੋਗਾ ਦੀ ਮੀਟਿੰਗ ਪਿੰਡ ਲੁਹਾਰਾ ਦੇ ਗੁਰਦੁਆਰਾ ਸਾਹਿਬ ਵਿਖੇ ਜਿਲਾ ਇੰਚਾਰਜ ਸੂਬਾ ਆਗੂ ਸਤਨਾਮ ਸਿੰਘ ਪੰਨੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਹਿਲਾਂ ਜ਼ਿਲ੍ਹੇ ਵਿੱਚ ਚੱਲ ਰਹੀ ਜਿਲਾ ਪ੍ਰਧਾਨ ਸਮੇਤ ਸਾਰੀ ਕੋਰ ਕਮੇਟੀ ਭੰਗ ਕਰਕੇ ਨਵੀਂ 8 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਜਿਸ ਵਿੱਚ ਕੋਈ ਵੀ ਅਹੁਦੇਦਾਰ ਨਹੀਂ ਹੋਵੇਗਾ। ਇਹ ਟੀਮ ਜਿਲਾ ਇੰਚਾਰਜ ਸੂਬਾ ਆਗੂ ਸਤਨਾਮ ਸਿੰਘ ਪੰਨੂ ਦੀ ਅਗਵਾਈ ਹੇਠ ਕੰਮ ਕਰੇਗੀ ਇਸ ਤੋਂ ਇਲਾਵਾ ਫੈਸਲਾ ਕੀਤਾ ਗਿਆ ਕਿ 14 ਜੁਲਾਈ ਨੂੰ ਸੂਬਾ ਕਮੇਟੀ ਵੱਲੋਂ ਬਿਜਲੀ ਦੇ ਨਿੱਜੀਕਰਨ ਨੂੰ ਰੋਕਣ ਤੇ ਸਮਾਰਟ ਮੀਟਰ ਖਪਤਕਾਰਾਂ ਦੇ ਘਰਾਂ ਵਿੱਚ ਨਾ ਲੱਗਣ ਦੇਣ ਦੇ ਮੁੱਦੇ ਨੂੰ ਲੈ ਕੇ ਪੰਜਾਬ ਭਰ ਵਿੱਚ ਚੀਫ,ਐਸ ਈ ਤੇ ਐਕਸੀਅਨ ਦਫਤਰ ਅੱਗੇ ਦਿੱਤੇ ਜਾਣ ਵਾਲੇ ਧਰਨਿਆਂ ਨੂੰ ਕਾਮਯਾਬ ਕਰਨ ਲਈ ਮੋਗੇ ਜਿਲੇ ਵਿੱਚ ਪਾਵਰਕਾਮ ਦੇ ਐਕਸੀਅਨ ਦਫਤਰ ਅੱਗੇ ਹਜ਼ਾਰਾਂ ਕਿਸਾਨ ਮਜ਼ਦੂਰ ਬੀਬੀਆਂ ਵਿਸ਼ਾਲ ਧਰਨਾ ਦੇ ਕੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ ਆਵਾਜ਼ ਉਠਾਉਣਗੇ। ਇਸ ਧਰਨੇ ਨੂੰ ਕਾਮਯਾਬ ਕਰਨ ਲਈ ਜ਼ਿਲ੍ਹੇ ਅੰਦਰ 28 ਜੂਨ ਤੋਂ ਲੈ ਕੇ 11 ਜੁਲਾਈ ਤੱਕ ਲਗਾਤਾਰ ਸੈਂਕੜੇ ਪਿੰਡਾਂ ਵਿੱਚ ਲਾਮਬੰਦੀ ਕੀਤੀ ਜਾਵੇਗੀ ਅਤੇ 15 ਹਜਾਰ ਤੋਂ ਵੱਧ ਹੱਥ ਪਰਚੇ ਵੰਡ ਕੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਧਰਨੇ ਵਿੱਚ ਸ਼ਾਮਿਲ ਹੋਣ ਲਈ ਉਤਸਾਹ ਕੀਤਾ ਜਾਵੇਗਾ। ਜ਼ਿਲ੍ਹਾ ਕਮੇਟੀ ਨੇ ਐਲਾਨ ਕੀਤਾ ਕਿ ਪਿੰਡਾਂ ਵਿੱਚ ਖਪਤਕਾਰਾਂ ਦੇ ਘਰਾਂ ਵਿੱਚ ਪ੍ਰੀਪੇਡ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ।


ADITYA BIRLA CAPITAL
PROTECTING INVESTING FINANCING ADVISING

## ਅਦਿਤਯ ਬਿਰਲਾ ਕੈਪੀਟਲ ਲਿਮਟਿਡ

**ਪੰਜੀਕ੍ਰਿਤ ਦਫਤਰ** : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
**ਸ਼ਾਖਾ ਦਫ਼ਤਰ** : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ), ਮੁੰਬਈ-400 063, ਮਾਹਾਰਾਸ਼ਟਰਾ

**ਈ-ਨਿਲਾਮੀ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 15 ਰੋਜ਼ਾ ਨਿਲਾਮੀ ਵਿਕਰੀ ਸੂਚਨਾ**

24.03.2025 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ-ਅਹਿਮਾਬਾਦ ਵੱਲੋਂ ਜਾਰੀ ਆਦੇਸ਼ ਵਿਚ ਪੂਰੀ ਤਰ੍ਹਾਂ ਦਰਜ ਰਲੇਵਾਂ ਯੋਜਨਾ ਮਿਤੀ 11.03.2024 ਦੇ ਅਧੀਨ ਆਦਿਤਯ ਬਿਰਲਾ ਫਾਇਨਾਂਸ ਲਿਮ. ਅਤੇ ਆਦਿਤਯ ਬਿਰਲਾ ਕੈਪੀਟਲ ਲਿਮ. ਵਿਚਾਲੇ ਰਲੇਵੇ ਦੇ ਸਬੰਧ ਵਿਚ, ਦਰਸਾਈ ਗਿਰਵੀ ਸੰਪੱਤੀ ਦੇ ਸਬੰਧ ਵਿਚ ਆਦਿਤਯ ਬਿਰਲਾ ਫਾਇਨਾਸ ਲਿਮ. ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਸਰਫਾਇਸੀ ਕਾਰਵਾਈਆਂ ਰਲਾਈ ਗਈ ਕੰਪਨੀ **ਅਦਿਤਯ ਬਿਰਲਾ ਕੈਪੀਟਲ ਲਿਮ**. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ।

ਇਸ ਅਨੁਸਾਰ **ਅਦਿਤਯ ਬਿਰਲਾ ਕੈਪੀਟਲ ਲਿਮ./ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਨੇ ਨਿਮਨਲਿਖਤ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਤੋਂ ਅਗਲੇਰੀਆਂ ਫੀਸਾਂ ਅਤੇ ਲਾਗਤ ਸਮੇਤ ਨਿਮਨ ਦਰਸਾਏ ਬਕਾਇਆ ਦੇ ਲਈ ਸੁਰੱਖਿਅਤ ਕਰਜ਼ਦਾਤਾ ਦੇ ਸੁਰੱਖਿਅਤ ਕਰਜ਼ਿਆਂ ਦੀ ਵਸੂਲੀ ਲਈ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਜਾਰੀ ਸੂਚਨਾ ਦੀ ਨਿਰੰਤਰਤਾ ਵਿਚ ਨਿਮਨਲਿਖਤ ਸੁਰੱਖਿਅਤ ਅਸਾਸਿਆਂ ਦਾ ਕਬਜ਼ਾ ਲੈ ਲਿਆ ਸੀ। ਇਸ ਦੁਆਰਾ ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ **ਅਦਿਤਯ ਬਿਰਲਾ ਕੈਪੀਟਲ ਲਿਮਟਿਡ** ਵੱਲ ਬਕਾਇਆ ਕਰਜ਼ਿਆਂ ਦੀ ਭਰਪਾਈ ਦੇ ਲਈ ਨਿਮਨ ਲਿਖਤ ਸੰਪੱਤੀ ਦੀ ਈ-ਨਿਲਾਮੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉੱਥੇ ਹੈ"** ਅਧਾਰ 'ਤੇ ਆਯੋਜਿਤ ਕੀਤੀ ਜਾਵੇਗੀ।

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 18.07.2025, ਸਵੇਰੇ 11.00 ਵਜੇ ਤੋਂ ਬਾ. ਦੁ. 01.00 ਵਜੇ ਦੇ ਵਿਚਾਲੇ**
**ਕੇਵਾਈਸੀ ਅਤੇ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ : 17.07.2025**

| ਲ. ਨੰ. | ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਦਾ ਨਾਮ | ਸੰਪੱਤੀਆਂ/ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਤੇ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਰਪੀ ਦਾ 10%) (ਰੁ. 'ਚ) | ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਰਕਮ |
|---|---|---|---|---|---|
| 1 | 1. ਸ੍ਰੀ ਹਰੀ ਨਰਾਇਣ ਸਪੁੱਤਰ ਰਾਜ ਕੁਮਾਰ, 2. ਮੈਸ. ਬੌਬੀ ਕਰਿਆਨਾ ਸਟੋਰ ਰਾਹੀਂ ਇਸਦੇ ਮਾਲਕ ਹਰੀ ਨਰਾਇਣ 3. ਸ੍ਰੀਮਤੀ ਇੰਦੂ ਦੇਵੀ 4. ਸ੍ਰੀ ਅਜੀਤ ਕੁਮਾਰ ਕਰਜ਼ ਖਾਤਾ ਨੰਬਰ : ABLDHSTS000000645365 | ਵਿਕਰੀ ਡੀਡ ਵਸੀਕਾ ਨੰਬਰ 6329 ਮਿਤੀ 09.07.2004 ਦੇ ਅਨੁਸਾਰ ਪਿੰਡ ਜਮਾਲਪੁਰ ਅਵਾਨਾ, ਹੱਦਬਸਤ ਨੰ. 177, ਆਬਾਦੀ ਗੁਰਮੇਲ ਪਾਰਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2001-2002 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 42//3/1, 7/2, 8/2, 9, 12/2, 13, 14, ਖਾਤਾ ਨੰਬਰ 525/582 ਵਿਚ ਸ਼ਾਮਲ 70 ਵਰਗ ਗਜ਼ ਮਾਪ ਵਾਲੇ ਇੱਕ ਪਲਾਟ ਨੰ. 31 ਦੇ ਸਾਰੇ ਭਾਗ ਅਤੇ ਹਿੱਸੇ। ਵਿਕਰੀ ਡੀਡ ਅਨੁਸਾਰ ਹੱਦਾਂ ਦੁਆਰਾ ਹੱਦਬੰਦੀ ਨਿਮਨ ਅਨੁਸਾਰ : ਪੂਰਬ : ਗੁਆਂਢੀ ਮਾਪ 30', ਉਤਰ : ਗੁਆਂਢੀ ਮਾਪ 15', ਪੱਛਮ : ਗੁਆਂਢੀ ਮਾਪ 30', ਦੱਖਣ : ਰਸਤਾ ਮਾਪ 15' | ਰੁ. 15,39,000 (ਰੁ. ਪੰਦਰਾਂ ਲੱਖ ਉਨਤਾਲੀ ਹਜ਼ਾਰ ਕੇਵਲ) | ਰੁ 1,53,900 (ਰੁ. ਇੱਕ ਲੱਖ ਤਰਵੰਜਾ ਹਜ਼ਾਰ ਨੌਂ ਸੌ ਕੇਵਲ) ਰੁ. 25,000/- (ਰੁ. ਪੱਚੀ ਹਜ਼ਾਰ ਕੇਵਲ) | 23.04.2022 ਅਤੇ ਰੁ. 33,77,458 (ਰੁ. ਤੇਤੀ ਲੱਖ ਸਤੱਤਰ ਹਜ਼ਾਰ ਚਾਰ ਸੌ ਅਠਵੰਜਾ ਕੇਵਲ)24.04.2024 ਅਨੁਸਾਰ ਬਕਾਇਆ |
| | | ਵਿਕਰੀ ਡੀਡ ਵਸੀਕਾ ਨੰਬਰ 16329 ਮਿਤੀ 11.03.2008 ਦੇ ਅਨੁਸਾਰ ਪਿੰਡ ਜਮਾਲਪੁਰ ਅਵਾਨਾ, ਹੱਦਬਸਤ ਨੰ. 177, ਆਬਾਦੀ ਗੁਰਮੇਲ ਪਾਰਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2001-2002 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 42//3/1, 7/2, 8/2, 9, 12/2, 13, 14, ਖਾਤਾ ਨੰਬਰ 525/582 ਵਿਚ ਸ਼ਾਮਲ 50 ਵਰਗ ਗਜ਼ ਮਾਪ ਵਾਲੇ ਇੱਕ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ। ਵਿਕਰੀ ਡੀਡ ਅਨੁਸਾਰ ਹੱਦਾਂ ਦੁਆਰਾ ਹੱਦਬੰਦੀ ਨਿਮਨ ਅਨੁਸਾਰ : ਪੂਰਬ : ਗੁਆਂਢੀ ਮਾਪ 30', ਉਤਰ : ਗੁਆਂਢੀ ਮਾਪ 15', ਪੱਛਮ : ਗੁਆਂਢੀ ਮਾਪ 30', ਦੱਖਣ : ਰਸਤਾ ਮਾਪ 15' | ਰੁ. 10,20,600 (ਰੁ. ਦਸ ਲੱਖ ਵੀਹ ਹਜ਼ਾਰ ਛੇ ਸੌ ਕੇਵਲ) | ਰੁ 1,02,060 (ਰੁ. ਇੱਕ ਲੱਖ ਦੋ ਹਜ਼ਾਰ ਸੱਠ ਕੇਵਲ) ਰੁ. 25,000/- (ਰੁ. ਪੱਚੀ ਹਜ਼ਾਰ ਕੇਵਲ) | |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ / ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ **https://abfl.adityabirlacapital** ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। **com/Pages/Individual/Properties-for-Auction-under-SARFAESI-Act.aspx ਜਾਂ https://BidDeal.in**

ਸੰਪਰਕ ਨੰਬਰ: ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਅਧਿਕਾਰਤ ਅਧਿਕਾਰੀ - 1) ਸ਼੍ਰੀ ਅਪੂਰਵਾ ਥਾਮਸ ਦੰਥੀ - **apoorva.danthi@adityabirlacapital.com,** ਮੋ. ਨੰ. 9930909725 ਤੁਸੀਂ ਨਜ਼ਦੀਕੀ ਸ਼ਾਖਾ 'ਤੇ ਵੀ ਜਾ ਸਕਦੇ ਹੋ ਜਾਂ ਆਦਿਤਿਆ ਬਿਰਲਾ ਫਾਇਨਾਂਸ ਲਿਮਟਿਡ ਨਾਲ ਸੰਪਰਕ ਕਰ ਸਕਦੇ ਹੋ 2) ਸ਼੍ਰੀ ਜਾਹਿਰੁਲ ਲਸਕਰ: (**Jahirul.Laskar@adityabirlacapital.com**) ਮੋ. ਨੰ. +91 97060 03075, 3) ਪ੍ਰਨੀਤ ਸਿੰਘ: (**parneet.singh@adityabirlacapital.com**) ਐਮ. ਨੰ. +91 97200 29337, 4) ਸ਼੍ਰੀ ਵੇਦ ਪ੍ਰਕਾਸ਼ ਮਿਸ਼ਰਾ (**vedprakash.mishra@adityabirlacapital.com**) ਮੋਬਾਈਲ। ਨੰ. 9004026790

**ਸਥਾਨ : ਲੁਧਿਆਣਾ, ਪੰਜਾਬ**
**ਮਿਤੀ : 29.06.2025**

**ਸਹੀ/-ਅਧਿਕਾਰਤ ਅਧਿਕਾਰੀ**
**ਆਦਿਤਯ ਬਿਰਲਾ ਕੈਪੀਟਲ ਲਿਮਟਿਡ**

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਆਯੁਰਵੇਦ ਮੁਤਾਬਕ ਹਮੇਸ਼ਾ ਬੈਠ ਕੇ ਪੀਓ ਪਾਣੀ

ਇਹ ਦੱਸਣ ਦੀ ਕੋਈ ਲੋੜ ਨਹੀਂ ਕਿ ਪਾਣੀ ਪੀਣਾ ਸਾਡੇ ਸਰੀਰ ਲਈ ਕਿੰਨਾ ਜ਼ਰੂਰੀ ਹੈ। ਪਰ ਸਿਰਫ਼ ਪਾਣੀ ਪੀਣਾ ਹੀ ਕਾਫ਼ੀ ਨਹੀਂ ਹੈ, ਸਹੀ ਮਾਤਰਾ ਅਤੇ ਸਹੀ ਤਰੀਕੇ ਨਾਲ ਪਾਣੀ ਪੀਣਾ ਵੀ ਓਨਾ ਹੀ ਜ਼ਰੂਰੀ ਹੈ। ਅੱਜਕੱਲ੍ਹ ਜ਼ਿਆਦਾਤਰ ਲੋਕ ਇਹ ਤਾਂ ਜਾਣਦੇ ਹਨ ਕਿ ਉਨ੍ਹਾਂ ਨੂੰ ਇੱਕ ਦਿਨ ਵਿੱਚ ਕਿੰਨਾ ਪਾਣੀ ਪੀਣਾ ਚਾਹੀਦਾ ਹੈ ਪਰ ਬਹੁਤ ਸਾਰੇ ਲੋਕਾਂ ਨੂੰ ਅਜੇ ਵੀ ਪਾਣੀ ਪੀਣ ਦਾ ਸਹੀ ਤਰੀਕਾ ਨਹੀਂ ਪਤਾ। ਜਦੋਂਕਿ ਆਯੁਰਵੇਦ ਮੁਤਾਬਕ ਜੇ ਪਾਣੀ ਸਹੀ ਤਰੀਕੇ ਨਾਲ ਪੀਤਾ ਜਾਵੇ, ਤਾਂ ਸਰੀਰ ਤੋਂ ਕਈ ਬੀਮਾਰੀਆਂ ਦੂਰ ਰਹਿੰਦੀਆਂ ਹਨ। ਹੁਣ ਜਦੋਂ ਪਾਣੀ ਸਾਡੀ ਜ਼ਿੰਦਗੀ ਦਾ ਇੰਨਾ ਮਹੱਤਵਪੂਰਨ ਹਿੱਸਾ ਹੈ, ਤਾਂ ਕਿਉਂ ਨਾ ਇਸ ਨੂੰ ਪੀਣ ਦਾ ਸਹੀ ਤਰੀਕਾ ਜਾਣਿਆ ਜਾਵੇ।



**ਬਹੁਤ ਜ਼ਿਆਦਾ ਠੰਡਾ ਪਾਣੀ ਨਾ ਪੀਓ:** ਆਯੁਰਵੇਦ ਮੁਤਾਬਕ ਬਹੁਤ ਜ਼ਿਆਦਾ ਠੰਡਾ ਪਾਣੀ ਪੀਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਬਹੁਤ ਜ਼ਿਆਦਾ ਠੰਡਾ ਪਾਣੀ ਪੀਣ ਨਾਲ ਕਬਜ਼ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ। ਗਰਮੀਆਂ ਵਿੱਚ ਫਰਿੱਜ ਦਾ ਠੰਡਾ ਪਾਣੀ ਤੁਹਾਨੂੰ ਰਾਹਤ ਦੇ ਸਕਦਾ ਹੈ ਪਰ ਇਹ ਸਿਹਤ ਲਈ ਚੰਗਾ ਨਹੀਂ ਹੈ। ਇਸ ਲਈ ਆਯੁਰਵੇਦ ਦੇ ਅਨੁਸਾਰ, ਹਮੇਸ਼ਾ ਕਮਰੇ ਦੇ ਤਾਪਮਾਨ 'ਤੇ ਰੱਖਿਆ ਪਾਣੀ ਪੀਣਾ ਚਾਹੀਦਾ ਹੈ। ਜੇ ਬਹੁਤ ਗਰਮੀ ਹੈ, ਤਾਂ ਤੁਸੀਂ ਮਿੱਟੀ ਦੇ ਘੜੇ ਵਿੱਚੋਂ ਥੋੜ੍ਹਾ ਜਿਹਾ ਠੰਡਾ ਪਾਣੀ ਪੀ ਸਕਦੇ ਹੋ ਜਾਂ ਤੁਸੀਂ ਫਰਿੱਜ ਦੇ ਠੰਡੇ ਪਾਣੀ ਵਿੱਚ ਥੋੜ੍ਹਾ ਜਿਹਾ ਆਮ ਪਾਣੀ ਮਿਲਾ ਕੇ ਪੀ ਸਕਦੇ ਹੋ।

**ਹਮੇਸ਼ਾ ਬੈਠ ਕੇ ਪਾਣੀ ਪੀਓ :** ਆਯੁਰਵੇਦ ਮੁਤਾਬਕ ਪਾਣੀ ਕਦੇ ਵੀ ਖੜ੍ਹੇ ਹੋ ਕੇ ਨਹੀਂ ਪੀਣਾ ਚਾਹੀਦਾ। ਦਰਅਸਲ, ਜਦੋਂ ਤੁਸੀਂ ਖੜ੍ਹੇ ਹੋ ਕੇ ਪਾਣੀ ਪੀਂਦੇ ਹੋ, ਤਾਂ ਸਰੀਰ ਇਸ ਨੂੰ ਸਹੀ ਢੰਗ ਨਾਲ ਸੋਖ ਨਹੀਂ ਸਕਦਾ। ਇਸ ਨਾਲ ਗੁਰਦਿਆਂ 'ਤੇ ਵਾਧੂ ਦਬਾਅ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਜੋੜਾਂ ਵਿੱਚ ਦਰਦ ਹੋ ਸਕਦਾ ਹੈ। ਇਸ ਲਈ ਹਮੇਸ਼ਾ ਆਰਾਮ ਨਾਲ ਬੈਠ ਕੇ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ।

**ਘੁੱਟ ਘੁੱਟ ਕੇ ਪਾਣੀ ਪੀਓ :** ਜਲਦੀ ਵਿੱਚ, ਲੋਕ ਅਕਸਰ ਇੱਕੋ ਵਾਰ ਵਿੱਚ ਬਹੁਤ ਸਾਰਾ ਪਾਣੀ ਗਟਕ ਜਾਂਦੇ ਹਨ। ਜਦੋਂਕਿ ਆਯੁਰਵੇਦ ਮੁਤਾਬਕ ਇਹ ਬਿਲਕੁਲ ਵੀ ਚੰਗੀ ਆਦਤ ਨਹੀਂ ਹੈ। ਆਯੁਰਵੇਦ ਵਿੱਚ ਖਾਣਾ ਖਾਂਦੇ ਸਮੇਂ ਪਾਣੀ ਪੀਣ ਦੀ ਸਲਾਹ ਦਿੱਤੀ ਗਈ ਹੈ। ਇਸ ਦਾ ਮਤਲਬ ਹੈ ਪਾਣੀ ਨੂੰ ਘੁੱਟ-ਘੁੱਟ ਭਰ ਕੇ ਪੀਓ ਜਿਵੇਂ ਤੁਸੀਂ ਇਸ ਨੂੰ ਚਬਾ ਰਹੇ ਹੋ। ਜਿੰਨਾ ਜ਼ਿਆਦਾ ਸਮਾਂ ਤੁਸੀਂ ਪਾਣੀ ਪੀਣ ਲਈ ਲੈਂਦੇ ਹੋ, ਓਨਾ ਹੀ ਇਹ ਤੁਹਾਡੇ ਲਈ ਫਾਇਦੇਮੰਦ ਹੁੰਦਾ ਹੈ। ਇਸ ਕਾਰਨ ਮੂੰਹ ਦਾ ਪਾਣੀ ਅਤੇ ਲਾਰ ਚੰਗੀ ਤਰ੍ਹਾਂ ਮਿਲ ਜਾਂਦੇ ਹਨ, ਜੋ ਪੇਟ ਲਈ ਬਹੁਤ ਫਾਇਦੇਮੰਦ ਹੁੰਦਾ ਹੈ।

**ਖਾਣਾ ਖਾਣ ਤੋਂ ਤੁਰੰਤ ਪਹਿਲਾਂ ਅਤੇ ਬਾਅਦ ਵਿੱਚ ਪਾਣੀ ਨਾ ਪੀਓ:** ਆਯੁਰਵੇਦ ਮੁਤਾਬਕ ਖਾਣਾ ਖਾਣ ਤੋਂ ਤੁਰੰਤ ਪਹਿਲਾਂ ਜਾਂ ਬਾਅਦ ਵਿਚ ਪਾਣੀ ਪੀਣ ਨਾਲ ਪੇਟ ਦੀ ਅਗਨੀ ਕਮਜ਼ੋਰ ਹੋ ਜਾਂਦੀ ਹੈ। ਇਹ ਅਗਨੀ ਭੋਜਨ ਨੂੰ ਤੋੜਦੀ ਹੈ ਅਤੇ ਇਸਨੂੰ ਹਜ਼ਮ ਕਰਦੀ ਹੈ। ਅਗਨੀ ਦੇ ਕਮਜ਼ੋਰ ਹੋਣ ਨਾਲ ਪਾਚਨ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਜਿਵੇਂਕਿ ਪੇਟ ਫੁੱਲਣਾ, ਗੈਸ, ਐਸੀਡਿਟੀ ਅਤੇ ਪੇਟ ਦਰਦ ਆਦਿ। ਇਸ ਲਈ ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਅਤੇ ਖਾਣਾ ਖਾਣ ਤੋਂ ਇੱਕ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ।

# ਟਰੰਪ ਵੱਲੋਂ ਕੈਨੇਡਾ ਨਾਲ ਵਪਾਰਕ ਚਰਚਾਵਾਂ ਨੂੰ ਖ਼ਤਮ ਕਰਨ ਦਾ ਐਲਾਨ

ਵਿਨੀਪੈਗ, 28 ਜੂਨ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਨਾਲ ਸਾਰੀਆਂ ਵਪਾਰਕ ਗੱਲਬਾਤ ਤੁਰੰਤ ਪ੍ਰਭਾਵ ਨਾਲ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਇਹ ਸਖ਼ਤ ਫ਼ੈਸਲਾ ਕੈਨੇਡਾ ਵੱਲੋਂ ਅਮਰੀਕੀ ਤਕਨੀਕੀ ਕੰਪਨੀਆਂ 'ਤੇ ਲਗਾਏ ਗਏ ਨਵੇਂ ਡਿਜੀਟਲ ਸੇਵਾਵਾਂ ਟੈਕਸ ਦੇ ਵਿਰੋਧ ਵਿੱਚ ਲਿਆ ਹੈ।ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਅਗਲੇ ਸੱਤ ਦਿਨਾਂ ਵਿੱਚ ਅਸੀਂ ਕੈਨੇਡਾ ਨੂੰ ਦੱਸਾਂਗੇ ਕਿ ਉਨ੍ਹਾਂ ਨੂੰ ਅਮਰੀਕਾ ਨਾਲ ਵਪਾਰ ਕਰਨ ਲਈ ਕਿਹੜਾ ਟੈਕਸ ਦੇਣਾ ਪਵੇਗਾ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ਕੈਨੇਡਾ ਵਪਾਰ ਕਰਨ ਲਈ ਬਹੁਤ ਮੁਸ਼ਕਲ ਦੇਸ਼ ਹੈ। ਸਾਲਾਂ ਤੋਂ, ਇਹ ਸਾਡੇ ਕਿਸਾਨਾਂ, ਡੇਅਰੀ ਉਤਪਾਦਾਂ 'ਤੇ 400% ਤੱਕ ਦੇ ਟੈਕਸ ਲਗਾ ਰਿਹਾ ਹੈ। ਹੁਣ ਕੈਨੇਡਾ ਆਪਣੇ ਡਿਜੀਟਲ ਸਰਵਿਸਿਜ਼ ਟੈਕਸ ਨੂੰ ਅੱਗੇ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਇਹ ਟੈਕਸ ਅਮਰੀਕਾ ਦੀਆਂ ਵੱਡੀਆਂ ਇੰਟਰਨੈੱਟ ਕੰਪਨੀਆਂ ਤੋਂ ਉਨ੍ਹਾਂ ਦੀ ਕੈਨੇਡਾ ਵਿੱਚ ਹੋ ਰਹੀ ਕਮਾਈ 'ਤੇ ਲਾਗੂ ਕੀਤਾ ਜਾਵੇਗਾ।" ਉਨ੍ਹਾਂ ਦੋਸ਼ ਲਾਇਆ ਕਿ ਕੈਨੇਡਾ ਯੂਰਪੀਅਨ ਯੂਨੀਅਨ (ਈਯੂ) ਦੀ ਨਕਲ ਕਰ ਰਿਹਾ ਹੈ।ਅਮਰੀਕਾ ਇਸ ਗੱਲ ਤੋਂ ਤਲਖ਼ੀ ਵਿਚ ਹੈ ਕਿ ਕੈਨੇਡਾ ਉਨ੍ਹਾਂ ਦੀਆਂ ਵੱਡੀਆਂ ਟੈੱਕ ਕੰਪਨੀਆਂ (ਜਿਵੇਂ ਕਿ ਗੂਗਲ, ਐਮਾਜ਼ੋਨ ਆਦਿ) ਉੱਤੇ ਟੈਕਸ ਲਗਾਉਣਾ ਚਾਹੁੰਦਾ ਹੈ, ਜਿਸ ਤੋਂ ਭਾਵ ਹੈ ਕਿ ਤਕਨੀਕੀ ਕੰਪਨੀਆਂ ਨੂੰ 30 ਜੂਨ ਤੋਂ ਟੈਕਸ ਦਾ ਭੁਗਤਾਨ ਕਰਨਾ ਸ਼ੁਰੂ ਕਰਨਾ ਪਵੇਗਾ ਅਤੇ ਇਹ 2022 'ਤੋਂ ਲਾਗੂ ਹੋਵੇਗਾ। ਇਸ ਨਾਲ ਅਮਰੀਕੀ ਕੰਪਨੀਆਂ ਕੋਲੋਂ ਮਹੀਨੇ ਦੇ ਅੰਤ ਤੱਕ 2 ਬਿਲੀਅਨ ਅਮਰੀਕੀ ਡਾਲਰ ਚਾਰਜ ਕੀਤੇ ਜਾ ਸਕਦੇ ਹਨ। ਹਾਲਾਂਕਿ ਟਰੰਪ ਦੇ ਬਿਆਨ ਤੋਂ ਬਾਅਦ ਕੈਨੇਡਾ ਤਰਫ਼ੋਂ ਹਾਲੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।




# ਪੰਜਾਬ ਦੇ ਖਿਡਾਰੀਆਂ ਨੂੰ ਹੁਣ ਪੰਜ ਸਾਲਾਂ ਤੋਂ ਲੰਬਿਤ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਮਿਲੇਗਾ

ਚੰਡੀਗੜ੍ਹ, 28 ਜੂਨ (ਚ.ਨ.ਸ.) : 2019 ਤੋਂ ਬਾਅਦ, ਪੰਜਾਬ ਦੇ ਖਿਡਾਰੀਆਂ ਨੂੰ ਹੁਣ 'ਮਹਾਰਾਜਾ ਰਣਜੀਤ ਸਿੰਘ' ਪੁਰਸਕਾਰ ਮਿਲੇਗਾ। ਪੰਜਾਬ ਖੇਡ ਵਿਭਾਗ ਨੇ 31 ਜੁਲਾਈ, 2025 ਤੋਂ ਪਹਿਲਾਂ ਆਨਲਾਈਨ ਅਪਲਾਈ ਕਰਨ ਲਈ ਇਕ ਪੱਤਰ ਜਾਰੀ ਕੀਤਾ ਹੈ। ਅਰਜ਼ੀ ਫ਼ਾਰਮ ਖੇਡ ਵਿਭਾਗ ਦੀ ਵੈਬਸਾਈਟ 'ਤੇ ਅਪਲੋਡ ਕੀਤਾ ਗਿਆ ਹੈ, ਜਿਸ ਨੂੰ ਖਿਡਾਰੀ ਚੰਡੀਗੜ੍ਹ ਦੇ ਡਾਇਰੈਕਟਰ ਸਪੋਰਟਸ ਦਫ਼ਤਰ ਨੂੰ ਭੇਜਣਗੇ।ਇਹ ਪੁਰਸਕਾਰ ਸਾਲ 2019 ਤੋਂ 2023 ਤੱਕ ਖਿਡਾਰੀਆਂ ਵਿਚ ਵੰਡਿਆ ਜਾਵੇਗਾ। ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇਨਾਮ ਦਿਤੇ ਜਾਣਗੇ। ਅਰਜ਼ੀਆਂ ਜੁਲਾਈ ਵਿਚ ਆਉਣਗੀਆਂ ਅਤੇ ਯੋਗਤਾ ਦੀ ਜਾਂਚ ਅਗਸਤ ਵਿਚ ਕੀਤੀ ਜਾਵੇਗੀ। ਖੇਡ ਵਿਭਾਗ ਪੁਰਸਕਾਰ ਲਈ ਨਾਮ ਦਾ ਫ਼ੈਸਲਾ ਕਰੇਗਾ ਅਤੇ ਫਿਰ ਪੁਰਸਕਾਰ ਇਕ ਸਾਂਝੇ ਸਮਾਰੋਹ ਵਿਚ ਦਿੱਤੇ ਜਾਣਗੇ।ਖੇਡ ਵਿਭਾਗ ਨੇ pbsports.punjab.gov.in ਸਾਈਟ 'ਤੇ ਅਰਜ਼ੀ ਫਾਰਮ ਅਪਲੋਡ ਕੀਤਾ ਹੈ। ਖਿਡਾਰੀ ਆਪਣੇ ਪ੍ਰੋਫ਼ਾਈਲ ਦੇ ਨਾਲ-ਨਾਲ ਵੱਖ-ਵੱਖ ਖੇਡ ਸਮਾਗਮਾਂ ਵਿਚ ਪ੍ਰਦਰਸ਼ਨ ਕਰਨਗੇ। ਪ੍ਰਦਰਸ਼ਨ ਚੰਡੀਗੜ੍ਹ ਸਥਿਤ ਖੇਡ ਵਿਭਾਗ ਦੇ ਦਫ਼ਤਰ ਨੂੰ ਭੇਜਣਾ ਪਵੇਗਾ। ਹਰੇਕ ਬਿਨੈਕਾਰ ਸਾਰੀਆਂ ਅਰਜ਼ੀਆਂ ਦੀ ਖੁਦ ਤਸਦੀਕ ਕਰੇਗਾ। ਖਿਡਾਰੀ ਨੂੰ ਹਲਫ਼ਨਾਮੇ ਵਿਚ ਲਿਖਣਾ ਪਵੇਗਾ ਕਿ ਉਸ ਨੇ ਜੋ ਜਾਣਕਾਰੀ ਦਿੱਤੀ ਹੈ ਉਹ ਸਹੀ ਹੈ।ਅਰਜ਼ੀ ਦੇਣ ਦੀ ਆਖਰੀ ਮਿਤੀ 31 ਜੁਲਾਈ 2025 ਹੈ। ਅਰਜ਼ੀਆਂ ਦੀ ਪਹਿਲਾਂ ਜਾਂਚ ਕੀਤੀ ਜਾਵੇਗੀ। ਖਿਡਾਰੀ ਨੂੰ ਯੋਗਤਾ ਪੂਰੀ ਕਰਨ ਤੋਂ ਬਾਅਦ ਹੀ ਪੁਰਸਕਾਰ ਮਿਲੇਗਾ। ਇਹ ਖੇਡ ਪੁਰਸਕਾਰ 1978 ਵਿਚ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਨਕਦ ਇਨਾਮ 21 ਹਜ਼ਾਰ ਰੁਪਏ ਸੀ। 1990 ਤੋਂ ਬਾਅਦ, ਇਹ ਵਾਰ-ਵਾਰ ਪੈਂਡਿੰਗ ਰਿਹਾ ਹੈ। ਕਈ ਸਾਲਾਂ ਤੋਂ ਪੁਰਸਕਾਰ ਵੰਡਿਆ ਨਹੀਂ ਜਾਂਦਾ। ਇਹ ਪੁਰਸਕਾਰ ਸਾਲ 1996 ਤੋਂ ਸਾਲ 2005 ਤਕ ਬੰਦ ਕਰ ਦਿਤਾ ਗਿਆ ਸੀ। ਹੁਣ ਪੁਰਸਕਾਰ ਵੰਡਿਆ ਜਾ ਰਿਹਾ ਹੈ।



# ਪੁਤਿਨ ਨੇ ਪੱਛਮੀ ਦੇਸ਼ਾਂ 'ਤੇ ਲਾਇਆ ਗੰਭੀਰ ਦੋਸ਼

ਮਾਸਕੋ, 28 ਜੂਨ (ਚ.ਨ.ਸ.) : ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੱਛਮੀ ਦੇਸ਼ਾਂ ਤੇ ਰੂਸ ਵਿੱਚ ਵੱਖਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਹੈ। ਪੁਤਿਨ ਨੇ ਬੇਲਾਰੂਸ ਦੀ ਰਾਜਧਾਨੀ ਮਿੰਸਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, ਜਿੰਨਾ ਚਿਰ ਇਸਲਾਮਿਕ ਸਟੇਟ (ਆਈਐਸ) ਰੂਸ ਵਿਰੁੱਧ ਕੰਮ ਕਰ ਰਿਹਾ ਸੀ, ਉਦੋਂ ਤੱਕ ਕਿਸੇ ਨੇ ਵੀ ਇਸ (ਆਈਐਸ) ਵੱਲ ਧਿਆਨ ਨਹੀਂ ਦਿੱਤਾ। ਅੱਜ ਵੀ ਮਾਸਕੋ ਵਿੱਚ ਧਮਾਕਿਆਂ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ, ਪਰ ਕੋਈ ਵੀ ਇਸ ਵੱਲ ਧਿਆਨ ਨਹੀਂ ਦੇ ਰਿਹਾ ਹੈ। ਸਭ ਕੁਝ ਠੀਕ ਹੈ, ਜਿੰਨਾ ਚਿਰ ਇਹ ਰੂਸ ਵਿਰੁੱਧ ਹੁੰਦਾ ਹੈ। ਉਨ੍ਹਾਂ ਕਿਹਾ, ਇਹ ਉਦੋਂ ਹੋਇਆ ਜਦੋਂ ਪੱਛਮ ਨੇ ਸਮੂਹਿਕ ਤੌਰ ਤੇ ਸਾਡੇ ਦੇਸ਼ ਵਿੱਚ ਵੱਖਵਾਦ ਨੂੰ ਉਤਸ਼ਾਹਿਤ ਕੀਤਾ ਅਤੇ ਰੂਸ ਵਿਰੁੱਧ ਲੜਾਈ ਵਿੱਚ ਅੱਤਵਾਦ ਵਰਗੇ ਹਥਿਆਰਾਂ ਦੀ ਵਰਤੋਂ ਕੀਤੀ।



# ਸੈਕਟਰ-26 ਮੰਡੀ ਵਿਖੇ ਕਬਜ਼ਿਆਂ 'ਤੇ ਸਫ਼ਾਈ ਮੁਹਿੰਮ ਚਲਾਈ

ਚੰਡੀਗੜ੍ਹ, 28 ਜੂਨ (ਚ.ਨ.ਸ.) : ਕੱਲ੍ਹ ਸਵੇਰੇ ਮੀਂਹ ਕਾਰਨ ਹੋਏ ਪਾਣੀ ਭਰਨ ਕਾਰਨ ਸੈਕਟਰ 26 ਮੰਡੀ ਚੰਡੀਗੜ੍ਹ ਵਿਖੇ ਸਫਾਈ ਸਮੱਸਿਆਵਾਂ ਅਤੇ ਸੰਚਾਲਨ ਸੰਬੰਧੀ ਰੁਕਾਵਟਾਂ ਦੇ ਮੱਦੇਨਜ਼ਰ, ਅੱਜ ਸੈਕਟਰ 26 ਮੰਡੀ ਵਿਖੇ ਇੱਕ ਸਾਂਝੀ ਕਬਜ਼ਿਆਂ ਅਤੇ ਸਫਾਈ ਮੁਹਿੰਮ ਚਲਾਈ ਗਈ। ਇਹ ਮੁਹਿੰਮ ਪ੍ਰਸ਼ਾਸਕ, ਮਾਰਕੀਟ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਚਲਾਈ ਗਈ ਅਤੇ ਇਸ ਮੁਹਿੰਮ ਦੀ ਨਿਗਰਾਨੀ ਸਕੱਤਰ, ਮਾਰਕੀਟ ਕਮੇਟੀ, ਚੰਡੀਗੜ੍ਹ ਦੁਆਰਾ ਕੀਤੀ ਗਈ। ਸਥਿਤੀ 'ਤੇ ਤੁਰੰਤ ਕਾਰਵਾਈ ਕਰਦੇ ਹੋਏ, ਮਾਰਕੀਟ ਕਮੇਟੀ, ਚੰਡੀਗੜ੍ਹ ਨੇ ਸਵੇਰੇ-ਸਵੇਰੇ ਸਫਾਈ ਠੇਕੇਦਾਰ ਦੇ ਸਟਾਫ ਦੇ ਨਾਲ ਆਪਣੇ ਸਟਾਫ ਨੂੰ ਤਾਇਨਾਤ ਕੀਤਾ ਤਾਂ ਜੋ ਮੀਂਹ ਕਾਰਨ ਹੋਏ ਪਾਣੀ ਭਰਨ ਅਤੇ ਅਸ਼ੁੱਧ ਸਥਿਤੀਆਂ ਨੂੰ ਸਾਫ਼ ਕੀਤਾ ਜਾ ਸਕੇ। ਮੰਡੀ ਦੇ ਅੰਦਰ ਅਣਅਧਿਕਾਰਤ ਕਬਜ਼ਿਆਂ ਨੂੰ ਹਟਾਉਣ ਅਤੇ ਪੂਰੇ ਖੇਤਰ ਦੀ ਪੂਰੀ ਤਰ੍ਹਾਂ ਸਫਾਈ ਨੂੰ ਯਕੀਨੀ ਬਣਾਉਣ ਲਈ ਇੱਕ ਤਾਲਮੇਲ ਵਾਲਾ ਯਤਨ ਸ਼ੁਰੂ ਕੀਤਾ ਗਿਆ।ਪ੍ਰਭਾਵਸ਼ੀਲਤਾ ਅਤੇ ਸਮੇਂ ਸਿਰ ਕਾਰਵਾਈ ਨੂੰ ਯਕੀਨੀ ਬਣਾਉਣ ਲਈ, ਸਫਾਈ ਠੇਕੇਦਾਰ ਨੇ ਮੁਹਿੰਮ ਲਈ ਵਾਧੂ ਮਨੁੱਖੀ ਸ਼ਕਤੀ ਅਤੇ ਮਸ਼ੀਨਰੀ ਤਾਇਨਾਤ ਕੀਤੀ। ਇਸ ਮੁਹਿੰਮ ਦਾ ਉਦੇਸ਼ ਮੰਡੀ ਵਿੱਚ ਸਾਮਾਨ ਅਤੇ ਪੈਦਲ ਯਾਤਰੀਆਂ ਦੀ ਸੁਚਾਰੂ ਆਵਾਜਾਈ ਨੂੰ ਬਹਾਲ ਕਰਨਾ ਸੀ, ਨਾਲ ਹੀ ਜਨਤਕ ਸਿਹਤ ਅਤੇ ਸਫਾਈ ਨੂੰ ਯਕੀਨੀ ਬਣਾਉਣਾ ਸੀ। ਮੁੱਖ ਸੜਕਾਂ ਤੋਂ ਕਬਜ਼ੇ ਵਾਲੇ ਵਿਕਰੇਤਾਵਾਂ ਨੂੰ ਹਟਾਇਆ ਗਿਆ, ਅਤੇ ਡਰੇਨੇਜ਼ ਦੇ ਕੰਮ ਅਤੇ ਕੂੜਾ-ਕਰਕਟ ਅਤੇ ਚਿੱਕੜ ਹਟਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਮਾਰਕੀਟ ਕਮੇਟੀ ਮੰਡੀ ਵਿੱਚ ਸਫਾਈ ਅਤੇ ਵਿਵਸਥਾ ਬਣਾਈ ਰੱਖਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ ਅਤੇ ਸਾਰੇ ਵਿਕਰੇਤਾਵਾਂ ਅਤੇ ਹਿੱਸੇਦਾਰਾਂ ਨੂੰ ਮੰਡੀ ਨੂੰ ਸਾਫ਼, ਪਹੁੰਚਯੋਗ ਅਤੇ ਕਬਜ਼ੇ ਤੋਂ ਮੁਕਤ ਰੱਖਣ ਵਿੱਚ ਆਪਣਾ ਸਹਿਯੋਗ ਦੇਣ ਦੀ ਅਪੀਲ ਕਰਦੀ ਹੈ।



# ਜਾਪਾਨ 'ਚ ਟਵਿੱਟਰ ਕਿਲਰ ਨੂੰ ਦਿੱਤੀ ਫਾਂਸੀ, 8 ਔਰਤਾਂ ਸਮੇਤ 9 ਲੋਕਾਂ ਦਾ ਕੀਤਾ ਸੀ ਕਤਲ

## 'ਟਵਿੱਟਰ' 'ਤੇ ਖ਼ੁਦਕੁਸ਼ੀ ਦੀ ਇੱਛਾ ਜਾਹਰ ਕਰਨ ਵਾਲਿਆਂ ਦਾ ਕਰਦਾ ਸੀ ਕਤਲ

ਟੋਕੀਓ, 28 ਜੂਨ (ਚ.ਨ.ਸ.) : ਟੋਕੀਓ ਨੇੜੇ ਆਪਣੇ ਅਪਾਰਟਮੈਂਟ ਵਿੱਚ ਨੌਂ ਲੋਕਾਂ ਦੀ ਹੱਤਿਆ ਕਰਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ-ਟੁਕੜੇ ਕਰਨ ਦੇ ਦੋਸ਼ੀ ਇੱਕ ਜਾਪਾਨੀ ਵਿਅਕਤੀ ਨੂੰ ਸ਼ੁੱਕਰਵਾਰ ਨੂੰ ਫਾਂਸੀ ਦੇ ਦਿੱਤੀ ਗਈ। ਨਿਆਂ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। 'ਟਵਿੱਟਰ ਕਿਲਰ' ਵਜੋਂ ਜਾਣੇ ਜਾਂਦੇ ਤਾਕਾਹਿਰੋ ਸ਼ਿਰਾਸ਼ੀ ਨੂੰ 2017 ਵਿੱਚ ਨੌਂ ਲੋਕਾਂ ਦੀ ਹੱਤਿਆ ਦੇ ਦੋਸ਼ ਵਿੱਚ 2020 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਘਟਨਾ ਵਿੱਚ ਮਾਰੇ ਗਏ ਜ਼ਿਆਦਾਤਰ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਖ਼ੁਦਕੁਸ਼ੀ ਦੇ ਵਿਚਾਰ ਪੋਸਟ ਕੀਤੇ ਸਨ। ਸ਼ਿਰਾਸ਼ੀ ਨੂੰ ਉਨ੍ਹਾਂ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਵੀ ਦੋਸ਼ੀ ਠਹਿਰਾਇਆ ਗਿਆ ਜਿਨ੍ਹਾਂ ਨੂੰ ਉਸਨੇ ਮਾਰਿਆ ਸੀ।ਇਹ ਫਾਂਸੀ ਅਜਿਹੇ ਸਮੇਂ ਦਿੱਤੀ ਗਈ ਹੈ ਜਦੋਂ ਦੁਨੀਆ ਦੇ ਸਭ ਤੋਂ ਲੰਬੇ ਸਮੇਂ ਤੱਕ ਮੌਤ ਦੀ ਸਜ਼ਾ ਕੱਟ ਰਹੇ ਦੋਸ਼ੀ ਇਵਾਓ ਹਾਕਾਮਾਦਾ ਨੂੰ ਪਿਛਲੇ ਸਾਲ ਬਰੀ ਕੀਤੇ ਜਾਣ ਤੋਂ ਬਾਅਦ ਜਾਪਾਨ ਵਿੱਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਦੀਆਂ ਮੰਗਾਂ ਵੱਧ ਰਹੀਆਂ ਹਨ। ਸ਼ਿਰਾਸ਼ੀ ਨੂੰ ਟੋਕੀਓ ਡਿਟੈਂਸ਼ਨ ਹਾਊਸ ਵਿੱਚ ਵੱਧ ਤੋਂ ਵੱਧ ਸੁਰੱਖਿਆ ਹੇਠ ਫਾਂਸੀ ਦਿੱਤੀ ਗਈ। ਪੁਲਿਸ ਨੇ 2017 ਵਿੱਚ ਸ਼ਿਰਾਸ਼ੀ ਨੂੰ ਉਸਦੇ ਅਪਾਰਟਮੈਂਟ ਦੇ ਕੋਲਡ-ਸਟੋਰੇਜ ਵਿੱਚੋਂ ਅੱਠ ਔਰਤਾਂ ਅਤੇ ਇੱਕ ਆਦਮੀ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ। ਜਾਂਚਕਰਤਾਵਾਂ ਨੇ ਕਿਹਾ ਕਿ ਸ਼ਿਰਾਸ਼ੀ ਨੇ ਟਵਿੱਟਰ (ਹੁਣ ਐਕਸ) ਰਾਹੀਂ ਇਨ੍ਹਾਂ ਲੋਕਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਖ਼ੁਦਕੁਸ਼ੀ ਕਰਨ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕੀਤੀ। ਉਸਨੇ ਅੱਠ ਔਰਤਾਂ ਨਾਲ ਬਲਾਤਕਾਰ ਕੀਤਾ ਅਤੇ ਉਨ੍ਹਾਂ ਦਾ ਕਤਲ ਕਰ ਦਿੱਤਾ, ਇਨ੍ਹਾਂ ਵਿੱਚੋਂ ਇਕ ਮਹਿਲਾ ਦੇ ਪ੍ਰੇਮੀ ਨੌਜਵਾਨ ਨੂੰ ਵੀ ਮੌਤ ਦੇ ਘਾਟ ਉਤਾਰ ਦਿਤਾ। ਜਪਾਨ ਦੁਨੀਆ ਵਿੱਚ ਸਭ ਤੋਂ ਵੱਧ ਖ਼ੁਦਕੁਸ਼ੀ ਦਰਾਂ ਵਿੱਚੋਂ ਇੱਕ ਹੈ। ਹਾਲ ਹੀ ਵਿੱਚ ਆਈ ਗਿਰਾਵਟ ਤੋਂ ਬਾਅਦ, ਖ਼ੁਦਕੁਸ਼ੀਆਂ ਦੇ ਮਾਮਲੇ ਫਿਰ ਤੋਂ ਵਧੇ ਹਨ। ਜਪਾਨ ਵਿੱਚ ਅਪਰਾਧ ਦਰ ਮੁਕਾਬਲਤਨ ਘੱਟ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਕੁਝ ਵੱਡੇ ਸਮੂਹਿਕ ਕਤਲ ਦੀਆਂ ਘਟਨਾਵਾਂ ਵਾਪਰੀਆਂ ਹਨ।



# ਜੇਨੇਰਾਲੀ ਅਤੇ ਸੈਂਟ੍ਰਲ ਬੈਂਕ ਆਫ ਇੰਡੀਆ ਦੇ ਵਿਚਕਾਰ ਭਾਰਤ 'ਚ ਨਵੀਂ ਸੰਯੁਕਤ ਸਾਂਝੇਦਾਰੀ

ਲੁਧਿਆਣਾ, 28 ਜੂਨ (ਚ.ਨ.ਸ.) : ਜੇਨੇਰਾਲੀ ਨੇ ਅੱਜ ਭਾਰਤ 'ਚ ਸੈਂਟ੍ਰਲ ਬੈਂਕ ਆਫ ਇੰਡੀਆ ਨੂੰ ਆਪਣਾ ਨਵਾਂ ਸੰਯੁਕਤ ਉਦਮ ਸਾਂਝੇਦਾਰ ਐਲਾਨਿਆ ਹੈ । ਸੈਂਟ੍ਰਲ ਬੈਂਕ ਆਫ ਇੰਡੀਆ ਭਾਰਤ ਦੇ ਸਭ ਤੋਂ ਪੁਰਾਣੇ ਸਰਵਜਨਿਕ ਖੇਤਰ ਦੇ ਬੈਂਕਾਂ 'ਚੋਂ ਇੱਕ ਹੈ, ਜਿਸਦੀ ਸਥਾਪਨਾ 1911 'ਚ ਹੋਈ ਸੀ, ਬੈਂਕ ਦੀ ਬਜ਼ਾਰ ਪੂੰਜੀਕਰਨ 46,100 ਕਰੋੜ ਰੁਪਏ ਹੈ ਅਤੇ ਇਸਦਾ ਡਿਸਟ੍ਰੀਬਿਊਸ਼ਨ ਨੈਟਵਰਕ 4500 ਨਾਲੋਂ ਜ਼ਿਆਦਾ ਬ੍ਰਾਂਚਾਂ ਦੇ ਮਾਧਿਅਮ ਨਾਲ 8 ਕਰੋੜ ਨਾਲੋਂ ਜ਼ਿਆਦਾ ਗ੍ਰਾਹਕਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ । ਸੈਂਟ੍ਰਲ ਬੈਂਕ ਆਫ ਇੰਡੀਆ ਦੇ ਨਾਲ ਇਹ ਸਾਂਝੇਦਾਰੀ ਜੇਨੇਰਾਲੀ ਦੀ ਬਜ਼ਾਰ ਮੌਜੂਦਗੀ ਨੂੰ ਹੋਰ ਮਜਬੂਤ ਕਰੇਗੀ, ਜਿਸ ਨਾਲ ਕੰਪਨੀ ਦੀ ਬ੍ਰਾਂਡ ਪਛਾਣ ਦੇ ਨਾਲ ਜੀਵਨ ਬੀਮਾ, ਸੰਪੱਤੀ ਅਤੇ ਦੁਰਘਟਨਾਂ ਬੀਮਾ ਦੋਵਾਂ ਖੇਤਰਾਂ 'ਚ ਡਿਸਟ੍ਰੀਬਿਊਸ਼ਨ ਸਮਰੱਥਾਵਾਂ ਮਜਬੂਤ ਹੋਣਗੀਆਂ । ਜੇਮੀ ਏਾਚੁਸਟੇਗੁਈ, ਡਿਪਟੀ ਸੀਈਓ ਇੰਸ਼ੋਰੈਂਸ, ਜੇਨੇਰਾਲੀ ਗਰੁੱਪ ਨੇ ਕਿਹਾ, ਸਾਨੂੰ ਇਹ ਐਲਾਨ ਕਰਦੇ ਹੋਏ ਬਹੁਤ ਜਿਆਦਾ ਖੁਸ਼ੀ ਹੋ ਰਹੀ ਹੈ ਕਿ ਅਸੀਂ ਭਾਰਤ 'ਚ ਆਪਣੇ ਕਾਰੋਬਾਰ ਦੇ ਇਸ ਨਵੇਂ ਅਧਿਆਏ ਦੀ ਸ਼ੁਰੂਆਤ ਸੈਂਟ੍ਰਲ ਬੈਂਕ ਆਫ ਇੰਡੀਆ ਦੇ ਨਾਲ ਕਰ ਰਹੇ ਹਾਂ, ਜਿਹੜਾ ਇੱਕ ਬਹੁਤ ਜ਼ਿਆਦਾ ਮਜਬੂਤ ਅਤੇ ਮਸ਼ਹੂਰ ਸਥਾਨਕ ਸਾਂਝੇਦਾਰ ਹੈ । ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਸਾਂਝੇਦਾਰੀ ਭਾਰਤ ਜਿਹੇ ਬਹੁਤ ਸੰਭਾਵਨਾਵਾਂ ਵਾਲੇ ਬਜ਼ਾਰ 'ਚ ਜੇਨੇਰਾਲੀ ਦੀ ਮੌਜੂਦਗੀ ਨੂੰ ਹੋਰ ਵਿਆਪਕ ਰੂਪ ਨਾਲ ਸਥਾਪਿਤ ਕਰਨ 'ਚ ਸਹਾਇਕ ਹੋਵੇਗੀ, ਇਹ ਸਾਡੀ ਰਣਨੀਤੀ ਲਾਈਫਟਾਈਮ ਪਾਰਟਨਰ 27: ਡਰਾਈਵਿੰਗ ਐਕਸੀਲੈਂਸ ਦੇ ਅਨੁਰੂਪ ਹੈ, ਜਿਹੜੀ ਸਾਡੀ ਮੁੱਖ ਸਮਰੱਥਾਵਾਂ 'ਤੇ ਕੇਂਦਰਿਤ ਰਹਿੰਦੇ ਹੋਏ ਚੁਣਿੰਦਾ ਪ੍ਰਮੁੱਖ ਭੂਗੋਲਿਕ ਖੇਤਰਾਂ ਚ ਵਾਧੇ ਨੂੰ ਟਾਰਗੇਟਡ ਕਰਦੀ ਹੈ । ਜੇਨੇਰਾਲੀ ਗਰੁੱਪ ਦੇ ਏਸ਼ੀਆ ਖੇਤਰੀ ਅਧਿਕਾਰੀ ਰੌਬ ਲਿਓਨਾਰਡੀ ਨੇ ਕਿਹਾ, ਇਹ ਸਾਂਝੇਦਾਰੀ ਭਾਰਤ 'ਚ ਸਾਡੇ ਵਪਾਰ ਦੇ ਪ੍ਰਤੀ ਮਜਬੂਤ ਵਿਸ਼ਵਾਸ ਦਾ ਸੰਕੇਤ ਹੈ । ਸੈਂਟ੍ਰਲ ਬੈਂਕ ਆਫ ਇੰਡੀਆ ਦੇ ਨਾਲ ਕੰਮ ਕਰਨਾ ਜੇਨੇਰਾਲੀ ਦੇ ਲਈ ਇੱਕ ਮਹੱਤਵਪੂਰਨ ਵਿਕਾਸਸ਼ੀਲ ਬਜ਼ਾਰ ਚ ਮਜਬੂਤੀ ਨੂੰ ਅੱਗੇ ਵਧਾਉਣ ਦਾ ਮੌਕਾ ਹੈ, ਅਤੇ ਇਹ ਸਾਂਝੇਦਾਰੀ ਸਾਡੀ ਨਵੀਂ ਰਣਨੀਤਕ ਯੋਜਨਾਂ ਦੀ ਸ਼ੁਰੂਆਤ ਦੇ ਬਾਅਦ ਬਿਲਕੁਲ ਸਹੀ ਸਮੇਂ ਤੇ ਹੋਈ ਹੈ । ਸਾਡੀਆਂ ਸਾਂਝੀਆਂ ਸਮਰੱਥਾਵਾਂ ਸਾਡੇ ਲਾਈਫਟਾਈਮ ਪਾਰਟਨਰ ਦ੍ਰਿਸ਼ਟੀਕੋਣ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਦੀ ਪੂਰੀ ਸਮਰੱਥਾ ਰੱਖਦੀ ਹੈ ਚਾਹੇ ਉਹ ਬ੍ਰਾਂਡ ਦੀ ਬਿਹਤਰ ਪਛਾਣ ਹੋਵੇ ਜਾਂ ਡਿਸਟ੍ਰੀਬਿਊਸ਼ਨ ਸਮਰੱਥਾਵਾਂ ਚ ਜਿਕਰਯੋਗ ਵਾਧਾ, ਇਹ ਸਭ ਸਾਡੀ ਮਜਬੂਤ ਰਣਨੀਤੀ ਦੁਆਰਾ ਸਮਰਥਿਤ ਹੈ ।



# ਸਿਵਲ ਡਿਫੈਂਸ ਵਲੰਟੀਅਰਾਂ ਨੇ ਪ੍ਰਾਪਤ ਕੀਤੀ ਮਿਆਰੀ ਪ੍ਰੋਟੋਕੋਲ ਅਤੇ ਓਰੀਐਂਟੇਸ਼ਨ ਦੀ ਸਿਖਲਾਈ

ਚੰਡੀਗੜ੍ਹ, 28 ਜੂਨ (ਅੰਮ੍ਰਿਤਪਾਲ ਸਿੰਘ) : ਸਿਵਲ-ਫੌਜੀ ਸਹਿਯੋਗ ਨੂੰ ਵਧਾਉਣ ਅਤੇ ਐਮਰਜੈਂਸੀ ਸਹਾਇਤਾ ਦੀ ਤਿਆਰੀ ਲਈ ਸਥਾਨਕ ਸਮਰੱਥਾ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ, 165 ਸਿਵਲ ਡਿਫੈਂਸ ਵਲੰਟੀਅਰਾਂ ਦੇ ਪਹਿਲੇ ਬੈਚ ਨੇ ਭਾਰਤੀ ਫੌਜ ਦੁਆਰਾ ਮੁੱਖ ਦਫਤਰ ਪੱਛਮੀ ਕਮਾਂਡ ਦੀ ਅਗਵਾਈ ਹੇਠ ਆਯੋਜਿਤ ਇੱਕ ਢਾਂਚਾਗਤ ਓਰੀਐਂਟੇਸ਼ਨ ਅਤੇ ਐਕਸਪੋਜ਼ਰ ਪ੍ਰੋਗਰਾਮ ਲਈ ਚੰਡੀਮੰਦਰ ਮਿਲਟਰੀ ਸਟੇਸ਼ਨ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਵਲੰਟੀਅਰਾਂ ਨੂੰ ਰਾਸ਼ਟਰੀ ਸੁਰੱਖਿਆ ਅਤੇ ਮਾਨਵਤਾਵਾਦੀ ਸਹਾਇਤਾ ਵਿੱਚ ਭਾਰਤੀ ਫੌਜ ਦੀ ਬਹੁਪੱਖੀ ਭੂਮਿਕਾ ਤੋਂ ਜਾਣੂ ਕਰਵਾਉਣਾ ਸੀ, ਜਦੋਂ ਕਿ ਐਮਰਜੈਂਸੀ/ਸੰਕਟ ਪ੍ਰਤੀਕਿਰਿਆ ਦੌਰਾਨ ਸਿਵਲ-ਫੌਜੀ ਤਾਲਮੇਲ ਵਿਧੀਆਂ ਅਤੇ ਸਿਵਲ ਅਧਿਕਾਰੀਆਂ ਨੂੰ ਸਹਾਇਤਾ ਬਾਰੇ ਉਨ੍ਹਾਂ ਦੀ ਸਮਝ ਨੂੰ ਹੋਰ ਵਧਾਉਣਾ ਸੀ। ਪ੍ਰੋਗਰਾਮ ਦੋ ਸ਼ਕਤੀਸ਼ਾਲੀ ਪ੍ਰੇਰਣਾਦਾਇਕ ਫਿਲਮਾਂ ਦੀ ਸਕ੍ਰੀਨਿੰਗ ਨਾਲ ਸ਼ੁਰੂ ਹੋਇਆ - ਇੱਕ ਨੇ ਪੱਛਮੀ ਕਮਾਂਡ ਦੇ ਸ਼ਾਨਦਾਰ ਇਤਿਹਾਸ ਅਤੇ ਵਿਰਾਸਤ ਨੂੰ ਦਰਸਾਇਆ, ਅਤੇ ਦੂਜੀ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਪੱਛਮੀ ਕਮਾਂਡ ਅਤੇ ਭਾਰਤੀ ਫੌਜ ਦੁਆਰਾ ਪ੍ਰਦਰਸ਼ਿਤ ਸੰਚਾਲਨ ਉੱਤਮਤਾ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਚੰਡੀਮੰਦਰ ਮਿਲਟਰੀ ਸਟੇਸ਼ਨ ਵਿਖੇ ਫੌਜ ਦੀਆਂ ਇਕਾਈਆਂ ਨਾਲ ਇੰਟਰਐਕਟਿਵ ਸੈਸ਼ਨ ਹੋਏ, ਜਿੱਥੇ ਵਲੰਟੀਅਰਾਂ ਨੂੰ ਸੰਯੁਕਤ ਤਾਲਮੇਲ ਅਭਿਆਸਾਂ, ਨਕਲੀ ਆਫ਼ਤ ਪ੍ਰਤੀਕਿਰਿਆ ਅਭਿਆਸਾਂ ਅਤੇ ਮਾਨਵਤਾਵਾਦੀ ਸਹਾਇਤਾ ਅਤੇ ਆਫ਼ਤ ਰਾਹਤ ਕਾਰਜਾਂ ਦੌਰਾਨ ਮਿਆਰੀ ਪ੍ਰੋਟੋਕੋਲ ਬਾਰੇ ਜਾਣਕਾਰੀ ਦਿੱਤੀ ਗਈ।ਸਰੀਰਕ ਤੰਦਰੁਸਤੀ ਦੀ ਮਹੱਤਤਾ ਨੂੰ ਸਮਝਣ ਲਈ, ਸਾਰੇ ਵਲੰਟੀਅਰਾਂ ਨੂੰ ਫੌਜ ਦੇ ਟ੍ਰੇਨਰਾਂ ਦੁਆਰਾ ਇੱਕ ਚੰਗੀ ਤਰ੍ਹਾਂ ਤਿਆਰ ਕੀਤੀ ਗਈ ਮੁੱਢਲੀ ਸਰੀਰਕ ਮੁਲਾਂਕਣ ਰੁਟੀਨ ਨਾਲ ਜਾਣੂ ਕਰਵਾਇਆ ਗਿਆ, ਜੋ ਸੰਕਟ ਪ੍ਰਤੀਕਿਰਿਆ ਦੌਰਾਨ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਤਿਆਰੀ ਦੀ ਜ਼ਰੂਰਤ ਨੂੰ ਮਜ਼ਬੂਤ ਕਰਦਾ ਹੈ। ਸਿਵਲ ਡਿਫੈਂਸ ਵਲੰਟੀਅਰਾਂ ਨੂੰ ਭਾਰਤੀ ਫੌਜ ਦੁਆਰਾ ਵਰਤੇ ਜਾਣ ਵਾਲੇ ਅਤਿ-ਆਧੁਨਿਕ ਲੜਾਈ ਆਫ਼ਤ ਰਾਹਤ ਪਲੇਟਫਾਰਮਾਂ ਅਤੇ ਫੌਜੀ ਹਥਿਆਰਾਂ ਅਤੇ ਉਪਕਰਣਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਸਮਾਗਮ ਰਾਹੀਂ ਸਿਵਲ-ਮਿਲਟਰੀ ਤਾਲਮੇਲ ਨੂੰ ਮਜ਼ਬੂਤ ਕਰਨ, ਰਾਸ਼ਟਰੀ ਲਚਕੀਲੇਪਣ ਵਿੱਚ ਸਿਵਲ ਡਿਫੈਂਸ ਦੀ ਭੂਮਿਕਾ ਨੂੰ ਮਜ਼ਬੂਤ ਕਰਨ, ਅਤੇ ਰਾਸ਼ਟਰੀ ਲੋੜ ਦੇ ਸਮੇਂ ਵਿੱਚ ਫੋਰਸ ਮਲਟੀਪਲਾਇਰ ਵਜੋਂ ਸੇਵਾ ਕਰਨ ਲਈ ਵਲੰਟੀਅਰਾਂ ਨੂੰ ਪ੍ਰੇਰਿਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਦੀ ਸ਼ੁਰੂਆਤ ਹੋਈ।



# ਵਿਆਹ ਬੰਧਨ 'ਚ ਬੱਝੇ ਐਮਾਜ਼ਾਨ ਦੇ ਸੰਸਥਾਪਕ ਜੈਫ਼ ਬੈਜ਼ੋਸ

ਵੇਨਿਸ, 28 ਜੂਨ (ਚ.ਨ.ਸ.) : ਦੁਨੀਆ ਦੀ ਧਾਕੜ ਕੰਪਨੀ ਐਮਾਜ਼ਾਨ ਦੇ ਸੰਸਥਾਪਕ ਜੈੱਫ ਬੇਜ਼ੋਸ (61) ਆਪਣੀ ਮੰਗੇਤਰ ਜਰਨਲਿਸਟ ਲਾਰੇਨ ਸਾਂਚੇਜ (55) ਨਾਲ ਵਿਆਹ ਦੇ ਬੰਧਨ 'ਚ ਬੱਝ ਚੁੱਕੇ ਹਨ। ਇਸ ਵਿਆਹ ਦੀ ਖਾਸ ਗੱਲ ਇਹ ਹੈ ਕਿ ਇਹ ਵਿਆਹ ਕਿਸੇ ਆਮ ਸਮਾਰੋਹ ਵਾਂਗ ਨਹੀਂ ਸੀ, ਸਗੋਂ ਇਸ ਵਿਆਹ 'ਤੇ ਲਗਭਗ 388 ਕਰੋੜ ਤੋਂ 464 ਕਰੋੜ ਰੁਪਏ ਦਾ ਖ਼ਰਚਾ ਆਉਣ ਦਾ ਅਨੁਮਾਨ ਜਤਾਇਆ ਜਾ ਰਿਹਾ ਹੈ। ਉੱਥੇ ਹੀ ਵਿਆਹ ਸਮਾਗਮ ਇਟਲੀ ਦੇ ਖ਼ੂਬਸੂਰਤ ਸ਼ਹਿਰ ਵੇਨਿਸ 'ਚ ਆਯੋਜਿਤ ਕਰਵਾਇਆ ਗਿਆ।ਇਸ ਹਾਈ-ਪ੍ਰੋਫਾਈਲ ਵਿਆਹ 'ਚ ਹਾਲੀਵੁੱਡ, ਬਿਜ਼ਨੈੱਸ, ਰਾਜਨੀਤੀ ਅਤੇ ਫਾਈਨਾਂਸ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਨੇ ਸ਼ਿਰਕਤ ਕੀਤੀ। ਲੱਗਭਗ 200 ਤੋਂ 250 ਵੀ.ਆਈ.ਪੀ. ਮਹਿਮਾਨਾਂ ਨੂੰ ਇਸ ਸਮਾਰੋਹ ਦਾ ਸੱਦਾ ਦਿੱਤਾ ਗਿਆ, ਜਿਨ੍ਹਾਂ 'ਚ ਓਪਰਾ ਵਿਨਫ੍ਰੇ, ਬਿਲ ਗੇਟਸ, ਕਿਮ ਕਰਦਾਸ਼ੀਆਂ, ਓਰਲੈਂਡੋ ਬਲੂਮ, ਕਵੀਨ ਆਫ਼ ਜਾਰਡਨ, ਇਵਾਂਕਾ ਟਰੰਪ, ਜਾਰੇਡ ਕੁਸ਼ਨਰ, ਲਿਓਨਾਰਡੋ ਡੀਕੈਪ੍ਰਿਓ, ਮਿਕ ਜੈਗਰ ਵਰਗੀਆਂ ਸ਼ਖ਼ਸੀਅਤਾਂ ਸ਼ਾਮਲ ਹਨ।



# ਸੁਖਵਿੰਦਰ ਸਿੰਘ ਸੋਨੂ ਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ

ਚੰਡੀਗੜ੍ਹ, 28 ਜੂਨ (ਚ.ਨ.ਸ.) : ਸੁਖਵਿੰਦਰ ਸਿੰਘ ਜੋ ਸੋਨੂੰ ਪ੍ਰਧਾਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਕਿਸੇ ਵੀ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਅੱਜ ਕੱਲ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਹਨਾਂ ਦਾ ਬਹੁਤ ਵੱਡਾ ਸਥਾਨ ਹੈ, ਇਸ ਕਰਕੇ ਵਰਡ ਕਲਚਰਲ ਇਨਵਾਇਰਮੈਂਟ ਪ੍ਰੋਟੈਕਸ਼ਨ ਕਮਿਸ਼ਨ ਵੱਲੋਂ ਇਸ ਸ਼ਖ਼ਸੀਅਤ ਨੂੰ 28 ਜੂਨ ਦਿਲੀ ਵਿਖੇ ਸੰਧੂਰ ਅਪਰੇਸ਼ਨ ਦੌਰਾਨ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ।ਪੂਰੇ ਪੰਜਾਬ ਵਿੱਚੋਂ ਦੋ ਹੀ ਸ਼ਖ਼ਸ਼ੀਅਤਾਂ ਨੂੰ ਇਹ ਸਨਮਾਨ ਦਿੱਤਾ ਜਾ ਰਿਹਾ ਹੈਪੰਜਾਬੀ ਫਿਲਮੀ ਇੰਡਸਟਰੀ ਵਿੱਚ ਇਹਨਾਂ ਨੂੰ ਜ਼ਿਆਦਾਤਰ ਲੋਕ ਸੋਨੂ ਪਰਧਾਨ ਦੇ ਨਾਂ ਨਾਲ ਜਾਣਦੇ ਹਨ ਹੁਣ ਡਾਕਟਰ ਸੁਖਵਿੰਦਰ ਸਿੰਘ ਦੇ ਨਾਮ ਨਾਲ ਅੱਜ ਡਾਕਟਰ ਸੁਖਵਿੰਦਰ ਸਿੰਘ ਲੱਗ ਗਿਆ ਹੈ ਇਹ ਪਿਛਲੇ 27 ਸਾਲਾਂ ਤੋਂ ਪੰਜਾਬੀ ਮਨੋਰੰਜਨ ਦੁਨੀਆ ਨੂੰ ਸਮਰਪਿਤ ਕੀਤਾ ਹਨ ਅਤੇ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਮੈਂ ਸਾਡੀ ਲੋਕਧਾਰਾ ਭੰਗੜੇ ਨੂੰ ਦੁਨੀਆ ਭਰ ਦੇ ਮੰਚਾਂ 'ਤੇ ਲੈ ਕੇ ਜਾਣ ਵਾਲਾ ਹੈ। ਇਨ੍ਹਾਂ ਸਾਲਾਂ ਦੌਰਾਨ, ਇਹਨਾਂ ਨੇ ਲਗਭਗ 5,000 ਤੋਂ 6,000 ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਹੈ, ਜੋ ਅੱਜ ਵਿਦੇਸ਼ਾਂ ਵਿੱਚ ਸਾਡੀ ਸੱਭਿਆਚਾਰਕ ਵਿਰਾਸਤ ਦੀ ਨੁਮਾਇੰਦਗੀ ਕਰ ਰਹੇ ਹਨ। ਮੈਂ ਦਿਲੋਂ ਧੰਨਵਾਦੀ ਵਰਡ ਕਲਚਰ ਇਨਵਾਇਰਮੈਂਟ ਪ੍ਰੋਟੈਕਸ਼ਨ ਕਮਿਸ਼ਨ ਦੇ ਜਿਨ੍ਹਾਂ ਨੇ ਡਾਕਟਰੇਟ ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ ਹੈ ਪਿਆਰ, ਅਸੀਸ ਅਤੇ ਸਹਿਯੋਗ ਲਈ, ਜਿਸ ਨੇ ਮੈਨੂੰ ਅੱਜ ਤੱਕ ਪਹੁੰਚਾਈਆ ਹੈ।




ਜਨਮ ਦਿਨ ਮੁਬਾਰਕ



ਅਦਵਿਤ ਭੱਲਾ


# ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਹਿਕਾਰੀ ਮੰਤਰੀਆਂ ਦੀ ਮੰਥਨ ਮੀਟਿੰਗ ਭਲਕੇ

ਨਵੀਂ ਦਿੱਲੀ, 28 ਜੂਨ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦਾ ਸਹਿਕਾਰਤਾ ਮੰਤਰਾਲਾ 30 ਜੂਨ 2025 ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਹਿਕਾਰੀ ਮੰਤਰੀਆਂ ਦੀ ਮੰਥਨ ਮੀਟਿੰਗ ਦਾ ਆਯੋਜਨ ਕਰ ਰਿਹਾ ਹੈ।

ਮੰਥਨ ਮੀਟਿੰਗ ਦੀ ਪ੍ਰਧਾਨਗੀ ਮਾਣਯੋਗ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਕਰਨਗੇ। ਇਸ ਮਹੱਤਵਪੂਰਨ ਸਮਾਗਮ ਵਿੱਚ ਸਹਿਕਾਰਤਾ ਮੰਤਰੀ ਅਤੇ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਹਿਕਾਰੀ ਵਿਭਾਗਾਂ ਦੇ ਵਧੀਕ ਮੁੱਖ ਸਕੱਤਰ/ਪ੍ਰਧਾਨ ਸਕੱਤਰ/ਸਕੱਤਰ ਸ਼ਾਮਲ ਹੋਣਗੇ। ਇਹ ਪਲੇਟਫਾਰਮ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਲਈ ਪ੍ਰਗਤੀ ਦੀ ਸਮੀਖਿਆ ਕਰਨ, ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਅਤੇ ਭਵਿੱਖ ਦੀ ਕਾਰਜ ਯੋਜਨਾ ਤਿਆਰ ਕਰਨ ਦਾ ਮੌਕਾ ਪ੍ਰਦਾਨ ਕਰੇਗਾ।ਇਸ ਮੰਥਨ ਮੀਟਿੰਗ ਦਾ ਮੁੱਖ ਉਦੇਸ਼ ਸਹਿਕਾਰਤਾ ਮੰਤਰਾਲੇ ਦੀਆਂ ਹੁਣ ਤੱਕ ਦੀਆਂ ਪਹਿਲਕਦਮੀਆਂ ਅਤੇ ਯੋਜਨਾਵਾਂ ਦੀ ਵਿਆਪਕ ਸਮੀਖਿਆ ਕਰਨਾ, ਹੁਣ ਤੱਕ ਕੀਤੀ ਗਈ ਪ੍ਰਗਤੀ ਦਾ ਮੁਲਾਂਕਣ ਕਰਨਾ ਅਤੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਤਜਰਬਿਆਂ, ਵਧੀਆ ਅਭਿਆਸਾਂ ਅਤੇ ਰਚਨਾਤਮਕ ਸੁਝਾਵਾਂ ਦੇ ਆਦਾਨ-ਪ੍ਰਦਾਨ ਨੂੰ ਯਕੀਨੀ ਬਣਾਉਣਾ ਹੈ।

ਇਹ ਮੰਥਨ ਬੈਠਕ ਸਮੂਹਿਕ ਯਤਨਾਂ ਰਾਹੀਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਹਕਾਰ ਸੇ ਸਮ੍ਰਿੱਧੀ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਲਈ ਇੱਕ ਸਾਂਝੀ ਸਮਝ ਅਤੇ ਤਾਲਮੇਲ ਵਾਲੀ ਰਣਨੀਤੀ ਵਿਕਸਤ ਕਰਨ ਵੱਲ ਕੰਮ ਕਰੇਗੀ।ਮੰਥਨ ਬੈਠਕ 2 ਲੱਖ ਨਵੀਆਂ ਬਹੁ-ਮੰਤਵੀ ਪ੍ਰਾਇਮਰੀ ਖੇਤੀਬਾੜੀ ਕਰਜ਼ਾ ਸਭਾਵਾਂ (ਪੀਏਸੀਐਸ), ਡੇਅਰੀ ਅਤੇ ਮੱਛੀ ਪਾਲਣ ਸਹਿਕਾਰੀ ਸਭਾਵਾਂ ਦੀ ਸਥਾਪਨਾ ਵਰਗੇ ਮੁੱਖ ਵਿਸ਼ਿਆਂ ਤੇ ਚਰਚਾ ਕਰੇਗੀ, ਜੋ ਕਿ ਪੇਂਡੂ ਸੇਵਾ ਪ੍ਰਦਾਨ ਕਰਨ ਲਈ ਆਖਰੀ ਮੀਲ ਤੱਕ ਲਿਜਾਣ ਲਈ ਮਹੱਤਵਪੂਰਨ ਹਨ। ਮੰਥਨ ਬੈਠਕ ਸਹਿਕਾਰੀ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਅਨਾਜ ਭੰਡਾਰ ਯੋਜਨਾ 'ਤੇ ਵੀ ਚਰਚਾ ਕਰੇਗੀ, ਜਿਸਦਾ ਉਦੇਸ਼ ਭੋਜਨ ਸੁਰੱਖਿਆ ਨੂੰ ਮਜ਼ਬੂਤ ਕਰਨਾ ਅਤੇ ਕਿਸਾਨਾਂ ਨੂੰ ਸਸ਼ਕਤ ਬਣਾਉਣਾ ਹੈ। ਤਿੰਨ ਨਵੀਆਂ ਬਹੁ-ਰਾਜੀ ਰਾਸ਼ਟਰੀ ਸਹਿਕਾਰੀ ਸੰਸਥਾਵਾਂ, ਰਾਸ਼ਟਰੀ ਸਹਿਕਾਰੀ ਨਿਰਯਾਤ ਲਿਮਟਿਡ (ਐਨਸੀਈਐਲ), ਰਾਸ਼ਟਰੀ ਸਹਿਕਾਰੀ ਆਰਗੈਨਿਕਸ ਲਿਮਟਿਡ (ਐਨਸੀਓਐਲ), ਅਤੇ ਭਾਰਤੀ ਬੀਜ ਸਹਿਕਾਰੀ ਲਿਮਟਿਡ (ਬੀਬੀਐਸਐਸਐਲ) ਵਿੱਚ ਰਾਜ ਦੀ ਭਾਗੀਦਾਰੀ ਦੀ ਸਮੀਖਿਆ ਕੀਤੀ ਜਾਵੇਗੀ।

ਇਹ ਵਿਚਾਰ-ਚਰਚਾ ਸੈਸ਼ਨ ਰਾਜ ਪੱਧਰੀ ਸਹਿਕਾਰੀ ਸਭਾਵਾਂ ਨੂੰ ਜੀਵੰਤ ਆਰਥਿਕ ਇਕਾਈਆਂ ਵਿੱਚ ਬਦਲਣ ਲਈ ਸਹਿਕਾਰੀ ਸੰਘਵਾਦ ਦੀ ਭਾਵਨਾ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਨਜ਼ਦੀਕੀ ਤਾਲਮੇਲ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਉਤਪ੍ਰੇਰਕ ਭੂਮਿਕਾ ਨਿਭਾਏਗਾ ਅਤੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਭੂਮਿਕਾ ਨੂੰ ਰੇਖਾਂਕਿਤ ਕਰੇਗਾ।




BABA BANDA SINGH BAHADUR ENGINEERING COLLEGE FATEHGARH SAHIB, PUNJAB
www.bbsbec.edu.in

NAAC 'A' GRADE ACCREDITED COLLEGE

ADMISSION OPEN 2025-26

ATTRACTIONS
- Scholarships Worth Crores
- Outstanding Career Development and Placement Support
- State of the Art Infrastructure
- Experienced Faculty Members
- Accredited by NAAC, IE(I)
- Safe and Sacred Surroundings

COURSES OFFERED
B.TECH (ME, ECE, CSE, EE, CIVIL, AGRI)
M.TECH (CSE, ECE, ME, PS)
B.VOCATIONAL *(Automobile Servicing, Electronics & Info. Tech., Software Development, Solar System Tech.)*
BBA/ BCA/ MBA/ BCom (Hons.)

SCAN TO REGISTER

TOLL FREE 1800 137 2015 | PH: 88720-16608, 98729-88729, 98142-21213, 01763-503056




# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਅੰਮ੍ਰਿਤਸਰ ਸਥਿਤ ਰਾਮਬਾਗ਼ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਅੱਜ



ਅੰਮ੍ਰਿਤਸਰ, 28 ਜੂਨ, (ਗੁਰਦਿਆਲ ਸਿੰਘ) : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਇਸ ਸਾਲ ਭਾਰਤ ਤੋਂ ਪਾਕਿਸਤਾਨ ਸਿੱਖ ਜਥੇ ਨਾ ਜਾਣ ਦੇ ਮੱਦੇਨਜ਼ਰ ਮਹਾਰਾਜਾ ਰਣਜੀਤ ਸਿੰਘ ਦੇ ਅੰਮ੍ਰਿਤਸਰ ਸਥਿਤ ਰਾਮਬਾਗ਼ ਵਿੱਚ ਹਵਾ ਮਹਿਲ ਦੇ ਨੇੜੇ ਨਿਸ਼ਾਨ ਸਾਹਿਬ ਵਾਲੀ ਥਾਂ ਉੱਤੇ 29 ਜੂਨ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ ਢਾਡੀ/ਕਵੀਸ਼ਰ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ। ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼ਮੂਲੀਅਤ ਕਰਨਗੇ। ਜਥੇਦਾਰ ਗੜਗੱਜ ਨੇ ਅੰਮ੍ਰਿਤਸਰ ਦੀ ਸਿੱਖ ਸੰਗਤ, ਸਿੰਘ ਸਭਾਵਾਂ, ਸਿੱਖ ਸੰਸਥਾਵਾਂ, ਵਿਦਿਆਰਥੀ ਜਥੇਬੰਦੀਆਂ ਨੂੰ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਤਿਕਾਰਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਰਾਬਤਾ ਕਰਨ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਹ ਵਿਸ਼ੇਸ਼ ਸਮਾਗਮ ਉਲੀਕਿਆ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਅੰਮ੍ਰਿਤਸਰ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਪਾਸੋਂ ਲੋੜੀਂਦੀ ਪ੍ਰਵਾਨਗੀ ਲੈ ਕੇ ਨਗਰ ਨਿਗਮ ਕੇ ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਦੇ ਸਹਿਯੋਗ ਨਾਲ ਸਾਰਾ ਪ੍ਰਬੰਧ ਮੁਕੰਮਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ ਉਲੀਕਣ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਰੂਬੀ, ਇੰਚਾਰਜ ਹਰਜੀਤ ਸਿੰਘ ਤੇ ਰਣਜੀਤ ਸਿੰਘ ਨੇ ਅੰਮ੍ਰਿਤਸਰ ਵਿਕਾਸ ਮੰਚ ਦੇ ਅਹੁਦੇਦਾਰ ਪ੍ਰਿੰ. ਕੁਲਵੰਤ ਸਿੰਘ ਅਨਖੀ, ਸੁਰਿੰਦਰਜੀਤ ਸਿੰਘ, ਕੁਲਦੀਪ ਸਿੰਘ, ਰਾਜਵਿੰਦਰ ਸਿੰਘ, ਜਸਪਾਲ ਸਿੰਘ, ਕੰਵਲਜੀਤ ਸਿੰਘ, ਜਤਿੰਦਰ ਪਾਲ ਸਿੰਘ, ਪੁਰਾਤਤਵ ਵਿਭਾਗ ਤੋਂ ਹੀਰਾ ਸਿੰਘ ਨੂੰ ਨਾਲ ਲੈ ਕੇ ਰਾਮਬਾਗ਼ ਵਿਖੇ ਸਮਾਗਮ ਕਰਨ ਦੀ ਥਾਂ ਨਿਯਤ ਕੀਤੀ ਤੇ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਗੁਰਮਤਿ ਸਮਾਗਮ ਕਰਵਾਏ ਜਾਣਗੇ।

# ਸ਼੍ਰੋਮਣੀ ਕਮੇਟੀ ਵੱਲੋਂ ਨਵੰਬਰ 'ਚ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਲਈ ਉੱਚ ਪੱਧਰੀ ਤਾਲਮੇਲ ਕਮੇਟੀ ਗਠਿਤ

## 350 ਸਾਲਾ ਸ਼ਤਾਬਦੀ ਸਮਾਗਮ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਏ ਜਾਣਗੇ : ਧਾਮੀ



ਅੰਮ੍ਰਿਤਸਰ, 28 ਜੂਨ, (ਗੁਰਦਿਆਲ ਸਿੰਘ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦੇ ਸਬੰਧ ਵਿਚ ਨਵੰਬਰ 2025 ਵਿਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਪ੍ਰਤੀਨਿਧ ਸਿੱਖ ਸ਼ਖ਼ਸੀਅਤਾਂ ਅਤੇ ਮਹਾਂਪੁਰਖਾਂ 'ਤੇ ਅਧਾਰਿਤ ਇਕ ਉੱਚ ਪੱਧਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਰਘੂਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਤੇ ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਬਾਬਾ ਜਗਜੀਤ ਸਿੰਘ ਹੁਸ਼ਿਆਰਪੁਰ, ਸਵਾਮੀ ਜੀ ਸੂਫੀ ਪਿੰਡੀ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ. ਹਰਜਿੰਦਰ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀ ਦਾ ਮੁੱਖ ਸਮਾਗਮ ਨਵੰਬਰ 2025 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ, ਜਿਸ ਨੂੰ ਇਤਿਹਾਸਕ ਬਣਾਉਣ ਲਈ ਇਹ ਤਾਲਮੇਲ ਕਮੇਟੀ ਦੀ ਭੂਮਿਕਾ ਅਹਿਮ ਰਹੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਰਤ ਦੀ ਸੰਸਕ੍ਰਿਤੀ ਅਤੇ ਧਰਮ ਦੀ ਅਜ਼ਾਦੀ ਨੂੰ ਬਚਾਉਣ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਕੌਮੀ ਪੱਧਰ 'ਤੇ ਮਨਾਉਣ ਲਈ ਹਰ ਇਕ ਨੂੰ ਸਹਿਯੋਗ ਕਰਨਾ ਚਾਹੀਦਾ ਹੈ, ਤਾਂ ਜੋ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਮਾਨਵਤਾ ਲਈ ਦਿੱਤੀ ਸ਼ਹਾਦਤ ਦੇ ਸੁਨੇਹੇ ਨੂੰ ਵਿਆਪਕ ਰੂਪ ਵਿਚ ਦੁਨੀਆਂ ਅੰਦਰ ਉਭਾਰਿਆ ਜਾ ਸਕੇ।

# 'ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ' ਸ਼ੁਰੂ ਕਰਨ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਡੀ.ਸੀ. ਵੱਲੋਂ ਜਾਇਜ਼ਾ



ਜਲੰਧਰ, 28 ਜੂਨ, (ਸੰਦੀਪ ਕੌਲ) : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਲੋਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਪੂਰੀ ਪਾਰਦਰਸ਼ਤਾ, ਨਿਰਵਿਘਨ ਤੇ ਤੈਅ ਸਮਾਂ ਸੀਮਾ ਵਿੱਚ ਮਿਲਣੀਆਂ ਯਕੀਨੀ ਬਣਾਈਆਂ ਜਾਣ ਅਤੇ ਆਪਣੇ ਕੰਮਕਾਜ ਲਈ ਦਫ਼ਤਰਾਂ ਆਉਣ ਵਾਲੇ ਵਿਅਕਤੀਆਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕੀਤੀ ਜਾਵੇ।

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਲ ਵਿਭਾਗ ਦੀ ਸ਼ਾਮ ਤੋਂ ਦੇਰ ਤੱਕ ਚੱਲੀ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮੇਰਾ ਘਰ ਮੇਰੇ ਨਾਮ', ਖਸਰਾ ਮੈਪਿੰਗ, ਰਿਕਵਰੀ ਕੇਸਾਂ, ਇੰਤਕਾਲ, ਰੈਵੇਨਿਊ ਕੋਰਸ ਕੇਸਾਂ, ਈ-ਸੇਵਾ ਪੈਂਡੈਂਸੀ, ਜਮ੍ਹਾਂਬੰਦੀਆਂ ਦੀ ਡਿਜੀਟਾਈਜ਼ੇਸ਼ਨ ਆਦਿ ਦੀ ਪ੍ਰਗਤੀ ਸਮੇਤ ਜਲੰਧਰ ਵਿੱਚ 'ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ' ਲਾਗੂ ਕਰਨ ਸਬੰਧੀ ਚੱਲ ਰਹੀ ਪ੍ਰਕਿਰਿਆ ਦਾ ਬਾਰੀਕੀ ਨਾਲ ਜਾਇਜ਼ਾ ਲਿਆ।

ਡਾ. ਅਗਰਵਾਲ ਨੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਪਿੰਡਾਂ ਵਿੱਚ ਚੱਲ ਰਹੇ ਗਰਾਊਂਡ ਟਰੂਥਿੰਗ (ਡੋਰ-ਟੂ-ਡੋਰ ਸਰਵੇ) ਦੇ ਕੰਮ ਦੀ ਸਮੀਖਿਆ ਕਰਦਿਆਂ ਇਸ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ 890 ਪਿੰਡਾਂ ਵਿੱਚ ਡਰੋਨ ਸਰਵੇਖਣ ਉਪਰੰਤ 528 ਨਕਸ਼ਾ-1 ਪ੍ਰਾਪਤ ਹੋਏ ਸਨ, ਜਿਨ੍ਹਾਂ ਦੇ ਆਧਾਰ 'ਤੇ ਪਿੰਡਾਂ ਵਿੱਚ ਡੋਰ-ਟੂ-ਡੋਰ ਸਰਵੇ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 287 ਨਕਸ਼ਾ-1 ਦੀ ਗਰਾਊਂਡ ਟਰੂਥਿੰਗ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਡੋਰ-ਟੂ-ਡੋਰ ਸਰਵੇ ਦੇ ਕਾਰਜ ਵਿੱਚ ਤੇਜ਼ੀ ਲਿਆਉਣ ਅਤੇ ਇਸ ਨੂੰ ਜਲਦ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਮਾਲ ਅਫ਼ਸਰ ਨੂੰ ਇਸ ਪ੍ਰਕਿਰਿਆ ਦੀ ਰੋਜ਼ਾਨਾ ਦੇ ਆਧਾਰ 'ਤੇ ਨਿਗਰਾਨੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਜਲੰਧਰ ਵਿੱਚ 'ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ' ਸ਼ੁਰੂ ਕਰਨ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਇਸ ਦੇ ਨਿਰਵਿਘਨ ਸੰਚਾਲਨ ਲਈ ਲੋੜੀਂਦੇ ਸਟਾਫ਼, ਸਟਾਫ਼ ਦੀ ਢੁੱਕਵੀਂ ਟ੍ਰੇਨਿੰਗ, ਜ਼ਰੂਰੀ ਸਾਜ਼ੋ-ਸਮਾਨ ਆਦਿ ਦੀ ਉਪਲਬਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਉਪ ਮੰਡਲ ਮੈਜਿਸਟ੍ਰੇਟਾਂ ਨੂੰ ਤਹਿਸੀਲਾਂ ਦਾ ਨਿਜੀ ਤੌਰ 'ਤੇ ਦੌਰਾ ਕਰਨ ਲਈ ਕਿਹਾ ਤਾਂ ਜੋ ਇਸ ਪ੍ਰਣਾਲੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਨਿਸ਼ਚਿਤ ਦਿਨ ਤੋਂ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪੋਰਟਲ ਰਾਹੀਂ ਰਜਿਸਟ੍ਰੇਸ਼ਨ ਪ੍ਰਕਿਰਿਆ ਹੋਰ ਪਾਰਦਰਸ਼ੀ ਅਤੇ ਸੁਵਿਧਾਜਨਕ ਬਣੇਗੀ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਸਮੂਹ ਐਸ.ਡੀ.ਐਮਜ਼, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਅਤੇ ਮਾਲ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਗੁ.ਸ਼ਹੀਦ ਗੰਜ ਦੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਜਸਵੰਤ ਕੌਰ ਨਮਿੱਤ ਅੰਤਿਮ ਅਰਦਾਸ ਅੱਜ



ਅੰਮ੍ਰਿਤਸਰ, 28 ਜੂਨ, (ਬਬਲੂ ਮਹਾਜਨ) : ਗੁ.ਸ਼ਹੀਦ ਗੰਜ ਦੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਜਸਵੰਤ ਕੌਰ ਜੀ ਜਿਨ੍ਹਾਂ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ,ਅੱਜ ਉਹਨਾਂ ਦੇ ਗ੍ਰਹਿ ਵਿਖੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ,ਭਾਈ ਗੁਰਇਕਬਾਲ ਸਿੰਘ ਜੀ ਬੀਬੀ ਕੌਲਾਂ ਭਲਾਈ ਕੇਂਦਰ ਵਾਲੇ,ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ ਬੀਬੀ ਕੌਲਾ ਜੀ ਚੈਰੀਟੇਬਲ ਹਸਪਤਾਲ,ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ,ਅਡੀਸ਼ਨਲ ਮੈਨੇਜਰ ਬਿਕਰਮਜੀਤ ਸਿੰਘ, ਜਤਿੰਦਰ ਪਾਲ ਸਿੰਘ ਮੈਨੇਜਰ ਗੁਰਦੁਆਰਾ ਸ਼ਹੀਦਾਂ ਸਾਹਿਬ, ਸੰਤ ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣ ਇਲਾਕੇ ਦੀ ਸੰਗਤ ਸਮੇਤ ਅਤੇ ਭਾਈ ਸੰਤੋਖ ਸਿੰਘ ਜੀ ਪੁਰਤਗਾਲ ਅਤੇ ਅਨੇਕਾਂ ਧਾਰਮਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸਿੰਘ ਸਾਹਿਬ ਨੇ ਦੱਸਿਆ ਮਾਤਾ ਜੀ ਬਹੁਤ ਨਿੱਘੀ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾਂ ਦੀ ਸਿਹਤ ਵੀ ਬਹੁਤ ਚੰਗੀ ਸੀ। ਆਈਆਂ ਹੋਈਆਂ ਸਾਰੀਆਂ ਸ਼ਖਸ਼ੀਅਤਾਂ ਨੇ ਕਿਹਾ ਪਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਨਾ ਬਣਨ ਦਾ ਬਲ ਬਖਸ਼ਣ।ਇਸ ਮੌਕੇ ਭਾਈ ਸੁਰਜੀਤ ਸਿੰਘ ਸਭਰਾਅ ਨੇ ਦੱਸਿਆ ਮਾਤਾ ਜਸਵੰਤ ਕੌਰ ਦੀ ਅੰਤਿਮ ਅਰਦਾਸ 29 ਜੂਨ ਦਿਨ ਐਤਵਾਰ ਸਮਾਂ 12 ਤੋਂ 2 ਵਜੇ ਦੁਪਿਹਰ ਗੁਰਦੁਆਰਾ ਦਮਦਮਾ ਸਾਹਿਬ, ਮਾਲ ਮੰਡੀ ,ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ ਵਿਖੇ ਹੋਵੇਗੀ।ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ, ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਹਾਜ਼ਰੀ ਭਰਨਗੀਆਂ।

# ਧਾਲੀਵਾਲ ਨੇ ਛੱਪੜਾਂ ਦੇ ਨਵੀਨੀਕਰਨ ਤੇ ਪੰਚਾਇਤ ਘਰਾਂ ਦੀ ਉਸਾਰੀ ਲਈ ਵੰਡੀ 3.57 ਕਰੋੜ ਦੀ ਰਾਸ਼ੀ

## ਮੁੱਖ ਮੰਤਰੀ ਸਰਹੱਦੀ ਪਿੰਡ ਬਿਕਰਾਊਰ ਵਿਖੇ ਜੁਲਾਈ 'ਚ ਰੱਖਣਗੇ ਨਵੇਂ ਸਰਕਾਰੀ ਕਾਲਜ ਦਾ ਨੀਂਹ ਪੱਥਰ : ਧਾਲੀਵਾਲ



ਅਜਨਾਲਾ, 28 ਜੂਨ, (ਸੁਖਦੇਵ ਸਿੰਘ ਖਾਲਸਾ) : ਵਿਧਾਨ ਸਭਾ ਹਲਕਾਂ ਅਜਨਾਲਾ ਦੇ ਸਰਹੱਦੀ ਨੌਜੁਆਨਾਂ 'ਚ ਉਚੇਰੀ ਸਿੱਖਿਆ ਦੀ ਸਰਕਾਰੀ ਵਿਵਸਥਾ ਕਰਦਿਆਂ ਸਰਹੱਦੀ ਪਿੰਡ ਬਿਕਰਾਊਰ ਵਿਖੇ ਸਰਕਾਰੀ ਕਾਲਜ ਮੰਜੂਰ ਕਰਵਾ ਦਿੱਤਾ ਗਿਆ ਹੈ, ਜਿਸਦਾ ਬਕਾਇਦਾ ਰਸਮੀ ਤੌਰ 'ਤੇ ਨੀਂਹ ਪੱਥਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਗਲੇ ਜੁਲਾਈ ਮਹੀਨੇ ਦੇ ਕਰੀਬ ਅੱਧ 'ਚ ਰੱਖਣਗੇ ਅਤੇ ਕਾਲਜ ਦੇ ਨੀਂਹ ਪੱਥਰ ਰੱਖਣ ਦੀਆਂ ਮੁੱਢਲੀਆਂ ਤਿਆਰੀਆਂ ਲਈ ਪ੍ਰਬੰਧ ਕੀਤੇ ਜਾ ਰਹੇ ਹਨ।

ਅੱਜ ਇੱਥੇ ਇਹ ਐਲਾਨ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਬੀਡੀਪੀਓ ਦਫਤਰ ਵਿਖੇ ਬਲਾਕ ਅਜਨਾਲਾ ਤੇ ਬਲਾਕ ਰਾਮਦਾਸ ਦੇ ਪਿੰਡਾਂ 'ਚ ਛੱਪੜਾਂ ਦੇ ਨਵੀਨੀਕਰਨ ਅਤੇ ਨਵੇਂ ਪੰਚਾਇਤ ਘਰਾਂ ਦੀ ਉਸਾਰੀ ਲਈ 3.57 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਲਈ ਗ੍ਰਾਮ ਪੰਚਾਇਤਾਂ ਦੇ ਕਰਵਾਏ ਗਏ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੀਤਾ। ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਉਂਝ ਤਾਂ ਸਮੁੱਚੇ ਪੰਜਾਬ ਦੇ ਸ਼ਹਿਰੀ ਤੇ ਪੇਂਡੂ ਬਹੁਪੱਖੀ ਵਿਕਾਸ ਲਈ ਵਚਨਬੱਧ ਹਨ, ਪਰ ਜਾਤੀ ਤੌਰ 'ਤੇ ਮੁੱਖ ਮੰਤਰੀ ਸ. ਮਾਨ, ਉਨ੍ਹਾਂ (ਮੰਤਰੀ ਧਾਲੀਵਾਲ) ਸਮੇਤ ਅਜਨਾਲਾ ਹਲਕੇ ਦੇ ਲੋਕਾਂ ਨਾਲ ਮੋਹ ਦਾ ਰਿਸ਼ਤਾ ਰੱਖਦੇ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ (ਸ: ਧਾਲੀਵਾਲ) ਵਲੋਂ ਹਲਕੇ ਦੇ ਬਹੁਪੱਖੀ ਵਿਕਾਸ ਕਾਰਜਾਂ ਲਈ ਮੰਗੀਆਂ ਜਾਂਦੀਆਂ ਗ੍ਰਾਂਟਾ ਦੇ ਗੱਫੇ ਖੁੱਲ੍ਹੇ ਦਿਲ ਨਾਲ ਜਾਰੀ ਕਰਨ 'ਚ ਝਿਜਕ ਨਹੀਂ ਵਿਖਾਉਂਦੇ। ਮੰਤਰੀ ਧਾਲੀਵਾਲ ਨੇ ਇਹ ਵੀ ਕਿਹਾ ਕਿ ਉਹ ਸਾਬਕਾ ਸਰਕਾਰਾਂ ਕਾਂਗਰਸ ਤੇ ਅਕਾਲੀ ਭਾਜਪਾ ਦੀ ਕਥਿਤ ਬਦਨੀਤੀ ਨਾਲ ਪੱਛੜੇ ਹੋਏ ਵਿਧਾਨ ਸਭਾ ਹਲਕਾ ਅਜਨਾਲਾ 'ਚ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਇਲਾਵਾ ਸਿਹਤ ਤੇ ਸਿੱਖਿਆ ਦਾ ਮਿਆਰ ਉੱਚਾ ਚੁੱਕ ਕੇ ਹਲਕੇ ਦੇ ਸਰਹੱਦੀ ਲੋਕਾਂ ਨੂੰ ਸਿਹਤ ਪੱਖੋਂ ਅਤੇ ਬੱਚਿਆਂ/ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਵਿਕਸਿਤ ਸ਼ਹਿਰਾਂ ਦੀ ਕਤਾਰ 'ਚ ਖੜ੍ਹਾ ਕਰਨਾ ਚਾਹੁੰਦੇ ਹਨ। ਜਿਸ ਤਹਿਤ ਜ਼ਿਲ੍ਹਾ ਅੰਮ੍ਰਿਤਸਰ 'ਚ ਮੰਜੂਰ ਹੋਈਆਂ ਕੁੱਲ 5 ਸਿਹਤ ਡਿਸਪੈਂਸਰੀਆਂ ਦੇ ਵਿਕਾਸ ਕਾਰਜਾਂ 'ਚੋਂ ਇਕੱਲੇ ਅਜਨਾਲਾ ਹਲਕੇ ਦੀਆਂ 3 ਸਿਹਤ ਡਿਸਪੈਂਸਰੀਆਂ ਗੱਗੋਮਾਹਲ, ਚੇਤਨਪੁਰਾ ਤੇ ਸੁਧਾਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 4.50 ਕਰੋੜ ਰੁਪਏ ਮੰਜੂਰ ਕਰ ਕਰਵਾਏ ਹਨ, ਜਦੋਂਕਿ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਹਲਕੇ ਦੇ ਬਹੁਤ ਸਾਰੇ ਸਕੂਲਾਂ ਨੂੰ 50 ਲੱਖ ਰੁਪਏ ਤੋਂ ਲੈ ਕੇ ਡੇਢ ਕਰੋੜ ਰੁਪਏ ਤੱਕ ਦੀਆਂ ਗ੍ਰਾਂਟਾ ਜਾਰੀ ਕੀਤੀਆਂ ਹਨ। ਉਨ੍ਹਾਂ ਨੇ ਅੱਜ ਦੇ ਸਮਾਰੋਹ 'ਚ ਵਿਕਾਸ ਕਾਰਜਾਂ ਲਈ 3.57 ਕਰੋੜ ਰੁਪਏ ਦੀ ਰਾਸ਼ੀ ਦੇ ਚੈੱਕ ਵਸੂਲ ਕਰ ਰਹੇ ਗ੍ਰਾਮ ਪੰਚਾਇਤਾਂ ਦੇ ਪੰਚਾਂ, ਸਰਪੰਚਾਂ ਸਮੇਤ ਪੰਚਾਇਤੀ ਰਾਜ ਅਮਲੇ ਨੂੰ ਦਿਸ਼ਾ ਨਿਰਦੇਸ਼ ਦਿੱਤੇ, ਕਿ ਇਸ ਬਹੁ ਕਰੋੜੀ ਰਕਮ ਦੀ ਵਿਕਾਸ ਕਾਰਜਾਂ ਲਈ ਜਲਦੀ ਤੋਂ ਜਲਦੀ ਪਾਰਦਰਸ਼ਤਾ ਨਾਲ ਵਰਤੋਂ ਕੀਤੀ ਜਾਵੇ ਅਤੇ ਵਰਤੋਂ ਸਬੰਧੀ ਸਰਟੀਫਿਕੇਟ ਦੇਣ ਪਿੱਛੋਂ 3.57 ਕਰੋੜ ਰੁਪਏ ਦੀ ਰਾਸ਼ੀ ਵਿਕਾਸ ਲਈ ਹੋਰ ਜਾਰੀ ਕੀਤੀ ਜਾਵੇਗੀ। ਉਨ੍ਹਾਂ ਨੇ ਚੱਲ ਰਹੇ ਵਿਕਾਸ ਕਾਰਜਾਂ 'ਚ ਹੋਰ ਤੇਜੀ ਲਿਆਉਣ ਲਈ ਵਿਕਾਸ ਕਾਰਜ ਮੁਕੰਮਲ ਕਰਨ ਹਿੱਤ ਲੱਕ ਬੰਨ੍ਹ ਕੇ ਪਿੱਛੇ ਪੈਣ ਦਾ ਸੱਦਾ ਵੀ ਦਿੱਤਾ। ਮੰਤਰੀ ਸ: ਧਾਲੀਵਾਲ ਨੇ ਦਾਅਵਾ ਕੀਤਾ ਕਿ ਹਲਕੇ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਗ੍ਰਾਮ ਪੰਚਾਇਤਾਂ ਤੇ ਸਮਾਜ ਸੇਵੀਆਂ ਦੇ ਦ੍ਰਿੜ ਸਹਿਯੋਗ ਨਾਲ ਨਸ਼ਿਆਂ ਦੀ ਸਪਲਾਈ ਲਾਈਨ ਤੋੜਣ 'ਚ ਕਾਫੀ ਹੱਦ ਤੱਕ ਸਫਲਤਾ ਮਿੱਲ ਚੁੱਕੀ ਹੈ। ਅਤੇ ਹਲਕੇ ਦੇ ਕੁੱਝ ਪਿੰਡ ਮੁਕੰਮਲ ਰੂਪ 'ਚ ਨਸ਼ਾ ਮੁਕਤ ਹੋਣ ਦੀਆਂ ਰਿਪੋਰਟਾਂ ਉਨ੍ਹਾਂ (ਸ: ਧਾਲੀਵਾਲ) ਤੱਕ ਪਹੁੰਚਾ ਰਹੇ ਹਨ। ਅਤੇ ਅਜਿਹੇ ਨਸ਼ਾ ਮੁਕਤ ਹੋ ਰਹੇ ਪਿੰਡਾਂ ਦੇ ਵਿਕਾਸ ਵੱਲ ਸਰਕਾਰ ਉਚੇਚਾ ਧਿਆਨ ਦੇਣ ਜਾ ਰਹੀ ਹੈ। ਆਪਣੇ ਸੰਬੋਧਨ 'ਚ ਮੰਤਰੀ ਸ: ਧਾਲੀਵਾਲ ਨੇ ਇਹ ਵੀ ਕਿਹਾ ਕਿ ਸੂਬਾ ਮਾਨ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਨਸ਼ਿਆਂ ਨੂੰ ਖਤਮ ਕਰਨ ਅਤੇ ਅਮਨ ਕਾਨੂੰਨ ਦੀ ਸਥਿਤੀ ਮਜ਼ਬੂਤ ਕਰਨ ਸਮੇਤ ਲੋਕਾਂ ਨੂੰ ਵੱਖ ਵੱਖ ਸੁੱਖ ਸਹੂਲਤਾਂ ਨਾਲ ਲਬਰੇਜ਼ ਕੀਤੇ ਜਾਣ ਦੇ ਨਤੀਜੇ ਵਜੋਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਮੁੜ ਬਣਨ ਜਾ ਰਹੀ ਹੈ, ਜੋ ਕੰਧ 'ਤੇ ਲਿਖਿਆ ਸਾਫ ਪੜ੍ਹਿਆ ਜਾ ਰਿਹਾ ਹੈ, ਕਿਉਂਕਿ ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ, ਤੇ ਭਾਜਪਾ ਵੱਲੋਂ ਨਸ਼ਿਆਂ ਤੇ ਡਰੱਗ ਮਨੀ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤੇ ਜਾ ਰਹੇ ਵੱਡੇ ਮਗਰਮੱਛਾਂ /ਸਮਗਲਰਾਂ ਦੀ ਗ੍ਰਿਫਤਾਰੀ ਨੂੰ ਨਿੰਦਦਿਆਂ ਪੰਜਾਬ ਦੇ ਭਲੇ ਦੀ ਥਾਂ ਸਿਰਫ ਤੇ ਸਿਰਫ ਵਿਰੋਧ ਦੀ ਰਾਜਨੀਤੀ ਕਰਕੇ ਲੋਕਾਂ 'ਚੋਂ ਅਲੱਗ ਥਲੱਗ ਪੈ ਚੁੱਕੀਆਂ ਹਨ।

ਇਸ ਤੋਂ ਬਾਅਦ ਅਗਲੇ ਪੜਾਅ 'ਚ ਕੈਬਨਿਟ ਮੰਤਰੀ ਸ .ਧਾਲੀਵਾਲ ਨੇ ਅਜਨਾਲਾ ਸੈਕਟਰ ਦੀ ਫਰੰਟ ਸੁਰੱਖਿਆ ਪੰਕਤੀ ਤੇ ਤਾਇਨਾਤ ਸ਼ਾਹਪੁਰ ਚੌਂਕੀ ਦੇ ਜੁਆਨਾਂ ਲਈ 4 ਠੰਢੇ ਪਾਣੀ ਦੀਆਂ ਕੂਲਰ ਮਸ਼ੀਨਾਂ ਭੇਂਟ ਕਰਕੇ ਜੁਆਨਾਂ ਦਾ ਹੌਂਸਲਾ ਵਧਾਇਆ ਅਤੇ ਪਿਛਲੇ ਦਿਨੀ ਪਹਿਲਗਾਮ 'ਚ ਭਾਰਤੀ ਨਾਗਰਿਕਾਂ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੇ ਪਾਕਿ ਪ੍ਰਸਤ ਅੱਤਵਾਦੀ ਕਾਰੇ ਉਪਰੰਤ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ 'ਤੇ ਭਾਰਤੀ ਫੌਜ ਵੱਲੋਂ ਕੀਤੀ ਗਈ ਹਵਾਈ ਸਟਰਾਈਕ ਦੌਰਾਨ ਭਾਰਤ ਦੀ ਸੁਰੱਖਿਆ ਲਈ ਫੌਜ ਤੇ ਬੀਐਸਐਫ ਜੁਆਨਾਂ ਵੱਲੋਂ ਪਾਕਿਸਤਾਨ ਵਿਰੁੱਧ ਹਿੱਕ ਤਾਣ ਕੇ ਨਿਭਾਈ ਜੁਝਾਰੂ ਭੂਮਿਕਾ ਭਰਵੀਂ ਪ੍ਰਸੰਸਾ ਕੀਤੀ ।ਮੰਤਰੀ ਧਾਲੀਵਾਲ ਨੇ ਕਿਹਾ ਕਿ ਬੀਐਸਐਫ ਜੁਆਨਾਂ ਵੱਲੋਂ ਪੰਜਾਬ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੀਆਂ ਕੌਮਾਂਤਰੀ ਸਰਹੱਦਾਂ ਨੂੰ ਸੁਰੱਖਿਅਤ ਰੱਖੇ ਜਾਣ ਦੀਆਂ ਜਾਂਬਾਜ਼ ਸੇਵਾਵਾਂ ਕਾਰਣ ਹੀ ਪਿੱਛੇ ਅਸੀਂ ਸਭ (ਸਮੂਹ ਨਾਗਰਿਕ) ਅਰਾਮ ਤੇ ਚੈਨ ਦੀ ਨੀਂਦ ਸੌਂਦੇ ਤੇ ਦਿਨ ਵੇਲੇ ਆਪਣੇ ਆਪਣੇ ਕਿੱਤਿਆਂ 'ਚ ਕਾਰਜਸ਼ੀਲ ਰਹਿੰਦੇ ਹਾਂ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ,ਬੀਡੀਪੀਓ ਅਜਨਾਲਾ ਸਿਤਾਰਾ ਸਿੰਘ ਵਿਰਕ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਅਦਿ ਮੌਜੂਦ ਸਨ।

# ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ ਲੰਮੇ ਜਾਮ, ਰਾਹਗੀਰ ਪ੍ਰੇਸ਼ਾਨ



ਤਰਸਿੱਕਾ, 28 ਜੂਨ, (ਦਵਿੰਦਰ ਸਿੰਘ ਤਰਸਿੱਕਾ) : ਬੀਤੀ ਸ਼ਾਮ ਬਟਾਲਾ ਕਾਦੀਆਂ ਰੋਡ 'ਤੇ ਜੱਗੂ ਭਗਵਾਨਪੁਰ ਦੀ ਮਾਤਾ ਹਰਜੀਤ ਕੌਰ ਤੇ ਉਸ ਦਾ ਨਜ਼ਦੀਕੀ ਰਿਸ਼ਤੇਦਾਰ ਦੀ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਅੱਜ ਉਹਨਾਂ ਦੇ ਸਮਰੱਥਤਾ ਵੱਲੋਂ ਅੰਮ੍ਰਿਤਸਰ ਪਠਾਨਕੋਟ ਹਾਈਵੇ 'ਤੇ ਸਥਿਤ ਨਜ਼ਦੀਕ ਸੇਖੜੀ ਕਾਲਜ ਬਟਾਲਾ ਬਾਈਪਾਸ ਜੱਗੂ ਭਗਵਾਨਪੁਰ ਦੀ ਮਾਤਾ ਹਰਜੀਤ ਕੌਰ ਭਗਵਾਨਪੁਰ ਤੇ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਲਾਸ਼ ਰੱਖ ਕੇ ਉਹਨਾਂ ਦੇ ਕਾਤਲਾਂ ਵਿਰੁੱਧ ਗ੍ਰਿਫਤਾਰੀ ਨੂੰ ਲੈ ਕੇ ਉਹਨਾਂ ਦੇ ਸਮੱਰਥਕਾਂ ਵੱਲੋਂ ਰੋਡ ਜਾਮ ਕਰਕੇ ਪੁਲਿਸ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ,, ਜਿਸ ਦਾ ਅਸਰ ਕਸਬਾ ਜੰਤੀਪੁਰ ਦੇ ਨਜ਼ਦੀਕ ਸ਼ੇਖਪੁਰ ਵਾਲਾ ਮੋੜ ਤੋਂ ਲੈ ਕੇ ਅੱਡਾ ਜੰਤੀਪੁਰ ਦੇ ਅੰਮ੍ਰਿਤਸਰ ਬਟਾਲਾ ਰੋਡ ਜਾਮ ਕਾਰਨ ਅੱਡੇ ਜੰਤੀਪੁਰ ਤੱਕ ਲੰਮੀਆਂ ਲੰਮੀਆਂ ਲਾਈਨਾਂ ਲੱਗ ਗਈਆਂ ਅਤੇ ਵੱਡੀ ਗਿਣਤੀ ਵਿੱਚ ਰਾਹਗੀਰ ਪ੍ਰੇਸ਼ਾਨ ਹੋਣ ਲੱਗੇ, ਜਿਸ 'ਤੇ ਪੁਲਿਸ ਚੌਂਕੀ ਸ਼ੇਖੂਪੁਰਾ ਅਤੇ ਪੁਲਿਸ ਨਾਕਾ ਸ਼ੇਖੂਪੁਰਾ ਦੀ ਫੋਰਸ ਨੇ ਭਾਰੀ ਮੁਸ਼ਕਿਲਾਂ ਅਤੇ ਜੱਦੋ ਜਾਹਿਦ ਕਰਕੇ ਚਾਰ ਘੰਟੇ ਲੱਗੇ। ਇਸ ਜਾਮ ਨੂੰ ਪਿੰਡਾਂ ਦੇ ਵੱਖ-ਵੱਖ ਰਸਤਿਆਂ ਰਾਹੀਂ ਬਟਾਲਾ ਬਾਈਪਾਸ ਪਹੁੰਚਾਇਆ ਗਿਆ। ਉੱਥੇ ਹੀ ਰਾਹਗੀਰਾਂ ਨੂੰ ਵੀ ਮੁਸ਼ਕਿਲ ਆ ਰਹੀ ਸੀ ਅਤੇ ਲੋਕਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ, ਕਿ ਉਹ ਕਿਹੜੇ ਰਸਤੇ ਪਿੰਡਾਂ ਰਾਹੀ ਬਟਾਲਾ ਬਾਈਪਾਸ 'ਤੇ ਪਹੁੰਚਣ। ਇਸ ਸਬੰਧੀ ਰਾਹਗੀਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਗਰਮੀ ਜਿਆਦਾ ਹੋਣ ਕਾਰਨ ਅਤੇ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਹ ਇਹ ਚਾਰ ਘੰਟਿਆਂ ਦੇ ਬਾਅਦ ਪੁਲਿਸ ਨੇ ਜਾਮ 'ਤੇ ਕਾਬੂ ਪਾਇਆ।

# ਰਾਹੁਲ ਗਾਂਧੀ ਦੀਆਂ ਆਰ.ਐਸ.ਐਸ.-ਭਾਜਪਾ ਵਿਰੋਧੀ ਟਿੱਪਣੀਆਂ ਨਿਰਾਸ਼ਾ ਤੇ ਵਿਚਾਰਧਾਰਕ ਕੰਗਾਲੀ ਦਾ ਸਬੂਤ : ਪ੍ਰੋ. ਖਿਆਲਾ



ਅੰਮ੍ਰਿਤਸਰ, 28 ਜੂਨ, (ਚ.ਨ.ਸ.) : ਕਾਂਗਰਸ ਨੇਤਾ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਆਰਐਸਐਸ ਅਤੇ ਭਾਜਪਾ ਵਿਰੁੱਧ ਕੀਤੀਆਂ ਗਈਆਂ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ, ਭਾਜਪਾ ਦੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ, ਕਾਂਗਰਸੀ ਰਾਜਕੁਮਾਰ ਦੀ ਰਣਨੀਤਕ ਨਿਰਾਸ਼ਾ ਹੁਣ ਦੇਸ਼ ਦੇ ਲੋਕਾਂ ਤੋਂ ਲੁਕੀ ਨਹੀਂ ਹੈ। ਨਾ ਹੀ ਉਨ੍ਹਾਂ ਦੇ ਵਿਚਾਰਧਾਰਕ ਦੀਵਾਲੀਆਪਨ ਨੂੰ ਸਾਬਤ ਕਰਨ ਲਈ ਸਬੂਤਾਂ ਦੀ ਹੁਣ ਕੋਈ ਲੋੜ ਹੈ।

ਸੰਵਿਧਾਨ ਦੇ 42ਵੇਂ ਸੋਧ ਤੇ ਰਾਸ਼ਟਰੀ ਬਹਿਸ ਲਈ ਸੀਨੀਅਰ ਆਰਐਸਐਸ ਨੇਤਾ ਦੱਤਾਤ੍ਰੇਯ ਹੋਸਾਬਲੇ ਦੇ ਸੱਦੇ ਦਾ ਸਮੱਰਥਨ ਕਰਦੇ ਹੋਏ, ਪ੍ਰੋ. ਖਿਆਲਾ ਨੇ ਕਿਹਾ ਕਿ 1976 ਵਿੱਚ ਐਮਰਜੈਂਸੀ ਦੌਰਾਨ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿਰਫ਼ ਆਪਣੀ ਸਥਿਤੀ ਨੂੰ ਸੁਰੱਖਿਅਤ ਰੱਖਣ ਲਈ, ਅਕਿਰਿਆਸ਼ੀਲ ਸੰਸਦ ਅਤੇ ਵਿਰੋਧੀ ਧਿਰ ਦੀ ਅਣਹੋਂਦ ਦਾ ਫਾਇਦਾ ਉਠਾਉਂਦੇ ਹੋਏ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਮਾਜਵਾਦੀ ਅਤੇ ਧਰਮ ਨਿਰਪੱਖਸ਼ਬਦ ਸ਼ਾਮਲ ਕੀਤੇ।ਉਨ੍ਹਾਂ ਕਿਹਾ ਕਿ ਇਹ ਵਾਧੇ ਨਾ ਤਾਂ ਸੰਵਿਧਾਨ ਦੇ ਨਿਰਮਾਣ ਸਮੇਂ ਸੰਵਿਧਾਨ ਸਭਾ ਦੁਆਰਾ ਮਨਜ਼ੂਰ ਕੀਤੇ ਗਏ ਸਨ ਅਤੇ ਨਾ ਹੀ ਡਾ. ਬੀ.ਆਰ. ਅੰਬੇਡਕਰ ਦੁਆਰਾ ਪ੍ਰਸਤਾਵਿਤ ਸਨ।

ਪ੍ਰੋ. ਖਿਆਲਾ ਨੇ ਕਿਹਾ ਕਿ ਜੇਕਰ ਰਾਹੁਲ ਗਾਂਧੀ ਦੀ ਦਾਦੀ 42ਵੀਂ ਸੋਧ ਲਾਗੂ ਕਰਨ ਲਈ ਸੰਵਿਧਾਨਕ ਪ੍ਰਕਿਰਿਆਵਾਂ ਨੂੰ ਨਜ਼ਰਅੰਦਾਜ਼ ਨਾ ਕਰਦੀ, ਤਾਂ ਅੱਜ ਇਸਦੀ ਜਾਇਜ਼ਤਾ 'ਤੇ ਬਹਿਸ ਕਰਨ ਦੀ ਕੋਈ ਲੋੜ ਨਹੀਂ ਹੁੰਦੀ। ਰਾਹੁਲ ਗਾਂਧੀ ਸੰਵਿਧਾਨ ਨੂੰ ਹੱਥ ਵਿੱਚ ਲੈ ਕੇ ਘੁੰਮਦੇ ਹਨ, ਉਨ੍ਹਾਂ ਕਿਹਾ, ਪਰ ਉਨ੍ਹਾਂ ਨੇ ਕਦੇ ਵੀ ਇਸਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੀ ਰਾਜਨੀਤੀ ਸਿਰਫ਼ ਪ੍ਰਤੀਕਾਤਮਕਤਾ ਦੀ ਹੈ। ਉਹ ਨਾ ਤਾਂ ਸੰਵਿਧਾਨ ਦੀ ਭਾਵਨਾ, ਪ੍ਰਕਿਰਿਆ ਜਾਂ ਸਾਰ ਨੂੰ ਪੜ੍ਹਦੇ ਹਨ ਅਤੇ ਨਾ ਹੀ ਸਮਝਦੇ ਹਨ।

# ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖੀ ਵਿਵਾਦਾਂ 'ਚ ਘਿਰੇ

ਅੰਮ੍ਰਿਤਸਰ, 28 ਜੂਨ, (ਬਬਲੂ ਮਹਾਜਨ) : ਅੰਮ੍ਰਿਤਸਰ ਵਿਖੇ ਸਥਿਤ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਰਾਸ਼ਟਰਵਾਦ ਦੇ ਰੰਗ ਵਿਚ ਰੰਗੇ ਮੁਖੀ ਭਾਈ ਅਮਨਦੀਪ ਸਿੰਘ ਦੀਆਂ ਯੋਗਾ ਕਰਦਿਆਂ ਦੀਆਂ ਸ਼ੋਸ਼ਲ ਮੀਡੀਆ ਦੇ ਮੌਜੂਦ ਵੀਡੀਓ ਨੇ ਪੰਥਕ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ।ਭਾਈ ਅਮਨਦੀਪ ਸਿੰਘ ਪਹਿਲਾਂ ਲੋਕਾਈ ਦੀ ਸੇਵਾ ਕਰਨ ਵਾਲੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਨਾਲ ਕੀਰਤਨ ਦੀ ਸੇਵਾ ਕਰਦੇ ਸਨ ਫਿਰ ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੀ ਸਥਾਪਨਾ ਕੀਤੀ।ਅਕਸਰ ਵਿਵਾਦਾਂ ਵਿਚ ਰਹਿਣ ਵਾਲੇ ਭਾਈ ਅਮਨਦੀਪ ਸਿੰਘ ਦਾ ਇਹ ਰੂਪ ਦੇਖ ਕੇ ਸੰਗਤ ਵੀ ਹੈਰਾਨ ਹੈ।ਯੋਗਾ ਦਿਵਸ ਦੇ ਗੁਰੂ ਘਰ ਨਾਲ ਜੁੜੀ ਸੰਗਤ ਨੂੰ ਸਿਹਤ ਸੁਧਾਰ ਕੈਂਪ ਦੇ ਨਾਮ 'ਤੇ ਇਕੱਠਾ ਕਰਕੇ ਭਾਈ ਅਮਨਦੀਪ ਸਿੰਘ ਨੇ ਨਵੀਂ ਪਿਰਤ ਪਾਈ ਹੈ।ਇਹ ਸਿਹਤ ਸੁਧਾਰ ਕੈਂਪ ਭਾਈ ਅਮਨਦੀਪ ਸਿੰਘ ਵੱਲੋਂ ਉਸ ਸਮੇਂ ਲਗਾਇਆ ਗਿਆ, ਜਦ ਕੌਮ ਦਾ ਵੱਡਾ ਹਿੱਸਾ ਯੋਗਾ ਦੀ ਬਜਾਏ ਗੱਤਕਾ ਦਿਵਸ ਮਨਾਉਣ ਦੀਆਂ ਗੱਲਾਂ ਕਰ ਰਿਹਾ ਸੀ ਤਾਂ ਇਕ ਪ੍ਰਚਾਰਕ ਵੱਲੋਂ ਅਜਿਹਾ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ।ਇਸ ਸੰਬਧੀ ਭਾਈ ਅਮਨਦੀਪ ਸਿੰਘ ਦੇ ਅਤਿ ਨੇੜਲੇ ਸਾਥੀ ਤੇ ਉਨ੍ਹਾਂ ਦੇ ਮੀਡੀਆ ਸਲਾਹਕਾਰ ਗੁਰਪ੍ਰੀਤ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਯੋਗਾ ਸਿਹਤ ਸੁਧਾਰ ਲਈ ਲਗਾਇਆ ਇਕ ਕੈਂਪ ਸੀ, ਪਰ ਉਹ ਇਹ ਦੱਸਣ ਵਿਚ ਅਸਫਲ ਰਹੇ ਕਿ ਇਹ ਸਿਹਤ ਸੁਧਾਰ ਕੈਂਪ ਯੋਗਾ ਦਿਵਸ ਦੇ ਹੀ ਕਿਉਂ ਲਗਾਇਆ ਗਿਆ।

# ਸਰੂਪ ਰਾਣੀ ਸਰਕਾਰੀ ਕਾਲਜ ਵਿੱਚ ਮਨਾਇਆ ਗਿਆ ਨਸ਼ਿਆਂ ਵਿਰੁੱਧ 'ਅੰਤਰਰਾਸ਼ਟਰੀ ਦਿਵਸ'




ਅੰਮ੍ਰਿਤਸਰ, 28 ਜੂਨ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਐਸ.ਆਰ. ਸਰਕਾਰੀ ਕਾਲਜ ਫਾਰ ਵੁਮੈਨ, ਅੰਮ੍ਰਿਤਸਰ ਦੀ ਐਨ.ਸੀ.ਸੀ ਆਰਮੀ ਵਿੰਗ ਵੱਲੋਂ 'ਨਸ਼ੀਲੀ ਦਵਾਈਆਂ ਦੇ ਦੁਰਵਰਤੋਂ ਅਤੇ ਗੈਰਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ' 26 ਜੂਨ 2025 ਨੂੰ ਮਨਾਇਆ ਗਿਆ।

ਇਸ ਕਾਰਜਕ੍ਰਮ ਦਾ ਮਕਸਦ ਨਸ਼ਿਆਂ ਦੇ ਘਾਤਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਦਾ ਸੀ। ਇਹ ਸਮਾਰੋਹ ਪ੍ਰਿੰਸੀਪਲ ਮੈਡਮ ਕਿਰਨਜੀਤ ਬਾਲ ਦੀ ਅਗਵਾਈ ਅਤੇ ਸੀ.ਟੀ.ਓ. ਸੁਸ਼ਰੀ ਏਕਤਾ ਵਰਮਾ ਦੀ ਦੇਖ-ਰੇਖ ਹੇਠ ਹੋਇਆ।

ਜਾਗਰੂਕਤਾ ਮੁਹਿੰਮ ਦੇ ਤਹਿਤ ਐਨ.ਸੀ.ਸੀ ਆਰਮੀ ਵਿੰਗ ਵੱਲੋਂ ਕਈ ਗਤਿਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸ਼ਾਮਲ ਸਨ:-

ਵਿਸ਼ੇਸ਼ ਲੈਕਚਰ : ਐਨ.ਜੀ.ਓ. 'ਪ੍ਰਥਮ' ਤੋਂ ਆਈ ਸੁਸ਼ਰੀ ਗੁਰਪ੍ਰੀਤ ਅਤੇ ਸੁਸ਼ਰੀ ਨਵਪ੍ਰੀਤ ਨੇ ਕੈਡੇਟਸ ਨੂੰ ਨਸ਼ਿਆਂ ਦੀ ਲਤ ਦੀ ਭਿਆਨਕਤਾ ਅਤੇ ਇਸ ਦੇ ਨੌਜਵਾਨਾਂ ਤੇ ਪਰਿਵਾਰਾਂ ਉੱਤੇ ਪੈਣ ਵਾਲੇ ਵਿਨਾਸ਼ਕਾਰੀ ਅਸਰਾਂ ਬਾਰੇ ਜਾਣਕਾਰੀ ਦਿੱਤੀ।

ਨੁੱਕੜ ਨਾਟਕ: ਕੈਡੇਟਸ ਵੱਲੋਂ ਪੇਸ਼ ਨੁੱਕੜ ਨਾਟਕ ਵਿੱਚ ਵਿਖਾਇਆ ਗਿਆ ਕਿ ਕਿਸ ਤਰ੍ਹਾਂ ਨੌਜਵਾਨ ਵਰਗ ਅਸਾਨੀ ਨਾਲ ਨਸ਼ਿਆਂ ਦੇ ਝੂਠੇ ਆਕਰਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਹ ਉਨ੍ਹਾਂ ਨੂੰ ਦੁੱਖ ਅਤੇ ਪਛਤਾਵੇ ਵੱਲ ਲੈ ਜਾਂਦਾ ਹੈ।

ਪੋਸਟਰ ਬਣਾਉਣ ਦੀ ਮੁਕਾਬਲਾ: ਕੈਡੇਟਸ ਨੇ ਨਸ਼ਿਆਂ ਦੀ ਵਰਤੋਂ ਵਿਰੁੱਧ ਪੋਸਟਰ ਤਿਆਰ ਕੀਤੇ। ਚੋਣੀ ਹੋਈ ਤਿੰਨ ਸਭ ਤੋਂ ਵਧੀਆ ਪੋਸਟਰਾਂ ਨੂੰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤਾ ਗਿਆ।

ਭਾਸ਼ਣ ਅਤੇ ਕਵਿਤਾ ਪਾਠ: ਕੈਡੇਟਸ ਨੇ ਨਸ਼ਿਆਂ ਉੱਤੇ ਭਾਸ਼ਣ ਦਿੱਤੇ ਅਤੇ ਆਪਣੀ ਲਿਖੀ ਕਵਿਤਾਵਾਂ ਪੜ੍ਹੀਆਂ। ਚਾਰ ਚੋਣੀ ਹੋਈਆਂ ਪ੍ਰਤਿਭਾਵਾਂ ਨੂੰ ਪ੍ਰਸ਼ੰਸਾ ਰੂਪ ਵਿੱਚ ਮਾਣਤਾ ਦਿੱਤੀ ਗਈ।

ਸੀ.ਟੀ.ਓ. ਏਕਤਾ ਵਰਮਾ ਨੇ ਕੈਡੇਟਸ ਨੂੰ ਸਮਝਾਇਆ ਕਿ ਨਸ਼ਾ ਦਿਮਾਗ ਅਤੇ ਵਿਹਾਰ 'ਤੇ ਕਿਵੇਂ ਅਸਰ ਪਾਉਂਦਾ ਹੈ—ਇਹ ਥਕਾਵਟ, ਚਿੜਚਿੜਾਹਟ, ਗੁੱਸਾ, ਨੀਂਦ ਨਾ ਆਉਣਾ, ਸਿਰ ਦਰਦ ਅਤੇ ਸਰੀਰਕ ਦਰਦ ਦਾ ਕਾਰਨ ਬਣਦਾ ਹੈ। ਉਨ੍ਹਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਉੱਤੇ ਜ਼ੋਰ ਦਿੱਤਾ।

ਪ੍ਰਿੰਸੀਪਲ ਮੈਡਮ ਨੇ ਵੀ ਨਸ਼ਿਆਂ ਦੇ ਨੁਕਸਾਨਾਂ ਉੱਤੇ ਰੋਸ਼ਨੀ ਪਾਈ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਬੁਰਾਈ ਵਿਰੁੱਧ ਇਕਜੁੱਟ ਹੋ ਕੇ ਸਮਾਜ ਨੂੰ ਬਚਾਉਣ।

ਪ੍ਰਣ ਲੈਣ ਸਮਾਰੋਹ: ਆਖ਼ਿਰ ਵਿੱਚ ਸਾਰੇ ਨੇ ਇਹ ਸੰਕਲਪ ਲਿਆ ਕਿ ਉਹ ਲੋਕ-ਸਿਹਤ ਅਤੇ ਰੋਕਥਾਮਕ ਕਦਮਾਂ ਨੂੰ ਅਪਣਾ ਕੇ ਇਸ ਪੀੜਾ ਅਤੇ ਤਬਾਹੀ ਦੇ ਚੱਕਰ ਨੂੰ ਸਦਾ ਲਈ ਖ਼ਤਮ ਕਰਨਗੇ।

ਇਨਾਮ ਵੰਡ ਸਮਾਰੋਹ: ਭਾਸ਼ਣ, ਕਵਿਤਾ ਅਤੇ ਪੋਸਟਰ ਮੁਕਾਬਲਿਆਂ ਦੇ ਜੇਤੂਆਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਦਿੱਤੇ ਗਏ। ਕਾਲਜ ਪ੍ਰਸ਼ਾਸਨ ਅਤੇ ਪ੍ਰਿੰਸੀਪਲ ਮੈਡਮ ਨੇ ਕੈਡੇਟਸ ਦੇ ਸਮਾਜਿਕ ਉੱਦੇਸ਼ ਲਈ ਕੀਤੇ ਯਤਨਾਂ ਦੀ ਸਾਧੁਨਾ ਕੀਤੀ ਅਤੇ ਕਾਰਜਕ੍ਰਮ ਸਫਲਤਾ ਨਾਲ ਪੂਰਾ ਹੋਇਆ।

# ਅਜਨਾਲਾ 'ਚ ਧਾਲੀਵਾਲ ਵੱਲੋਂ 1.30 ਕਰੋੜ ਦੀ ਲਾਗਤ ਵਾਲੇ 2 ਨਵੇਂ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ



ਅਜਨਾਲਾ, 28 ਜੂਨ, (ਸੁਖਦੇਵ ਸਿੰਘ ਖਾਲਸਾ) : ਅੱਜ ਅਜਨਾਲਾ ਸ਼ਹਿਰ ਦੇ ਬਹੁਪੱਖੀ ਵਿਕਾਸ ਲਈ ਸੱਕੀ ਨਾਲੇ ਨੇੜੇ 6.25 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ 4 ਲੱਖ ਲੀਟਰ ਗੰਦੇ ਪਾਣੀ ਨੂੰ ਸਾਫ ਕਰਨ ਦੀ ਸਮਰੱਥਾ ਵਾਲੇ ਸੀਵਰੇਜ ਪਲਾਂਟ ਨਾਲ ਸ਼ਹਿਰ ਦੀਆਂ ਵੱਖ ਵੱਖ ਵਾਰਡਾਂ 'ਚ ਗੰਦੇ ਪਾਣੀ ਦੇ ਨਿਕਾਸ ਦੀਆਂ ਸੀਵਰ ਪਾਈਪਾਂ ਵਿਛਾਉਣ ਅਤੇ ਨਗਰ ਪੰਚਾਇਤ ਦਫਤਰ ਤੋਂ ਅੰਮ੍ਰਿਤਸਰ-ਅਜਨਾਲਾ ਮੁੱਖ ਸੜਕ ਮੰਦਰ ਸਾਈ ਧਾਮ ਤੱਕ ਬਾਈਪਾਸ ਸੜਕ ਨੂੰ ਨਵਿਆਉਣ ਲਈ ਇਨ੍ਹਾਂ ਦੋਹਾਂ ਵਿਕਾਸ ਕਾਰਜਾਂ ਦੇ 1.30 ਕਰੋੜ ਰੁਪਏ ਦੀ ਲਾਗਤ ਵਾਲੇ ਨੀਂਹ ਪੱਥਰ ਰੱਖਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਅਜਨਾਲਾ ਸ਼ਹਿਰ ਦੇ ਯੋਜਨਾਬੱਧ ਵਿਕਾਸ ਲਈ ਮੰਜੂਰ ਕਰਵਾਈ ਗਈ 9 ਕਰੋੜ ਰੁਪਏ ਦੀ ਰਾਸ਼ੀ ਨਾਲ ਅਜਨਾਲਾ ਸ਼ਹਿਰ ਦੇ ਤੇਜੀ ਨਾਲ ਵਿਕਾਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਨਾਮੀ ਸ਼ਹਿਰਾਂ 'ਚੋਂ ਆਪਣੀ ਜ਼ਬਰਦਸਤ ਸ਼ਾਖ ਬਣਾਈ ਹੈ ਅਤੇ ਮੰਜੂਰ ਹੋਈ ਐਂਤਕੀ 9 ਕਰੋੜ ਰੁਪਏ ਦੀ ਰਾਸ਼ੀ ਨਾਲ ਅਜਨਾਲਾ ਸ਼ਹਿਰ ਦੇ ਵਿਕਾਸ ਕਾਰਜ ਲੱਗਭੱਗ ਮੁਕੰਮਲ ਹੋ ਜਾਣਗੇ ਅਤੇ ਅਜਨਾਲਾ ਹੁਣ ਵਿਕਾਸ ਦੀ ਮੁੱਖ ਧਾਰਾ ਨਾਲ ਜੁੜ ਗਿਆ ਹੈ, ਜਦੋਂਕਿ ਸਾਬਕਾ ਕਾਂਗਰਸ ਤੇ ਅਕਾਲੀ -ਭਾਜਪਾ ਸਰਕਾਰਾਂ ਵੱਲੋਂ ਅਜਨਾਲਾ ਸ਼ਹਿਰ ਨੂੰ ਬਹੁਪੱਖੀ ਵਿਕਾਸ ਪੱਖੋਂ ਬੁਰੀ ਤਰਾਂ ਅਣਗੌਲਿਆਂ ਕਰਕੇ ਵਿਕਾਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟਿਆ ਹੋਇਆ ਸੀ।ਕੈਬਨਿਟ ਮੰਤਰੀ ਧਾਲੀਵਾਲ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਾਣਕਾਰੀ ਦਿੱਤੀ ਕਿ ਮੰਜੂਰ ਕਰਵਾਈ 9 ਕਰੋੜ ਰੁਪਏ ਦੀ ਰਾਸ਼ੀ 'ਚੋਂ 3 ਕਰੋੜ ਰੁਪਏ ਦੀ ਪਹਿਲੀ ਜਾਰੀ ਹੋਈ ਕਿਸ਼ਤ 'ਚੋਂ ਅੱਜ 1.30 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਤੋਂ ਇਲਾਵਾ ਅਜਨਾਲਾ ਸ਼ਹਿਰ ਦੇ ਸ਼ਮਸ਼ਾਨਘਾਟਾਂ ਨੂੰ ਵੀ ਸੁੰਦਰੀਕਰਨ ਦੀ ਕਤਾਰ 'ਚ ਖੜ੍ਹਾ ਕਰਨ ਤੋਂ ਇਲਾਵਾ ਕਾਨਵੈਂਟ ਸਕੂਲ ਤੋਂ ਗੁਰਦੁਆਰਾ ਕਲਗੀਧਰ ਸਾਹਿਬ ਤੱਕ ਲਿੰਕ ਰੋਡ ਦੇ ਨਿਰਮਾਣ ਸਮੇਤ ਹੋਰ ਵਾਰਡਾਂ ਦੀਆਂ ਗਲੀਆਂ ਦੇ ਵਿਕਾਸ ਕਾਰਜ ਮੁਕੰਮਲ ਕੀਤੇ ਜਾਣਗੇ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਓਐਸਡੀ ਗੁਰਜੰਟ ਸਿੰਘ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ,ਸਾਬਕਾ ਕੌਂਸਲਰ ਇੰਦਰਪਾਲ ਸਿੰਘ ਸ਼ਾਹ, ਬੱਬੂ ਮਹਾਜਨ, ਕਾਬਲ ਸਿੰਘ ਸ਼ਾਹਪੁਰ, ਗੀਤਾ ਗਿੱਲ ਜ਼ਿਲ੍ਹਾ ਸੈਕਟਰੀ, ਰਮੇਸ਼ ਮਹਾਜਨ, ਵਪਾਰ ਮੰਡਲ ਹਰਪ੍ਰੀਤ ਸੋਹਲ, ਯੁੱਧ ਵੀਰ ਸਿੰਘ, ਬਲਜਿੰਦਰ ਸਿੰਘ ਮਾਹਲ, ਸ਼ਿਵ ਚਾਹਲ, ਅਮਿਤ ਪੁਰੀ, ਸੁਖਦਿਆਲ ਸਿੰਘ, ਅਜੇ ਸ਼ਰਮਾ, ਰਿੰਕੂ ਸ਼ਾਹ, ਕੌਂਸਲਰ ਗੁਰਦੇਵ ਗੁਲਾਬ, ਕੌਂਸਲਰ ਅਵਿਨਾਸ਼ ਮਸੀਹ, ਸ਼ਮਸ਼ੇਰ ਸਿੰਘ,ਰਸ਼ਪਾਲ ਸਿੰਘ, ਸੁਨੀਲ ਗਿੱਲ,ਅਜਮੇਰ ਸਿੰਘ, ਬੀਰ ਸਿੰਘ, ਦਿਲਬਾਗ ਘੁਲ਼ੀ, ਕਾਰਜ ਸਿੰਘ, ਪੰਕਜ ਹਾਂਡਾ, ਆਦਿ ਮੌਜੂਦ ਸਨ।

## ਸੀ.ਟੀ.ਯੂ. ਨੇ ਨਾਰਥ ਇੰਡੀਆ ਦੇ ਇਨਫਲੂਐਂਸਰਾਂ ਨੂੰ ਸਨਮਾਨਤ ਕੀਤਾ




ਲੁਧਿਆਣਾ, 28 ਜੂਨ (ਵਿਸ਼ਾਲ ਸ਼ਰਮਾ) : ਸੀ ਟੀ ਯੂਨੀਵਰਸਿਟੀ ਨੇ ਆਪਣਾ ਪ੍ਰਸਿੱਧ ਇਨਫਲੂਐਂਸਰ ਐਵਾਰਡਜ਼ 2025 ਦਾ ਦੂਜਾ ਸੀਜ਼ਨ ਫ਼ਖਰ ਨਾਲ ਮਨਾਇਆ, ਜੋ ਨਾਰਥ ਇੰਡੀਆ ਦੇ ਅਗਵੇ ਡਿਜੀਟਲ ਕ੍ਰੀਏਟਰਾਂ ਦੀ ਰਚਨਾਤਮਕਤਾ ਪ੍ਰਭਾਵ ਅਤੇ ਸਮਾਜਕ ਬਦਲਾਅ ਨੂੰ ਮਨਾਉਣ ਲਈ ਸਮਰਪਿਤ ਸੀ। ਸੀ ਟੀ ਯੂਨੀਵਰਸਿਟੀ ਇਨਫਲੂਐਂਸਰਾਂ ਨੂੰ ਸਨਮਾਨ ਦਿੰਦੀ ਹੈ ਤਾਂ ਜੋ ਉਹਨਾਂ ਦੀ ਇਸ ਮਹੱਤਵਪੂਰਨ ਭੂਮਿਕਾ ਨੂੰ ਮੰਨਤਾ ਮਿਲੇ ਜੋ ਉਹ ਲੋਕਾਂ ਦੀ ਸੋਚ ਬਦਲਣ ਸਮਾਜ 'ਚ ਚੰਗਾ ਪ੍ਰਭਾਵ ਪੈਦਾ ਕਰਨ ਅਤੇ ਡਿਜੀਟਲ ਨਵੀਨਤਾ ਰਾਹੀਂ ਸਮੂਹਾਂ ਨੂੰ ਪ੍ਰੇਰਿਤ ਕਰਨ ਲਈ ਨਿਭਾ ਰਹੇ ਹਨ। ਅੱਜ ਦੀ ਜੁੜੀ ਹੋਈ ਦੁਨੀਆਂ ਵਿੱਚ ਇਹ ਕ੍ਰੀਏਟਰ ਲੋਕਾਂ ਵਿੱਚ ਜਾਗਰੂਕਤਾ,ਸਿੱਖਿਆ ਅਤੇ ਪ੍ਰੇਰਨਾ ਦੇ ਪੂਰਨ ਸਾਧਨ ਹਨ। ਇਹ ਲੋਕ ਰਾਏ ਬਣਾਉਂਦੇ ਹਨ, ਚਰਚਾ ਨੂੰ ਜਨਮ ਦਿੰਦੇ ਹਨ ਅਤੇ ਸਮੂਹਾਂ ਨੂੰ ਇਕੱਠਾ ਕਰਦੇ ਹਨ। ਇਹ ਉਹੀ ਮੁੱਲ ਹਨ ਜੋ ਸੀਟੀ ਯੂਨੀਵਰਸਿਟੀ ਦੇ ਸਮੁੱਚੇ ਵਿਕਾਸ ਅਤੇ ਸਮਾਜਿਕ ਜਿੰਮੇਵਾਰੀ ਦੇ ਨਜ਼ਰੀਏ ਨਾਲ ਮਿਲਦੇ ਹਨ। 30 ਵੱਖ-ਵੱਖ ਖੇਤਰਾਂ ਤੋਂ ਆਏ ਇਨਫਲੂਐਂਸਰ ਯੂਨੀਵਰਸਿਟੀ ਕੈਂਪਸ ਵਿੱਚ ਇਕੱਠੇ ਹੋਏ ਜਿਨ੍ਹਾਂ ਨੇ ਆਪਣੇ ਸਮਾਜਿਕ ਯੋਗਦਾਨ ਨਾਲ ਚੰਗਾ ਕੰਮ ਕੀਤਾ। ਇਨ੍ਹਾਂ ਚੇਂਜਮੇਕਰਾਂ ਨੇ ਸੋਸ਼ਲ ਮੀਡੀਆ ਰਾਹੀਂ ਜਾਗਰੂਕਤਾ ਵਧਾਈ, ਲੋਕਾਂ ਨੂੰ ਜੋੜਿਆ ਅਤੇ ਸਾਰਥਕ ਗੱਲਬਾਤ ਨੂੰ ਪ੍ਰੇਰਿਤ ਕੀਤਾ।

ਇਨ੍ਹਾਂ ਸਨਮਾਨਿਤ ਵਿਅਕਤੀਆਂ ਵਿੱਚ ਪ੍ਰਮੁੱਖ ਨਾਂ ਸ਼ਾਮਿਲ ਸਨ — ਸ਼ੁਭਮ ਸਚਦੇਵਾ ਜੋ ਆਪਣੀ ਕਲਾ ਰਾਹੀਂ ਕਹਾਣੀ ਦੱਸਣ ਲਈ ਜਾਣੇ ਜਾਂਦੇ ਹਨ। ਡਾਇਟੀਸ਼ਨ ਗਰੀਮਾ ਜੋ ਸਮੁੱਚੇ ਸਿਹਤ ਸੰਬੰਧੀ ਜਾਣਕਾਰੀ ਨੂੰ ਪ੍ਰਚਾਰਿਤ ਕਰ ਰਹੀ ਹੈ। ਆਵਾਜ਼ ਕੌਰ ਅਤੇ ਸਿਮਰਨ ਕੌਰ ਖਾਲਸਾ ਜੋ ਤਾਕਤਵਰ ਨੈਰੇਟਿਵ ਰਾਹੀਂ ਸਮਾਜਕ ਮੁੱਦਿਆਂ ਨੂੰ ਉਭਾਰ ਰਹੀਆਂ ਹਨ। ਇੰਦਰਪ੍ਰੀਤ ਸਿੰਘ ਅਤੇ ਇਸ਼ਰ ਸਿੰਘ ਜਿਨ੍ਹਾਂ ਨੇ ਸੱਭਿਆਚਾਰਕ ਯੋਗਦਾਨ ਦਿੱਤਾ ਬੀਅੰਤ ਕੌਰ ਗਿੱਲ ਜੋ ਨੌਜਵਾਨਾਂ ਨੂੰ ਲੀਡਰ ਬਣਨ ਲਈ ਪ੍ਰੇਰਨਾ ਦੇ ਰਹੀ ਹੈ। ਉਮੇਸ਼ ਛਾਬੜਾ ਹੈਲਪਿੰਗ ਹੈਂਡਜ਼ ਪੰਜਾਬ ਟਰੱਸਟ ਦੇ ਸੰਸਥਾਪਕ, ਜੋ ਸਮਾਜ ਸੇਵਾ ਲਈ ਕੰਮ ਕਰ ਰਹੇ ਹਨ। ਕਾਮੇਡੀ,ਮਿਊਜ਼ਿਕ, ਕਹਾਣੀ- ਕਹਿਣਾ ਲਾਈਫਸਟਾਈਲ ਅਤੇ ਸਿੱਖਿਆ ਦੇ ਖੇਤਰਾਂ ਨਾਲ ਜੁੜੇ ਹੋਰ ਇਨਫਲੂਐਂਸਰ ਵੀ ਇਸ ਸਮਾਰੋਹ ਵਿੱਚ ਇਕੱਠੇ ਹੋਏ। ਇਨਾਮ ਪ੍ਰਾਪਤ ਕਰਨ ਵਾਲਿਆਂ ਵਿੱਚ ਤਨਿਆ ਕੌਰ ਲਾਈਫਸਟਾਈਲ ਇਨਫਲੂਐਂਸਿੰਗ ਲਈ ਕਮੇਡੀ ਜੋ ਹਾਸੇ ਰਾਹੀਂ ਖ਼ੁਸ਼ੀ ਫੈਲਾਉਂਦੇ ਹਨ। ਮਾਈਕਲ ਗੌਤਮ ਜੋ ਸੰਗੀਤ ਨੂੰ ਪ੍ਰਚਾਰਿਤ ਕਰਦੇ ਹਨ। ਦੇਵਾਂਸ਼ੀ ਜੋ ਸਿੱਖਿਆ ਅਤੇ ਨਿੱਜੀ ਵਿਕਾਸ ਵਿੱਚ ਆਪਣੀ ਪ੍ਰਭਾਵਸ਼ਾਲੀ ਅਵਾਜ਼ ਨਾਲ ਯੋਗਦਾਨ ਦੇ ਰਹੀ ਹੈ ਵੀ ਸ਼ਾਮਿਲ ਸਨ।

## ਫ਼ਿਰੋਜ਼ਪੁਰ ਰੋਡ 'ਤੇ ਦੋ ਵਾਹਨਾਂ ਦੀ ਟੱਕਰ 'ਚ ਡਾਕਟਰ ਦੀ ਮੌਤ



ਲੁਧਿਆਣਾ, 28 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਵਿੱਚ ਫਿਰੋਜ਼ਪੁਰ ਰੋਡ 'ਤੇ ਦੋ ਵਾਹਨਾਂ ਦੀ ਟੱਕਰ ਕਾਰਨ ਇੱਕ ਵੱਡਾ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਪੰਜ ਲੋਕ ਜ਼ਖਮੀ ਹੋ ਗਏ ਅਤੇ ਕਾਰ ਵਿੱਚ ਸਵਾਰ ਡਾਕਟਰ ਦੀ ਮੌਤ ਹੋ ਗਈ। ਤੁਹਾਨੂੰ ਦੱਸ ਦੇਈਏ ਕਿ ਡਾਕਟਰ ਜਗਰਾਓਂ ਜਾ ਰਿਹਾ ਸੀ ਕਿ ਅਚਾਨਕ ਉਸਦਾ ਹਾਦਸਾ ਹੋ ਗਿਆ। ਇਸ ਦੌਰਾਨ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਮ੍ਰਿਤਕ ਡਾ. ਗਗਨਦੀਪ ਸਿੰਘ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮੁਰਦਾਘਰ ਵਿੱਚ ਰੱਖ ਦਿੱਤਾ। ਥਾਣਾ ਇੰਚਾਰਜ ਮਧੂਬਾਲਾ ਨੇ ਦੱਸਿਆ ਕਿ ਮ੍ਰਿਤਕ ਡਾ. ਗਗਨਦੀਪ ਸਿੰਘ ਆਪਣੀ ਕਾਰ ਵਿੱਚ ਜਗਰਾਉਂ ਜਾ ਰਿਹਾ ਸੀ ਕਿ ਅਚਾਨਕ ਵੇਰਕਾ ਮਿੱਲ ਪਲਾਂਟ ਨੇੜੇ ਕਿਸੇ ਹੋਰ ਵਾਹਨ ਨਾਲ ਟੱਕਰ ਹੋਣ ਕਾਰਨ ਇਹ ਹਾਦਸਾ ਵਾਪਰਿਆ। ਉਨ੍ਹਾਂ ਦੱਸਿਆ ਕਿ ਦੂਜੀ ਕਾਰ ਵਿੱਚ ਇੱਕ ਪਰਿਵਾਰ ਸੀ ਅਤੇ ਉਹ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਦੱਸਿਆ ਕਿ ਮ੍ਰਿਤਕ ਡਾ.ਗਗਨਦੀਪ ਸਿੰਘ ਦੀ ਲਾਸ਼ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ।

## ਆਸ਼ੂ ਦਾ ਅਸਤੀਫ਼ਾ ਮਨਜ਼ੂਰ ਹੋਣ 'ਤੇ ਕਾਂਗਰਸੀਆਂ ਨੇ ਵੰਡੇ ਲੱਡੂ



ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵੱਲੋਂ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਵਜੋਂ ਦਿੱਤਾ ਗਿਆ ਅਸਤੀਫਾ ਮਨਜ਼ੂਰ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ, ਕਾਂਗਰਸੀ ਵਰਕਰਾਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਜ਼ਿਲ੍ਹਾ ਕਾਂਗਰਸ ਮੀਤ ਪ੍ਰਧਾਨ ਰਜਨੀਸ਼ ਚੋਪੜਾ ਨੇ ਕਿਹਾ ਕਿ ਆਸ਼ੂ ਵਰਗੇ ਆਗੂ ਆਪਣੇ ਵਤੀਰੇ ਕਾਰਨ ਨਾ ਸਿਰਫ ਪਾਰਟੀ ਦਾ ਨੁਕਸਾਨ ਕਰਦੇ ਹਨ, ਸਗੋਂ ਲੋਕਾਂ ਲਈ ਵੀ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਉਨ੍ਹਾਂ ਨੇ ਕਿਹਾ ਕਿ ਆਸ਼ੂ ਵੱਲੋਂ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਹਾਰਨਾ ਉਹਨਾਂ ਦੀਆਂ ਆਪਣੀਆਂ ਗਲਤੀਆਂ ਦਾ ਨਤੀਜਾ ਹੈ ਅਤੇ ਇਸ ਲਈ ਉਹ ਹਾਈ ਕਮਾਂਡ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਚੋਪੜਾ ਨੇ ਕਿਹਾ ਕਿ ਅਜਿਹੇ ਆਗੂਆਂ ਦੇ ਜਾਣ ਨਾਲ ਕਾਂਗਰਸ ਪਾਰਟੀ ਮਜਬੂਤ ਹੋਵੇਗੀ। ਉਹ ਪਾਰਟੀ ਹਾਈ ਕਮਾਂਡ ਵੱਲੋਂ ਆਸ਼ੂ ਦਾ ਸੂਬਾ ਕਾਂਗਰਸ ਕਮੇਟੀ ਦੇ ਵਰਕਿੰਗ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਮਨਜ਼ੂਰ ਕੀਤੇ ਜਾਣ 'ਤੇ ਸਵਾਗਤ ਕਰਦੇ ਹਨ। ਜਿਨ੍ਹਾਂ ਨਾਲ ਅਰਵਿੰਦਰ ਸਿੰਘ, ਨਿਸ਼ਵੰਤ ਸਿੰਘ, ਮਾਧਵ, ਅਸ਼ੋਕ ਕੁਮਾਰ, ਧਰਮੇਸ਼ ਕੁਮਾਰ ਵੀ ਮੌਜੂਦ ਰਹੇ।

## ਕਾਂਗਰਸੀ ਆਗੂ ਡਾ. ਓਂਕਾਰ ਚੰਦ ਸ਼ਰਮਾ ਦਾ ਜਨਮ ਦਿਨ ਮਨਾਇਆ



ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾ ਓਂਕਾਰ ਚੰਦ ਸ਼ਰਮਾ ਦਾ 41 ਵਾਂ ਜਨਮ ਦਿਨ ਵਾਰਡ ਨੰਬਰ 41 ਦੇ ਸੇਵਾਦਾਰ ਮਨੀ ਭਗਤ ਦੇ ਦਫਤਰ ਨਿਊ ਸ਼ਿਮਲਾਪੁਰੀ ਵਿਖੇ ਮਨਾਇਆ ਗਿਆ। ਇਸ ਮੌਕੇ ਕੇਕ ਕੱਟਿਆ ਗਿਆ ਅਤੇ ਹਾਜ਼ਰ ਸ਼ਖ਼ਸੀਅਤਾਂ ਨੇ ਡਾਕਟਰ ਸ਼ਰਮਾ ਨੂੰ ਜਨਮ ਦਿਨ ਦੀ ਵਧਾਈ ਦਿੱਤੀ। ਇਸ ਮੌਕੇ ਸਾਬਕਾ ਕੌਂਸਲਰ ਕੁਲਦੀਪ ਸਿੰਘ ਬਿੱਟਾ, ਸੀਨੀਅਰ ਕਾਂਗਰਸੀ ਨੇਤਾ ਭੁਪਿੰਦਰ ਸਿੰਘ ਵਿਰਕ, ਬਹਾਦਰ ਸਿੰਘ ਰਿਆਇਤ, ਪਲਵਿੰਦਰ ਸਿੰਘ ਤੱਗੜ, ਸੁਰੇਸ਼ ਕੁਮਾਰ ਸੋਨੂ, ਰਾਮ ਸਿੰਘ ਅਤੇ ਹੋਰ ਅਨੇਕਾਂ ਸ਼ਖ਼ਸੀਅਤਾਂ ਮੌਜੂਦ ਸਨ।

## ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਕਰਵਾਇਆ



ਲੁਧਿਆਣਾ, 28 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੜੇ ਹੀ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਦੀ ਅਗਵਾਈ ਹੇਠ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਸੁਖਮਨੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਕਿਹਾ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਐਤਵਾਰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਗੁਰਮੀਤ ਸਿੰਘ ਨੇ ਗੁਰੂ ਤੇਗ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸੁਰਜੀਤ ਸਿੰਘ ਖੁਰਾਣਾ, ਸੁਰਿੰਦਰ ਸਿੰਘ, ਸੁਜਨਲਿੰਦ ਸਿੰਘ ਸੇਠੀ, ਪਲਵਿੰਦਰ ਸਿੰਘ, ਸ: ਰਣਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਨਾਮ ਸਿਮਰਨ ਅਭਿਆਸ ਅੱਜ



ਲੁਧਿਆਣਾ, 28 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 29 ਜੂਨ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਗੁਰਮੀਤ ਸਿੰਘ ਤੇ ਖ਼ਜ਼ਾਨਚੀ ਸ: ਸੁਰਜੀਤ ਸਿੰਘ ਖੁਰਾਣਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਦੀ ਬੇਨਤੀ ਕੀਤੀ।

## ਗੈਂਗਸਟਰਾਂ ਦਾ ਨੰਗਾ ਨਾਚ, ਸਾਬਕਾ ਸਾਂਸਦ ਦੇ ਪੀ.ਏ. 'ਤੇ ਸ਼ਰੇਆਮ ਤਲਵਾਰਾਂ ਨਾਲ ਹਮਲਾ



ਲੁਧਿਆਣਾ, 28 ਜੂਨ (ਵਿਸ਼ਾਲ ਸ਼ਰਮਾ) : ਇੱਕ ਵਾਰ ਫਿਰ ਪੰਜਾਬ ਵਿੱਚ ਖੁੱਲ੍ਹੀ ਗੁੰਡਾਗਰਦੀ ਦੇਖਣ ਨੂੰ ਮਿਲੀ। ਮੌਕੇ 'ਤੇ ਮੌਜੂਦ ਲੋਕਾਂ ਨੇ ਇਸਦੀ ਵੀਡੀਓ ਬਣਾਈ ਜੋ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ,ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਕਾਰ ਸਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੰਸਦ ਮੈਂਬਰ ਜਗਦੇਵ ਸਿੰਘ ਤਲਵੰਡੀ ਦੇ ਪੀ.ਏ ਕੁਲਦੀਪ ਸਿੰਘ ਮੁੰਡੀਆਂ ਦਾ ਤਲਵਾਰਾਂ ਨਾਲ ਵੱਢ ਕੇ ਕਤਲ ਕਰ ਦਿੱਤਾ। ਕਤਲ ਦੇ ਪਿੱਛੇ ਦਾ ਕਾਰਨ ਅਜੇ ਤੱਕ ਅਣਜਾਣ ਹੈ। ਪੁਲਿਸ ਟੀਮਾਂ ਮੁਲਜ਼ਮਾਂ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ। ਕੁਲਦੀਪ ਸਿੰਘ ਮੁੰਡੀਆਂ ਸ਼ੁੱਕਰਵਾਰ ਦੇਰ ਰਾਤ ਆਪਣੀ ਕਾਰ ਵਿੱਚ ਫਾਰਮ ਹਾਊਸ ਤੋਂ ਨਿੱਕਲਿਆ ਸੀ। ਰਸਤੇ ਵਿੱਚ ਕਾਰ ਵਿੱਚ ਸਵਾਰ ਮੁਲਜ਼ਮਾਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਕਾਰ ਵਿੱਚੋਂ ਬਾਹਰ ਕੱਢਣ ਤੋਂ ਬਾਅਦ, ਮੁਲਜ਼ਮ ਉਨ੍ਹਾਂ ਨੂੰ ਤਲਵਾਰ ਨਾਲ ਮਾਰਦੇ ਰਹੇ ਜਦੋਂ ਤੱਕ ਕੁਲਦੀਪ ਸਿੰਘ ਦੀ ਮੌਤ ਨਹੀਂ ਹੋ ਗਈ। ਪਿੰਡ ਮੁੰਡੀਆਂ ਦਾ ਰਹਿਣ ਵਾਲੇ ਕੁਲਦੀਪ ਸਿੰਘ ਪ੍ਰਾਪਰਟੀ ਦਾ ਕਾਰੋਬਾਰ ਕਰਦੇ ਸੀ। ਉਹ ਕੁਝ ਸਮਾਂ ਪਹਿਲਾਂ ਕੈਨੇਡਾ ਗਏ ਸੀ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਵੀ ਉੱਥੇ ਸੀ। ਕੈਨੇਡਾ ਵਿੱਚ ਕੁਝ ਸਮਾਂ ਬਿਤਾਉਣ ਤੋਂ ਬਾਅਦ,ਉਹ ਲੁਧਿਆਣਾ ਵਾਪਸ ਆ ਗਏ ਅਤੇ ਇਕੱਲੇ ਰਹਿਣ ਲੱਗ ਪਏ ਸਨ।

## ਜਗਰਾਓਂ ਪੁਲਿਸ ਵੱਲੋਂ ਹੈਰੋਇਨ ਸਮੇਤ ਵਿਅਕਤੀ ਕਾਬੂ



ਜਗਰਾਓਂ, 28 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਕਿੱਕਰ ਸਿੰਘ ਅਤੇ ਸੀਆਈਏ ਸਟਾਫ ਦੇ ਇਨਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਐਸਆਈ ਗੁਰਸੇਵਕ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਵੱਲੋਂ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਕਿਸ਼ਨਪੁਰਾ ਚੌਂਕ ਸਿੱਧਵਾਂ ਬੇਟ ਮੌਜੂਦ ਸੀ ਤਾਂ ਮੁੱਖਵਰ ਨੇ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਜੋ ਕਿ ਵੱਡੀ ਪੱਧਰ 'ਤੇ ਹਰੋਇਨ ਦੀ ਸਮਗਲਿੰਗ ਕਰਨ ਦਾ ਆਦੀ ਹੈ ਅਤੇ ਬਾਰਡਰ ਤੋਂ ਹੈਰੋਇਨ ਲਿਆ ਕੇ ਪੰਜਾਬ ਵਿੱਚ ਵੱਖ-ਵੱਖ ਜਗ੍ਹਾ ਪਰ ਸਪਲਾਈ ਕਰਦਾ ਹੈ। ਜੋ ਅੱਜ ਵੀ ਭਾਰੀ ਮਾਤਰਾ ਵਿੱਚ ਹਰੋਇਨ ਲੈ ਕੇ ਜਗਰਾਓਂ ਵੱਲ ਨੂੰ ਆ ਰਿਹਾ ਹੈ। ਜੇਕਰ ਹੁਣੇ ਹੀ ਗੁਰਪ੍ਰੀਤ ਸਿੰਘ ਨੂੰ ਕਾਬੂ ਕੀਤਾ ਜਾਵੇ ਤਾਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਕੀਤੇ ਜਾ ਸਕਦੀ ਹੈ। ਐਸ ਆਈ ਗੁਰਸੇਵਕ ਸਿੰਘ ਵੱਲੋਂ ਮੁੱਖਵਰ ਦੀ ਭਰੋਸੇਯੋਗ ਇਤਲਾਹ ਉੱਪਰ ਚੈਕਿੰਗ ਦੌਰਾਨ ਗੁਰਪ੍ਰੀਤ ਸਿੰਘ ਨੂੰ ਕਾਬੂ ਕੀਤਾ ਗਿਆ ਅਤੇ ਜਿਸ ਪਾਸੋਂ 2 ਕਿਲੋ 503 ਗ੍ਰਾਮ ਹੈਰੋਇਨ, ਇੱਕ ਖਾਲੀ ਕਿੱਟ ਬੈਗ, ਇੱਕ ਇਲੈਕਟਰੋਨਿਕ ਕੰਡਾ , ਤੇ ਪਾਰਦਰਸ਼ੀ ਲਿਫਾਫੀਆਂ , ਇੱਕ ਮੋਟਰਸਾਈਕਲ ਸਮੇਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ।

## ਭਾਜਪਾ ਨੇ ਐਮਰਜੈਂਸੀ ਦੌਰਾਨ ਜੇਲ੍ਹ ਕੱਟਣ ਵਾਲਿਆਂ ਦਾ ਕੀਤਾ ਸਨਮਾਨ




ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਭਾਜਪਾ ਦਫ਼ਤਰ ਦੁੱਗਰੀ ਵਿਖੇ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਵੱਲੋਂ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਤਰੁਣ ਚੁੱਘ ਨੇ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਭਗਵੰਤ ਮਾਨ ਅਤੇ ਕੇਜਰੀਵਾਲ 'ਤੇ ਤਿੱਖਾ ਹਮਲਾ ਕੀਤਾ। ਤਰੁਣ ਚੁੱਘ ਨੇ ਕਿਹਾ ਕਿ ਇਹ ਲੋਕਤੰਤਰ ਦਾ ਕਤਲ ਹੈ। ਚੁੱਘ ਨੇ ਇਸ ਗ੍ਰਿਫ਼ਤਾਰੀ ਨੂੰ ਬਦਲੇ ਦੀ ਕਾਰਵਾਈ ਦੱਸਿਆ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਵਿਰੁੱਧ ਸਿਆਸੀ ਸਾਜ਼ਿਸ਼ ਦੇ ਹਿੱਸੇ ਵਜੋਂ ਮਾਮਲੇ ਦਰਜ ਕੀਤੇ ਜਾ ਰਹੇ ਹਨ। ਐਮਰਜੈਂਸੀ ਦੇ 50 ਸਾਲ ਪੂਰੇ ਹੋਣ 'ਤੇ, ਚੁੱਘ ਨੇ ਇਸਨੂੰ ਦੇਸ਼ ਦੇ ਲੋਕਤੰਤਰੀ ਇਤਿਹਾਸ ਦਾ 'ਸਭ ਤੋਂ ਕਾਲਾ ਅਧਿਆਇ' ਅਤੇ 'ਸੰਵਿਧਾਨ ਕਤਲ ਦਿਨ' ਕਿਹਾ ਅਤੇ ਐਮਰਜੈਂਸੀ ਵਿਰੁੱਧ ਲੜਨ ਵਾਲਿਆਂ ਨੂੰ ਸਲਾਮ ਕੀਤਾ। ਇਸ ਮੌਕੇ ਭਾਜਪਾ ਲੁਧਿਆਣਾ ਵੱਲੋਂ ਐਮਰਜੈਂਸੀ ਦੌਰਾਨ ਜੇਲ੍ਹ ਜਾਣ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਰਮੇਸ਼ ਸ਼ਰਮਾ, ਜਗਦੀਸ਼ ਲਾਲ ਬਿੰਦਰਾ, ਰਾਧੇ ਸ਼ਿਆਮ ਖੱਤਰੀ, ਜਗਦੀਸ਼ ਲਾਲ ਬਿੰਦਰਾ, ਤਰਸੇਮ ਲਾਲ ਜੈਨ, ਜਗਨ ਨਾਥ ਚੋਪੜਾ, ਸਤਪਾਲ ਭਾਟੀਆ, ਰਮੇਸ਼ ਮਹਾਜਨ, ਪ੍ਰੇਮ ਮਹਾਜਨ, ਇੰਦਰ ਜੀਤ ਵਰਮਾ, ਭੂਸ਼ਨ ਵਰਮਾ, ਅਮਰ ਨਾਥ ਅਤੇ ਬਿਹਾਰੀ ਲਾਲ ਸਿੰਗਲਾ ਸ਼ਾਮਲ ਸਨ। ਤਰੁਣ ਚੁੱਘ ਵੱਲੋਂ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਲਈ ਪੌਦੇ ਵੀ ਲਗਾਏ। ਉਨ੍ਹਾਂ ਕਿਹਾ ਕਿ ਅੱਜ ਵਾਤਾਵਰਨ ਨੂੰ ਬਚਾਉਣਾ ਸਾਡੀ ਸਭ ਤੋਂ ਵੱਡੀ ਨੈਤਿਕ ਜ਼ਿੰਮੇਵਾਰੀ ਹੈ। ਇਸ ਮੌਕੇ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਮਿੱਤਲ, ਜਨਰਲ ਸਕੱਤਰ ਅਨਿਲ ਸਰੀਨ, ਸਕੱਤਰ ਰੇਣੂ ਥਾਪਰ, ਖਜ਼ਾਨਚੀ ਗੁਰਦੇਵ ਸ਼ਰਮਾ ਦੇਵੀ, ਸੂਬਾ ਕੋਰ ਗਰੁੱਪ ਮੈਂਬਰ ਜੀਵਨ ਗੁਪਤਾ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਵਿਪਨ ਸੂਦ ਕਾਕਾ, ਮਹਿਲਾ ਮੋਰਚਾ ਦੀ ਸੂਬਾ ਮੀਤ ਪ੍ਰਧਾਨ ਰਾਸ਼ੀ ਅਗਰਵਾਲ, ਕੌਂਸਲਰ ਪਾਰਟੀ ਆਗੂ ਪੂਨਮ ਰਤੜਾ, ਅਸ਼ੋਕ ਰਾਮ ਸਿੰਘ ਲੂੰਬਾ, ਅਸ਼ੋਕ ਰਾਮ ਬੀ.ਬੀ.ਐਸ. ਧਾਲੀਵਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਪੁਸ਼ਪੇਂਦਰ ਸਿੰਗਲ, ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਜ਼ਿਲ੍ਹਾ ਮੀਤ ਪ੍ਰਧਾਨ ਮਹੇਸ਼ ਸ਼ਰਮਾ, ਮਨੀਸ਼ ਚੋਪੜਾ, ਸੁਮਨ ਵਰਮਾ, ਨਵਲ ਜੈਨ, ਪ੍ਰੈਸ ਸਕੱਤਰ ਡਾ: ਸਤੀਸ਼ ਕੁਮਾਰ, ਸਮੂਹ ਕੌਂਸਲਰ ਅਤੇ ਮੰਡਲਾਂ ਦੇ ਪ੍ਰਧਾਨ ਆਦਿ ਹਾਜ਼ਰ ਸਨ।

## ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਤਿਸੰਗ ਸਭਾ ਹਾਊਸਿੰਗ ਬੋਰਡ ਕਲੋਨੀ ਦਾ 44ਵਾਂ ਸਥਾਪਨਾ ਦਿਵਸ ਮਨਾਇਆ



ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰਦਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਤਿਸੰਗ ਸਭਾ ਹਾਊਸਿੰਗ ਬੋਰਡ ਕਲੋਨੀ ਭਾਈ ਰਣਧੀਰ ਸਿੰਘ ਲੁਧਿਆਣਾ ਦਾ ਅੱਜ 44 ਵਾ ਸਥਾਪਨਾ ਦਿਵਸ ਬੜੀ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਸਵੇਰੇ ਨਿਤਨੇਮ, ਸਿਮਰਨ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਭਾਈ ਸਾਹਿਬ ਸਿੰਘ ਜੀ ਨੇ ਸੰਗਤਾ ਸਰਵਣ ਕਰਾਇਆ। ਭਾਈ ਅਵਤਾਰ ਸਿੰਘ ਜੀ ਕਥਾ ਵਿਚਾਰਾ ਰਾਹੀ ਸੰਗਤਾ ਨੂੰ ਗੁਰ ਇਤਿਹਾਸ ਨਾਲ ਜੋੜਿਆ ਭਾਈ ਗੁਰਜੀਤ ਸਿੰਘ ਵੱਲੋਂ ਅਰਦਾਸ ਉਪਰੰਤ ਸੰਗਤਾਂ ਨੂੰ ਭਾਈ ਸਾਹਿਬ ਜੀ ਨੇ ਹੁਕਮਨਾਮਾ ਸਰਵਣ ਕਰਾਇਆ।

ਇਸ ਸਮੇ ਜਨਰਲ ਸਕੱਤਰ ਗੁਰਦੀਪ ਸਿੰਘ ਲੀਲ ਸਮੁੱਚੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਇਸਤਰੀ ਸਤਿਸੰਗ ਸਭਾ ਵੱਲੋਂ ਗੁਰਦਆਰਾ ਸਾਹਿਬ ਜੀ ਦੇ 44 ਵੇ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਤੇ ਗੁਰਦਆਰਾ ਦੇ ਇਤਿਹਾਸ ਤੇ ਚਾਨਣਾ ਪਾਉਂਦਿਆਂ ਕਿਹਾ ਪੰਜ ਸਖਸੀਅਤਾਂ ਸਵਰਨ ਸਿੰਘ ਡੀ ਐਸ ਪੀ, ਪ੍ਰੀਤਮ ਸਿੰਘ ਚਾਵਲਾ, ਸੁਰਿੰਦਰ ਸਿੰਘ ਸੋਢੀ, ਨਿਰੰਜਨ ਸਿੰਘ ਸੇਠੀ ਗੋਲਡਨ ਟੈਂਪਲ ਵਾਲੇ, ਕਰਨਲ ਗੁਰਦਿਆਲ ਸਿੰਘ ਜੀ ਬੀਬੀ ਸੁਖਬੀਰ ਕੌਰ ਰਾਵਲ ਜੀ ਗੁਰਦਆਰਾ ਸਾਹਿਬ ਜੀ ਦੇ ਕਮਰੇ ਦਾ ਨੀਹ ਪੱਥਰ ਰਖਾ ਕੇ ਗੁਰਦਆਰਾ ਸਾਹਿਬ ਬਣਾਉਣ ਦੀ ਅਰੰਭਤਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤਾ ਗਿਆ। ਉਪਰੰਤ ਨਵੀ ਬਿਲਡਿੰਗ ਬਣਾਉਣ ਨੀਂਹ ਪੱਥਰ ਸੰਤ ਬਾਬਾ ਹਰਨਾਮ ਸਿੰਘ ਜੀਰੇ ਵਾਲਿਆਂ ਤੋਂ ਰਖਾਇਆ ਤੇ 1989 'ਚ ਗੁਰਦਆਰਾ ਸਾਹਿਬ ਜੀ ਨਵੀਂ ਬਿਲਡਿੰਗ ਦਾ ਉਦਘਾਟਨ ਕਰਨ ਉਪਰੰਤ ਸੰਤ ਬਾਬਾ ਹਰੀ ਸਿੰਘ ਜੀਰੇ ਵਾਲਿਆਂ ਨੇ ਗੁਰੂ ਘਰ ਸੰਗਤਾਂ ਨੂੰ ਸਮਰਪਿਤ ਕੀਤਾ ਤੇ ਪਹਿਲੇ ਪ੍ਰਧਾਨ ਵੱਜੋਂ ਰਜਿੰਦਰ ਸਿੰਘ ਸੇਵਾ ਸੰਭਾਲੀ ਉਨ੍ਹਾਂ ਤੋ ਬਾਅਦ ਮਹਿੰਦਰ ਸਿੰਘ ਧਾਲੀਵਾਲ, ਬੀਬੀ ਸੁਖਬੀਰ ਕੌਰ ਰਾਵਲ, ਸ ਜੋਗਾ ਸਿੰਘ, ਡਾਕਟਰ ਮਹਿੰਦਰ ਸਿੰਘ, ਸ ਮੇਜਰ ਸਿੰਘ , ਜਥੇਦਾਰ ਸਿੰਘ ਸਿੱਧੂ, ਜਥੇਦਾਰ ਜੋਰਾ ਸਿੰਘ, ਸ ਜਗਤਾਰ ਸਿੰਘ, ਸ ਬਲਵੀਰ ਸਿੰਘ ਗਰੇਵਾਲ, ਬਲਜੀਤ ਸਿੰਘ ਬਬਲੂ ਜੀ ਸਮੇਂ ਸਮੇਂ 'ਤੇ ਗੁਰਦਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਦੀ ਸੇਵਾ ਨਿਭਾਈ ਤੇ ਹੁਣ ਜਥੇਦਾਰ ਨਛੱਤਰ ਸਿੰਘ ਸਿੱਧੂ ਸੇਵਾ ਨਿਭਾ ਰਹੇ ਹਨ।

## ਐਨ.ਸੀ.ਸੀ. ਕੈਡਿਟਾਂ ਵੱਲੋਂ ਫਾਰਮਰ ਐਗਰੀਮਾਰਟ ਦਾ ਦੌਰਾ




ਸਮਰਾਲਾ, 28 ਜੂਨ (ਵਰਿੰਦਰ ਸਿੰਘ ਹੀਰਾ/ ਜਸਵੀਰ ਹੇਡੋਂ) : ਐਨ.ਸੀ.ਸੀ. ਗਰੁੱਪ ਕਮਾਂਡਰ ਲੁਧਿਆਣਾ ਬ੍ਰਿਗੇਡੀਅਰ ਪੀ.ਐਸ. ਚੀਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ (ਫਤਹਿਗੜ੍ਹ ਸਾਹਿਬ) ਵਿਖੇ ਚੱਲ ਰਹੇ ਸੀ.ਏ.ਟੀ.ਸੀ.-55 ਕੈਂਪ ਦੇ ਐਨ.ਸੀ.ਸੀ. ਕੈਡਿਟਾਂ ਦੁਆਰਾ ਕਮਾਂਡਿੰਗ ਅਫਸਰ 19 ਵੀਂ ਪੰਜਾਬ ਬਟਾਲੀਅਨ ਐਨ.ਸੀ.ਸੀ. ਲੁਧਿਆਣਾ ਲੈਫ਼ਟੀਨੈਂਟ ਕਰਨਲ ਫ਼ੈਜ਼ਨ ਜਹੂਰ ਅਤੇ ਸੂਬੇਦਾਰ ਮੇਜਰ ਸੁਖਦੇਵ ਸਿੰਘ ਦੀ ਯੋਗ ਅਗਵਾਈ ਵਿੱਚ ਐਨ.ਸੀ.ਸੀ. ਕੈਡਿਟਾਂ ਵੱਲੋਂ ਉਦਮ ਦਿਵਸ ਉੱਪਰ ਫਾਰਮਰ ਐਗਰੀਮਾਰਟ ਮੁਸ਼ਕਾਬਾਦ ਵਿਖੇ ਔਰਗੈਨਿਕ ਖੇਤੀ ਅਤੇ ਹੋਰ ਨਵੀਆਂ ਤਕਨੀਕਾਂ ਆਦਿ ਦੀ ਜਾਣਕਾਰੀ ਲੈਣ ਲਈ। ਅੱਜ ਦੇ ਇਸ ਦੌਰੇ ਦੌਰਾਨ 50-60 ਦੇ ਕਰੀਬ ਕੈਡਿਟਾਂ ਨੇ ਭਾਗ ਲਿਆ ਅਤੇ ਕੈਡਿਟਾਂ ਵਿੱਚ ਪੂਰਾ ਜੋਸ਼ ਅਤੇ ਉਤਸ਼ਾਹ ਦੇਖਿਆ ਗਿਆ। ਇਸ ਦਾ ਮੰਤਵ ਕੈਡਿਟਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਰਾਹੀਂ ਔਰਗੈਨਿਕ ਖੇਤੀ ਸਬੰਧੀ ਅਤੇ ਕਿਸਾਨਾਂ ਨਾਲ ਰੂ-ਬ-ਰੂ ਕਰਵਾਕੇ ਸਵੈ ਉਦਮੀ ਬਣਨ ਵੱਲ ਪ੍ਰੇਰਿਤ ਕਰਨਾ ਸੀ। ਇਸ ਦੌਰੇ ਦੌਰਾਨ ਉਪਰੋਕਤ ਫਾਰਮ ਦੇ ਮਾਲਕ ਦਵਿੰਦਰ ਸਿੰਘ ਵੱਲੋਂ ਕੈਡਿਟਾਂ ਨੂੰ ਪੂਰੇ ਫਾਰਮ ਦਾ ਦੌਰਾ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਸਵੈ ਉਦਮੀ ਬਣਨ ਵੱਲ ਪ੍ਰੇਰਿਤ ਕੀਤਾ ਗਿਆ ਅਤੇ ਕਿਸਾਨੀ ਦੌਰਾਨ ਕਿਸਾਨਾਂ ਨੂੰ ਵੱਖ ਵੱਖ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਹੱਲਾਂ ਬਾਰੇ ਵੀ ਵਿਸਥਾਰਪੂਰਵਕ ਦੱਸਿਆ ਗਿਆ।

## ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵਿਖੇ ਅਤਿ-ਆਧੁਨਿਕ CAD-CAM ਸੈਂਟਰ ਦਾ ਉਦਘਾਟਨ



ਲੁਧਿਆਣਾ, 28 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਨੇ ਮਾਣ ਨਾਲ ਆਪਣੇ ਅਤਿ-ਆਧੁਨਿਕ CAD-CAM ਸੈਂਟਰ ਦਾ ਉਦਘਾਟਨ ਕੀਤਾ, ਜੋ ਕਿ ਪ੍ਰੋਸਥੋਡੋਨਟਿਕਸ ਵਿਭਾਗ ਦੁਆਰਾ ਇੱਕ ਮੋਹਰੀ ਪਹਿਲਕਦਮੀ ਹੈ, ਜਿਸ ਨਾਲ ਇਹ ਹਸਪਤਾਲ ਉੱਤਰੀ ਭਾਰਤ ਵਿੱਚ ਆਪਣੀ ਕਿਸਮ ਦੇ ਪਹਿਲੇ ਹਸਪਤਾਲ ਵਿੱਚੋਂ ਇੱਕ ਬਣ ਗਿਆ ਹੈ। ਇਹ ਉੱਨਤ ਸਹੂਲਤ ਡਿਜੀਟਲ ਦੰਦਾਂ ਦੇ ਇਲਾਜ ਵਿੱਚ ਇੱਕ ਪਰਿਵਰਤਨਸ਼ੀਲ ਕਦਮ ਦੀ ਨਿਸ਼ਾਨਦੇਹੀ ਕਰਦੀ ਹੈ, ਜੋ ਕਲੀਨਿਕਲ ਸ਼ੁੱਧਤਾ, ਮਰੀਜ਼ਾਂ ਦੀ ਦੇਖਭਾਲ ਅਤੇ ਅਕਾਦਮਿਕ ਸਿਖਲਾਈ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦੀ ਹੈ। ਦੰਦਾਂ ਦੇ ਪ੍ਰੋਸਥੇਸਿਸ ਦੇ ਡਿਜ਼ਾਈਨ ਅਤੇ ਨਿਰਮਾਣ ਨੂੰ ਸੁਚਾਰੂ ਬਣਾ ਕੇ, ਛਅਧ-ਛਅਮ ਸੈਂਟਰ ਮਰੀਜ਼ਾਂ ਦੇ ਉਡੀਕ ਸਮੇਂ ਨੂੰ ਬਹੁਤ ਘਟਾ ਦੇਵੇਗਾ। ਨਾਲ ਹੀ ਸਥਿਰ ਦੰਦਾਂ ਦੀ ਬਹਾਲੀ ਦੀ ਡਿਲੀਵਰੀ ਦੌਰਾਨ ਪਹਿਲਾਂ ਅਨੁਭਵ ਕੀਤੀਆ ਗਈਆਂ ਬੇਅਰਾਮੀ ਅਤੇ ਸੀਮਾਵਾਂ ਨੂੰ ਘਟਾ ਦੇਵੇਗਾ।

ਉਦਘਾਟਨੀ ਸਮਾਰੋਹ ਚੇਅਰਮੈਨ ਬਾਬਾ ਡਾ. ਅਨਹਦ ਰਾਜ ਸਿੰਘ ਜੀ ਦੀ ਮੌਜੂਦਗੀ ਵਿੱਚ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ, ਜਿਨ੍ਹਾਂ ਦੀ ਦੂਰਦਰਸ਼ੀ ਅਗਵਾਈ ਅਤੇ ਉੱਤਮਤਾ ਪ੍ਰਤੀ ਨਿਰੰਤਰ ਵਚਨਬੱਧਤਾ ਨੇ ਇਸ ਮਹੱਤਵਪੂਰਨ ਤਰੱਕੀ ਨੂੰ ਅੱਗੇ ਵਧਾਇਆ ਹੈ। ਉਨ੍ਹਾਂ ਦੀ ਅਗਵਾਈ ਨੇ ਸੰਸਥਾ ਨੂੰ ਦੰਦਾਂ ਦੀ ਤਕਨਾਲੋਜੀ ਵਿੱਚ ਵਿਸ਼ਵ ਪੱਧਰੀ ਮਿਆਰਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਮੌਕੇ ਵਾਇਸ ਚੇਅਰਮੈਨ ਅਮਰਜੀਤ ਸਿੰਘ ਵੀ ਮੌਜੂਦ ਸਨ ਅਤੇ ਉਨ੍ਹਾਂ ਦੀ ਨਿਰੰਤਰ ਹੱਲਾਸ਼ੇਰੀ ਅਤੇ ਪ੍ਰਬੰਧਕੀ ਤਾਕਤ ਲਈ ਸ਼ਲਾਘਾ ਕੀਤੀ ਗਈ, ਜਿਸ ਨਾਲ ਕਾਲਜ ਨੇ ਤਰੱਕੀ ਅਤੇ ਨਵੀਨਤਾ ਵਿੱਚ ਨਵੇਂ ਮੁਕਾਮ ਹਾਸਲ ਕੀਤੇ ਹਨ। ਪ੍ਰਿੰਸੀਪਲ ਡਾ. ਨਮੀਤਾ ਸਿੰਘ ਨੇ ਕਿਹਾ ਕਿ ਅਕਾਦਮਿਕ ਗਿਆਨ ਨੂੰ ਅਤਿ-ਆਧੁਨਿਕ ਕਲੀਨਿਕਲ ਐਪਲੀਕੇਸ਼ਨਾਂ ਨਾਲ ਜੋੜਨ ਵਿੱਚ ਕੇਂਦਰ ਦੀ ਭੂਮਿਕਾਂ 'ਤੇ ਜੋਰ ਦਿੱਤਾ। ਉਨ੍ਹਾਂ ਦੀ ਗਤੀਸ਼ੀਲ ਅਗਵਾਈ ਸੰਸਥਾ ਦੇ ਅਕਾਦਮਿਕ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਇਹ ਵਿਕਾਸ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਨੂੰ ਵਿਸ਼ਵ ਪੱਧਰੀ ਦੰਦਾਂ ਦੀ ਸਿੱਖਿਆ ਅਤੇ ਮਰੀਜ਼ਾਂ ਦੀ ਦੇਖਭਾਲ ਕਰਨ ਭਵਿੱਖ ਦੇ ਦੰਦਾਂ ਦੇ ਡਾਕਟਰਾਂ ਨੂੰ ਕੱਲ ਦੇ ਸਾਧਨਾਂ ਨਾਲ ਸਸ਼ਕਤ ਬਣਾਉਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ। ਇਹ ਅਤਿ-ਆਧੁਨਿਕ ਸਹੂਲਤ ਡਿਜੀਟਲ ਦੰਦਾਂ ਦੇ ਇਲਾਜ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਿਸ ਨਾਲ ਫਿਕਸਡ ਦੰਦਾਂ ਦੇ ਪ੍ਰੋਸਥੇਸਿਸ ਨੂੰ ਡਿਜ਼ਾਈਨ ਅਤੇ ਡਿਲੀਵਰ ਕਰਨ ਦੇ ਤਰੀਕੇ ਵਿੱਚ ਕ੍ਰਾਂਤੀ ਆਉਂਦੀ ਹੈ। ਛਅਧ-ਛਅਮ ਤਕਨਾਲੋਜੀ ਨਾਲ ਮਰੀਜ ਕੁੱਝ ਘੰਟਿਆਂ ਦੇ ਅੰਦਰ ਹੀ ਦੰਦ ਪ੍ਰਾਪਤ ਕਰ ਸਕਦੇ ਹਨ।

## ਥਾਣਾ ਸਿਟੀ ਪੁਲਿਸ ਵੱਲੋਂ ਹੈਰੋਇਨ ਅਤੇ ਮੋਟਰਸਾਈਕਲ ਸਮੇਤ ਵਿਅਕਤੀ ਕਾਬੂ



ਜਗਰਾਓਂ, 28 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿਟੀ ਜਗਰਾਓਂ ਦੇ ਮੁੱਖ ਅਫ਼ਸਰ ਵਰਿੰਦਰਪਾਲ ਸਿੰਘ ਉੱਪਲ ਦੀ ਅਗਵਾਈ ਹੇਠ ਏਐਸ ਆਈ ਰਣਧੀਰ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਜੀਟੀ ਰੋਡ ਤੋਂ ਕੋਠੇ ਖਜੂਰਾਂ ਨੂੰ ਜਾ ਰਹੇ ਸੀ। ਜਦੋਂ ਪੁਲਿਸ ਪੁਲ਼ੀ ਸੂਆ ਪਰ ਪੁੱਜੀ ਤਾਂ ਇਕ ਮੋਨਾ ਨੌਜਵਾਨ ਸ਼ੱਕੀ ਹਾਲਤ ਵਿੱਚ ਆਪਣੇ ਮੋਟਰਸਾਈਕਲ ਪਰ ਸਾਹਮਣੇ ਤੋਂ ਆਉਂਦਾ ਦਿਖਾਈ ਦਿੱਤਾ। ਜਿਸ ਨੂੰ ਏਐਸ ਆਈ ਰਣਧੀਰ ਸਿੰਘ ਵੱਲੋਂ ਰੋਕ ਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਸਿਕੰਦਰ ਸਿੰਘ ਦੱਸਿਆ ਅਤੇ ਜਿਸਦੀ ਚੈਕਿੰਗ ਦੌਰਾਨ ਉਸ ਪਾਸੋਂ 6 ਗ੍ਰਾਮ ਹੈਰੋਇਨ ਅਤੇ ਇੱਕ ਮੋਟਰ ਸਾਇਕਲ ਬਰਾਮਦ ਕੀਤਾ ਗਿਆ।

ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਏਐਸਆਈ ਸੁਖਵਿੰਦਰ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੇ ਚੈਕਿੰਗ ਦੇ ਸੰਬੰਧ ਵਿੱਚ ਜੀਟੀ ਰੋਡ ਤੋਂ ਸੇਮ ਨਾਲਾ ਕੱਚੀ ਪਟੜੀ ਪਟੜੀ ਕੋਠੇ ਖਜੂਰਾਂ ਵੱਲ ਨੂੰ ਜਾ ਰਹੇ ਸੀ, ਤਾਂ ਜਦੋਂ ਪੁਲਿਸ ਪਾਰਟੀ ਪੁਲੀ ਸੂਆ ਪਰ ਪੁੱਜੀ ਤਾਂ ਇੱਕ ਮੋਨਾ ਨੌਜਵਾਨ ਸ਼ੱਕੀ ਹਾਲਤ ਵਿੱਚ ਆਪਣੇ ਮੋਟਰਸਾਈਕਲ ਪਰ ਸਾਹਮਣੇ ਤੋਂ ਆਉਂਦਾ ਦਿਖਾਈ ਦਿੱਤਾ। ਜਿਸ ਨੂੰ ਰੋਕ ਕੇ ਉਸਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸਨੇ ਆਪਣਾ ਨਾ ਗਗਨਦੀਪ ਸਿੰਘ ਦੱਸਿਆ। ਪੁਲਿਸ ਪਾਰਟੀ ਵੱਲੋਂ ਗਗਨਦੀਪ ਸਿੰਘ ਦੀ ਤਲਾਸ਼ੀ ਦੌਰਾਨ ਉਸ ਪਾਸੋਂ ਛੇ ਗ੍ਰਾਮ ਹੈਰੋਇਨ ਅਤੇ ਇੱਕ ਮੋਟਰ ਸਾਈਕਲ ਬਰਾਮਦ ਕੀਤਾ ਗਿਆ। ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ।

## ਸਾਬਕਾ ਸੂਚਨਾ ਕਮਿਸ਼ਨਰ ਬਰਾੜ ਨੇ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਕਮੇਟੀ 'ਚ ਵਿਸਥਾਰ ਦੀ ਕੀਤੀ ਮੰਗ



ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਸਾਬਕਾ ਸੂਚਨਾ ਕਮਿਸ਼ਨਰ ਨਿਧੱੜਕ ਸਿੰਘ ਬਰਾੜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਜੱਥੇਦਾਰ ਸਾਹਿਬਾਨ ਦੀ ਨਿਯੁਕਤੀ ਸਬੰਧੀ ਬਣਾਈ ਕਮੇਟੀ ਵਿੱਚ ਵਿਸਥਾਰ ਦੀ ਮੰਗ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਆਪ ਜੀ ਵੱਲੋਂ ਸ੍ਰੀ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਵਿਦਾਇਗੀ ਸਬੰਧੀ ਵਿਧੀ -ਵਿਧਾਨ ਬਣਾਉਣ ਲਈ ਕਮੇਟੀ ਬਣਾਉਣ ਦਾ ਬਹੁਤ ਚੰਗਾ ਉਪਰਾਲਾ ਕੀਤਾ ਗਿਆ ਹੈ।

ਭਾਵੇਂ ਕਿ ਸੰਵਿਧਾਨ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਜਥੇਦਾਰ ਸਾਹਿਬਾਨ ਨੂੰ ਨਿਯੁਕਤ ਕਰਨ ਬਾਰੇ ਫੈਸਲਾ ਕਰ ਸਕਦੀ ਹੈ। ਪਰ ਫਿਰ ਵੀ ਵਾਦ ਵਿਵਾਦ ਤੋਂ ਬਚਣ ਲਈ ਇਸ ਨਿਯੁਕਤੀਆਂ ਬਾਰੇ ਕੋਈ ਪੱਕੇ ਅਤੇ ਸਰਬ ਪ੍ਰਵਾਨਤ ਵਿਧੀ – ਵਿਧਾਨ ਹੋਣਾ ਬਹੁਤ ਜਰੂਰੀ ਸਨ, ਜਿਨ੍ਹਾਂ ਦੀ ਅਣਹੋਂਦ ਕਰਕੇ ਸਿੱਖ ਕੌਮ 'ਚ ਕਈ ਵਾਰ ਵਿਵਾਦ ਖੜ੍ਹਾ ਹੋ ਜਾਂਦਾ ਰਿਹਾ ਹੈ। ਉਨ੍ਹਾਂ ਕਮੇਟੀ ਦੇ ਵਿਸਥਾਰ ਦੀ ਮੰਗ ਕਰਦਿਆਂ ਕਿਹਾ ਹੈ ਕਿ ਕਮੇਟੀ ਵਿੱਚ ਡਾਕਟਰ ਬਲਕਾਰ ਸਿੰਘ , ਡਾਕਟਰ ਇੰਦਰਜੀਤ ਸਿੰਘ ਗੋਗੋਆਣੀ, ਡਾਕਟਰ ਕੇਹਰ ਸਿੰਘ, ਡਾਕਟਰ ਅਮਰਜੀਤ ਸਿੰਘ, ਵਾਈਸ ਚਾਂਸਲਰ ਕਰਮਜੀਤ ਸਿੰਘ, ਡਾ ਪ੍ਰਿਤਪਾਲ ਸਿੰਘ ਤੇ ਹੋਰ ਵਿਦਵਾਨ ਲਏ ਹਨ। ਉਨ੍ਹਾਂ ਸੁਝਾਅ ਦਿੱਤਾ ਹੈ ਕਿ ਹਰਵਿੰਦਰ ਸਿੰਘ ਖਾਲਸਾ ਬਠਿੰਡਾ ਵੀ ਇਸ ਖੇਤਰ ਦੇ ਮਾਹਰ ਨੇ ਅਤੇ ਕਮੇਟੀ ਵਿੱਚ ਵਧੀਆ ਯੋਗਦਾਨ ਪਾ ਸਕਦੇ ਹਨ।

ਇਹ ਕਮੇਟੀ ਪੂਰੀ ਦੁਨੀਆਂ ਵਿੱਚ ਵੱਸਦੇ ਸਮੂਹ ਸਿੱਖਾਂ ਦੀ ਨੁਮਾਇੰਦਾ ਕਮੇਟੀ ਵਜੋਂ ਵਿਚਰੇ, ਇਸ ਲਈ ਇਸ ਕਮੇਟੀ ਦਾ ਦਾਇਰਾ ਵਧਾ ਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ , ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਨੁਮਾਇੰਦੇ ਵੀ ਸ਼ਾਮਲ ਕਰ ਲਏ ਜਾਣ।

## ਐਸ.ਆਰ. ਕਲੇਰ ਨੂੰ ਅਕਾਲੀ ਦਲ ਕੋਰ ਕਮੇਟੀ ਦਾ ਮੈਂਬਰ ਬਣਾਏ ਜਾਣ 'ਤੇ ਗੁ: ਛੇਵੀਂ ਪਾਤਸ਼ਾਹੀ ਵਿਖੇ ਨਤਮਸਤਕ ਹੋਏ



ਜਗਰਾਓਂ, 28 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ) : ਹਲਕਾ ਜਗਰਾਓਂ ਤੋਂ ਸਾਬਕਾ ਵਿਧਾਇਕ ਐੱਸ ਆਰ ਕਲੇਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਬਣਾਏ ਜਾਣ'ਤੇ ਹਲਕਾ ਜਗਰਾਓਂ ਦੀ ਸਮੁੱਚੀ ਜਥੇਬੰਦੀ ਨਾਲ ਗੁਰਦੁਆਰਾ ਛੇਵੀਂ ਪਾਤਸ਼ਾਹੀ ਗੁਰੂਸਰ ਕਾਉਂਕੇ ਨਤਮਸਤਕ ਹੋ ਕੇ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਅਤੇ ਪਾਰਟੀ ਦੀ ਚੜ੍ਹਦੀਕਲਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ, ਪ੍ਰਧਾਨ ਜੱਟ ਗਰੇਵਾਲ, ਆਈ ਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ ਕਾਉਂਕੇ, ਪ੍ਰਧਾਨ ਸਤਨਾਮ ਸਿੰਘ ਬੱਸੂਵਾਲ, ਪ੍ਰਧਾਨ ਗੁਰਪ੍ਰੀਤ ਸਿੰਘ ਬੱਸੂਵਾਲ, ਪ੍ਰਧਾਨ ਗੁਰਪ੍ਰੀਤ ਸਿੰਘ ਕਾਉਂਕੇ, ਪ੍ਰਧਾਨ ਜਤਿੰਦਰ ਸਿੰਘ ਰਿੰਕੂ ਕਲੇਰਾ, ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂੰਕੇ, ਬਲਵੰਤ ਸਿੰਘ ਬਾਦਲ ਹਠੂਰ, ਡਾਇਰੈਕਟਰ ਬਲਜੀਤ ਸਿੰਘ ਹਠੂਰ, ਸੁਖਵਿੰਦਰ ਸਿੰਘ ਹਠੂਰ, ਪ੍ਰਧਾਨ ਪਰਮਿੰਦਰ ਸਿੰਘ ਕੰਬੋ, ਸਾਬਕਾ ਸਰਪੰਚ ਪਰਮਿੰਦਰ ਸਿੰਘ ਕੋਠੇ ਫਤਿਹਦੀਨ, ਪੰਚ ਜਸਪ੍ਰੀਤ ਸਿੰਘ ਚੀਮਾ, ਸਰਵੇਸ਼ ਕੁਮਾਰ ਗੁਡਗੋ ਮਾਣੂੰਕੇ, ਪ੍ਰਧਾਨ ਹਰਨੇਕ ਸਿੰਘ ਕਮਾਲਪੁਰਾ, ਧਾਮੀ ਰਸੂਲਪੁਰ, ਜਗਜੀਤ ਸਿੰਘ ਡੱਲਾ, ਪ੍ਰਧਾਨ ਕਾਲੀ ਕਾਉਂਕੇ, ਪ੍ਰਧਾਨ ਵਿਕਰਮਜੀਤ ਸਿੰਘ ਵਿੱਕੀ ਹਠੂਰ, ਸੁਖਵਿੰਦਰ ਸਿੰਘ ਚੀਮਾ, ਰਣਧੀਰ ਸਿੰਘ ਗੁਰੂਸਰ,ਸਿਕੰਦਰ ਸਿੰਘ ਗੁਰੂਸਰ, ਗਗਨ ਕਲੇਰ, ਰਾਜਵਿੰਦਰ ਸਿੰਘ ਬੁਰਜ਼ ਕੁਲਾਰਾਂ ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ ਤੇ ਹੋਰ ਹਾਜ਼ਰ ਸਨ।

## ਲੇਖਕਾਂ, ਡਾਕਟਰਾਂ ਵੱਲੋਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਦਾ ਸਵਾਗਤ

ਲੁਧਿਆਣਾ, 28 ਜੂਨ (ਰਵਿੰਦਰ ਸਿੰਘ ਨਿੱਝਰ) : ਵਿਸ਼ਵ ਸ਼ਾਂਤੀ ਨਿਸ਼ਸਤਰੀਕਰਨ ਅਤੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਪੰਜਾਬ ਪੱਧਰੀ ਸੂਬਾਈ ਕਨਵੈਂਸ਼ਨ ਕਰਨ ਦਾ ਫੈਸਲਾ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਅਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਬੁਲਾਈ ਗਈ। ਕੁਝ ਪ੍ਰਮੁੱਖ ਨਾਗਰਿਕਾਂ ਅਤੇ ਸੰਗਠਨਾਂ ਦੀ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ ਮੀਟਿੰਗ ਨੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਦਾ ਸਵਾਗਤ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਇਹ ਖੇਤਰ ਵਿੱਚ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕਰੇਗੀ। ਇਹ ਦੁਨੀਆਂ ਦੇ ਲੋਕਾਂ ਵਿੱਚ ਜੰਗ ਵਿਰੋਧੀ ਉਠੀ ਲੋਕ ਰਾਏ ਦਾ ਨਤੀਜਾ ਹੈ ਅਤੇ ਇਸਨੂੰ ਦੁਨੀਆਂ ਵਿਚ ਇਕ ਮਹੱਤਵਪੂਰਨ ਮੋੜ ਸਮਝਿਆ ਜਾਣਾ ਚਾਹੀਦਾ ਹੈ। ਹੁਣ ਗਾਜ਼ਾ ਵਿੱਚ ਨਾਗਰਿਕਾਂ ਦੀ ਨਸਲਕੁਸ਼ੀ ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਭਾਰਤ ਅਤੇ ਪਾਕਿਸਤਾਨ ਵਿਚਕਾਰ ਲਗਾਤਾਰ ਤਣਾਅ ਬਾਰੇ ਚਿੰਤਤ ਮੀਟਿੰਗ ਨੇ ਖੇਤਰ ਵਿੱਚ ਅੱਤਵਾਦ ਨੂੰ ਖਤਮ ਕਰਨ ਲਈ ਇੱਕ ਸਮਝੌਤੇ 'ਤੇ ਪਹੁੰਚਣ ਅਤੇ ਦੋਵਾਂ ਦੇਸ਼ਾਂ ਵਿਚਕਾਰ ਮੁੱਦਿਆਂ ਨੂੰ ਆਪਸੀ ਗੱਲਬਾਤ ਰਾਹੀਂ ਹੱਲ ਕਰਨ ਲਈ ਆਪਸੀ ਗੱਲਬਾਤ ਦਾ ਸੱਦਾ ਦਿੱਤਾ। ਦੱਖਣੀ ਏਸ਼ੀਆ ਇੱਕ ਵਾਂਝਾ ਖੇਤਰ ਹੈ। ਇਹ ਮਹੱਤਵਪੂਰਨ ਹੈ ਕਿ ਦੱਖਣੀ ਏਸ਼ੀਆ ਦੇ ਦੇਸ਼ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ।

ਮੀਟਿੰਗ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੇ ਵਧਦੇ ਖ਼ਤਰੇ ਤੇ ਚਿੰਤਾ ਦਾ ਵੀ ਪ੍ਰਗਟਾਵਾ ਕੀਤਾ ਅਤੇ ਸਮੂਹਿਕ ਵਿਨਾਸ਼ ਦੇ ਹਥਿਆਰਾਂ ਦੇ ਪੂਰੀ ਤਰ੍ਹਾਂ ਖਾਤਮੇ ਦੀ ਮੰਗ ਕੀਤੀ। ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ ਦੀ ਮਨਾਹੀ ਬਾਰੇ ਸੰਧੀ (TPNW) ਵਿੱਚ ਸ਼ਾਮਲ ਹੋਣਾ ਚਾਹੀਦਾ ਹੈ, ਜਿਸਨੂੰ ਜੁਲਾਈ 2017 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੁਆਰਾ ਪਾਸ ਕੀਤਾ ਗਿਆ ਸੀ।

## ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਜੱਥੇਬੰਧਕ ਢਾਂਚੇ ਦਾ ਵਿਸਥਾਰ




ਲੁਧਿਆਣਾ, 28 ਜੂਨ (ਕਰਨੈਲ ਸਿੰਘ ਐੱਮ.ਏ.) : ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦਾ ਮੁੱਖ ਉਦੇਸ਼ ਭਾਰਤ ਦੇ ਸਮੂਹ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਸਰਮਾਏਦਾਰਾਂ ਵੱਲੋਂ ਕਿਸਾਨਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਨੂੰ ਰੁਕਵਾ ਕੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਹੈ । ਇਸੇ ਮਿਸ਼ਨ ਦੀ ਪ੍ਰਾਪਤੀ ਲਈ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਆਪਣੇ ਜੱਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਉੱਦਮੀ ਵੀਰਾਂ ਨੂੰ ਅੱਗੇ ਲਿਆਉਣ ਲਈ ਵਿਸ਼ੇਸ਼ ਮੁਹਿੰਮ ਸਮੁੱਚੇ ਪੰਜਾਬ ਅੰਦਰ ਆਰੰਭ ਕੀਤੀ ਗਈ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਦਿਹਾਤੀ ਇਕਾਈ ਦੇ ਪ੍ਰਧਾਨ ਪ੍ਰਭਦੀਪ ਸਿੰਘ ਸੇਖੋਂ ਦੀ ਅਗਵਾਈ ਹੇਠ ਕੋਹਾੜਾ ਵਿਖੇ ਹੋਈ ਯੂਨੀਅਨ ਦੇ ਮੈਬਰਾਂ ਦੀ ਇਕੱਤਰਤਾ ਦੌਰਾਨ ਕੀਤਾ । ਇਸ ਮੌਕੇ ਪ੍ਰਭਦੀਪ ਸਿੰਘ ਸੇਖੋਂ ਪ੍ਰਧਾਨ ਦਿਹਾਤੀ ਜ਼ਿਲ੍ਹਾ ਲੁਧਿਆਣਾ ਨੇ ਇਕੱਤਰਤਾ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਯੂਨੀਅਨ ਦੇ ਕੌਮੀ ਪ੍ਰਧਾਨ ਦਾ ਨਿੱਘਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਯੂਨੀਅਨ ਦੇ ਸਮੂਹ ਮੈਂਬਰ ਹਰ ਸ਼ੰਘਰਸ਼ ਵਿੱਚ ਆਪਣਾ ਮੋਹਰੀ ਰੋਲ ਨਿਭਾਉਣਗੇ। ਇਸ ਦੌਰਾਨ ਉਨ੍ਹਾਂ ਨੇ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਅਤੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮੱਖੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਨੀਅਨ ਦਾ ਵਿਸਥਾਰ ਕਰਦਿਆਂ ਹੋਇਆਂ ਜਸਪਾਲ ਸਿੰਘ ਗਰਚਾ ਸੀਨੀਅਰ ਮੀਤ ਪ੍ਰਧਾਨ ਦਿਹਾਤੀ, ਜਗਤਾਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਦਿਹਾਤੀ, ਰਜਿੰਦਰ ਸਿੰਘ ਮੁੰਡੀ ਜਰਨਲ ਸਕੱਤਰ ਦਿਹਾਤੀ, ਹਰਮੀਤ ਸਿੰਘ ਗਿੱਲ ਮੀਤ ਪ੍ਰਧਾਨ ਦਿਹਾਤੀ, ਗੁਰਜੀਤ ਸਿੰਘ ਗੁਰਮ ਬੁਲਾਰਾ ਦਿਹਾਤੀ, ਬਲਵਿੰਦਰ ਸਿੰਘ ਗਿੱਲ ਮੁੱਖ ਸਲਾਹਕਾਰ ਦਿਹਾਤੀ, ਨਵਦੀਪ ਸਿੰਘ ਮੋਦਗਿਲ ਸੋਸ਼ਲ ਮੀਡੀਆ ਇੰਚਾਰਜ ਦਿਹਾਤੀ, ਮਿੰਕੂ ਤੇਰੀਆਂ ਸਲਾਹਕਾਰ ਦਿਹਾਤੀ, ਗਗਨਦੀਪ ਸਿੰਘ, ਸੁਖਪ੍ਰੀਤ ਸਿੰਘ, ਰਣਵੀਰ ਸਿੰਘ, ਗੁਰਜੀਤ ਸਿੰਘ ਸਮੇਤ ਸਾਰਿਆਂ ਨੂੰ ਦਿਹਾਤੀ ਵਰਕਿੰਗ ਕਮੇਟੀ ਮੈਂਬਰ ਥਾਪਣ ਦਾ ਐਲਾਨ ਕੀਤਾ। ਇਕੱਤਰਤਾ ਦੌਰਾਨ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਆਪਣਾ ਸਤਿਕਾਰ ਅਰਪਿਤ ਕਰਦਿਆਂ ਹੋਇਆਂ ਯੂਨੀਅਨ ਦਾ ਸਿਰੋਪਾਓ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸਰਪੰਚ ਮਨਜੀਤ ਸਿੰਘ ਤੂਰ (ਬਾਜੜਾ) ਮੈਂਬਰ ਕੋਰ ਕਮੇਟੀ, ਭਾਈ ਮਨਜੀਤ ਸਿੰਘ ਬੁਟਾਹਰੀ ਮੈਂਬਰ ਕੋਰ ਕਮੇਟੀ ਆਦਿ ਸਕੱਤਰ ਹਾਜ਼ਰ ਸਨ।

## ਸੀ.ਐੱਨ.ਐੱਨ. ਨੇ ਪੱਤਰਕਾਰ ਬਾਰੇ ਵਰਤੀ ਸ਼ਬਦਾਵਲੀ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਦੀ ਕੀਤੀ ਸਖ਼ਤ ਆਲੋਚਨਾ

ਸੈਕਰਾਮੈਂਟੋ, 28 ਜੂਨ (ਚ.ਨ.ਸ): ਸੀਐਨਐਨ ਨੇ ਉਸ ਦੀ ਕੌਮੀ ਸੁਰੱਖਿਆ ਬਾਰੇ ਪੱਤਰਕਾਰ ਨਤਾਸ਼ਾ ਬਰਟਰੰਡ ਬਾਰੇ ਵਰਤੀ ਗਈ ਸ਼ਬਦਾਵਲੀ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖਤ ਆਲੋਚਨਾ ਕੀਤੀ ਹੈ। ਇਜ਼ਰਾਈਲ ਤੇ ਈਰਾਨ ਵਿਚਾਲੇ ਟਕਰਾਅ ਬਾਰੇ ਨਤਾਸ਼ਾ ਬਰਟਰੰਡ ਦੀ ਰਿਪੋਰਟਿੰਗ ਤੋਂ ਖਫ਼ਾ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿਖਿਆ ਹੈ ਕਿ ਨਤਾਸ਼ਾ ਬਰਟਰੰਡ ਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ, ਮੈਂ ਉਸ ਵੱਲੋਂ ਪਿਛਲੇ 3 ਦਿਨਾਂ ਤੋਂ ਘੜੀਆਂ ਜਾ ਰਹੀਆਂ ਫਰਜ਼ੀ ਖਬਰਾਂ ਵੇਖੀਆਂ ਹਨ। ਉਸ ਵਿਰੁੱਧ ਤੁਰੰਤ ਕਾਰਵਾਈ ਕਰਕੇ ਕੁੱਤੇ ਦੀ ਤਰ੍ਹਾਂ ਬਾਹਰ ਸੁੱਟ ਦਿਓ। ਟਰੰਪ ਨੇ ਕਿਹਾ ਕਿ ਉਸ ਨੇ ਯਮਲੋਕ ਕਹਾਣੀ ਤੋਂ ਲੈਪਟਾਪ ਉਪਰ ਝੂਠ ਬੋਲਿਆ ਹੈ। ਹੁਣ ਉਸ ਨੇ ਪ੍ਰਮਾਣੂ ਟਿਕਾਣਿਆਂ ਬਾਰੇ ਝੂਠ ਬੋਲ ਕੇ ਸਾਡੇ ਦੇਸ਼ ਭਗਤ ਪਾਇਲਟਾਂ ਦੇ ਅਕਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦਕਿ ਉਨ੍ਹਾਂ ਨੇ ਮਹਾਨ ਕੰਮ ਕੀਤਾ ਹੈ। ਜ਼ਿਕਰਯੋਗ ਹੈ ਬਰਟਰੰਡ 'ਤੇ ਸੀਐਨਐਨ ਨੇ ਇਸ ਹਫਤੇ ਦੇ ਸ਼ੁਰੂ ਵਿਚ ਪ੍ਰਸਾਰਿਤ ਇਕ ਰਿਪੋਰਟ ਵਿਚ ਕਿਹਾ ਸੀ ਕਿ ਅਮਰੀਕਾ ਵੱਲੋਂ ਈਰਾਨ ਦੇ ਜੋ 3 ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕੀਤਾ ਗਿਆ ਹੈ, ਉਸ ਹਮਲੇ ਵਿਚ ਪ੍ਰਮਾਣੂ ਟਿਕਾਣੇ ਤਬਾਹ ਨਹੀਂ ਹੋਏ। ਇਨ੍ਹਾਂ ਹਮਲਿਆਂ ਨਾਲ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨੇ ਪਿਛੇ ਜ਼ਰੂਰ ਪਿਆ ਹੈ। ਇਸ ਰਿਪੋਰਟ ਤੋਂ ਖਫਾ ਟਰੰਪ ਨੇ ਬਰਟਰੰਡ ਬਾਰੇ ਵਿਵਾਦਤ ਗੱਲਾਂ ਕੀਤੀਆਂ ਹਨ।



## ਟਰੇਨਾਂ 'ਚ 'ਮੇਰੀ ਸਹੇਲੀ' ਵਰਗੀ ਪਹਿਲ ਨੇ ਸਫ਼ਰ 'ਚ ਔਰਤਾਂ ਦਾ ਆਤਮ-ਵਿਸ਼ਵਾਸ ਵਧਾਇਆ

ਨਵੀਂ ਦਿੱਲੀ,28 ਜੂਨ (ਚ.ਨ.ਸ.): ਰੇਲਵੇ ਨੇ ਸਫ਼ਰ ਦੌਰਾਨ ਮਹਿਲਾ ਸੁਰੱਖਿਆ 'ਤੇ ਆਪਣਾ ਧਿਆਨ ਵਧਾਇਆ ਹੈ। ਯਾਤਰਾ ਦੌਰਾਨ ਔਰਤਾਂ ਦੀ ਸੁਰੱਖਿਆ ਲਈ ਸਾਰੀਆਂ ਮੇਲ ਤੇ ਐਕਸਪ੍ਰੈੱਸ ਟਰੇਨਾਂ ਦੇ ਕੋਚਾਂ 'ਚ ਸੀਸੀਟੀਵੀ ਕੈਮਰੇ ਲਗਾਏ ਜਾਣਗੇ। ਚਾਲੂ ਵਿੱਤੀ ਸਾਲ 'ਚ 11 ਹਜ਼ਾਰ ਤੋਂ ਜ਼ਿਆਦਾ ਕੋਚਾਂ 'ਚ ਕੈਮਰੇ ਲਗਾਏ ਜਾ ਰਹੇ ਹਨ। ਇਸ ਦੇ ਨਾਲ ਹੀ ਹੁਣ ਜਿਸ ਵੀ ਕੋਚ ਦਾ ਨਿਰਮਾਣ ਹੋਵੇਗਾ, ਉਨ੍ਹਾਂ ਸਾਰਿਆਂ 'ਚ ਐੱਸਓਐੱਸ (ਪੈਨਿਕ) ਬਟਨ ਲਗਾਉਣ ਦੀ ਤਿਆਰੀ ਹੈ, ਜਿਹੜਾ ਹੰਗਾਮੀ ਸਥਿਤੀ 'ਚ ਡਰਾਈਵਰ ਤੇ ਸੁਰੱਖਿਆ ਦਲ ਨੂੰ ਤੁਰੰਤ ਅਲਰਟ ਕਰ ਸਕੇਗਾ। ਰੇਲਵੇ ਨੇ ਮਹਿਲਾ ਯਾਤਰੀਆਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ ਕਈ ਪੱਧਰ 'ਤੇ ਕਦਮ ਚੁੱਕੇ ਹਨ। ਏਆਈ ਆਧਾਰਤ ਨਿਗਰਾਨੀ ਪ੍ਰਣਾਲੀ ਰਾਹੀਂ ਸ਼ੱਕੀ ਸਰਗਰਮੀਆਂ ਦੀ ਪਛਾਣ 'ਤੇ ਕੰਮ ਕੀਤਾ ਜਾ ਰਿਹਾ ਹੈ। ਕੋਚਾਂ 'ਚ ਲੱਗਣ ਵਾਲੇ ਸਾਰੇ ਸੀਸੀਟੀਵੀ ਕੈਮਰੇ ਐੱਚਡੀ ਕੁਆਲਟੀ ਦੇ ਹੁੰਦੇ ਹਨ, ਜਿਨ੍ਹਾਂ 'ਚ ਘੱਟੋ-ਘੱਟ ਇਕ ਮਹੀਨੇ ਤੱਕ ਦੀ ਰਿਕਾਰਡਿੰਗ



ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਸਭ ਤੋਂ ਜ਼ਿਆਦਾ ਤਰਜੀਹ ਮਹਿਲਾ ਡੱਬਿਆਂ, ਸਲੀਪਰਾਂ ਤੇ ਜਨਰਲ ਕੋਚਾਂ 'ਚ ਸੀਸੀਟੀਵੀ ਲਗਾਉਣ ਨੂੰ ਦਿੱਤੀ ਜਾ ਰਹੀ ਹੈ। ਸਾਰੇ ਕੈਮਰੇ ਆਰਪੀਐੱਫ ਕੰਟਰੋਲ ਰੂਮ ਨਾਲ ਸਿੱਧੇ ਕੁਨੈਕਟ ਰਹਿਣਗੇ। ਇਸ ਨਾਲ ਨਿਗਰਾਨੀ ਤੇ ਕਾਰਵਾਈ 'ਚ ਤੇਜ਼ੀ ਲਿਆਂਦੀ ਜਾ ਸਕੇਗੀ। ਰੇਲਵੇ ਦੀ ਤਿਆਰੀ ਅਗਲੇ ਦੋ ਸਾਲਾਂ ਦੌਰਾਨ ਸਾਰੀਆਂ ਐਕਸਪ੍ਰੈੱਸ ਟਰੇਨਾਂ ਦੇ ਕੋਚਾਂ 'ਚ ਸੀਸੀਟੀਵੀ ਕੈਮਰੇ ਲਗਾਉਣ ਦੀ ਹੈ। ਸਫਰ 'ਚ ਮਹਿਲਾ ਸੁਰੱਖਿਆ ਦੀਆਂ ਚੁਣੌਤੀਆਂ ਨੂੰ ਦੇਖਦੇ ਹੋਏ ਹੁਣ ਜਿੰਨੇ ਕੋਚ ਬਣਾਏ ਜਾ ਰਹੇ ਹਨ, ਉਨ੍ਹਾਂ 'ਚ ਪੈਨਿਕ ਬਟਨ ਲਗਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ ਜਿਹੜਾ ਮੋਬਾਈਲ ਐਪ ਨਾਲ ਵੀ ਜੁੜਿਆ ਰਹੇਗਾ ਤਾਂ ਜੋ ਹੰਗਾਮੀ ਸਥਿਤੀ 'ਚ ਯਾਤਰੀ ਮੋਬਾਈਲ ਤੋਂ ਵੀ ਅਲਰਟ ਭੇਜ ਸਕੇ। ਦੇਸ਼ 'ਚ ਬਣਾਏ ਜਾ ਰਹੇ ਸਾਰੇ ਸਮਾਰਟ ਸਟੇਸ਼ਨਾਂ 'ਤੇ ਫੇਸ ਰਿਕਗਨਿਸ਼ਨ ਤਕਨੀਕ, ਸੀਸੀਟੀਵੀ ਨਿਗਰਾਨੀ ਤੇ ਭੀੜ ਕੰਟਰੋਲ ਦਲ ਦੀ ਵਿਵਸਥਾ ਕੀਤੀ ਜਾ ਰਹੀ ਹੈ। ਵੇਟਿੰਗ ਰੂਮਾਂ 'ਚ ਮਹਿਲਾ ਸਟਾਫ ਦੀ ਤਾਇਨਾਤੀ ਲਾਜ਼ਮੀ ਕੀਤੀ ਜਾ ਰਹੀ ਹੈ। ਸੰਵੇਦਨਸ਼ੀਲ ਸਟੇਸ਼ਨਾਂ 'ਤੇ ਫੋਕਸ ਵਧਾਇਆ ਜਾ ਰਿਹਾ ਹੈ। ਰੇਲਵੇ ਦੀ ਸੂਚੀ 'ਚ 700 ਤੋਂ ਜ਼ਿਆਦਾ ਸਟੇਸ਼ਨ ਸੰਵੇਦਨਸ਼ੀਲ ਜਾਂ ਅਤਿ ਸੰਵੇਦਨਸ਼ੀਲ ਹਨ। ਉੱਥੇ ਜ਼ਿਆਦਾ ਗਿਣਤੀ 'ਚ ਮਹਿਲਾ ਆਰਪੀਐੱਫ ਦੀ ਤਾਇਨਾਤੀ ਕੀਤੀ ਜਾ ਰਹੀ ਹੈ। ਰੇਲਵੇ ਦੇ ਕਾਰਜਕਾਰੀ ਡਾਇਰੈਕਟਰ (ਸੂਚਨਾ) ਦਲੀਪ ਕੁਮਾਰ ਨੇ ਕਿਹਾ ਕਿ ਟਰੇਨ 'ਚ ਸਫਰ ਦੌਰਾਨ ਅਪਰਾਧ ਕੰਟਰੋਲ ਲਈ ਏਕੀਕ੍ਰਿਤ ਰਣਨੀਤੀ ਬਣਾਈ ਗਈ ਹੈ। ਹਾਲੀਆ ਸਮੀਖਿਆ 'ਚ ਦੇਖਿਆ ਗਿਆ ਕਿ ਰੇਲ ਮਦਦ ਰਾਹੀਂ ਖ਼ੁਫ਼ੀਆ ਸੂਚਨਾਵਾਂ 'ਚ ਤੇਜ਼ੀ ਆਈ ਹੈ। ਨਾਲ ਹੀ 'ਮੇਰੀ ਸਹੇਲੀ' ਵਰਗੀ ਪਹਿਲ ਨੇ ਸਫ਼ਰ 'ਚ ਔਰਤਾਂ ਦਾ ਆਤਮ-ਵਿਸ਼ਵਾਸ ਵਧਾਇਆ ਹੈ। ਇਸ ਨੂੰ ਜ਼ਿਆਦਾ ਵਿਆਪਕ ਕੀਤਾ ਜਾ ਰਿਹਾ ਹੈ। ਹਰ ਟੀਮ 'ਚ ਘੱਟੋ-ਘੱਟ ਦੋ ਮੈਂਬਰ ਹੁੰਦੇ ਹਨ। ਇਨ੍ਹਾਂ ਦਾ ਕੰਮ ਰੇਲ ਯਾਤਰਾ ਦੇ ਸ਼ੁਰੂ ਤੋਂ ਅੰਤ ਤੱਕ ਨਿਗਰਾਨੀ ਕਰਨਾ ਹੈ। ਹਰ ਲੰਬੀ ਦੂਰੀ ਦੀਆਂ ਟਰੇਨਾਂ 'ਚ ਇਕ ਟੀਮ ਤਾਇਨਾਤ ਕੀਤੀ ਜਾਂਦੀ ਹੈ। ਲੋੜ ਪੈਣ 'ਤੇ ਗਿਣਤੀ ਵਧਾਈ ਵੀ ਜਾਂਦੀ ਹੈ। ਹਾਲੇ ਤੱਕ 200 ਸਟੇਸ਼ਨਾਂ 'ਤੇ ਇਹ ਸਰਗਰਮ ਹੈ।

## ਕਾਂਗਰਸ ਨੇ ਰੂਸ 'ਚ ਲਾਪਤਾ 14 ਭਾਰਤੀਆਂ ਦੀ ਵਾਪਸੀ ਦੀ ਕੀਤੀ ਮੰਗ

ਨਵੀਂ ਦਿੱਲੀ, 28 ਜੂਨ (ਚ.ਨ.ਸ.): ਕਾਂਗਰਸ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਰੂਸ ਵਿੱਚ ਕੰਮ ਦੀ ਭਾਲ ਵਿੱਚ ਗਏ 14 ਭਾਰਤੀ ਲਾਪਤਾ ਹਨ। ਕਾਂਗਰਸ ਨੇ ਕੇਂਦਰ ਸਰਕਾਰ ਨੂੰ ਇਹ ਮਾਮਲਾ ਮਾਸਕੋ ਕੋਲ ਉਠਾਉਣ ਅਤੇ ਉਨ੍ਹਾਂ ਦੀ ਵਾਪਸੀ ਲਈ ਗੰਭੀਰ ਯਤਨ ਕਰਨ ਦੀ ਅਪੀਲ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਕਿ ਦਸੰਬਰ 2023 ਵਿੱਚ, 126 ਲੋਕ ਕੰਮ ਦੀ ਤਲਾਸ਼ ਵਿੱਚ ਵਿਦੇਸ਼ ਗਏ ਸਨ। ਉਹ ਸਿੰਗਾਪੁਰ, ਮਲੇਸ਼ੀਆ ਅਤੇ ਇਟਲੀ ਜਾਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਮਾਸਕੋ ਲਿਜਾਇਆ ਗਿਆ। ਉਨ੍ਹਾਂ ਕਿਹਾ ਕਿ ਮੇਰੇ ਦੋਸਤ ਜਗਦੀਪ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ, ਜੋ 4 ਹੋਰਾਂ ਨਾਲ ਰੂਸ ਗਿਆ ਸੀ, ਨੇ ਏਜੰਟਾਂ ਨੂੰ 31,40,000 ਰੁਪਏ ਦਿੱਤੇ ਸਨ ਪਰ ਉਨ੍ਹਾਂ ਨੂੰ ਕੰਮ ਨਹੀਂ ਮਿਲਿਆ। ਇਨ੍ਹਾਂ ਲੋਕਾਂ ਨੂੰ ਰੂਸੀ ਸਰਕਾਰ ਵੱਲੋਂ ਉੱਥੇ ਫੌਜ ਵਿੱਚ ਭਰਤੀ ਕਰ ਲਿਆ ਗਿਆ।" ਉਨ੍ਹਾਂ ਦੱਸਿਆ ਕਿ ਇਨ੍ਹਾਂ 126 ਲੋਕਾਂ ਵਿੱਚੋਂ ਕਰੀਬ 100 ਲੋਕ ਵਾਪਸ ਆ ਚੁੱਕੇ ਹਨ। ਵੜਿੰਗ ਨੇ ਕਿਹਾ ਕਿ ਅੱਜ ਸਾਡੇ ਕੋਲ 14 ਲੋਕ ਲਾਪਤਾ ਹਨ, ਮੇਰੇ ਕੋਲ ਉਨ੍ਹਾਂ ਦੇ ਨਾਮ, ਨੰਬਰ ਅਤੇ ਸਭ ਕੁਝ ਹੈ।," ਵੜਿੰਗ ਨੇ 14 ਲਾਪਤਾ ਲੋਕਾਂ ਦੀ ਸੂਚੀ ਵੀ ਦਿਖਾਈ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਪਤਾ ਲੋਕਾਂ ਵਿੱਚੋਂ 9 ਉੱਤਰ ਪ੍ਰਦੇਸ਼, ਤਿੰਨ ਪੰਜਾਬ, ਇੱਕ-ਇੱਕ ਮਹਾਰਾਸ਼ਟਰ ਅਤੇ ਜੰਮੂ-ਕਸ਼ਮੀਰ ਤੋਂ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਸਵਾਲ ਕੀਤੇ, "ਅਸੀਂ ਕੇਂਦਰ ਸਰਕਾਰ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਤੁਸੀਂ ਉਨ੍ਹਾਂ ਦੀ ਮਦਦ ਕਰੋਗੇ? ਕੀ ਤੁਸੀਂ ਰੂਸ ਨੂੰ ਪੁੱਛੋਗੇ ਕਿ ਉਨ੍ਹਾਂ ਨੇ ਭਾਰਤੀ ਨਾਗਰਿਕਾਂ ਨੂੰ ਆਪਣੀ ਫੌਜ ਵਿੱਚ ਕਿਉਂ ਭਰਤੀ ਕੀਤਾ? ਕੀ ਤੁਸੀਂ ਉਨ੍ਹਾਂ ਏਜੰਟਾਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਹੈ ਜੋ ਰੂਸੀ ਸਰਕਾਰ ਨਾਲ ਮਿਲੀਭੁਗਤ ਕਰਕੇ ਇੱਥੋਂ ਦੇ ਮੁੰਡਿਆਂ ਨੂੰ ਉੱਥੇ ਲੈ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਮਰਵਾ ਦਿੰਦੇ ਹਨ? ਇਸ ਲਈ, ਅਸੀਂ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਚਾਹੁੰਦੇ ਹਾਂ।

## ਸ਼ੇਰ-ਏ-ਪੰਜਾਬ ਦੀ ਬਰਸੀ ਸਬੰਧੀ ਇਤਿਹਾਸਕ ਰਾਮਬਾਗ਼ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਅੱਜ

ਅੰਮ੍ਰਿਤਸਰ, 28 ਜੂਨ (ਚ.ਨ.ਸ): ਇਸ ਵਾਰ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਨਾ ਜਾ ਸਕਣ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਦੀ ਬਰਸੀ ਮੌਕੇ ਗੁਰੂ ਨਗਰੀ ਵਿਚ ਸਥਿਤ ਇਤਿਹਾਸਕ ਰਾਮਬਾਗ ਵਿਚ ਮਹਾਰਾਜਾ ਦੀ ਕਦੇ ਰਿਹਾਇਸ਼ਗਾਹ ਰਹੇ ਸਮਰ ਪੈਲੇਸ ਨੇੜੇ ਨਿਸ਼ਾਨ ਸਾਹਿਬ ਵਾਲੇ ਸਥਾਨ ਵਿਖੇ 29 ਜੂਨ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਸ਼੍ਰੋਮਣੀ ਕਮੇਟੀ ਦੀ ਇਕ ਟੀਮ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ, ਇੰਚਾਰਜ ਹਰਜੀਤ ਸਿੰਘ, ਦਿਲਬਾਗ ਸਿੰਘ ਤੇ ਰਣਜੀਤ ਸਿੰਘ ਆਦਿ ਸ਼ਾਮਲ ਸਨ, ਵੱਲੋਂ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਸ੍ਰ. ਰੂਬੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਣ ਵਾਲੇ ਇਸ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ ਢਾਡੀ/ਕਵੀਸ਼ਰ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ



ਸਰਵਨ ਕਰਵਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੀ ਸ਼ਮੂਲੀਅਤ ਕਰਨਗੇ। ਇਸੇ ਦੌਰਾਨ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਰਾਬਤਾ ਕਰਨ ਉਪਰੰਤ ਜਥੇਦਾਰ ਗੜਗੱਜ ਨੇ ਇਹ ਵਿਸ਼ੇਸ਼ ਸਮਾਗਮ ਉਲੀਕਿਆ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੇ ਸਕੱਤਰ ਪ੍ਰਤਾਪ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਕੋਲੋਂ ਲੋੜੀਂਦੀ ਪ੍ਰਵਾਨਗੀ ਲੈ ਕੇ ਨਗਰ ਨਿਗਮ ਤੇ ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਦੇ ਸਹਿਯੋਗ ਨਾਲ ਸਾਰਾ ਪ੍ਰਬੰਧ ਮੁਕੰਮਲ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਮਾਗਮ ਉਲੀਕਣ ਵਿਚ ਅੰਮ੍ਰਿਤਸਰ ਵਿਕਾਸ ਮੰਚ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ। ਇਸੇ ਦੌਰਾਨ ਵਿਕਾਸ ਮੰਚ ਦੇ ਆਗੂ ਪ੍ਰਿੰ. ਕੁਲਵੰਤ ਸਿੰਘ ਅਣਖੀ, ਸੁਰਿੰਦਰਜੀਤ ਸਿੰਘ, ਕੁਲਦੀਪ ਸਿੰਘ, ਰਾਜਵਿੰਦਰ ਸਿੰਘ, ਜਸਪਾਲ ਸਿੰਘ, ਕੰਵਲਜੀਤ ਸਿੰਘ, ਜਤਿੰਦਰ ਪਾਲ ਸਿੰਘ, ਪੁਰਾਤੱਤਵ ਵਿਭਾਗ ਤੋਂ ਹੀਰਾ ਸਿੰਘ ਵੀ ਰਾਮਬਾਗ ਵਿਖੇ ਸਮਾਗਮ ਵਾਲੀ ਥਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ 29 ਜੂਨ ਨੂੰ ਸਵੇਰੇ ਸ੍ਰੀ ਅਖੰਡ ਸਾਹਿਬ ਦੇ ਭੋਗ ਪਾ ਕੇ ਗੁਰਮਤਿ ਸਮਾਗਮ ਕਰਵਾਏ ਜਾਣਗੇ।

## ਸੀ.ਐੱਸ.ਆਈ.ਐੱਸ. ਵੱਲੋਂ ਦੇਸ਼ 'ਚ ਸਰਗਰਮ ਕੱਟੜ ਖਾਲਿਸਤਾਨੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ

ਟੋਰਾਂਟੋ, 28 ਜੂਨ (ਚ.ਨ.ਸ): ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਏਜੰਸੀ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸਿਜ਼ ਵੱਲੋਂ ਦੇਸ਼ ਵਿਚ ਸਰਗਰਮ ਕੱਟੜ ਖਾਲਿਸਤਾਨੀਆਂ ਨੂੰ ਰਾਸ਼ਟਰੀ ਸੁਰੱਖਿਆ ਲਈ ਖਤਰਾ ਕਰਾਰ ਦਿੱਤੇ ਜਾਣ ਦੀ ਖ਼ਬਰ ਹੈ। ਜੂਨ ਵਿਚ ਸੰਸਦ ਨੂੰ ਦਿੱਤੀ ਜਾਂਦੀ ਆਪਣੀ ਸਾਲਾਨਾ ਰਿਪੋਰਟ ਵਿਚ ਸੀਐਸਆਈਐਸ ਨੇ ਪਹਿਲੀ ਵਾਰ ਖਾਲਿਸਤਾਨੀਆਂ ਪ੍ਰਤੀ ਅਜਿਹੀ ਸਖ਼ਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਸੀਐਸਆਈਐਸ ਨੇ ਰਿਪੋਰਟ ਵਿਚ ਖਾਲਿਸਤਾਨੀਆਂ ਤੋਂ ਕੈਨੇਡਾ ਨੂੰ ਅਤੇ ਕੈਨੇਡਾ ਦੇ ਹਿੱਤਾਂ ਨੂੰ ਖਤਰੇ ਦੀ ਕੋਈ ਉਦਾਹਰਣ ਨਹੀਂ ਦਿੱਤੀ ਪਰ ਕਿਹਾ ਹੈ ਕਿ ਸਿੱਖਾਂ ਦੇ ਇੱਕ ਖਾਲਿਸਤਾਨੀ ਖਾੜਕੂ ਧੜੇ ਵੱਲੋਂ ਭਾਰਤ ਵਿਚ ਹਿੰਸਾ ਫੈਲਾਉਣ ਲਈ ਕੈਨੇਡਾ ਨੂੰ ਪੈਸਾ ਇਕੱਠਾ ਕਰਨ ਅਤੇ ਆਪਣੇ ਮਨਸੂਬਿਆਂ ਦਾ ਪ੍ਰਚਾਰ ਕਰਨ ਲਈ ਵਰਤਿਆ ਜਾ ਰਿਹਾ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡਾ ਵਿਚ ਵਿਦੇਸ਼ੀ ਦਖਲ ਲਈ ਭਾਰਤ ਤੋਂ ਪ੍ਰਬਲ ਸੰਭਾਵਨਾ ਰਹਿੰਦੀ ਹੈ ਕਿਉਂਕਿ ਭਾਰਤ ਸਰਕਾਰ ਨੂੰ ਕੈਨੇਡਾ ਵਿਚ ਖਾਲਿਸਤਾਨੀਆਂ ਦੀਆਂ ਭਾਰਤ ਵਿਰੋਧੀ ਸਰਗਰਮੀਆਂ ਉਪਰ ਇਤਰਾਜ਼ ਹੈ। ਉਧਰ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਨੁਮਾਇੰਦੇ ਬਲਪ੍ਰੀਤ ਸਿੰਘ ਵੱਲੋਂ ਰਿਪੋਰਟ ਵਿੱਚ ਸਿੱਖਾਂ ਲਈ ਵਰਤੀ ਗਈ ਸ਼ਬਦਾਵਲੀ ਬਾਰੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ ਤੇ ਕਿਹਾ ਹੈ ਕਿ ਭਾਰਤ ਦੇ ਇਤਰਾਜ਼ ਤੋਂ ਬਿਨਾਂ ਖਾਲਿਸਤਾਨੀ ਖਾੜਕੂਆਂ ਤੋਂ ਕੈਨੇਡਾ ਨੂੰ ਖਤਰੇ ਦਾ ਕੋਈ ਸਬੂਤ ਨਹੀਂ ਹੈ। ਰਿਪੋਰਟ ਤੋਂ ਕੁਝ ਮਾਹਿਰ ਇਹ ਸਿੱਟਾ ਕੱਢਦੇ ਹਨ ਦੇਸ਼ ਦੀ ਖੁਫੀਆ ਏਜੰਸੀ ਦਾ ਮੰਨਣਾ ਹੈ ਕਿ ਖਾਲਿਸਤਾਨੀ ਖਾੜਕੂਆਂ ਦੀਆਂ ਸਰਗਰਮੀਆਂ ਤੋਂ ਕੈਨੇਡਾ ਨੂੰ ਖਤਰੇ ਦੀ ਗੱਲ ਸੱਚੀ ਹੈ ਅਤੇ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ। ਖਾਲਿਸਤਾਨੀ ਕਾਰਕੁੰਨ ਹਰਦੀਪ ਸਿੰਘ ਨਿੱਜਰ ਦੇ ਸਰੀ ਵਿਖੇ ਹੋਏ ਕਤਲ ਦੇ ਮਾਮਲੇ ਵਿਚ ਕੈਨੇਡਾ ਸਰਕਾਰ ਅਤੇ ਕੈਨੇਡਾ ਦੀ ਰਾਸ਼ਟਰੀ ਪੁਲਿਸ, ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਸ਼ੰਕੇ ਪ੍ਰਗਟਾਏ ਸਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਦੀ ਵਾਗਡੋਰ ਸੰਭਾਲਣ ਉਪਰੰਤ ਭਾਰਤ ਨਾਲ ਸਬੰਧ ਸੁਧਾਰਨ ਵੱਲ ਕਦਮ ਵਧਾਉਣ ਦਾ ਫੈਸਲਾ ਕੀਤਾ ਹੈ।

## ਖੇਤੀ ਅਰਥਵਿਵਸਥਾ 'ਤੇ ਮੰਡਰਾ ਰਹੇ ਨੇ ਸੰਕਟ ਦੇ ਬੱਦਲ

ਗੁਰੂਸਰ ਸੁਧਾਰ, ਲੁਧਿਆਣਾ, 28 ਜੂਨ (ਚ.ਨ.ਸ): ਪੰਜਾਬ ਜਿਸ ਨੂੰ ਦੇਸ਼ ਦਾ ਅੰਨਦਾਤਾ ਮੰਨਿਆ ਜਾਂਦਾ ਹੈ, ਦੀ ਖੇਤੀ ਅਰਥ ਵਿਵਸਥਾ 'ਤੇ ਇਸ ਵੇਲੇ ਗੰਭੀਰ ਸੰਕਟ ਦੇ ਬੱਦਲ ਮੰਡਰਾਅ ਰਹੇ ਹਨ। ਪੰਜਾਬ ਸਰਕਾਰ ਦੀ ਖੇਤੀਬਾੜੀ ਪਾਲਿਸੀ ਡਰਾਫਟ 2024 ਨੇ ਸੂਬੇ ਦੇ ਖੇਤੀਬਾੜੀ ਵਿਭਾਗ, ਮੰਡੀ ਬੋਰਡ, ਕਾਰਪੋਰੇਸ਼ਨਾਂ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਸਟਾਫ ਦੀ ਵੱਡੀ ਘਾਟ ਦਾ ਸਨਸਨੀਖੇਜ਼ ਖੁਲਾਸਾ ਕੀਤਾ ਹੈ, ਜੋ ਕਿ ਸੂਬੇ ਦੀ ਅਰਥਵਿਵਸਥਾ ਲਈ ਖਤਰੇ ਦੀ ਘੰਟੀ ਵਜਾ ਰਹੀ ਹੈ। ਖੇਤੀਬਾੜੀ ਸੈਕਟਰ ਵਿਚ ਸਭ ਤੋਂ ਗੰਭੀਰ ਸਥਿਤੀ ਮੰਡੀ ਬੋਰਡ ਦੀ ਹੈ ਜੋ ਖੇਤੀ ਉਤਪਾਦਾਂ ਦੇ ਮੰਡੀਕਰਨ ਦੀ ਨੀਂਹ ਹੈ, ਜਿਸ ਵਿਚ ਸਟਾਫ ਦੀ ਕਮੀ ਨੇ ਸਥਿਤੀ ਨੂੰ ਬੇਕਾਬੂ ਕਰ ਦਿੱਤਾ ਹੈ। ਅੰਕੜਿਆਂ ਮੁਤਾਬਿਕ 115 ਗਰੁੱਪ ਏ ਅਸਾਮੀਆਂ ਵਿਚੋਂ 105, 259 ਗਰੁੱਪਾਂ ਬੀ ਵਿਚੋਂ 246 ਅਤੇ 436 ਗਰੁੱਪ ਸੀ ਅਸਾਮੀਆਂ ਵਿਚੋਂ 397 ਖਾਲੀ ਹਨ। ਇਸ ਨਾਲ ਮੰਡੀਆਂ ਵਿਚ ਵਪਾਰਕ ਪ੍ਰਕਿਰਿਆਵਾਂ ਭੰਡਾਰਨ ਅਤੇ ਵੰਡ 'ਤੇ



ਗੰਭੀਰ ਅਸਰ ਪੈ ਰਿਹਾ ਹੈ, ਜਿਸ ਕਾਰਨ ਕਿਸਾਨਾਂ ਨੂੰ ਆਪਣੀ ਫਸਲ ਦੀ ਸਹੀ ਕੀਮਤ ਮਿਲਣ ਵਿਚ ਮੁਸ਼ਕਲ ਆ ਰਹੀ ਹੈ। ਖੇਤੀਬਾੜੀ ਵਿਭਾਗ, ਜੋ ਕਿਸਾਨਾਂ ਦੀ ਸਹਾਇਤਾ ਅਤੇ ਖੇਤੀ ਸੁਧਾਰਾਂ ਦਾ ਮੁੱਖ ਥੰਮ ਹੈ, ਵਿਚ ਵੀ ਸਟਾਫ ਦੀ ਘਾਟ ਨੇ ਕਮਰ ਤੋੜ ਦਿੱਤਾ ਹੈ। ਕੁਲ 2236 ਗਰੁੱਪ ਏ ਅਸਾਮੀਆਂ ਵਿਚੋਂ 868, 428 ਗਰੁੱਪ ਬੀ ਵਿਚੋਂ 192, 1736 ਗਰੁੱਪ ਸੀ ਵਿਚੋਂ 831 ਅਤੇ 1747 ਗਰੁੱਪ ਡੀ ਅਸਾਮੀਆਂ ਵਿਚੋਂ 1091 ਖਾਲੀ ਹਨ। ਇਸ ਨਾਲ ਕਿਸਾਨ ਸੇਵਾਵਾਂ, ਜਿਵੇਂ ਬੀਜ ਵੰਡ, ਖਾਦ ਸਪਲਾਈ ਅਤੇ ਤਕਨੀਕੀ ਸਹਾਇਤਾ ਵਿਚ ਵੱਡੀਆਂ ਰੁਕਾਵਟਾਂ ਪੈਦਾ ਹੋ ਰਹੀਆਂ ਹਨ। ਪੀ.ਏ.ਯੂ. ਤੇ ਹੋਰ ਸੰਸਥਾਵਾਂ 'ਚ ਵੀ ਸੰਕਟ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਜੋ ਖੇਤੀ ਖੋਜ ਅਤੇ ਸਿੱਖਿਆ ਦਾ ਕੇਂਦਰ ਹੈ, ਜਿਸ ਵਿਚ 74.49 ਪ੍ਰਤੀਸ਼ਤ ਗਰੁੱਪ ਡੀ ਅਤੇ 67.09 ਪ੍ਰਤੀਸ਼ਤ ਗਰੁੱਪ ਸੀ ਅਸਾਮੀਆਂ ਖਾਲੀ ਹਨ। ਇਸ ਨਾਲ ਨਵੀਂ ਖੇਤੀ ਤਕਨੀਕ ਅਤੇ ਖੋਜ ਦਾ ਵਿਕਾਸ ਰੁਕ ਰਿਹਾ ਹੈ। ਇਸੇ ਤਰ੍ਹਾਂ ਮਿਲਕਫੈੱਡ 61.69 ਪ੍ਰਤੀਸ਼ਤ ਗਰੁੱਪ ਏ ਖਾਲੀ, ਮਾਰਕਫੈੱਡ 55.31 ਪ੍ਰਤੀਸ਼ਤ ਗਰੁੱਪ ਬੀ, ਸ਼ੂਗਰਫੈੱਡ 70.37 ਪ੍ਰਤੀਸ਼ਤ ਗਰੁੱਪ ਏ ਅਤੇ ਪਨਸਪ 91.18 ਪ੍ਰਤੀਸ਼ਤ ਗਰੁੱਪ ਬੀ ਵਿਚ ਵੀ ਸਟਾਫ ਦੀ ਘਾਟ ਨੇ ਸੈਕਟਰ ਦੀ ਕੁਸ਼ਲਤਾ ਨੂੰ ਢਾਹ ਲਗਾਈ ਹੈ। ਕਿਸਾਨਾਂ ਅਤੇ ਅਰਥਚਾਰੇ 'ਤੇ ਅਸਰ ਇਹ ਸਟਾਫ ਦੀ ਘਾਟ ਸਿਰਫ ਖੇਤੀਬਾੜੀ ਸੈਕਟਰ ਤਕ ਸੀਮਿਤ ਨਹੀਂ, ਸਗੋਂ ਸੂਬੇ ਦੀ ਸਮੁੱਚੀ ਅਰਥਵਿਵਸਥਾ ਅਤੇ ਪੇਂਡੂ ਵਿਕਾਸ ਨੂੰ ਖਤਰੇ ਵਿਚ ਪਾ ਰਹੀ ਹੈ।

## ਤਰਕਸ਼ੀਲ ਸੁਸਾਇਟੀ ਮੰਡੀ ਗੋਬਿੰਦਗੜ੍ਹ ਇਕਾਈ ਦੀ ਮੀਟਿੰਗ



ਮੰਡੀ ਗੋਬਿੰਦਗੜ੍ਹ, 28 ਜੂਨ (ਸੂਦ): ਤਰਕਸ਼ੀਲ ਸੁਸਾਇਟੀ ਮੰਡੀ ਗੋਬਿੰਦਗੜ੍ਹ ਇਕਾਈ ਦੀ ਮੀਟਿੰਗ ਪਾਪੂਲਰ ਪੇਂਟ ਸਟੋਰ ਮੰਡੀ ਗੋਬਿੰਦਗੜ੍ਹ ਵਿਖੇ ਇਕਾਈ ਮੁਖੀ ਸਮਸ਼ੇਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਦਿਆਰਥੀ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ, ਟਰੇਨਿੰਗ ਵਰਕਸ਼ਾਪ ਅਤੇ ਬਹੁਤ ਸਾਲ ਪਹਿਲਾਂ ਤਰਕਸ਼ੀਲ ਕਾਫ਼ਲੇ 'ਚੋਂ ਸਦੀਵੀਂ ਤੌਰ 'ਤੇ ਵਿਛੜੇ ਕਾਕਾ ਗੁਰਮੀਤ ਸਿੰਘ ਦੀ ਯਾਦ ਵਿੱਚ ਸੈਮੀਨਾਰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਇਕਾਈ ਦੇ ਵਿੱਤ ਵਿਭਾਗ ਮੁਖੀ ਲਖਵੀਰ ਸਿੰਘ ਡਡਹੇੜੀ ਨੇ ਦੱਸਿਆ ਕਿ 29 ਅਗਸਤ ਨੂੰ ਪੰਜਾਬ ਪੱਧਰੀ ਵਿਦਿਆਰਥੀ ਵਿਗਿਆਨਕ ਚੇਤਨਾ ਪਰਖ਼ ਕਰਵਾਈ ਜਾ ਰਹੀ ਹੈ ਅਤੇ ਇਸ ਪ੍ਰੀਖਿਆ ਵਿੱਚ ਮੰਡੀ ਗੋਬਿੰਦਗੜ੍ਹ ਇਕਾਈ ਵਿਚੋਂ ਵੱਧ ਤੋਂ ਵੱਧ ਵਿਦਿਆਰਥੀ ਭਾਗ ਲੈਣਗੇ ਅਤੇ ਇਹ ਪਰਖ ਪ੍ਰੀਖਿਆ ਗਦਰ ਲਹਿਰ ਦੀ ਨਾਇਕਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਹੋਵੇਗੀ। ਇਕਾਈ ਦੇ ਮਾਨਸਿਕ ਸਿਹਤ ਵਿਭਾਗ ਮੁਖੀ ਜਸਵੀਰ ਸਿੰਘ ਪਟਿਆਲਾ ਨੇ ਕਿਹਾ ਕਿ ਬਹੁਤ ਸਾਲ ਪਹਿਲਾਂ ਤਰਕਸ਼ੀਲ ਕਾਫ਼ਲੇ 'ਚੋਂ ਵਿਛੜੇ ਸੁਸਾਇਟੀ ਦੇ ਸਰਗਰਮ ਤੇ ਹੋਣਹਾਰ ਸਾਥੀ ਕਾਕਾ ਗੁਰਮੀਤ ਸਿੰਘ ਦੀ ਯਾਦ ਵਿੱਚ ਸੈਮੀਨਾਰ ਕਰਵਾਇਆ ਜਾਵੇਗਾ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਇਕਾਈ 29 ਜੂਨ ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਹੋ ਰਹੀ ਜ਼ੋਨ ਪੱਧਰੀ ਟਰੇਨਿੰਗ ਵਰਕਸ਼ਾਪ ਵਿੱਚ ਸ਼ਿਰਕਤ ਕੀਤੀ ਜਾਵੇ। ਮੀਟਿੰਗ ਵਿੱਚ ਚੰਡੀਗੜ੍ਹ ਜ਼ੋਨ ਜਥੇਬੰਦਕ ਮੁਖੀ ਅਜੀਤ ਪ੍ਰਦੇਸੀ, ਬਲਦੇਵ ਜਲਾਲ, ਅਮਰਜੀਤ ਸਿੰਘ ਅਤੇ ਅਨਾਇਤ ਅਲੀ ਆਦਿ ਹਾਜ਼ਰ ਸਨ।

## ਰਿਮਟ ਯੂਨੀਵਰਸਿਟੀ ਨੇ ਕੀਤੀ ਐੱਨ.ਸੀ.ਸੀ. ਸਾਲਾਨਾ ਕੈਂਪ ਤੇ ਥਲ ਸੈਨਿਕ ਸਿਖਲਾਈ ਕੈਂਪ ਦੀ ਮੇਜ਼ਬਾਨੀ

ਮੰਡੀ ਗੋਬਿੰਦਗੜ੍ਹ, 28 ਜੂਨ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ 'ਚ ਐੱਨਸੀਸੀ ਗਰੁੱਪ ਹੈੱਡ ਕੁਆਰਟਰ, ਲੁਧਿਆਣਾ ਦੀ ਨਿਗਰਾਨੀ ਹੇਠ ਚੱਲ ਰਹੇ ਸਾਲਾਨਾ ਸੰਯੁਕਤ ਸਿਖਲਾਈ ਕੈਂਪ (ਸੀ.ਏ.ਟੀ.ਸੀ.-55) ਅਤੇ ਪ੍ਰੀ ਥਲ ਸੈਨਿਕ ਕੈਂਪ ਸਿਖਲਾਈ (ਪ੍ਰੀ ਟੀ.ਐੱਸ.ਸੀ.-1) ਦੀ ਮੇਜ਼ਬਾਨੀ ਕੀਤੀ। ਇਹ ਸਿਖਲਾਈ ਸਮਾਗਮ ਪੰਜਾਬ ਬਟਾਲੀਅਨ 19 ਐਨਸੀਸੀ, ਲੁਧਿਆਣਾ ਦੁਆਰਾ ਆਯੋਜਿਤ ਕੀਤਾ ਗਿਆ ਜੋ 2 ਜੁਲਾਈ ਤੱਕ ਚੱਲੇਗਾ। ਇਸ 10 ਰੋਜ਼ਾ ਕੈਂਪ 'ਚ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਦੇ 295 ਲੜਕੇ ਅਤੇ 218 ਲੜਕੀਆਂ ਸਮੇਤ ਕੁੱਲ 513 ਕੈਡਿਟ ਭਾਗ ਲੈ ਰਹੇ ਹਨ। ਇਸ ਦਾ ਉਦੇਸ਼ ਕੈਡਿਟਾਂ ਦੇ ਸਰੀਰਕ, ਮਾਨਸਿਕ ਅਤੇ ਲੀਡਰਸ਼ਿਪ ਹੁਨਰਾਂ ਨੂੰ ਵਧਾਉਣਾ ਅਤੇ ਬੱਚਿਆਂ ਨੂੰ ਰਾਸ਼ਟਰੀ ਪੱਧਰ 'ਤੇ ਵੱਕਾਰੀ ਐਨਸੀਸੀ ਕੈਂਪਾਂ 'ਚ ਥਲ ਸੈਨਿਕ ਕੈਂਪ ਵਰਗੇ ਉੱਚ-ਪੱਧਰੀ ਮੁਕਾਬਲਿਆਂ ਲਈ ਤਿਆਰ ਕਰਨਾ ਹੈ, 19ਵੀਂ ਪੰਜਾਬ ਬਟਾਲੀਅਨ ਦੇ ਕਾਰਜਕਾਰੀ ਕਮਾਂਡਿੰਗ ਅਫ਼ਸਰ ਲੈਫਟੀਨੈਂਟ ਕਰਨਲ ਫੈਜ਼ਾਨ ਜ਼ਹੂਰ ਅਤੇ ਸੂਬੇਦਾਰ ਮੇਜਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਕੈਡਿਟਾਂ ਨੂੰ ਫੌਜੀ ਅਨੁਸ਼ਾਸਨ ਦੇ ਕਈ ਪਹਿਲੂਆਂ ਵਿੱਚ



ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਪ੍ਰਕਿਰਿਆ 'ਚ ਮੈਪ, ਰੀਡਿੰਗ ਅਤੇ ਨੈਵੀਗੇਸ਼ਨ ਸੈਸ਼ਨ ਜੋ ਕੈਡਿਟਾਂ ਨੂੰ ਭੂਗੋਲਿਕ ਨਕਸ਼ਿਆਂ ਦੀ ਵਿਆਖਿਆ ਕਰਦੀ ਹੈ ਅਤੇ ਨੈਵੀਗੇਸ਼ਨ ਲਈ ਕੰਪਾਸ ਦੀ ਵਰਤੋਂ ਕਿਵੇਂ ਕਰਨੀ ਹੈ ਆਦਿ ਬਾਰੇ ਸਿਖਾਇਆ ਜਾ ਰਿਹਾ ਹੈ। ਇਸ ਕੈਂਪ 'ਚ ਫੌਜ ਲਈ ਜ਼ਰੂਰੀ ਹੁਨਰ ਜਿਵੇਂਕਿ ਡਰਿੱਲ ਅਤੇ ਪਰੇਡ ਜੋ ਕੈਡਿਟਾਂ 'ਚ ਅਨੁਸ਼ਾਸਨ, ਤਾਲਮੇਲ ਅਤੇ ਟੀਮ ਭਾਵਨਾ ਦੀ ਭਾਵਨਾ ਪੈਦਾ ਕਰਦਾ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ, ਇਸਦੇ ਨਾਲ-ਨਾਲ ਕੈਡਿਟਾਂ 'ਚ ਲੀਡਰਸ਼ਿਪ, ਸ਼ਖਸੀਅਤ ਵਿਕਾਸ ਅਤੇ ਇੰਟਰ ਐਕਟਿਵ ਸੈਸ਼ਨ ਕਰਵਾਏ ਜਾ ਰਹੇ ਹਨ ਜੋ ਕੈਡਿਟਾਂ 'ਚ ਫੈਸਲਾ ਲੈਣ ਦੇ ਹੁਨਰ, ਜਨਤਕ ਭਾਸ਼ਣ, ਸਮਾਂ ਪ੍ਰਬੰਧਨ ਅਤੇ ਵਿਸ਼ਵਾਸ ਨਿਰਮਾਣ ਆਦਿ ਨੂੰ ਵਧਾਉਣ 'ਤੇ ਕੇਂਦ੍ਰਿਤ ਕਰਦੇ ਹਨ। ਵਿਦਿਆਰਥੀਆਂ ਨੂੰ ਹਥਿਆਰਬੰਦ ਸੈਨਾਵਾਂ 'ਚ ਕਰੀਅਰ ਦੇ ਮੌਕਿਆਂ ਬਾਰੇ ਜਾਗਰੂਕ ਅਤੇ ਪ੍ਰੇਰਿਤ ਕਰਨ ਲਈ ਭਾਰਤੀ ਫੌਜ ਅਤੇ ਅਗਨੀਵੀਰ ਭਰਤੀ ਯੋਜਨਾ 'ਚ ਸ਼ਾਮਲ ਹੋਣ ਬਾਰੇ ਲੈਕਚਰ ਦਿੱਤਾ ਗਿਆ। ਰਿਮਟ ਯੂਨੀਵਰਸਿਟੀ ਦੀ ਇਹ ਪਹਿਲ ਕਦਮੀ ਵਿਦਿਆਰਥੀਆਂ ਦੇ ਅੰਦਰ ਦੇਸ਼ ਅਤੇ ਸੈਨਾ ਪ੍ਰਤੀ ਜੋਸ਼ ਭਾਵਨਾ ਨੂੰ ਸਮਰਪਿਤ ਹੈ। ਇਸ ਲਈ ਯੂਨੀਵਰਸਿਟੀ ਵੱਲੋਂ ਕੈਂਪ ਦੇ ਸੁਚਾਰੂ ਸੰਚਾਲਨ ਲਈ ਸਾਰੇ ਜ਼ਰੂਰੀ ਸੰਦ ਅਤੇ ਸਹੂਲਤਾਂ ਨੂੰ ਪ੍ਰਦਾਨ ਕੀਤਾ ਗਿਆ।

## 'ਏਕ ਨਈ ਉਡਾਨ' ਮਹਿਲਾ ਸੰਗਠਨ ਨੇ ਸਿਹਤ ਸਬੰਧੀ ਕਰਵਾਇਆ ਸੈਮੀਨਾਰ

ਮੰਡੀ ਗੋਬਿੰਦਗੜ੍ਹ, 28 ਜੂਨ (ਸੂਦ): 'ਏਕ ਨਈ ਉਡਾਨ' ਮਹਿਲਾ ਸੰਗਠਨ ਵੱਲੋਂ ਸ਼ਿਆਮ ਕੰਪਲੈਕਸ ਮੰਡੀ ਗੋਬਿੰਦਗੜ੍ਹ ਵਿਖੇ ਸਿਹਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਇਹ ਪ੍ਰੋਗਰਾਮ ਸਿਰਫ਼ ਜਾਣਕਾਰੀ ਭਰਪੂਰ ਹੀ ਨਹੀਂ ਸਗੋਂ ਜੀਵਨ ਬਦਲਣ ਵਾਲਾ ਅਨੁਭਵ ਸਾਬਤ ਹੋਇਆ। ਪ੍ਰੋਗਰਾਮ ਦੀ ਅਗਵਾਈ ਪ੍ਰਸਿੱਧ ਸਿਹਤ ਕੋਚ ਆਯੁਰਵੈਦਿਕ ਡਾਇਟੀਸ਼ੀਅਨ ਅਤੇ ਪੋਸ਼ਣ ਵਿਗਿਆਨੀ ਮਨੀਸ਼ ਬਾਂਸਲ ਨੇ ਕੀਤੀ ਜੋ ਕਿ ਸ਼ੂਗਰ ਨਿਯੰਤਰਣ ਅਤੇ ਕੁਦਰਤੀ ਸਿਹਤ ਦੇ ਖੇਤਰ ਵਿੱਚ ਗਿਆਨ ਅਤੇ ਸਮਰਪਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਸਾਡਾ ਭੋਜਨ ਸਾਡੀ ਦਵਾਈ ਕਿਵੇਂ ਬਣ ਸਕਦਾ ਹੈ ਅਤੇ ਕਿਵੇਂ ਧਿਆਨ ਨਾਲ ਖਾ ਕੇ ਅਤੇ ਕੁਦਰਤੀ ਤਰੀਕਿਆਂ ਦੀ ਵਰਤੋਂ ਨਾਲ ਸਰੀਰ ਠੀਕ ਕੀਤਾ ਜਾ ਸਕਦਾ ਹੈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡੀਐਫਐਸਸੀ ਗੀਤਾ ਬਿਸ਼ੰਭੂ, ਗੋਬਿੰਦਗੜ੍ਹ ਪਬਲਿਕ ਕਾਲਜ਼ ਦੀ ਪ੍ਰਿੰਸੀਪਲ ਡਾ. ਨੀਨਾ ਸੇਠ, ਅੱਖਾਂ ਦੇ ਮਾਹਰ ਡਾ. ਮਨਮੋਹਨ ਕੌਸ਼ਲ, ਪਸ਼ੂ ਰੋਗ ਮਾਹਰ ਡਾ. ਵਿਕਾਸ ਸਰੀਨ,



ਐਸ.ਪੀ. ਕਾਂਸਲ ਤੇ ਐਸਪੀਕੇ ਕਾਰਪੋਰੇਟ ਸਰਵਿਸਿਜ਼ ਦੇ ਚੇਅਰਮੈਨ ਅਭਿਨਵ ਕਾਂਸਲ ਸ਼ਾਮਲ ਸਨ। ਮਹਿਲਾ ਸੰਗਠਨ ਦੀ ਸੰਸਥਾਪਕ ਸੀਮਾ ਕੌਸ਼ਲ ਨੇ ਕਿਹਾ ਕਿ ਲੋਕ ਹੁਣ ਸਿਹਤ ਪ੍ਰਤੀ ਜਾਗਰੂਕ ਹੋ ਰਹੇ ਹਨ। ਉਨ੍ਹਾਂ ਸ੍ਰੀ ਮਨੀਸ਼ ਬਾਂਸਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸ਼ੂਗਰ ਕੰਟਰੋਲ, ਧਿਆਨ ਨਾਲ ਖਾਣ-ਪੀਣ ਅਤੇ ਆਯੁਰਵੇਦ ਰਾਹੀਂ ਕੁਦਰਤੀ ਇਲਾਜ 'ਤੇ ਉਨ੍ਹਾਂ ਜ਼ੋਰ ਦਿੱਤਾ। ਮਨੀਸ਼ ਬਾਂਸਲ ਤੇ ਸੀਮਾ ਕੌਸ਼ਲ ਨੇ ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਲੋਕਾਂ ਨੂੰ ਯੋਗ, ਪ੍ਰਾਣਾਯਾਮ 'ਤੇ ਧਿਆਨ ਬਾਰੇ ਜਾਗਰੂਕ ਕਰਦਿਆਂ ਇਸ ਨਾਲ ਜੀਵਨ ਸ਼ੈਲੀ ਨੂੰ ਬਦਲਣ ਦੀ ਗੱਲ ਆਖੀ। ਅੰਤ ਵਿੱਚ, ਸੀਮਾ ਕੌਸ਼ਲ ਨੇ ਧੰਨਵਾਦ ਕੀਤਾ। ਸੈਮੀਨਾਰ ਦੀ ਸਫ਼ਲਤਾ ਲਈ ਨੀਤੂ ਸਿੰਘੀ, ਮੋਨਾ ਮਿੱਤਲ, ਟੀਨਾ ਸ਼ਰਮਾ, ਸੁਰਭੀ ਭਾਟੀਆ, ਬਲਜਿੰਦਰ ਕੌਰ, ਸ਼ਰਨਜੀਤ ਬੋਧੇ, ਆਸ਼ਾ ਬੱਸੀ ਤੇ ਹਿਮਾਨੀ ਜੈਸਵਾਲ ਨੇ ਅਹਿਮ ਭੂਮਿਕਾ ਨਿਭਾਈ।

## ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਵੱਲੋਂ ਸਰਹੱਦੀ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ



ਫ਼ਾਜ਼ਿਲਕਾ, 28 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰ ਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਦੌਰੇ ਦੌਰਾਨ ਕੌਮਾਂਤਰੀ ਸਰਹੱਦ 'ਤੇ ਕੰਡਿਆਲੀ ਤਾਰ ਦੇ ਪਾਰ ਵਸੇ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਸ਼ੇਸ਼ ਤੌਰ 'ਤੇ ਪਿੰਡ ਦੀਆਂ ਮਹਿਲਾਵਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਦੇ ਨਾਲ ਇਸ ਮੌਕੇ ਹਲਕਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਉਨ੍ਹਾਂ ਦੇ ਧਰਮ ਪਤਨੀ ਖੁਸ਼ਬੂ ਸਾਵਣ ਸੁੱਖਾ ਸਵਨਾ ਅਤੇ ਟਰੱਕ ਯੂਨੀਅਨ ਫਾਜ਼ਿਲਕਾ ਦੇ ਪ੍ਰਧਾਨ ਮਨਜੋਤ ਖੇੜਾ (ਪ੍ਰਿੰਸ) ਵੀ ਹਾਜ਼ਰ ਸਨ। ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਕਿਹਾ ਕਿ ਔਰਤਾਂ ਦੀ ਆਰਥਿਕ ਤਰੱਕੀ ਬਹੁਤ ਜ਼ਰੂਰੀ ਹੈ। ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਸ਼ਸ਼ਕਤ ਬਣਾਉਣ ਅਤੇ ਆਤਮ ਨਿਰਭਰ ਬਣਾਉਣ ਲਈ ਵੀ ਸਰਕਾਰਾਂ ਵੱਲੋਂ ਉਪਰਾਲੇ ਕੀਤੇ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਘਰ ਪਰਿਵਾਰ ਦੇ ਕੰਮ ਦੇ ਨਾਲ ਨਾਲ ਕੁਝ ਹੋਰ ਛੋਟੇ ਕੰਮ ਜੋ ਉਹ ਘਰ ਰਹਿ ਕੇ ਹੀ ਕਰ ਸਕਦੀਆਂ ਹਨ, ਜ਼ਰੂਰ ਕਰਨ।

## ਡਾ. ਮਿਅੰਕ ਗਰਗ ਲਾਇਨਜ਼ ਆਈ ਕੇਅਰ ਸੈਂਟਰ ਜੈਤੋ ਵਿਖੇ ਹਰ ਐਤਵਾਰ ਆਪਣੀਆਂ ਸੇਵਾਵਾਂ ਦੇਣਗੇ: ਰਾਕੇਸ਼ ਰੋਮਾਣਾ

ਜੈਤੋ, 28 ਜੂਨ (ਸੰਜੀਵ ਗੋਇਲ/ਵਿਪਨ ਗੋਇਲ): ਜੈਤੋ ਦੀ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਜੈਤੋ ਗੰਗਸਰ ਦੁਆਰਾ ਸੰਚਾਲਿਤ ਲਾਇਨਜ਼ ਆਈ ਕੇਅਰ ਸੈਂਟਰ ਗਊਸ਼ਾਲਾ ਰੋਡ ਜੈਤੋ ਵਿਖੇ ਮਾਨਸਿਕ ਰੋਗਾਂ ਸਬੰਧੀ ਬਿਮਾਰੀਆਂ ਦੇ ਮਾਹਿਰ ਡਾਕਟਰ ਡਾ: ਮਿਅੰਕ ਗਰਗ MBBS, MD (Psychiatry) ਹੁਣ ਹਰ ਐਤਵਾਰ, ਸਵੇਰੇ 10:00 ਵਜੇ ਤੋਂ ਦੁਪਹਿਰ 01:30 ਵਜੇ ਤੱਕ ਆਪਣੀਆਂ ਸੇਵਾਵਾਂ ਦੇਣਗੇ। ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ ਅਤੇ ਪੀ.ਆਰ.ਓ ਲਾਇਨ ਨਰੇਸ਼ ਮਿੱਤਲ ਨੇ ਦੱਸਿਆ ਕਿ ਡਾ: ਮਿਅੰਕ ਗਰਗ ਕਈ ਕਿਸਮ ਦੀਆਂ ਬੀਮਾਰੀਆਂ ਦਾ ਇਲਾਜ ਕਰਿਆ ਕਰਨਗੇ, ਜਿਵੇਂ ਕਿ ਚਿੰਤਾ, ਬੇਚੈਨੀ, ਘਬਰਾਹਟ, ਮਾਈਗ੍ਰੇਨ, ਡਿਪ੍ਰੈਸ਼ਨ, ਮਿਰਗੀ ਦੇ ਦੌਰੇ, ਨੀਂਦ ਦੀ ਸਮੱਸਿਆ, ਵਿਚਾਰਾਂ ਦਾ ਵਾਰ-ਵਾਰ ਆਉਣਾ, ਟੈਂਸ਼ਨ, ਵੱਧ ਖੁਸ਼ ਹੋਣਾ ਜਾਂ ਵੱਧ ਗੁੱਸੇ ਹੋਣਾ, ਯਾਦਦਾਸ਼ਤ ਦੀ ਕਮਜ਼ੋਰੀ, ਵਹਿਮ ਦੀ ਬਿਮਾਰੀ, ADHD, Autism, ਨਸ਼ੇ ਛਡਾਉਣਾ (De Addiction), ਯੋਨ ਸੰਬੰਧੀ ਬਿਮਾਰੀਆਂ ਦਾ ਇਲਾਜ ਕਰਨਗੇ। ਲਾਇਨ ਕਲੱਬ ਗੰਗਸਰ ਵੱਲੋਂ ਜੈਤੋ ਸ਼ਹਿਰ ਅਤੇ ਆਸ-ਪਾਸ ਦੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਲਾਭ ਉਠਾਉ ਅਤੇ ਬਿਮਾਰੀਆਂ ਤੋਂ ਛੁਟਕਾਰਾ ਪਾਉ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਇੰਟਰਨੈਸ਼ਨਲ ਡੇ ਅਗੇਂਸਟ ਡਰੱਗ ਐਬਯੂਸ ਐਂਡ ਇੱਲੀਸਿਟ ਟ੍ਰੈਫਿਕਿੰਗ ਦੇ ਮੌਕੇ ਜਾਗਰੂਕਤਾ ਪ੍ਰੋਗਰਾਮ

ਫ਼ਾਜ਼ਿਲਕਾ, 28 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ



ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਹੇਠ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਨਿਗਰਾਨੀ ਹੇਠ ਇੰਟਰਨੈਸ਼ਨਲ ਡੇ ਅਗੇਂਸਟ ਡਰੱਗ ਐਬਯੂਸ ਐਂਡ ਇੱਲੀਸਿਟ ਟ੍ਰੈਫਿਕਿੰਗ ਦੇ ਮੌਕੇ ਇੱਕ ਜਾਗਰੂਕਤਾ ਕਾਰਜਕ੍ਰਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਨਸ਼ਾ ਨਸ਼ਾ ਛਡਾਊ ਕੇਂਦਰ ਫਾਜ਼ਿਲਕਾ ਵਿਖੇ ਕਰਵਾਇਆ ਗਿਆ। ਇਸ ਮੌਕੇ , ਪੈਰਾ ਲੀਗਲ ਵੋਲੰਟੀਅਰ ਸਰਦਾਰ ਪ੍ਰੀਤਮ ਸਿੰਘ ਵੱਲੋਂ ਮਰੀਜ਼ਾਂ ਨੂੰ ਇਸ ਦਿਨ ਦੇ ਮਹੱਤਵ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਦਿਨ ਸਾਰੀਆਂ ਸੰਸਥਾਵਾਂ ਅਤੇ ਸਮਾਜ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਨਾਲ ਨਾ ਸਿਰਫ਼ ਵਿਅਕਤੀ ਦਾ ਜੀਵਨ ਨਸ਼ਟ ਹੁੰਦਾ ਹੈ, ਸਗੋਂ ਪਰਿਵਾਰ ਅਤੇ ਪੂਰੇ ਸਮਾਜ 'ਤੇ ਵੀ ਉਸਦਾ ਗੰਭੀਰ ਪ੍ਰਭਾਵ ਪੈਂਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਵਿੱਦਿਅਕ ਅਦਾਰਿਆਂ ਦੇ ਧਾਰਮਿਕ ਅਧਿਆਪਕਾਂ ਦਾ ਪੰਜ ਦਿਨਾਂ ਕੈਂਪ

### ☛ਸਮਾਗਮ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰ ਸ਼ਖਸੀਅਤਾਂ ਨੇ ਕੀਤੀ ਸ਼ਮੂਲੀਅਤ



ਸ੍ਰੀ ਅਨੰਦਪੁਰ ਸਾਹਿਬ, 28 ਜੂਨ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਹੇਠ ਚਲਾਏ ਜਾ ਰਹੇ ਸਿੱਖ ਮਿਸ਼ਨਰੀ ਕਾਲਜਾਂ, ਗੁਰਮਤਿ ਅਕੈਡਮੀਆਂ ਤੇ ਵਿਦਿਆਲਿਆਂ ਦੇ ਪ੍ਰਿੰਸੀਪਲ, ਅਧਿਆਪਕਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ ਕਾਲਜਾਂ ਦੇ ਧਾਰਮਿਕ ਅਧਿਆਪਕਾਂ ਦਾ 'ਗੁਰਮਤਿ ਸਿੱਖਿਆ ਅਤੇ ਅਧਿਆਪਨ ਸੇਧਾਂ' ਵਿਸ਼ੇ ਤਹਿਤ ਪੰਜ ਰੋਜ਼ਾ ਕੈਂਪ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਇਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਲਗਾਏ ਇਸ ਕੈਂਪ ਦੌਰਾਨ ਵੱਖ-ਵੱਖ ਸਿੱਖ ਵਿਦਵਾਨਾਂ ਨੇ ਧਾਰਮਿਕ ਅਧਿਆਪਕਾਂ ਨਾਲ ਗੁਰਮਤਿ ਸਿੱਖਿਆ ਅਤੇ ਅਧਿਆਪਨ ਖੇਤਰ ਬਾਰੇ ਵਿਚਾਰ ਸਾਂਝੇ ਕੀਤੇ। ਕੈਂਪ ਦੀ ਸਮਾਪਤੀ ਸਮੇਂ ਕਰਵਾਏ ਗਏ ਸਮਾਗਮ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਜਰਨੈਲ ਸਿੰਘ ਡੋਗਰਾਂਵਾਲਾ, ਜਗਸੀਰ ਸਿੰਘ ਮਾਂਗੇਆਣਾ, ਸੁਖਵਰਸ਼ ਸਿੰਘ ਪੰਨੂ ਤੇ ਸਕੱਤਰ ਪ੍ਰਤਾਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਧਰਮ ਦੀ ਸਿੱਖਿਆ ਦੇਣੀ ਵੱਡਾ ਕਾਰਜ ਹੈ ਅਤੇ ਇਸ ਖੇਤਰ ਦੇ ਅਧਿਆਪਕਾਂ ਦੀ ਜ਼ਿੰਮੇਵਾਰੀ ਆਮ ਅਧਿਆਪਕਾਂ ਤੋਂ ਅਹਿਮ ਹੈ। ਉਨ੍ਹਾਂ ਕਿਹਾ ਕਿ ਪ੍ਰਚਾਰਕ, ਰਾਗੀ, ਢਾਡੀ ਸਿੱਖ ਕੌਮ ਦੀ ਸੇਵਾ ਲਈ ਤਿਆਰ ਕਰਨੇ ਵੱਡਾ ਕੌਮੀ ਫਰਜ਼ ਹੈ ਅਤੇ ਇਸ ਜ਼ਿੰਮੇਵਾਰੀ ਨੂੰ ਹੋਰ ਪੁਖ਼ਤਗੀ ਨਾਲ ਨਿਭਾਉਣ ਲਈ ਸਮੇਂ ਸਮੇਂ ਅਜਿਹੇ ਰਿਫਰੈਸ਼ਰ ਕੋਰਸ ਅਤੇ ਕੈਂਪ ਮਹੱਤਵਪੂਰਨ ਸਾਬਤ ਹੁੰਦੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਅਦਾਰਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੀ ਪ੍ਰਚਾਰਕ ਸ਼੍ਰੇਣੀ ਕੌਮੀ ਚੁਣੌਤੀਆਂ ਦਾ ਟਾਕਰਾ ਇੱਕਸੁਰ ਹੋ ਕੇ ਕਰ ਸਕੇ, ਇਸੇ ਮਕਸਦ ਨਾਲ ਹਰ ਸਾਲ ਅਜਿਹੇ ਗੁਰਮਤਿ ਰਿਫਰੈਸ਼ਰ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਸਮੂਹ ਅਧਿਆਪਕਾਂ ਨੂੰ ਆਪਣੀ ਜ਼ੁੰਮੇਵਾਰੀ ਗੁਰੂ ਦੀ ਭੈ-ਭਾਵਨੀ ਵਿਚ ਰਹਿ ਕੇ ਨਿਭਾਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਪ੍ਰਿੰਸੀਪਲ ਡਾ. ਜਸਵੀਰ ਸਿੰਘ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਇੰਚਾਰਜ ਬੀਬੀ ਅਮਰਜੀਤ ਕੌਰ, ਬੀਬੀ ਰਣਜੀਤ ਸਿੰਘ, ਪ੍ਰਿੰ. ਰਾਜਪਾਲ ਸਿੰਘ, ਪ੍ਰਿੰ. ਰਵਿੰਦਰ ਸਿੰਘ ਖਾਲਸਾ, ਪ੍ਰਿੰ. ਜਸਵੰਤ ਸਿੰਘ, ਇੰਚਾਰਜ ਗੁਰਭਾਗ ਸਿੰਘ, ਜਗਨੰਦਨ ਸਿੰਘ, ਭੁਪਿੰਦਰ ਸਿੰਘ ਅਤੇ ਮਿਸ਼ਨਰੀ ਕਾਲਜਾਂ ਤੇ ਵਿਦਿਆਲਿਆਂ ਦੇ ਪ੍ਰਿੰਸੀਪਲ, ਇੰਚਾਰਜ, ਪ੍ਰੋਫੈਸਰ ਸਾਹਿਬਾਨ ਹਾਜ਼ਰ ਸਨ।

## ਜੀਤ ਲਾਲ ਭੱਟੀ ਹਲਕਾ ਇੰਚਾਰਜ ਤੋਂ ਪਵਨ ਕਮਾਰ ਟੀਨੂ ਦਾ ਸਫਰ ਭੋਗਪੁਰ ਤੋਂ ਹੋਇਆ ਸ਼ੁਰੂ

ਭੋਗਪੁਰ, 28 ਜੂਨ (ਅਮਰਜੀਤ ਸਿੰਘ ਜੰਡੀਰ ਸੈਣੀ): ਆਮ ਆਦਮੀ ਪਾਰਟੀ ਹਲਕਾ ਆਦਮਪੁਰ ਦੇ ਇੰਚਾਰਜ ਜੀਤ ਲਾਲ ਭੱਟੀ ਜੋ ਕਿ ਪਨਬਸ ਪੰਜਾਬ ਦੇ ਡਾਇਰੈਕਟਰ ਵੀ ਹਨ, ਉਨ੍ਹਾਂ ਨੂੰ ਉਸ ਵਕਤ ਪਤਾ ਲੱਗਿਆ ਕਿ ਜਦ ਪਾਰਟੀ ਦੇ ਕੁਝ ਬੰਦਿਆਂ ਨੇ ਆਮ ਆਦਮੀ ਪਾਰਟੀ ਦਾ ਲਿਖਿਆ ਹੋਇਆ ਲੈਟਰ ਵਟਸਐਪ ਗਰੁੱਪ ਵਿੱਚ ਪਾਇਆ ਕਿ ਹਲਕਾ ਇੰਚਾਰਜ ਜੀਤ ਲਾਲ ਭੱਟੀ ਦੀ ਜਗ੍ਹਾ ਪਵਨ ਕੁਮਾਰ ਟੀਨੂ ਨੂੰ ਹਲਕਾ ਆਦਮਪੁਰ ਤੋਂ ਇੰਚਾਰਜ ਲਗਾ ਦਿੱਤਾ ਗਿਆ ਹੈ। ਹਲਕਾ ਇੰਚਾਰਜ ਜੀਤ ਲਾਲ ਭੱਟੀ ਨੂੰ ਇਸ ਖਬਰ ਬਾਰੇ ਕੋਈ ਸੂਚਨਾ ਨਹੀਂ ਸੀ ਅਤੇ ਅੱਜ ਭੋਗਪੁਰ ਦੇ ਬਰਕਤ ਰਾਮ ਜੋ ਕਿ ਮੰਡੀ ਬੋਰਡ ਚੇਅਰਮੈਨ ਹਨ, ਉਹਨਾਂ ਦੇ ਦਫਤਰ ਪਵਨ ਕੁਮਾਰ ਟੀਨੂ ਤਕਰੀਬਨ ਰਾਤ 9 ਵਜੇ ਦੇ ਕਰੀਬ ਪਹੁੰਚੇ। ਉਹਨਾਂ ਦੇ ਨਾਲ ਜੀਤ ਲਾਲ ਭੱਟੀ ਵੱਲੋਂ ਚੁਣੇ ਗਏ ਅਹੁਦੇਦਾਰ ਵੀ ਬੂਟਾ ਸਿੰਘ ਟੀਟੂ ਕੋਆਰਡੀਨੇਟਰ, ਪਰਮਜੀਤ ਪੰਮਾ, ਡਾਕਟਰ ਕਮਲ ਐਮਸੀ, ਆਰ ਕੇ ਰਮੇਸ਼



ਸੈਕਟਰੀ, ਡਾਕਟਰ ਰਜਤ, ਸੁਖਦੇਵ ਐਮਸੀ, ਬਲਵਿੰਦਰ ਭੰਡਾਰੀ, ਅਜੇ ਕੁਮਾਰ, ਦੇਵ ਮਨੀ ਅਤੇ ਇਹਨਾਂ ਦੇ ਨਾਲ ਨਗਰ ਕੌਂਸਲ ਦੇ ਪ੍ਰਧਾਨ ਰਾਜ ਕੁਮਾਰ ਰਾਜਾ ਵੀ ਮੌਜੂਦ ਸਨ। ਇਸ ਮੌਕੇ 'ਤੇ ਅਹੁਦੇਦਾਰਾਂ ਵੱਲੋਂ ਕਾਫੀ ਮਸਲਿਆਂ ਦੇ ਸਬੰਧ ਵਿਚ ਗੱਲਬਾਤ ਕਰਨੀ ਚਾਹੀ। ਅਹੁਦੇਦਾਰਾਂ ਨੇ ਇਹ ਵੀ ਕਿਹਾ ਸੀ ਕਿ ਪਵਨ ਕੁਮਾਰ ਟੀਨੂ ਮੀਡੀਆ ਸਾਹਮਣੇ ਸਾਡੇ ਅਹੁਦਿਆਂ ਦੇ ਨਾਮ ਅਲਾਉਂਸ ਕਰਕੇ ਜਾਣਗੇ ਪਰ ਐਸਾ ਕੁਝ ਵੀ ਨਹੀਂ ਹੋਇਆ। ਇੱਥੇ ਤੱਕ ਕਿ ਪਵਨ ਕੁਮਾਰ ਟੀਨੂੰ ਵੱਲੋਂ ਆਗੂਆਂ ਨਾਲ ਗੱਲਬਾਤ ਕਰਦੇ ਸਮੇਂ ਮੀਡੀਆ ਦੇ ਕੈਮਰੇ ਬੰਦ ਕਰਵਾ ਦਿੱਤੇ ਗਏ ਸੀ ਕਿਹਾ ਕਿ ਮੈਂ ਬਾਅਦ ਵਿੱਚ ਜਵਾਬ ਦੇਵਾਂਗਾ। ਮੀਟਿੰਗ ਵਿੱਚ ਭੋਗਪੁਰ ਦੀ ਖੰਡ ਮਿਲ ਵਿੱਚ ਲੱਗ ਰਹੇ ਸੀਐਨਜੀ ਪਲਾਂਟ ਦੇ ਸੰਬੰਧ ਵਿੱਚ ਗੱਲਬਾਤ ਕੀਤੀ ਗਈ। ਜਿਸ ਪਲਾਂਟ ਦਾ ਵਿਰੋਧ ਕਾਂਗਰਸ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਪ੍ਰਧਾਨ ਰਾਜਕੁਮਾਰ ਰਾਜਾ, ਕਾਂਗਰਸ ਦੇ ਅਸ਼ਵਨ ਭੱਲਾ ਜਿਨ੍ਹਾਂ 'ਤੇ ਕੁਝ ਸਮਾਂ ਪਹਿਲਾਂ ਚੱਕੇ ਜਾਮ ਕਰਨ ਕਰਕੇ ਪਰਚਾ ਵੀ ਦਰਜ ਕਰ ਦਿੱਤਾ ਗਿਆ ਸੀ। ਸੀਐਨਜੀ ਪਲਾਂਟ ਲੱਗਣ ਦੇ ਸਬੰਧ ਵਿਚ ਗੱਲਬਾਤ ਕੀਤੀ ਗਈ ਪਰ ਪਵਨ ਕੁਮਾਰ ਟੀਨੂ ਨੇ ਕੋਈ ਖਾਸ ਜਵਾਬ ਨਹੀਂ ਦਿੱਤਾ ਕਿਹਾ ਕਿ ਪਿਛਲੇ ਕੱਲ ਸੀਐਨ ਜੀ ਪਲਾਂਟ ਨੂੰ ਸ਼ੁਰੂ ਕਰ ਦੇਣ ਦਾ ਕੁਝ ਰੌਲਾ ਪਿਆ ਸੀ ਫਿਲਹਾਲ ਉਸ ਰੌਲੇ ਨੂੰ ਰੋਕ ਦਿੱਤਾ ਗਿਆ ਹੈ ਅਤੇ ਅੱਗੇ ਦੀ ਜੋ ਕਾਰਵਾਈ ਹੋਵੇਗੀ ਮੈਂ ਇਨ੍ਹਾਂ ਬੰਦਿਆਂ ਦੇ ਨਾਲ ਹਾਂ। ਵਿਰੋਧ ਕਰ ਰਹੇ ਆਗੂਆਂ ਦਾ ਕਹਿਣਾ ਹੈ ਕਿ ਸੀਐਨਜੀ ਪਲਾਂਟ ਸਬੰਧੀ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਸੀਐਨਜੀ ਪਲਾਂਟ ਸਬੰਧੀ ਪਲਾਂਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਸੇ ਦੇ ਕੋਲ ਵੀ ਕੋਰਟ ਦੀ ਕੋਈ ਸਟੇਅ ਵਗੈਰਾ ਨਹੀਂ ਹੈ। ਉਹਨਾਂ ਕਿਹਾ ਜੇਕਰ ਇਹਨਾਂ ਦੇ ਕੋਲ ਕੋਰਟ ਦੀ ਸਟੇਅ ਹੈ ਤੇ ਕਿਉਂ ਨਹੀਂ ਦੱਸ ਰਹੇ ਹਨ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਹਾਈ ਕੋਰਟ ਨੇ ਪ੍ਰਸ਼ਾਸਨ ਨੂੰ ਜ਼ਿੰਮੇਵਾਰੀ ਸੌਂਪੀ ਹੈ, ਚਾਲੂ ਕਰਨਾ ਹੈ ਜਾਂ ਪਲਾਂਟ ਬੰਦ ਕਰਨਾ ਹੈ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਅਤੇ ਸੀਐਨਜੀ ਪਲਾਂਟ ਦਾ ਖਰਚਾ 35 ਕਰੋੜ ਦੇ ਕਰੀਬ ਦੱਸਿਆ ਜਾ ਰਿਹਾ ਹੈ। ਉਸ ਤੋਂ ਬਾਅਦ ਪਹੁੰਚੇ ਰਾਜਪੁਰ ਟਾਂਡੀ ਤੋਂ ਆਦਮੀ ਪਾਰਟੀ ਦੇ ਆਗੂ ਨੇ ਕਿਹਾ ਕਿ ਪਵਨ ਕੁਮਾਰ ਟੀਨੂੰ ਨੂੰ ਅੱਜ ਤੋਂ 6 ਮਹੀਨੇ ਪਹਿਲੇ ਮੰਗ ਪੱਤਰ ਸੌਂਪਿਆ ਗਿਆ ਸੀ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਆਗੂ ਵਰਕਰ ਅਤੇ ਹੋਰ ਲੋਕ ਵੀ ਮੌਜੂਦ ਸਨ।

# ਸਿੱਖਿਆ ਦੇ ਖੇਤਰ ਵਿੱਚ ਪੰਜਾਬ ਜਲਦ ਹੀ ਇੱਕ ਮੋਹਰੀ ਸੂਬਾ ਬਣੇਗਾ : ਡਾ. ਜਵੰਧਾ



ਸੰਗਰੂਰ 28 ਜੂਨ (ਹਰਕੰਵਲ ਸਿੰਘ ਹੈਪੀ) ਪੰਜਾਬ ਇੰਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਪੰਜਾਬ ਵਿੱਚ ਨੀਟ ਦੀ ਪ੍ਰੀਖਿਆ ਵਿੱਚ ਉੱਚ ਰੈਂਕ ਹਾਸਲ ਕਰਨ ਵਾਲੇ 509 ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਡਾ. ਜਵੰਧਾ ਨੇ ਕਿਹਾ ਕਿ ਇਹ ਸਿਰਫ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਦ੍ਰਿੜ ਨਿਸ਼ਚੈ ਦਾ ਨਤੀਜਾ ਨਹੀਂ, ਸਗੋਂ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਲਿਆਂਦੇ ਗਏ ਸੁਧਾਰਾਂ ਅਤੇ ਉਪਲਬਧ ਕਰਵਾਏ ਗਏ ਉਤਕ੍ਰਿਸ਼ਟ ਪਾਠਕ੍ਰਮ, ਸੁਰੱਖਿਅਤ ਅਤੇ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਵਾਲੇ ਮਾਹੌਲ ਦਾ ਵੀ ਨਤੀਜਾ ਹੈ।ਉਨ੍ਹਾਂ ਕਿਹਾ, "ਸੂਬੇ ਦੇ ਵਿਦਿਆਰਥੀ ਹੁਣ ਆਏ ਦਿਨ ਸਫਲਤਾ ਦੀਆਂ ਨਵੀਆਂ ਕਹਾਣੀਆਂ ਲਿਖ ਰਹੇ ਹਨ, ਜੋ ਸਾਡੇ ਪੰਜਾਬ ਲਈ ਬੜੇ ਹੀ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਸਾਡਾ ਟੀਚਾ ਸਿਰਫ ਪੜ੍ਹਾਈ ਨਹੀਂ, ਸਗੋਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ ਅਤੇ ਦੁਨੀਆਂ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਵਾਉਣਾ ਹੈ।"ਇਹ ਮਾਨਸਿਕਤਾ ਸਿੱਖਿਆ ਕ੍ਰਾਂਤੀ ਦਾ ਹਿੱਸਾ ਹੈ ਜਿਸ ਤਹਿਤ ਪੰਜਾਬ ਸਰਕਾਰ ਹਰ ਪੱਧਰ ਤੇ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਇਨ੍ਹਾਂ ਉਪਰਾਲਿਆਂ ਕਾਰਨ ਅੱਜ ਪੰਜਾਬ ਦੇ ਵਿਦਿਆਰਥੀ ਇੰਜੀਨੀਅਰਿੰਗ,ਮੈਡੀਕਲ, ਸਾਇੰਸ ਅਤੇ ਹੋਰ ਪੇਸ਼ਾਵਰ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਡਾ. ਜਵੰਧਾ ਨੇ ਮਾਪਿਆਂ, ਅਧਿਆਪਕਾਂ ਅਤੇ ਕੋਚਿੰਗ ਸੰਸਥਾਵਾਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਵੀ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਜਦੋਂ ਸਾਰੇ ਹਿੱਸੇਦਾਰ ਆਪਣੀ ਭੂਮਿਕਾ ਨਿਭਾਉਂਦੇ ਹਨ ਤਾਂ ਨਤੀਜੇ ਵਧੀਆ ਆਉਂਦੇ ਹਨ। ਡਾ. ਜਵੰਧਾ ਨੇ ਦਾਅਵਾ ਕੀਤਾ ਕਿ "ਜਲਦ ਹੀ ਪੰਜਾਬ ਸਿੱਖਿਆ ਖੇਤਰ ਵਿੱਚ ਇੱਕ ਮੋਹਰੀ ਸੂਬਾ ਬਣੇਗਾ।

# ਕੇਸਰ ਸਿੰਘ ਵਾਲਾ ਪਿੰਡ ਦੀ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ, ਵਿਧਾਇਕ ਬਲਕਾਰ ਸਿੱਧੂ ਨੇ ਕੀਤਾ ਸਵਾਗਤ

## 2027 ਵਿੱਚ ਆਪ ਦਾ ਤੂਫਾਨ ਹੋਰ ਤੇਜ਼ੀ ਨਾਲ ਆਵੇਗਾ : ਸਿੱਧੂ



ਭਗਤਾ ਭਾਈ ਕਾ 28 ਜੂਨ (ਸਵਰਨ ਸਿੰਘ ਭਗਤਾ) ਹਲਕਾ ਰਾਮਪੁਰਾ ਫੂਲ ਦੇ ਪਿੰਡ ਕੇਸਰ ਸਿੰਘ ਵਾਲਾ ਦੀ ਪੰਚਾਇਤ ਨੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਕੇ ਇੱਕ ਨਵੇਂ ਸਿਆਸੀ ਸਫਰ ਦੀ ਸ਼ੁਰੂਆਤ ਕੀਤੀ ਹੈ। ਪਿੰਡ ਦੇ ਸਰਪੰਚ ਸਤਵੰਤ ਕੌਰ, ਸ਼ਿਵ ਕੁਮਾਰ,ਪੰਚਾਇਤ ਮੈਂਬਰ ਤੀਰਥ ਸਿੰਘ, ਸਤਨਾਮ ਸਿੰਘ, ਸੁਰਿੰਦਰ ਸਿੰਘ, ਦਰਸ਼ਨ ਸਿੰਘ ਸਮੇਤ ਹੋਰ ਪਤਵੰਤਿਆਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਹਲਕਾ ਵਿਧਾਇਕ ਬਲਕਾਰ ਸਿੱਧੂ ਨੇ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ,"ਆਮ ਆਦਮੀ ਪਾਰਟੀ ਦੀ ਸਾਫ਼-ਸੁਥਰੀ ਸਿਆਸਤ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਅਤੇ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਨੇ ਲੋਕਾਂ ਦਾ ਦਿਲ ਜਿੱਤਿਆ ਹੈ। ਪਿੰਡ ਕੇਸਰ ਸਿੰਘ ਵਾਲਾ ਦੀ ਪੰਚਾਇਤ ਦਾ ਸਾਡੀ ਪਾਰਟੀ 'ਚ ਸ਼ਾਮਲ ਹੋਣਾ ਸੂਬੇ ਵਿੱਚ 'ਆਪ' ਦੀ ਮਜ਼ਬੂਤੀ ਦਾ ਸਬੂਤ ਹੈ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੁਭਾਅ ਅਤੇ ਸਿਆਸਤ ਵਿੱਚ ਨੈਤਿਕਤਾ ਨੂੰ ਪਹਿਲ ਦਿੰਦੀ ਹੈ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਲਿਜਾਇਆ ਜਾ ਰਿਹਾ ਹੈ। ਸਾਡੀ ਸਰਕਾਰ ਨੇ ਸਿੱਖਿਆ, ਸਿਹਤ, ਬਿਜਲੀ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਕੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ। ਪਿੰਡ ਪੱਧਰ ਤੋਂ ਸ਼ੁਰੂ ਹੋਈ ਇਹ ਲਹਿਰ ਹੁਣ ਪੂਰੇ ਪੰਜਾਬ ਨੂੰ ਨਵੀਂ ਦਿਸ਼ਾ ਦੇ ਰਹੀ ਹੈ।ਸ਼ਾਮਲ ਹੋਏ ਪੰਚਾਇਤ ਮੈਂਬਰਾਂ ਨੇ ਵਿਧਾਇਕ ਸਿੱਧੂ ਦੀ ਅਗਵਾਈ ਵਿੱਚ ਹੋ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਸਰਪੰਚ ਸਤਵੰਤ ਕੌਰ ਦੇ ਪਤੀ ਸ਼ਿਵ ਕੁਮਾਰ ਨੇ ਕਿਹਾ, "ਅਸੀਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਵਿਧਾਇਕ ਬਲਕਾਰ ਸਿੱਧੂ ਵੱਲੋਂ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਅਤੇ ਹਰ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨਾਂ ਤੋਂ ਪ੍ਰਭਾਵਿਤ ਹੋਏ ਹਾਂ। ਅਸੀਂ ਵਚਨਬੱਧ ਹਾਂ ਕਿ ਪਿੰਡ ਦੇ ਹਰ ਨਾਗਰਿਕ ਦੀ ਭਲਾਈ ਲਈ ਕੰਮ ਕਰਾਂਗੇ ਅਤੇ ਪਾਰਟੀ ਦੀ ਲੀਡਰਸ਼ਿਪ ਨੂੰ ਹੋਰ ਮਜ਼ਬੂਤ ਕਰਾਂਗੇ।"ਵਿਧਾਇਕ ਸਿੱਧੂ ਨੇ ਕਿਹਾ, "ਆਮ ਆਦਮੀ ਪਾਰਟੀ ਪੰਜਾਬ ਦੇ ਹਰ ਪਿੰਡ, ਹਰ ਸ਼ਹਿਰ ਅਤੇ ਹਰ ਵਰਗ ਦੀ ਆਵਾਜ਼ ਹੈ। ਅਸੀਂ ਨਸ਼ਿਆਂ ਦੇ ਖਾਤਮੇ, ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਾਂ। ਪੰਜਾਬ ਦੇ ਲੋਕਾਂ ਦਾ ਸਾਡੇ 'ਤੇ ਵਧਦਾ ਵਿਸ਼ਵਾਸ ਸਾਡੀ ਜ਼ਿੰਮੇਵਾਰੀ ਨੂੰ ਹੋਰ ਵਧਾਉਂਦਾ ਹੈ। 2027 ਵਿੱਚ ਪੰਜਾਬ ਵਿੱਚ 'ਆਪ' ਦਾ ਤੂਫਾਨ ਹੋਰ ਵੀ ਤੇਜ਼ ਹੋਵੇਗਾ, ਜੋ ਸੂਬੇ ਨੂੰ ਖੁਸ਼ਹਾਲੀ ਦੀਆਂ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ।ਇਸ ਸਮਾਗਮ ਵਿੱਚ ਪਾਰਟੀ ਦੇ ਸਥਾਨਕ ਆਗੂ ਅਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ, ਜਿਨ੍ਹਾਂ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਪਾਰਟੀ ਦੀ ਮਜ਼ਬੂਤੀ ਲਈ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ। ਇਹ ਘਟਨਾ ਰਾਮਪੁਰਾ ਫੂਲ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਵਧਦੀ ਪਕੜ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦੀ ਹੈ।

# ਸਿਕੰਦਰ ਸਿੰਘ ਮਲੂਕਾ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਨਿਯੁਕਤ



ਭਗਤਾ ਭਾਈ ਕਾ 28 ਜੂਨ (ਸਵਰਨ ਸਿੰਘ ਭਗਤਾ)ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਹੋਣ ਤੇ ਹਰਿੰਦਰ ਸਿੰਘ ਮਹਿਰਾਜ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਰਾਮਪੁਰਾ ਫੂਲ, ਡਾ.ਪਰਨੀਤ ਕੌਰ ਢਿੱਲੋ, ਜਗਮੋਹਨ ਲਾਲ ਗਰਗ ਪ੍ਰਧਾਨ ਸਕਲ ਭਗਤਾ,ਰਾਕੇਸ਼ ਕੁਮਾਰ ਗੋਇਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ,ਡਾ. ਬਲਜੀਤ ਸਿੰਘ ਢਿੱਲੋ,ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ, ਸਤਵਿੰਦਰਪਾਲ ਸਿੰਘ ਢਿੱਲੋ,ਸੁਖਜਿੰਦਰ ਸਿੰਘ ਖਾਨਦਾਨ,ਮਨਜੀਤ ਸਿੰਘ ਧੁੰਨਾ,ਰਘਵੀਰ ਸਿੰਘ ਕਾਕਾ,ਕੁਲਦੀਪ ਕੌਰ ਬਰਾੜ,ਜੀਤੂ ਰਾਮ ਗੋਇਲ,ਸੁਖਚੈਨ ਚੰਦ ਮੁੱਦਕੀ,ਸੁਖਜਿੰਦਰ ਸਿੰਘ ਖੈਰਿਰਾ,ਪੁਨੀਤਪਾਲ ਸਿੰਘ ਗੋਲਾ,ਕੌਂਸਲਰ ਗੁਰਚਰਨ ਸਿੰਘ ਪੂਰੀ,ਹਰਜਿੰਦਰ ਸਿੰਘ ਸਾਬਕਾ ਕੌਂਸਲਰ, ਸੇਮੀ ਭਾਈਰੂਪਾ, ਦਵਿੰਦਰ ਸਿੰਘ ਮਠਾੜੂ,ਬਾਦਲ ਸਿੰਘ ਭਗਤਾ,ਸੁਖਮੰਦਰ ਸਿੰਘ ਭੋਲਾ,ਪਰਮਿੰਦਰ ਟੀਨਾ,ਰਤਨ ਸ਼ਰਮਾ ਮੀਡੀਆ ਇੰਚਾਰਜ,ਸੁਖਦੀਪ ਸਿੰਘ ਸਿੱਪੀ ਸਿਰੀਏਵਾਲਾ, ਕੁਲਵੰਤ ਸਿੰਘ ਘੰਡਾਬੰਨਾ, ਗੁਰਪ੍ਰੀਤ ਸਿੰਘ ਘੰਡਾਬੰਨਾ, ਹਰਪਾਲ ਸਿੰਘ ਖਰਿਹਾ, ਡਾਕਟਰ ਜਸਪਾਲ ਸਿੰਘ ਦਿਆਲਪੁਰਾ ਮਿਰਜ਼ਾ, ਹਰਭਗਵਾਨ ਸਿੰਘ ਭੁੱਲਰ ਮੈਨੇਜਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ,ਦਲਜੀਤ ਸਿੰਘ ਸਾਬਕਾ ਸਰਪੰਚ, ਹਰਦੇਵ ਸਿੰਘ ਗੋਗੀ ਬਰਾੜ,ਮਾਸਟਰ ਲਾਲ ਸਿੰਘ,ਬੇਅੰਤ ਸਿੰਘ ਵੜਿੰਗ ਆਦਿ ਨੇ ਸਿਕੰਦਰ ਸਿੰਘ ਮਲੂਕਾ ਨੂੰ ਵਧਾਈਆਂ ਦਿੱਤੀਆਂ ਅਤੇ ਪਾਰਟੀ ਹਾਈਕਮਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ।

# ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਨਾਜਾਇਜ਼ ਤਸਕਰੀ ਵਿਰੋਧੀ ਦਿਵਸ ਮਨਾਇਆ



ਬਰਨਾਲਾ, 28 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਪੁਲਿਸ ਜ਼ਿਲ੍ਹਾ ਬਰਨਾਲਾ ਦੇ ਸੀ ਆਈ ਏ ਸਟਾਫ ਕੇਂਦਰ ਹੰਡਿਆਇਆ ਵਿਖੇ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ ਬਰਨਾਲਾ ਵੱਲੋਂ ਸੀ ਆਈ ਸਟਾਫ ਦੇ ਸਹਿਯੋਗ ਨਾਲ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਅਵੈਧ ਤਸਕਰੀ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਸੀ ਆਈ ਏ ਸਟਾਫ ਦੇ ਇੰਚਾਰਜ ਪੁਲਿਸ ਇੰਸਪੈਕਟਰ ਬਲਜੀਤ ਸਿੰਘ ਤੇ ਵਿਸ਼ੇਸ਼ ਮਹਿਮਾਨ ਕੋਲੋਨਾਈਜ਼ਰ ਪਿਆਰਾ ਲਾਲ ਰਾਏਸਰ ਵਾਲੇ ਸਨ। ਇਸ ਮੌਕੇ ਬੋਲਦਿਆਂ ਇੰਸਪੈਕਟਰ ਬਲਜੀਤ ਸਿੰਘ ਨੇ ਕਿਹਾ ਕਿ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਅਵੈਧ ਤਸਕਰੀ ਦਿਵਸ ਮਨਾਉਣ ਦਾ ਮਕਸਦ ਲੋਕਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਤੇ ਅਵੈਧ ਤਸਕਰੀ ਖ਼ਿਲਾਫ਼ ਜਾਗਰੂਕ ਕਰਨਾ ਹੈ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਜ਼ਿਲ੍ਹਾ ਬਰਨਾਲਾ ਅੰਦਰ ਐਸ ਐਸ ਪੀ ਸਾਹਿਬ ਮੁਹੰਮਦ ਸਰਫਰਾਜ਼ ਆਲਮ ਦੀ ਅਗਵਾਈ ਚ ਨਸ਼ਿਆਂ ਵਿਰੁੱਧ ਆਪਣੀ ਅਣਥੱਕ ਲੜਾਈ ਲੜ ਰਹੀ ਹੈ। ਉਨ੍ਹਾਂ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੁਲਿਸ ਦਾ ਸਾਥ ਦੇਣ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਪਿਆਰਾ ਲਾਲ ਰਾਏਸਰ ਵਾਲਿਆਂ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਪੁਲਿਸ ਵੱਲੋਂ ਚਲਾਈ ਮੁਹਿੰਮ ਇੱਕ ਸ਼ਲਾਘਾਯੋਗ ਯਤਨ ਹੈ। ਉਨ੍ਹਾਂ ਕਿਹਾ ਕਿ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਪੰਜਾਬ ਪੁਲਿਸ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਪੂਰਾ ਸਮਰਥਨ ਕਰਦੀ ਹੈ। ਇਸ ਦੌਰਾਨ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ ਨੇ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਅਵੈਧ ਤਸਕਰੀ ਵਿਰੋਧੀ ਦਿਵਸ ਤੇ ਚਾਨਣਾ ਪਾਇਆ। ਇਸ ਉਪਰੰਤ ਜ਼ਿਲ੍ਹਾ ਬਰਨਾਲਾ ਅੰਦਰ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਚ ਪਾਏ ਵਿਸ਼ੇਸ਼ ਯੋਗਦਾਨ ਸਦਕਾ ਇੰਸਪੈਕਟਰ ਬਲਜੀਤ ਸਿੰਘ ਨੂੰ ਦਰਬਾਰ ਸਾਹਿਬ ਦਾ ਚਿੱਤਰ, ਲੋਈ ਅਤੇ ਟਰਾਫ਼ੀ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਹਰਮਨਜੀਤ ਸਿੰਘ ਰੁਪਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੀ ਆਈ ਸਟਾਫ ਵੱਲੋਂ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਡਾਕਟਰ ਰਜੀਵ ਸ਼ਰਮਾ, ਕੇਵਲ ਕ੍ਰਿਸ਼ਨ ਗਰਗ, ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ਼ ਬਰਨਾਲਾ, ਮਹਿੰਦਰ ਪਾਲ ਗਰਗ, ਰਾਕੇਸ਼ ਜੇਠੀ ਹੰਡਿਆਇਆ, ਕਮਲਪ੍ਰੀਤ ਸਿੰਘ, ਸੰਦੀਪ ਪਾਲ ਅਤੇ ਸੀ ਆਈ ਸਟਾਫ਼ ਹਾਜ਼ਰ ਸੀ।

# ਝੋਨੇ ਦੀ ਫ਼ਸਲ ਤੇ ਸੁੰਡੀ ਦਾ ਹਮਲਾ, ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਦਵਾਈ ਦਾ ਛਿੜਕਾਅ

ਤਪਾ ਮੰਡੀ 27 ਜੂਨ (ਭੂਸ਼ਨ ਘੜੈਲਾ)- ਝੋਨੇ ਦੀ ਲਵਾਈ ਦਾ ਸੀਜਨ ਪੂਰੇ ਜ਼ੋਰਾਂ ਤੇ ਚੱਲ ਰਿਹਾ ਹੈ ਜਿਸ ਨੂੰ ਲੈ ਕੇ ਕਿਸਾਨਾਂ ਵੱਲੋਂ ਪ੍ਰਵਾਸੀ ਅਤੇ ਪੰਜਾਬੀ ਮਜ਼ਦੂਰਾਂ ਤੋਂ ਝੋਨੇ ਦੀ ਲਵਾਈ ਕੀਤੀ ਜਾ ਰਹੀ ਹੈ ਪਰ ਗਰਮੀ ਜਿਆਦਾ ਪੈਣ ਕਾਰਨ ਝੋਨੇ ਦੀ ਫਸਲ ਨੂੰ ਸੁੰਡੀ ਦੀ ਮਾਰ ਪੈ ਰਹੀ ਹੈ ਜਿਸ ਕਰਕੇ ਝੋਨੇ ਨੇ ਪੀਲਾ ਰੰਗ ਫੜ ਲਿਆ ਹੈ ਜਿਸ ਨੂੰ ਦੂਰ ਕਰਨ ਲਈ ਕਿਸਾਨਾਂ ਵੱਲੋਂ ਮਿੱਟੀ ਵਿੱਚ ਦਵਾਈ ਨੂੰ ਮਿਲਾਕੇ ਝੋਨੇ ਤੇ ਛਿੜਕਿਆ ਕੀਤਾ ਜਾ ਰਿਹਾ ਹੈ ਤਾਂ ਜੋ ਝੋਨੇ ਦੀ ਫਸਲ ਤਾਕਤਵਰ ਹੋ ਸਕੇ। ਇਸ ਮੌਕੇ ਪਿੰਡ ਤਾਜੋਕੇ ਦੇ ਅਮਨਦੀਪ ਸਿੰਘ ਅਤੇ ਜਸਨੂਰ ਸਿੰਘ ਨੇ ਦੱਸਿਆ ਕਿ ਇਸ ਵਾਰ ਕੜਾਕੇ ਦੀ ਗਰਮੀ ਪੈਣ ਕਾਰਨ ਝੋਨੇ ਦੀ ਫਸਲ ਨੂੰ ਸੁੰਡੀ ਦੀ ਮਾਰ ਪੈ ਰਹੀ ਹੈ ਜਿਸ ਕਰਕੇ ਝੋਨੇ ਦੀ ਫਸਲ ਤੇ ਮਿੱਟੀ ਵਿੱਚ ਮਿਲਾ ਕੇ ਦਵਾਈ ਦਾ ਛਿੜਕਿਆ ਕੀਤਾ ਜਾ ਰਿਹਾ ਹੈ ਤਾਂ ਜੋ ਝੋਨੇ ਦੀ ਫਸਲ ਨੂੰ ਤਾਕਤ ਮਿਲ ਸਕੇ। ਉਹਨਾਂ ਦੱਸਿਆ ਕਿ ਅਗਰ ਪੰਜ ਸੱਤ ਬਰਸਾਤਾਂ ਹੋ ਜਾਣ ਤਾਂ ਝੋਨੇ ਦੀ ਫਸਲ ਲਈ ਲਾਹੇਵੰਦ ਸਾਬਤ ਹੋਵੇਗੀ।

# ਚਮਕੌਰ ਸਿੰਘ ਲਾਈਨ ਮੈਨ ਬਣੇ



ਭਦੌੜ, 28 ਜੂਨ (ਸੁਖਵਿੰਦਰ ਪਲਾਹਾ)- ਬਿਜਲੀ ਬੋਰਡ ਦਫਤਰ ਭਦੌੜ ਵਿੱਚ ਸਹਾਇਕ ਲਾਇਨ ਮੈਨ ਵਜੋਂ ਕੰਮ ਕਰਨ ਵਾਲੇ ਚਮਕੌਰ ਸਿੰਘ ਦੀ ਪ੍ਰਮੋਸ਼ਨ ਹੋਣ ਤੋਂ ਬਾਅਦ ਲਾਇਨ ਮੈਨ ਬਣ ਗਏ ਹਨ ਇਸ ਮੌਕੇ ਸਮੂਹ ਸਟਾਫ ਸਮੇਤ ਐਸਡੀਓ ਭਦੌੜ ਨੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਧਾਈਆਂ ਦਿੱਤੀਆਂ ਇਸ ਮੌਕੇ ਬਿਜਲੀ ਗਰਿੱਡ ਭਦੌੜ ਦੇ ਐਸਡੀਓ ਮਨੀਸ਼ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਮਕੌਰ ਸਿੰਘ ਇੱਕ ਨਰਮ ਸੁਭਾ ਦੇ ਮਾਲਕ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਭਦੌੜ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਅਤੇ ਹੁਣ ਉਹਨਾਂ ਦੇ ਸਹਾਇਕ ਲਾਇਨ ਮੈਨ ਤੋਂ ਪਦਉਨਤ ਹੋ ਕੇ ਲਾਇਨ ਮੈਨ ਲੱਗਣ ਤੇ ਅਸੀਂ ਉਹਨਾਂ ਨੂੰ ਮੁਬਾਰਕਬਾਦ ਦਿੰਦੇ ਹਾਂ ਅਤੇ ਕਾਮਨਾ ਕਰਦੇ ਹਾਂ ਕਿ ਅੱਗੇ ਤੋਂ ਵੀ ਇਹ ਤਨ ਦੇਹੀ ਨਾਲ ਆਪਣੀ ਡਿਊਟੀ ਨੂੰ ਨਿਭਾਉਣਗੇ। ਇਸ ਮੌਕੇ ਗੁਰਵਿੰਦਰ ਸਿੰਘ ਲਾਇਨਮੈਨ, ਸੂਰਜ ਪ੍ਰਧਾਨ, ਨਵਦੀਪ ਸਿੰਘ ਜੇ ਈ, ਨਵਜੋਤ ਸਿੰਘ ਜੇਈ, ਸੁਖਜੀਤ ਸਿੰਘ ਆਰ ਏ ਅਤੇ ਸੁਖਦੇਵ ਸਿੰਘ ਸਹਿਣਾ ਹਾਜ਼ਰ ਸਨ।

# ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਤੇ ਮੁ਼ਫਤ ਡਾਕਟਰੀ ਕੈਂਪ ਲਗਾਇਆ



ਬਰਨਾਲਾ 28 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਪ੍ਰੈਸ ਕਲੱਬ ਅਤੇ ਲੋਕ ਭਲਾਈ ਵੈਲਫ਼ੇਅਰ ਸੁਸਾਇਟੀ ਮਹਿਲ ਕਲਾਂ ਵੱਲੋਂ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸੈਮੀਨਾਰ ਅਤੇ ਮੁਫ਼ਤ ਮੈਡੀਕਲ ਜਾਂਚ ਕੈਂਪ ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਲਗਵਾਇਆ ਗਿਆ। ਇਸ ਮੌਕੇ ਲੋਕ ਭਲਾਈ ਵੈਲਫ਼ੇਅਰ ਸੁਸਾਇਟੀ ਦੀ ਨਾਟਕੀ ਟੀਮ ਵੱਲੋਂ ਨਾਟਕ ਨਵੀਂ ਜ਼ਿੰਦਗੀ, ਖੇਡਿਆ ਗਿਆ, ਜਿਸ ਨੇ ਹਾਜ਼ਰ ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਲਿਆ ਦਿੱਤੇ ਅਤੇ ਸਮਾਜ ਸੇਵੀ ਬਲਜਿੰਦਰ ਕੌਰ ਮਾਂਗੇਵਾਲ ਵੱਲੋਂ ਵੱਖ-ਵੱਖ ਗੀਤਾਂ ਤੇ ਕੋਰੀਓਗ੍ਰਾਫੀ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਏਡੀਸੀ ਸਤਵੰਤ ਸਿੰਘ ਅਤੇ ਥਾਣਾ ਤਪਾ ਦੇ ਮੁੱਖ ਅਫਸਰ ਸਰੀਫ ਖ਼ਾਨ ਵੱਲੋਂ ਪੰਜਾਬ ਪ੍ਰੈਸ ਕਲੱਬ ਅਤੇ ਲੋਕ ਭਲਾਈ ਵੈਲਫ਼ੇਅਰ ਸੁਸਾਇਟੀ ਦੀ ਸਮੁੱਚੀ ਟੀਮ ਨੂੰ ਉਕਤ ਕੀਤੇ ਸਮਾਗਮ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਸਮਾਗਮ ਕਰਾਉਣਾ ਅੱਜ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਗੁਰਮੇਲ ਸਿੰਘ, ਬਨੀ ਖੈਰਾ ਅਤੇ ਹਲਕਾ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਚੇਅਰਮੈਨ ਸੁਖਵਿੰਦਰ ਦਾਸ ਬਾਬਾ ਕੁਰੜ ਕਿਹਾ ਕਿ ਅਜਿਹੇ ਸਮਾਗਮਾਂ ਵਿੱਚ ਸਭ ਲੋਕਾਂ ਨੂੰ ਬਿਨਾਂ ਕਿਸੇ ਪਾਰਟੀਬਾਜੀ ਅਤੇ ਵਿਤਕਰੇਬਾਜ਼ੀ ਤੋਂ ਉੱਪਰ ਉੱਠ ਕੇ ਸਹਿਯੋਗ ਕਰਨਾ ਅਤੇ ਸ਼ਾਮਿਲ ਹੋਣਾ ਚਾਹੀਦਾ ਹੈ। ਉਹਨਾਂ ਫਿੱਟ ਲਾਈਫ ਆਯੁਰਵੈਦਾ ਦੇ ਐਮ ਡੀ ਡਾਕਟਰ ਪਰਮਿੰਦਰ ਸਿੰਘ ਹਮੀਦੀ ਅਤੇ ਉਨਾਂ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਉਨ੍ਹਾਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਸੈਂਕੜੇ ਨੌਜਵਾਨ ਅਤੇ ਕੁੜੀਆਂ ਨੂੰ ਨਸ਼ਿਆਂ ਦੀ ਇਸ ਭੈੜੀ ਦਲ ਦਲ ਚੋਂ ਬਾਹਰ ਕੱਢ ਕੇ ਇੱਕ ਨਵੀਂ ਜ਼ਿੰਦਗੀ ਦੇਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਨਸ਼ਾ ਛੱਡ ਚੁੱਕੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਅਖੀਰ ਵਿੱਚ ਕਲੱਬ ਦੇ ਪ੍ਰਧਾਨ ਡਾਕਟਰ ਸ਼ੇਰ ਸਿੰਘ ਰਵੀ ਨੇ ਆਈਆਂ ਹੋਈਆਂ ਸ਼ਖਸੀਅਤਾਂ ਅਤੇ ਖਾਸਕਰ ਰਾਜ ਹਸਪਤਾਲ ਹਠੂਰ ਦੇ ਡਾਕਟਰ ਗੁਰਿੰਦਰ ਕੌਰ, ਦੀ ਸਮੁੱਚੀ ਡਾਕਟਰੀ ਟੀਮ ਦਾ ਵੀ ਧੰਨਵਾਦ ਕੀਤਾ। ਮਰੀਜ਼ਾਂ ਨੂੰ ਦਵਾਈਆਂ ਮੁ਼ਫਤ ਦਿੱਤੀਆਂ ਗਈਆਂ। ਇਸ ਮੌਕੇ ਮਹਿਲ ਕਲਾਂ ਸੋਢੇ ਦੇ ਸਰਪੰਚ ਸਰਬਜੀਤ ਸਿੰਘ ਸੰਭੂ, ਮਹਿਲ ਕਲਾਂ ਦੇ ਸਰਪੰਚ ਅਰੁਣ ਕੁਮਾਰ ਬਾਂਸਲ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ, ਡਾਕਟਰ ਮਿੱਠੂ ਮੁਹੰਮਦ,ਆਦਿ ਹਾਜ਼ਰ ਸਨ।

# ਜਲ ਸ਼ਕਤੀ ਅਭਿਆਨ ਤਹਿਤ ਕੇਂਦਰੀ ਟੀਮ ਵੱਲੋਂ ਬਰਨਾਲਾ ਦਾ ਦੌਰਾ




ਬਰਨਾਲਾ, 28 ਜੂਨ (ਹਿਮਾਂਸ਼ੂ ਗਰਗ)- ਜਲ ਸ਼ਕਤੀ ਅਭਿਆਨ- ਕੈਚ ਦਿ ਰੇਨ ਤਹਿਤ ਦੋ ਮੈਂਬਰੀ ਕੇਂਦਰੀ ਟੀਮ ਵਲੋਂ ਅੱਜ ਜ਼ਿਲ੍ਹਾ ਬਰਨਾਲਾ ਦਾ ਦੌਰਾ ਕਰਕੇ ਪਾਣੀ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਦਾ ਜਾਇਜ਼ਾ ਲਿਆ ਗਿਆ। ਕੇਂਦਰੀ ਟੀਮ ਵਿਚ ਸਾਗਰ ਸਿੰਘ ਕਲਸੀ ਆਈ ਪੀ ਐੱਸ, ਡਾਇਰੈਕਟਰ ਪੈਟਰੋਲੀਅਮ ਅਤੇ ਨੈਚੂਰਲ ਗੈਸ ਅਤੇ ਸ੍ਰੀ ਅਨੂਪ ਰਾਜ, ਅਸਿਸਟੈਂਟ ਡਾਇਰੈਕਟਰ (ਕੇਂਦਰੀ ਜਲ ਕਮਿਸ਼ਨ) ਸ਼ਾਮਲ ਸਨ ਜਿਨ੍ਹਾਂ ਵਲੋਂ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਸਮੇਤ ਵੱਖ ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਪਿੰਡਾਂ ਦਾ ਦੌਰਾ ਵੀ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ ਵਲੋਂ ਜ਼ਿਲ੍ਹਾ ਬਰਨਾਲਾ ਵਿੱਚ ਪਾਣੀ ਦੀ ਸੰਭਾਲ ਲਈ ਕੀਤੇ ਗਏ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਪਾਣੀ ਸੰਭਾਲ ਲਈ ਵੱਖ ਵੱਖ ਪਿੰਡਾਂ ਵਿਚ ਜਿਥੇ ਥਾਪਰ ਮਾਡਲ ਬਣਾਏ ਗਏ ਹਨ, ਓਥੇ ਸਕੂਲਾਂ ਵਿਚ ਮੀਂਹ ਦੇ ਪਾਣੀ ਰੀਚਾਰਜ ਕਰਨ ਲਈ ਪਿਟਸ ਬਣਾਏ ਗਏ ਹਨ। ਓਨ੍ਹਾਂ ਦੱਸਿਆ ਕਿ ਆਗਾਮੀ ਮੌਨਸੂਨ ਦੇ ਸੀਜ਼ਨ ਦੇ ਮੱਦੇਨਜ਼ਰ ਡਰੇਨਾਂ ਅਤੇ ਛੱਪੜਾਂ ਦੀ ਸਫ਼ਾਈ ਦਾ ਕੰਮ ਚੱਲ ਰਿਹਾ ਹੈ। ਓਨ੍ਹਾਂ ਦੱਸਿਆ ਕਿ ਕੈਚ ਦਿ ਰੇਨ ਪ੍ਰੋਜੈਕਟ ਤਹਿਤ ਮੌਜੂਦਾ ਸਾਲ ਦੌਰਾਨ ਜ਼ਿਲ੍ਹੇ ਵਿੱਚ 219 ਛੱਪੜਾਂ ਦੇ ਪਾਣੀ ਨੂੰ ਕੱਢ ਕੇ ਸੁਕਾਇਆ ਗਿਆ (ਡੀਵਾਟਰਿੰਗ) ਹੈ, 67 ਦੀ ਡੀਸਿਲਟਿੰਗ (ਗਾਰ ਕੱਢ ਕੇ ਸਫਾਈ) ਕੀਤੀ ਗਈ ਹੈ ਤੇ 41 ਥਾਪਰ ਮਾਡਲ ਬਣਾਏ ਗਏ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਰੀਬ 1.95 ਲੱਖ ਪੌਦੇ ਲਾਏ ਗਏ ਹਨ ਅਤੇ ਇਸ ਮੌਨਸੂਨ ਸੀਜ਼ਨ ਦੌਰਾਨ ਹੋਰ ਵੀ ਪੌਦੇ ਲਾਏ ਜਾਣਗੇ। ਕੇਂਦਰੀ ਟੀਮ ਵਲੋਂ ਜਿਨ੍ਹਾਂ ਪਿੰਡਾਂ ਵਿਚ 1 ਏਕੜ ਤੋਂ 4 ਏਕੜ ਜ਼ਮੀਨ ਹੈ, ਓਨ੍ਹਾਂ ਪਿੰਡਾਂ ਵਿਚ ਪੌਦੇ ਲਾਉਣ ਉੱਤੇ ਜ਼ੋਰ ਦਿੱਤਾ ਗਿਆ ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਪਿੰਡਾਂ ਵਿਚ ਬਾਗ਼ਬਾਨੀ ਵਿਭਾਗ ਦੇ ਸਹਿਯੋਗ ਨਾਲ ਫ਼ਲਦਾਰ ਬੂਟੇ ਲਾਉਣ ਦੀ ਯੋਜਨਾ ਹੈ ਤਾਂ ਜੋ ਪੰਚਾਇਤਾਂ ਨੂੰ ਆਮਦਨ ਵੀ ਹੋ ਸਕੇ। ਓਨ੍ਹਾਂ ਕਿਹਾ ਕਿ ਇਹ ਪੌਦੇ ਪਿੰਡ ਵਾਸੀਆਂ/ ਪੰਚਾਇਤਾਂ ਰਾਹੀਂ ਲਗਵਾਏ ਜਾਣਗੇ ਤਾਂ ਜੋ ਉਹ ਇਨ੍ਹਾਂ ਪੌਦਿਆਂ ਦੀ ਸੰਭਾਲ ਵੀ ਕਰਨ।

# ਹੈਪੀ ਟੀਚਰ ਹੈਪੀ ਕਲਾਸ ਇਨਵਾਇਰਮੈਂਟ 'ਤੇ ਵਰਕਸ਼ਾਪ



ਬਰਨਾਲਾ, 28 ਜੂਨ (ਅਮਨਦੀਪ ਸਿੰਘ)- ਸੰਤ ਲੌਂਗਪੁਰੀ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿਖੇ ਸਕੂਲ ਦੇ ਪ੍ਰਧਾਨ ਸੰਤ ਬਾਬਾ ਚਰਨਪੁਰੀ ਜੀ ਅਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਕਰਮਜੀਤ ਕੌਰ ਦੀ ਪ੍ਰੇਰਨਾ ਸਦਕਾ ਸਕੂਲ ਵਿੱਚ 'ਹੈਪੀ ਟੀਚਰ ਹੈਪੀ ਕਲਾਸ ਇਨਵਾਇਰਮੈਂਟ' ਤੇ ਵਰਕਸ਼ਾਪ ਕਰਵਾਈ ਗਈ। ਜਿਸ 'ਚ ਸਕੂਲ ਦੇ ਸਾਰੇ ਅਧਿਆਪਕਾਂ ਨੇ ਭਾਗ ਲਿਆ। ਇਹ ਵਰਕਸ਼ਾਪ ਪ੍ਰਿੰਸੀਪਲ ਡਾਕਟਰ ਨੀਤੂ ਸ਼ਰਮਾ ਅਤੇ ਰੋਹਿਤ ਅਰੋੜਾ (ਰਾਸ਼ਟਰਪਤੀ ਅਵਾਰਡੀ) ਵੱਲੋਂ ਲਗਾਈ ਗਈ। ਇਨ੍ਹਾਂ ਆਪਣੇ ਸਫ਼ਰ 'ਚ ਬਹੁਤ ਸਾਰੇ ਸਕੂਲਾਂ 'ਚ ਇਸ ਪ੍ਰਕਾਰ ਦੀਆਂ ਟਰੇਨਿੰਗ ਵਰਕਸ਼ਾਪ ਲਗਾਈਆਂ ਹਨ ਤੇ ਆਪਣੀ ਕਾਬਲੀਅਤ ਨਾਲ ਬਹੁਤ ਸਾਰੇ ਅਧਿਆਪਕਾਂ ਨੂੰ ਨਿਖਾਰਿਆ ਹੈ ਇਸਦਾ ਉਦੇਸ਼ ਅਧਿਆਪਕਾਂ ਨੂੰ ਇਹ ਸਮਝਣ 'ਚ ਮੱਦਦ ਕਰਨਾ ਹੈ ਕਿ ਬੱਚਿਆਂ ਨੂੰ ਕਿਸੇ ਵਿਸ਼ੇ ਨੂੰ ਸਮਝਣ ਵਿੱਚ ਰੁਚੀ ਕਿਵੇਂ ਪੈਦਾ ਕਰਨੀ ਹੈ ਅਤੇ ਕਿਸੇ ਵਿਸ਼ੇ ਨੂੰ ਕਿਸ ਪੱਧਰ ਤੱਕ ਸਿੱਖਿਆ ਜਾਂ ਸਮਝਿਆ ਹੈ। ਅਧਿਆਪਕਾਂ ਨੂੰ ਸਿੱਖਣ ਦੇ ਉਦੇਸ਼ਾਂ ਤੇ ਮੁਲਾਂਕਣਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਡਿਜ਼ਾਈਨ ਕਰਨ 'ਚ ਮਦਦ ਕਰਦਾ ਹੈ। ਇਸ ਵਿੱਚ ਸ਼੍ਰੇਣੀ 'ਚ ਛੇ ਦਰਜਾਬੰਦੀ ਪੱਧਰ ਜਿਵੇਂ ਕਿ ਜਾਣਕਾਰੀ ਨੂੰ ਯਾਦ ਰੱਖਣਾ, ਜਾਣਕਾਰੀ ਨੂੰ ਸਮਝਣਾ, ਜਾਣਕਾਰੀ ਨੂੰ ਅਸਲ ਸਥਿਤੀਆਂ 'ਚ ਲਾਗੂ ਕਰਨਾ, ਜਾਣਕਾਰੀ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਯਾਦ ਕਰਨਾ ਆਦਿ ਮੈਡਮ ਨੀਤੂ ਸ਼ਰਮਾ ਨੇ ਅਧਿਆਪਕਾਂ ਨਾਲ ਕਈ ਸਾਰੀਆਂ ਸਰਗਰਮੀਆਂ ਵੀ ਕੀਤੀਆਂ।ਉਨ੍ਹਾਂ ਬੱਚਿਆਂ ਨੂੰ ਕਿਸ ਤਰ੍ਹਾਂ ਸੌਖੇ ਲੈਸਨ ਪਲਾਨ ਬਣਾ ਕੇ ਪੜ੍ਹਾਉਣਾ ਹੈ, ਦੇ ਤਰੀਕੇ ਵੀ ਦੱਸੇ। ਸਕੂਲ ਦੇ ਕੋਆਰਡੀਨੇਟਰ ਨਰਿੰਦਰ ਕੌਰ ਨੇ ਉਹਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਪ੍ਰਕਾਰ ਦੇ ਕਈ ਹੋਰ ਟੀਚਰ ਟ੍ਰੇਨਿੰਗ ਸੈਮੀਨਾਰ ਦਾ ਆਯੋਜਨ ਭਵਿੱਖ 'ਚ ਵੀ ਜਾਰੀ ਰਹੇਗਾ। ਜਿਸ ਨਾਲ ਸਕੂਲ ਆਪਣੇ ਅਧਿਆਪਕਾਂ ਨੂੰ ਹੋਰ ਐਕਟਿਵ ਬਣਾ ਸਕੇ ਤੇ ਅਧਿਆਪਕਾਂ ਨੂੰ ਨਵੇਂ-ਨਵੇਂ ਤਰੀਕੇ ਬਿਨਾਂ ਬੋਝ ਤੋਂ ਆਧੁਨਿਕ ਤਕਨੀਕਾਂ ਦਾ ਪ੍ਰਯੋਗ ਕਰਕੇ ਬੱਚਿਆਂ ਦੀਆਂ ਰੁਚੀਆਂ ਅਤੇ ਜਾਣਕਾਰੀ 'ਚ ਵਾਧਾ ਕਰ ਸਕਣ।

# ਅੱਖਾਂ, ਦੰਦਾਂ ਅਤੇ ਔਰਤ ਰੋਗਾਂ ਦਾ ਮੁ਼ਫਤ ਕੈਂਪ ਲਗਾਇਆ



ਭੁੱਚੋ ਮੰਡੀ ਨਥਾਣਾ 28 ਜੂਨ (ਹਰਬੰਸ ਸਿੰਘ ਭੋਲਾ) ਹਰ ਸ਼ੁਕਰਵਾਰ ਫਿਰੀ ਲੱਗਣ ਵਾਲਾ ਕੈਂਪ ਸ੍ਰੀ ਚਿੰਤਪੁਰਣੀ ਮੰਦਰ ਭੁੱਚੋ ਕੈਂਚੀਆਂ ਵਿੱਖੇ ਨੈਣ ਜਯੋਤੀ ਚੈਰੀਟੇਬਲ ਸੋਸਾਇਟੀ ਦੁਵਾਰਾ ਸ੍ਰੀ ਰਾਮਸਰੂਪ ਜਿੰਦਲ ਮੈਮੋਰੀਅਲ ਚੈਰੀਟੇਬਲ ਅੱਖਾਂ ਦੇ ਹਸਪਤਾਲ ਵਿੱਚ ਡਾਕਟਰ ਸਵਤੰਤਰ ਗੁਪਤਾ ਦੁਵਾਰਾ 137 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਡਾਕਟਰ ਯੋਗੇਸ਼ ਬਾਂਸਲ ਐਮ ਐਸ ਦੁਵਾਰਾ 2 ਅਪ੍ਰੇਸ਼ਨ ਕੀਤੇ ਗਏ, ਸ੍ਰੀ ਮਹਿੰਦਰ ਮੁਕੇਸ਼ ਬਾਂਸਲ ਚੈਰੀਟੇਬਲ ਦੰਦਾਂ ਦੇ ਹਸਪਤਾਲ ਵਿੱਚ ਡਾਕਟਰ ਅੰਸ਼ੂ ਗਰਗ ਐਮ ਡੀ ਐਸ ਅਤੇ ਡਾਕਟਰ ਨਾਪੁਰ ਬੀ ਡੀ ਐਸ ਦੁਵਾਰਾ 18 ਮਰੀਜ਼ਾਂ ਦੀ ਜਾਂਚ ਕੀਤੀ, ਸ੍ਰੀਮਤੀ ਵਿਜਯਲਕਸਮੀ ਚੈਰੀਟੇਬਲ ਔਰਤ ਰੋਗ ਹਸਪਤਾਲ ਵਿੱਚ ਡਾਕਟਰ ਸ਼ਾਇਨਾ ਕਾਂਸਲ ਐਮ ਡੀ ਦੁਵਾਰਾ 08 ਮਰੀਜ਼ਾਂ ਦੀ ਜਾਂਚ ਕੀਤੀ ਅਤੇਸਾਰੇਹਸਪਤਾਲਾਂ ਵਿੱਚ ਦਵਾਈ ਮੁਫਤ ਦਿਤੀ ਗਈ, ਲੈਬ ਇੰਚਾਰਜ ਵਿਨੋਦ ਗੋਇਲ ਬੀ ਐਸ ਸੀ (ਐਮ ਐਲ ਟੀ) ਦੁਵਾਰਾ ਲਾਲਾ ਵਾਸੁਦੇਵ ਮੰਗਲਾ ਚੈਰੀਟੇਬਲ ਲੈਬ ਵਿੱਚ ਸਾਰੇ ਟੈਸਟ ਚੈਰੀਟੇਬਲ ਰੇਟ ਤੇ ਕੰਪਿਊਟਰਾਇਜ ਮਸ਼ੀਨਾਂ ਨਾਲ ਕੀਤੇ। ਪ੍ਰਧਾਨ ਮਦਨ ਗੋਪਾਲ ਜਿੰਦਲ ਨੇ ਦੱਸਿਆ ਮਰੀਜ਼ਾਂ ਅਤੇ ਸਹਿਯੋਗੀਆਂ ਲਈ ਲੰਗਰ ਦਾ ਪੂਰਾ ਇੰਤਜਾਮ ਕੀਤਾ ਜਾਂਦਾ ਹੈ।

# ਪੱਤਰਕਾਰ ਭਾਈਚਾਰੇ ਨੇ ਇਨਸਾ਼ਫ ਲੈਣ ਲਈ ਪੁਲਿਸ ਖ਼ਿਲਾ਼ਫ ਲਾਇਆ ਧਰਨਾ



ਮਾਨਸਾ 28 ਜੂਨ (ਵਿਰੋਦਰਪਾਲ ਮੰਤਰੋ)- ਮਾਨਸਾ ਜ਼ਿਲ੍ਹੇ ਦੇ ਪਿੰਡ ਰੱਲਾ ਵਿਖੇ ਬਾਬਾ ਜੋਗੀ ਪੀਰ ਜੀ ਦੇ ਧਾਰਮਿਕ ਸਥਾਨ ਤੇ ਪਿਛਲੇ ਦਿਨੀ ਪੱਤਰਕਾਰਾਂ ਨਾਲ ਹੋਈ ਬਦਸਲੂਕੀ ਦੇ ਖ਼ਿਲਾਫ਼ ਅੱਜ ਮਾਨਸਾ ਪੁਲਿਸ ਤੋਂ ਇਨਸਾਫ ਲਈ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਪ੍ਰੈਸ ਕਲੱਬ ਜੋਗਾ ਅਤੇ ਮਾਨਸਾ ਜਿਲ੍ਹੇ ਦੇ ਸਮੂਹ ਪੱਤਰਕਾਰਾਂ ਵੱਲੋਂ ਧਰਨਾ ਲਾਇਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕਈ ਦਿਨਾਂ ਤੋਂ ਪ੍ਰੈਸ ਕਲੱਬ ਜੋਗਾ ਵੱਲੋਂ ਬਾਬਾ ਜੋਗੀ ਪੀਰ ਦੇ ਸਥਾਨ ਤੇ ਕੁਝ ਮੌਜੂਦਾ ਮੈਂਬਰਾਂ ਵੱਲੋਂ ਸਰਪੰਚ ਖ਼ਿਲਾਫ਼ ਬੇਭਰੋਸਗੀ ਦਾ ਮਤਾ ਪਾਇਆ ਗਿਆ ਸੀ ਅਤੇ ਕੁਝ ਲੰਗਰਾਂ ਦੀਆਂ ਇਮਾਰਤਾਂ ਨੂੰ ਨਿੱਜੀ ਤੌਰ 'ਤੇ ਵਰਤੇ ਜਾਣ ਦਾ ਦੋਸ਼ ਲਾਇਆ ਸੀ, ਜਿਸ ਦਾ ਪੱਖ ਜਾਨਣ ਲਈ ਪ੍ਰੈਸ ਕਲੱਬ ਦੇ ਕੁਝ ਪੱਤਰਕਾਰ ਸਰਪੰਚ ਨੂੰ ਮਿਲਣ ਲਈ ਜਾ ਰਹੇ ਸਨ, ਪਰ ਬਾਬਾ ਜੋਗੀ ਪੀਰ ਦੇ ਮੇਨ ਗੇਟ ਉੱਪਰ ਸਰਪੰਚ ਦੇ ਕੁਝ ਵਿਅਕਤੀਆਂ ਵੱਲੋਂ ਪ੍ਰੈਸ ਕਲੱਬ ਦੇ ਪੱਤਰਕਾਰਾਂ ਨੂੰ ਗੇਟ ਉੱਪਰ ਰੋਕ ਕੇ ਬਦਸਲੂਕੀ ਕੀਤੀ ਗਈ, ਜਿਸ ਦੇ ਰੋਸ ਵਜੋਂ ਪ੍ਰੈਸ ਵੱਲੋਂ ਥਾਣਾ ਜੋਗਾ ਵਿਖੇ ਦਰਖਾਸਤ ਦਿੱਤੀ ਗਈ ਸੀ, ਪਰ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਹੋਣ ਤੇ ਜ਼ਿਲ੍ਹੇ ਦੇ ਐਸਐਸਪੀ ਨੂੰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ 27 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਸੀ। ਪੁਲਿਸ ਸੱਤਾਧਾਰੀ ਪਾਰਟੀ ਦੇ ਕੁਝ ਨੁਮਾਇੰਦਿਆਂ ਦੇ ਦਬਾਅ ਹੇਠ ਕਾਰਵਾਈ ਕਰਨ ਤੋਂ ਟਾਲ ਮਟੋਲ ਕਰ ਰਹੀ ਸੀ, ਜਿਸ ਖ਼ਿਲਾਫ਼ ਅੱਜ ਮਾਨਸਾ ਐਸਐਸਪੀ ਦਫ਼ਤਰ ਦਾ ਮੀਡੀਆ ਪ੍ਰੈਸ ਕਲੱਬ ਮਾਨਸਾ, ਪ੍ਰੈਸ ਕਲੱਬ ਜੋਗਾ, ਪ੍ਰੈਸ ਕਲੱਬ ਸਰਦੂਲਗੜ, ਪ੍ਰੈਸ ਕਲੱਬ ਭੀਖੀ, ਪ੍ਰੈਸ ਕਲੱਬ ਝਨੀਰ ਅਤੇ ਮਜ਼ਦੂਰ ਮੁਕਤੀ ਮੋਰਚਾ ਲਿਵਰੇਸ਼ਨ ਪੰਜਾਬ ਕਿਸਾਨ ਯੂਨੀਅਨ ਅਤੇ ਕਿਸਾਨ ਸੰਯੁਕਤ ਮੋਰਚੇ ਨੇ ਸਾਂਝੇ ਤੌਰ 'ਤੇ ਘਿਰਾਓ ਕੀਤਾ ਗਿਆ, ਕੁਝ ਸਮੇਂ ਬਾਅਦ ਹੀ ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਪੰਜ ਮੈਂਬਰੀ ਕਮੇਟੀ ਨੂੰ ਐਸਐਸਪੀ ਮਾਨਸਾ ਨੇ ਬੁਲਾ ਕੇ ਭਰੋਸਾ ਦਿੰਦਿਆਂ ਕਾਰਵਾਈ ਕਰਨ ਲਈ ਥਾਣਾ ਜੋਗਾ ਦੇ ਐਸ ਐਚ ਓ ਨੂੰ ਹੁਕਮ ਦਿੱਤੇ।ਐਸਐਸਪੀ ਦੇ ਭਰੋਸੇ ਤੋਂ ਬਾਅਦ ਯੂਨੀਅਨ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ।ਐਸਐਸਪੀ ਸਾਹਿਬ ਦੇ ਭਰੋਸੇ ਤੋਂ ਬਾਅਦ ਯੂਨੀਅਨ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ।

# ਸੂਬੇ ਦੇ ਨਹਿਰੀ ਪ੍ਰਬੰਧ ਦੇ ਵਿਕਾਸ ਲਈ ਇਸ ਸਾਲ ਖਰਚੇ ਜਾ ਰਹੇ ਨੇ ਕਰੀਬ 3264 ਕਰੋੜ

## ਬਰਿੰਦਰ ਕੁਮਾਰ ਗੋਇਲ ਨੇ ਕਰੀਬ 10 ਕਰੋੜ ਤੋਂ ਵੱਧ ਦੀ ਲਾਗਤ ਨਾਲ ਨਵੇਂ ਖਾਲੇ ਤੇ ਜ਼ਮੀਨਦੋਜ ਪਾਈਪਾਂ ਪਾਉਣ ਦੇ ਕੰਮ ਦੀ ਕਰਵਾਈ ਸ਼ੁਰੂਆਤ



ਮੂਨਕ, 28 ਜੂਨ(ਸਮਸ਼ੇਰ ਸਿੰਘ ਭੁਟਾਲ) ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਦੇ ਵੱਖ-ਵੱਖ ਪਿੰਡਾਂ ਬੱਲਰਾਂ, ਰਾਏਧਰਾਣਾ, ਚੂੜਲ ਕਲਾਂ ਤੇ ਚੂੜਲ ਖੁਰਦ, ਗੁਰਨੇ ਕਲਾਂ, ਰਾਜਲਹੇੜੀ, ਭੁਟਾਲ ਕਲਾਂ, ਵਿਖੇ ਕਰੀਬ 10 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ 53 ਕਿਲੋਮੀਟਰ ਲੰਬੇ ਨਵੇਂ ਖਾਲੇ ਤੇ ਜ਼ਮੀਦੋਜ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ। ਜਿਸ ਸਬੰਧੀ ਲੋਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕੀਤੇ ਜਾਣ ਦੇ ਕੀਤੇ ਵਾਅਦੇ ਮੁਤਾਬਕ ਕੀਤੇ ਕੰਮ ਨਾਲ ਕਈ ਖੇਤਾਂ ਨੂੰ ਕਰੀਬ 30 ਸਾਲ ਬਾਅਦ ਨਹਿਰੀ ਪਾਣੀ ਮਿਲਿਆ ਹੈ। ਸੂਬੇ ਦੇ ਨਹਿਰੀ ਸਿਸਟਮ ਦੇ ਵਿਕਾਸ ਹਿਤ ਆਪ ਸਰਕਾਰ ਨੇ ਪਿਛਲੇ ਸਾਲਾਂ ਵਿੱਚ ਕਰੀਬ 4500 ਕਰੋੜ ਰੁਪਏ ਦੇ ਕੰਮ ਕਰਵਾਏ ਹਨ ਤੇ ਸੂਬੇ ਦੇ ਨਹਿਰੀ ਪ੍ਰਬੰਧ ਦੇ ਵਿਕਾਸ ਲਈ ਇਸ ਸਾਲ ਕਰੀਬ 3264 ਕਰੋੜ ਰੁਪਏ ਖਰਚੇ ਜਾ ਰਹੇ ਹਨ। ਸ੍ਰੀ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਮੌਜੂਦਾ ਸਰਕਾਰ ਬਣਨ ਤਕ ਪੰਜਾਬ ਦੇ ਹਿੱਸੇ ਦਾ ਤੀਜਾ ਹਿੱਸਾ ਪਾਣੀ ਵਰਤਿਆ ਹੀ ਨਹੀਂ ਜਾ ਰਿਹਾ ਸੀ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਨਹਿਰੀ ਪ੍ਰਬੰਧ ਨੂੰ ਠੀਕ ਕਰਨ ਵੱਲ ਧਿਆਨ ਨਹੀਂ ਦਿੱਤਾ ਸੀ। ਪਰ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਨਹਿਰੀ ਪਾਣੀ ਦੀ ਵਰਤੋਂ 62 ਫ਼ੀਸਦ ਤੋਂ 86 ਫ਼ੀਸਦ ਤਕ ਪੁੱਜ ਗਈ ਹੈ। ਇਸ ਸਾਲ ਹੋਰਨਾਂ ਸੂਬਿਆਂ ਨੇ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਬਹੁਤ ਜ਼ੋਰ ਲਾਇਆ ਪਰ ਪੰਜਾਬ ਸਰਕਾਰ ਨੇ ਪਾਣੀ ਬਾਹਰ ਨਹੀਂ ਜਾਣ ਦਿੱਤਾ। ਸ੍ਰੀ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਪੰਜਾਬ ਦੇ ਨਹਿਰੀ ਪਾਣੀ ਦੀ ਇਕ ਇਕ ਬੂੰਦ ਕਿਸਾਨਾਂ ਦੇ ਖੇਤਾਂ ਤਕ ਪੁੱਜਦੀ ਕੀਤੀ ਜਾਵੇ। ਇਸ ਸਦਕਾ ਜਿੱਥੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ, ਉੱਥੇ ਕਿਸਾਨਾਂ ਦੇ ਪੈਸੇ ਦੀ ਬੱਚਤ ਹੋਵੇਗੀ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਅਥਾਹ ਵਾਧਾ ਹੋਵੇਗਾ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਹੇਠਲੇ ਪਾਣੀ ਦੇ ਮੁਕਾਬਲੇ ਨਹਿਰੀ ਪਾਣੀ ਵਿੱਚ ਜ਼ਮੀਨ ਲਈ ਲੋੜੀਂਦੇ ਖੁਰਾਕੀ ਤੱਤ ਜ਼ਿਆਦਾ ਹੁੰਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹਲਕੇ ਦੇ ਵੱਡੀ ਗਿਣਤੀ ਪਿੰਡਾਂ ਵਿੱਚ ਨਹਿਰੀ ਪਾਣੀ ਦੀਆਂ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ, ਜਿਸ ਨਾਲ ਹਲਕੇ ਦੇ ਵੱਡੇ ਖੇਤਰ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ ਅਤੇ ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟੇਗੀ। ਸ੍ਰੀ ਗੋਇਲ ਨੇ ਕਿਹਾ ਕਿ ਜੇਕਰ ਸਾਡੇ ਕੋਲ ਪਾਣੀ ਹੀ ਨਾ ਬਚਿਆ ਤਾਂ ਸੂਬੇ ਵਿੱਚ ਖੇਤੀ ਕਰਨੀ ਸੰਭਵ ਹੀ ਨਹੀਂ ਹੋਣੀ। ਸਰਕਾਰ ਵੱਲੋਂ ਨਹਿਰੀ ਪਾਣੀ ਮੁਹਈਆ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਸਹਾਈ ਸਿੱਧ ਹੋਣਗੇ। ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ, ਐਕਸੀਅਨ ਜਗਮੀਤ ਸਿੰਘ ਭਾਕਰ, ਐੱਸ.ਡੀ.ਓ. ਹਰਪ੍ਰੀਤ ਸਿੰਘ, ਨੈਬ ਸਿੰਘ, ਹਰਦੀਪ ਸਿੰਘ, ਅਜੈਬ ਸਿੰਘ, ਮਦਨ ਸਿੰਘ, ਗੁਰਸੰਤ ਸਿੰਘ, ਅਵਤਾਰ ਸਿੰਘ ਪਰੋਚਾ, ਸਤਗੁਰ ਸਿੰਘ, ਕੁਲਵਿੰਦਰ ਸਿੰਘ ਸਰਪੰਚ ਪਾਪੜਾ, ਚਮਕੌਰ ਸਿੰਘ, ਮਲਕੀਤ ਸਿੰਘ ਸਰਪੰਚ, ਸਤਦੀਪ ਸਿੰਘ ਸਤੀ, ਸਿਪੀ ਸਿੰਘ, ਗਾਂਧੀ ਸਿੰਘ, ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਿੰਡਾਂ ਦੇ ਪੰਚ, ਸਰਪੰਚ ਲੋਕ ਅਤੇ ਪਤਵੰਤੇ ਹਾਜ਼ਰ ਸਨ।

# ਤਪਾ ਦੀਆਂ ਇਲੈਕਟ੍ਰਿਕ ਅਤੇ ਇਲੈਕਟਰੋਨਿਕਸ ਦੀਆਂ ਦੁਕਾਨਾਂ ਰਹਿਣਗੀਆਂ ਦੋ ਦਿਨਾਂ ਲਈ ਬੰਦ







ਤਪਾ ਮੰਡੀ 28 ਜੂਨ (ਭੂਸ਼ਨ ਘੜੈਲਾ)- ਸਥਾਨਕ ਇਲੈਕਟ੍ਰਿਕ ਐਂਡ ਇਲੈਕਟਰੋਨਿਕ ਯੂਨੀਅਨ ਤਪਾ ਵੱਲੋਂ ਇੱਕ ਵਿਸ਼ੇਸ਼ ਬੈਠਕ ਸ਼ਿਵ ਸ਼ਕਤੀ ਇਲੈਕਸ਼ਨ ਕੰਪਨੀ, ਹਰੀਸ਼ ਗੋਇਲ, ਖੁੱਡੀ ਵਾਲਿਆ ਦੀ ਦੁਕਾਨ ਤੇ ਕੀਤੀ ਗਈ। ਜਿਸ ਵਿੱਚ ਸ਼ਹਿਰ ਦੇ ਸਮੂਹ ਇਲੈਕਟ੍ਰਿਕ ਅਤੇ ਇਲੈਕਟਰੋਨਿਕਸ ਦੇ ਦੁਕਾਨਦਾਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਇਸ ਦੌਰਾਨ ਦੁਕਾਨਦਾਰਾਂ ਨੂੰ ਆ ਰਹੀਆਂ ਵੱਖ-ਵੱਖ ਮੁਸ਼ਕਿਲਾਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸੇ ਬੈਠਕ ਦੌਰਾਨ ਇੱਕ ਮਤਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਿਸ ਵਿਚ ਅਗਾਮੀ ਮਹੀਨੇ ਦੇ ਪਹਿਲੇ ਹਫਤੇ ਦੀ ਤਰੀਕ 5 ਅਤੇ 6 ਜੁਲਾਈ ਨੂੰ ਗਰਮੀਆਂ ਦੀਆਂ ਛੁੱਟੀਆਂ ਦੇ ਮੱਦੇਨਜ਼ਰ ਸ਼ਹਿਰ ਦੀਆਂ ਬਿਜਲੀ ਅਤੇ ਇਲੈਕਟਰੋਨਿਕਸ ਦੀਆਂ ਸਮੂਹ ਦੁਕਾਨਾਂ ਬੰਦ ਰੱਖੀਆਂ ਜਾਣਗੀਆਂ। ਗਰਮੀ ਦੀਆਂ ਛੁੱਟੀਆਂ ਮਨਾਉਣ ਲਈ ਦੁਕਾਨਦਾਰਾਂ ਵੱਲੋਂ ਇਹ ਮਤਾ ਪਾਸ ਕੀਤਾ ਗਿਆ ਹੈ, ਤਾਂ ਜੋ ਦੋ ਦਿਨ ਦਾ ਸਮਾਂ ਬੰਦ ਲਈ ਰੱਖਿਆ ਗਿਆ ਹੈ, ਇਸ ਮੌਕੇ ਮੀਟਿੰਗ ਵਿੱਚ ਪੁੱਜੇ ਅਤੇ ਕੁਝ ਜੋ ਬਾਹਰ ਸਨ ਉਹਨਾਂ ਨੇ ਵੀ ਫੋਨ ਰਾਹੀਂ ਵੱਡੀ ਗਿਣਤੀ ਵਿੱਚ ਸਮੂਹ ਦੁਕਾਨਦਾਰਾਂ ਨਾਲ ਸਹਿਮਤੀ ਜਤਾਈ। ਇਸ ਦੌਰਾਨ ਅਸ਼ੋਕ ਸਿੰਗਲਾ, ਹਰੀਸ਼ ਗੋਇਲ, ਪ੍ਰਵੀਨ ਜੇਠੂਕੇ, ਸ਼ੰਟੀ ਭਗਵਤੀ, ਦਰਸ਼ਨ ਸਿੰਘ, ਬਬਲਾ ਗਰਗ, ਤਰਸੇਮ ਰੂੜੇਕੇ, ਸੂਰਜ ਕੁਮਾਰ, ਟੋਨੀ ਬੰਸਲ, ਇੰਦਰਜੀਤ ਅੱਤਰੀ, ਅਮਨ ਗਰਗ, ਰਿੰਕਾ ਘੁੰਨਸ, ਕਮਲ ਬੰਸਲ, ਵਰੁਣ ਗਰਗ ਅਸ਼ੋਕ ਸਿੰਗਲਾ, ਹਰੀਸ਼ ਗੋਇਲ, ਪ੍ਰਵੀਨ ਜੇਠੂਕੇ, ਸ਼ੰਟੀ ਭਗਵਤੀ, ਦਰਸ਼ਨ ਸਿੰਘ, ਬਬਲਾ ਗਰਗ, ਤਰਸੇਮ ਰੂੜੇਕੇ, ਸੂਰਜ ਕੁਮਾਰ, ਟੋਨੀ ਬੰਸਲ, ਇੰਦਰਜੀਤਆਦਿ ਵੱਡੀ ਗਿਣਤੀ ਵਿਚ ਦੁਕਾਨਦਾਰ ਹਾਜ਼ਰ ਸਨ।

# ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਗੋਇਲ ਦੇ ਦਫ਼ਤਰ ਅੱਗੇ ਲਾਇਆ ਧਰਨਾ



ਲਹਿਰਾਗਾਗਾ, 28 ਜੂਨ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ): 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਨਿਰਭੈ ਸਿੰਘ ਖਾਈ ਉੱਪਰ ਭੂ ਮਾਫੀਆ ਗਿਰੋਹ ਵੱਲੋਂ ਸਿਆਸੀ ਸ਼ਹਿ ਤਹਿਤ ਹਮਲਾ ਕਰਕੇ ਉਹਨਾਂ ਦੀਆਂ ਲੱਤਾਂ ਬਾਹਾਂ ਤੋੜ ਦਿੱਤੀਆਂ ਗਈਆਂ ਸਨ ਪਰ 2 ਮਹੀਨੇ ਬੀਤਣ 'ਤੇ ਵੀ ਪੁਲਿਸ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।ਅੱਜ ਇਨਸਾਫ਼ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਇਨਸਾਫ ਪਸੰਦ ਲੋਕਾਂ ਵੱਲੋਂ ਭੁੱਠਲ ਕਾਲਜ ਤੋਂ ਸ਼ੁਰੂ ਕਰਕੇ ਬਾਜ਼ਾਰਾਂ ਵਿੱਚੋਂ ਦੀ ਝੰਡਾ ਮਾਰਚ ਕੱਢਦਿਆਂ ਪੁਲਿਸ , ਸਿਆਸੀ ਤੇ ਭੂ ਮਾਫੀਆ ਗੱਠਜੋੜ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਅਤੇ ਦੋਸ਼ੀਆਂ ਨੂੰ ਫੌਰੀ ਗ੍ਰਿਫ਼ਤਾਰ ਕਰਨ ਦੀ ਮੰਗ ਲੈ ਕੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੇ ਦਫ਼ਤਰ ਅੱਗੇ ਚਿਤਾਵਨੀ ਧਰਨਾ ਦਿੱਤਾ ਗਿਆ ।ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਕ ਪਾਸੇ ਪੰਜਾਬ ਸਰਕਾਰ ਕਹਿੰਦੀ ਨਹੀਂ ਥੱਕਦੀ ਕਿ ਸਾਡੀ ਸਰਕਾਰ ਵਿੱਚ ਗੁੰਡਾਗਰਦੀ ਨਹੀਂ ਕਰਦੀ ਹੈ ਪਰ ਦੂਜੇ ਪਾਸੇ ਰੋਜ਼ਾਨਾ ਹਰ ਰੋਜ਼ ਕੋਈ ਨਾ ਕੋਈ ਸੱਚ ਦੀ ਅਵਾਜ਼ ਚੁੱਕਣ ਵਾਲੇ 'ਤੇ ਹਮਲਾ ਹੋ ਰਿਹਾ ਹੈ, ਜਿਸ ਲੜੀ ਵਿੱਚ ਪਰਸੋਂ ਮਜ਼ਦੂਰਾਂ ਦੇ ਆਗੂ ਹਰਭਗਵਾਨ ਮੂਨਕ 'ਤੇ ਜਾਨਲੇਵਾ ਹਮਲਾ ਹੋਇਆ । ਇਨਸਾਫ਼ ਸੰਘਰਸ਼ ਕਮੇਟੀ ਨੇ ਇਸ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ।ਆਗੂਆਂ ਨੇ ਜਾਣਕਾਰੀ ਦਿੱਤੀ ਕਿ ਜਲਦੀ ਹੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦੀ ਰਣਨੀਤੀ ਬਣਾਈ ਜਾਵੇਗੀ ਤੇ 6 ਜੂਨ ਨੂੰ ਮੂਨਕ ਤੇ ਖਨੌਰੀ ਸ਼ਹਿਰਾਂ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ ।ਨਾਲ ਹੀ ਐਲਾਨ ਕੀਤਾ ਗਿਆ ਕਿ ਪੈਂਫਲਿਟ ਵੰਡ ਕੇ ਪਿੰਡਾਂ ਵਿੱਚ ਪੁਲਿਸ, ਸਿਆਸੀ ਤੇ ਭੂ ਮਾਫੀਆ ਦੇ ਗਠਜੋੜ ਦੇ ਗਲਤ ਕੰਮਾਂ ਨੂੰ ਪਰਦਾਫਾਸ਼ ਕੀਤਾ ਜਾਵੇਗਾ ।ਜਦ ਤਕ ਦੋਸ਼ੀ ਗ੍ਰਿਫ਼ਤਾਰ ਨਹੀ ਕੀਤੇ ਜਾਂਦੇ ਸੰਘਰਸ਼ ਜਾਰੀ ਰਹੇਗਾ

# ਨਾਬਾਲਗ ਲੜਕੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਾ ਨੌਜਵਾਨ ਗ੍ਰਿਫਤਾਰ

ਬਠਿੰਡਾ, 28 ਜੂਨ (ਦੀਪਕ ਸ਼ਰਮਾ) ਇੱਕ 17 ਸਾਲਾ ਨਾਬਾਲਗ ਲੜਕੀ ਵੱਲੋਂ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ । ਦੱਸਿਆ ਜਾ ਰਿਹਾ ਹੈ ਕਿ ਉਕਤ ਲੜਕੀ ਨੂੰ ਇੱਕ ਨੌਜਵਾਨ ਰੋਜ਼ਾਨਾ ਤੰਗ ਪਰੇਸ਼ਾਨ ਕਰਦਾ ਸੀ। ਜਿਸ ਤੋਂ ਤੰਗ ਆ ਕੇ ਉਕਤ ਲੜਕੀ ਨੇ ਆਪਣੀ ਜੀਵਨ ਕਹਾਣੀ ਖਤਮ ਕਰ ਲਈ । ਥਾਣਾ ਮੌੜ ਦੀ ਪੁਲਿਸ ਨੇ ਪੀੜਤ ਲੜਕੀ ਦੇ ਪਿਤਾ ਦੀ ਸ਼ਿਕਾਇਤ 'ਤੇ ਉਕਤ ਨੌਜਵਾਨ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ 30 ਸਾਲਾ ਇੰਦਰਪ੍ਰੀਤ ਸਿੰਘ ਵਾਸੀ ਤਲਵੰਡੀ ਸਾਬੋ ਵਜੋਂ ਹੋਈ ਹੈ, ਜੋ ਤਲਵੰਡੀ ਸਾਬੋ ਵਿੱਚ ਦੁੱਧ ਦੀ ਡੇਅਰੀ ਦਾ ਕੰਮ ਕਰਦਾ ਸੀ। ਮਿਲੀ ਜਾਣਕਾਰੀ ਅਨੁਸਾਰ ਕਰੀਬ ਇੱਕ ਮਹੀਨਾ ਪਹਿਲਾਂ ਉਸਦੀ ਮ੍ਰਿਤਕ ਲੜਕੀ ਨਾਲ ਇੱਕ ਆਨਲਾਈਨ ਵੈੱਬਸਾਈਟ 'ਤੇ ਜਾਣ-ਪਛਾਣ ਹੋਈ ਸੀ, ਜਿਸ ਤੋਂ ਬਾਅਦ ਉਸਨੇ ਲੜਕੀ ਦਾ ਮੋਬਾਈਲ ਨੰਬਰ ਲੈ ਕੇ ਉਸਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ । ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਨੌਜਵਾਨ ਮ੍ਰਿਤਕ ਨਾਬਾਲਗ ਨੂੰ ਵਾਰ-ਵਾਰ ਫੋਨ ਕਰਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਰਿਹਾ ਸੀ । ਇਸ ਕਾਰਨ ਨਾਬਾਲਗ ਲੜਕੀ ਨੇ ਇਹ ਕਦਮ ਚੁੱਕਿਆ । ਫਿਲਹਾਲ, ਪੁਲਿਸ ਨੇ ਉਕਤ ਨੌਜਵਾਨ ਦਾ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਹ ਨਾਬਾਲਗ ਲੜਕੀ ਨੂੰ ਕਿਸ ਚੀਜ਼ ਲਈ ਤੰਗ ਪ੍ਰੇਸ਼ਾਨ ਕਰ ਰਿਹਾ ਸੀ। ਦੱਸ ਦੇਈਏ ਕਿ ਪੀੜਤ ਲੜਕੀ ਰੋਜ਼ਾਨਾ ਮੌੜ ਮੰਡੀ ਵਿੱਚ ਕੰਪਿਊਟਰ ਸਿੱਖਣ ਆਉਂਦੀ ਸੀ।

# ਮੱਧ ਪ੍ਰਦੇਸ਼ ਤੋਂ ਨਾਜਾਇਜ਼ ਅਸਲੇ ਦੀ ਖੇਪ ਲੈ ਕੇ ਆ ਰਿਹਾ ਮੋਨੂੰ ਗੁੱਜਰ ਬਠਿੰਡਾ ਪੁਲਿਸ ਨੇ ਕੀਤਾ ਗ੍ਰਿਫ਼ਤਾਰ



ਬਠਿੰਡਾ, 28 ਜੂਨ (ਦੀਪਕ ਸ਼ਰਮਾ): ਲੰਘੇ ਵੀਰਵਾਰ ਦੀ ਸ਼ਾਮ ਨੂੰ ਬਠਿੰਡਾ ਪੁਲਿਸ ਨੇ ਮੱਧ ਪ੍ਰਦੇਸ਼ ਤੋਂ ਨਾਜਾਇਜ਼ ਅਸਲੇ ਦੀ ਖੇਪ ਲੈ ਕੇ ਆ ਰਹੇ ਇੱਕ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਮੋਨੂੰ ਗੁੱਜਰ ਨਾਮ ਦੇ ਉਕਤ ਨੌਜਵਾਨ ਕੋਲੋਂ ਪੰਜ ਪਿਸਤੌਲ ਅਤੇ 11 ਕਾਰਤੂਸ ਬਰਾਮਦ ਕੀਤੇ ਗਏ ਹਨ। ਪਰ ਪੁਲਿਸ ਵੱਲੋਂ ਬਰਾਮਦ ਕੀਤਾ ਗਿਆ ਇਹ ਨਜਾਇਜ਼ ਅਸਲਾ ਕਈ ਸਵਾਲ ਖੜ੍ਹੇ ਕਰ ਗਿਆ ਹੈ। ਕੀ ਇਸ ਅਸਲੇ ਨਾਲ ਪੰਜਾਬ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣਾ ਸੀ। ਦੂਜਾ ਸਵਾਲ ਇਹ ਹੈ ਕਿ ਜੇਲ੍ਹਾਂ ਵਿੱਚ ਬੰਦ ਵੱਡੇ ਅਪਰਾਧੀ ਜੇਲ੍ਹਾਂ ਅੰਦਰ ਰਹਿ ਕੇ ਵੀ ਆਪਣਾ ਨੈਟਵਰਕ ਚਲਾ ਰਹੇ ਹਨ। ਕਿਉਂਕਿ ਫੜੇ ਗਏ ਨੌਜਵਾਨ ਕੋਲੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਜੇਲ੍ਹ ਵਿੱਚ ਬੰਦ ਇੱਕ ਵਿਅਕਤੀ ਦੇ ਕਹਿਣ 'ਤੇ ਉਹ ਮੱਧ ਪ੍ਰਦੇਸ਼ ਤੋਂ ਇਹ ਨਜਾਇਜ਼ ਅਸਲਾ ਲੈ ਕੇ ਆਇਆ ਸੀ । ਉਕਤ ਨੌਜਵਾਨ ਅਨੁਸਾਰ ਉਹ ਛੋਟੇ ਮੋਟੇ ਅਪਰਾਧਾਂ ਦੇ ਸਿਲਸਿਲੇ ਵਿੱਚ ਜੇਲ੍ਹ ਅੰਦਰ ਗਿਆ ਸੀ । ਪਰ ਉਥੇ ਬੰਦ ਇੱਕ ਵੱਡੇ ਅਪਰਾਧੀ ਨੇ ਉਸ ਨੂੰ ਮੱਧ ਪ੍ਰਦੇਸ਼ ਤੋਂ ਨਜਾਇਜ਼ ਅਸਲਾ ਲਿਆਉਣ ਲਈ ਪ੍ਰੇਰਿਤ ਕੀਤਾ । ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਮੋਨੂੰ ਗੁੱਜਰ ਵਾਸੀ ਸੁਰਖ ਪੀਰ ਰੋਡ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ ।ਜਿਸ ਤੋਂ ਬਾਅਦ ਪੂਰੀ ਸੱਚਾਈ ਸਾਹਮਣੇ ਲਿਆਂਦੀ ਜਾਵੇਗੀ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਸੁਧਾਰ ਘਰ ਘੱਟ ਅਪਰਾਧ ਦੀ ਨਰਸਰੀ ਜ਼ਿਆਦਾ ਬਣ ਚੁੱਕੀਆਂ ਹਨ।ਦੱਸਣਾ ਬਣਦਾ ਹੈ ਕਿ ਥਾਣਾ ਸਿਵਲ ਲਾਈਨ ਦੇ ਐਸਆਈ ਕੁਲਵਿੰਦਰ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਪਾਰਟੀ ਨੇ ਰਿੰਗ ਰੋਡ 'ਤੇ ਇਕ ਸ਼ੱਕੀ ਨੌਜਵਾਨ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸਦੇ ਮੋਢਿਆਂ 'ਤੇ ਟੰਗੇ ਕਾਲੇ ਰੰਗ ਦੇ ਬੈਗ ਵਿੱਚੋਂ ਪੁਲਿਸ ਨੂੰ 5 ਪਿਸਟਲ ਬਰਾਮਦ ਹੋਏ। ਜਿਨ੍ਹਾਂ ਵਿੱਚੋਂ ਚਾਰ ਦੇਸੀ ਪਿਸਟਲ 32 ਬੋਰ, ਛੇ ਕਾਰਤੂਸ ਅਤੇ ਇੱਕ ਪਿਸਟਲ .30 ਬੋਰ ਅਤੇ ਪੰਜ ਕਾਰਤੂਸ ਹਨ । ਮੁੱਢਲੀ ਪੁੱਛਗਿਛ ਦੌਰਾਨ ਮੁਲਜ਼ਮ ਦੀ ਪਛਾਣ ਮੋਨੂੰ ਗੁੱਜਰ ਵਾਸੀ ਸੁਰਖਪੀਰ ਰੋਡ ਬਠਿੰਡਾ ਵਜੋਂ ਹੋਈ ਹੈ । ਦੱਸ ਦਈਏ ਕਿ ਮੋਨੂੰ ਗੁੱਜਰ ਬੇਰੁਜ਼ਗਾਰ ਹੈ ਉਸ ਉੱਪਰ ਇਸ ਤੋਂ ਪਹਿਲਾਂ ਸਨੈਚਿੰਗ ਕਰਨ ਅਤੇ ਅਗਵਾ ਦੇ ਦੋ ਮਾਮਲੇ ਦਰਜ ਹਨ। ਜਿਸ ਦੇ ਸਿਲਸਿਲੇ ਵਿੱਚ ਉਹ ਜੇਲ੍ਹ ਵਿੱਚ ਬੰਦ ਸੀ । ਮੁੱਢਲੀ ਪੁੱਛ ਗਿੱਛ ਦੌਰਾਨ ਖੁਲਾਸਾ ਹੋਇਆ ਹੈ ਕਿ ਉਕਤ ਨੌਜਵਾਨ ਨੇ ਮੱਧ ਪ੍ਰਦੇਸ਼ ਪਹੁੰਚਣ ਲਈ ਵੱਖ-ਵੱਖ ਟਰੇਨਾਂ ਦਾ ਸਫਰ ਕੀਤਾ, ਵਾਪਸੀ 'ਤੇ ਵੀ ਉਹ ਵੱਖ-ਵੱਖ ਟ੍ਰੇਨਾਂ ਰਾਹੀਂ ਮਾਨਸਾ ਪਹੁੰਚਿਆ। ਜਿੱਥੋਂ ਉਹ ਬੱਸ ਰਾਹੀਂ ਬਠਿੰਡਾ ਅਪੜਿਆ । ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਕਤ ਨੌਜਵਾਨ ਨੇ ਇਹ ਸਾਰਾ ਸਫਰ ਬਿਨਾਂ ਟਿਕਟ ਤੋਂ ਕੀਤਾ ।ਹੈਰਾਨੀ ਦੀ ਗੱਲ ਇਹ ਹੈ ਕਿ ਉਕਤ ਨੌਜਵਾਨ ਮੱਧ ਪ੍ਰਦੇਸ਼ ਤੋਂ ਅਸਲਾ ਲੈ ਕੇ ਬਠਿੰਡਾ ਪੁੱਜ ਗਿਆ ਪਰ ਰਸਤੇ ਵਿੱਚ ਉਸਦੀ ਕਿਧਰੇ ਵੀ ਕੋਈ ਤਲਾਸ਼ੀ ਨਹੀਂ ਹੋਈ । ਪੁਲਿਸ ਵੀ ਇਸ ਗੱਲ ਨੂੰ ਹੈ ਕਿ ਹੈਰਾਨ ਹੈ ਕਿ ਉਹ ਕਈ ਸੂਬਿਆਂ ਵਿੱਚੋਂ ਗੁਜ਼ਰਿਆ, ਪਰ ਪੁਲਿਸ ਦੇ ਹੱਥੇ ਨਹੀਂ ਚੜ੍ਹਿਆ। ਬਠਿੰਡਾ ਪੁਲਿਸ ਨੇ ਚੌਕਸੀ ਵਰਤਦਿਆਂ ਮੋਨੂੰ ਗੁੱਜਰ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਜਦੋਂ ਉਹ ਰਿੰਗ ਰੋਡ ਤੋਂ ਭਾਗੂ ਰੋਡ ਵਾਲੇ ਪਾਸੇ ਸ਼ਹਿਰ ਵੱਲ ਨੂੰ ਆ ਰਿਹਾ ਸੀ।

# ਰੌਬਿਨ ਮਾਡਲ ਸਕੂਲ ਵਿਖੇ ਦੋ-ਰੋਜ਼ਾ ਅਧਿਆਪਕ ਸਿਖਲਾਈ ਕੈਂਪ



ਧੂਰੀ, 28 ਜੂਨ: (ਰਾਜੇਸ਼ਵਰ ਪਿੰਟੂ, ਅਮਨ ਗਰਗ) ਰੌਬਿਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਡਾ. ਮੁਹੰਮਦ ਰਫੀ ਮਲੇਰਕੋਟਲਾ ਦੇ ਸਹਿਯੋਗ ਨਾਲ ਦੋ-ਰੋਜ਼ਾ ਅਧਿਆਪਕ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿੱਚ ਅਧਿਆਪਕਾਂ ਨੂੰ ਆਧੁਨਿਕ ਅਧਿਆਪਨ ਵਿਧੀਆਂ ਅਤੇ ਸਮੁੱਚੇ ਵਿਦਿਆਰਥੀ ਵਿਕਾਸ ਨਾਲ ਸਬੰਧਤ ਵੱਖ-ਵੱਖ ਤਕਨੀਕਾਂ ਬਾਰੇ ਸਿਖਲਾਈ ਦਿੱਤੀ ਗਈ । ਇਸ ਅਧਿਆਪਕ ਸਿਖਲਾਈ ਕੈਂਪ ਦਾ ਉਦੇਸ਼ ਅਧਿਆਪਕਾਂ ਨੂੰ ਇੰਟਰਐਕਟਿਵ ਲਰਨਿੰਗ, ਡਿਜੀਟਲ ਟੂਲਸ ਦੀ ਵਰਤੋਂ ਅਤੇ ਮੁੱਲ-ਅਧਾਰਤ ਸਿੱਖਿਆ ਬਾਰੇ ਜਾਗਰੂਕ ਕਰਨਾ ਸੀ। ਕੈਂਪ ਦੇ ਸਮਾਪਤੀ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਡਾ. ਮੁਹੰਮਦ ਰਫੀ ਅਤੇ ਸ਼ੋਇਬ ਸ਼ਾਹਿਦ ਪ੍ਰਕਾਸ਼ਕ ਦਾ ਧੰਨਵਾਦ ਕੀਤਾ ਗਿਆ। ਇਸ ਦੋ-ਰੋਜ਼ਾ ਸੈਮੀਨਾਰ ਵਿੱਚ ਉਨ੍ਹਾਂ ਨੇ ਅਧਿਆਪਕਾਂ ਨੂੰ ਬਹੁਤ ਵਧੀਆ ਗੱਲਾਂ ਦੱਸੀਆਂ ਜੋ ਬੱਚਿਆਂ ਦੇ ਚੰਗੇ ਕਰੀਅਰ ਲਈ ਹੋਣੀਆਂ ਚਾਹੀਦੀਆਂ ਹਨ । ਸਕੂਲ ਦੀ ਡਾਇਰੈਕਟਰ ਮਧੂ ਸ਼ਰਮਾ ਵੱਲੋਂ ਡਾ. ਮੁਹੰਮਦ ਰਫੀ ਅਤੇ ਸ਼ੋਇਬ ਸ਼ਾਹਿਦ ਨੂੰ ਪ੍ਰਸ਼ੰਸਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਾਰੇ ਅਧਿਆਪਕਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਅਧਿਆਪਕਾਂ ਦੇ ਵਿਕਾਸ ਲਈ ਜ਼ਰੂਰੀ ਹਨ। ਸਕੂਲ ਪ੍ਰਿੰਸੀਪਲ ਸੁਖਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਅਧਿਆਪਕਾਂ ਦੇ ਗਿਆਨ ਨੂੰ ਅਪਡੇਟ ਕਰਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਬਿਹਤਰ ਤਰੀਕੇ ਨਾਲ ਪੜ੍ਹਾਉਣ ਲਈ ਪ੍ਰੇਰਿਤ ਕਰਦੇ ਹਨ। ਕੈਂਪ ਦੇ ਅੰਤ ਵਿੱਚ ਸਾਰੇ ਅਧਿਆਪਕਾਂ ਨੇ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਭਵਿੱਖ ਵਿੱਚ ਅਜਿਹੇ ਹੋਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਸਮੇਂ ਸਕੂਲ ਗੁਰਦੀਪ ਕੌਸ਼ਲ, ਪੁਨੀਤ ਕੌਸ਼ਲ ਕੋਆਰਡੀਨੇਟਰ, ਮਨਪ੍ਰੀਤ ਕੌਰ ਤੋਂ ਇਲਾਵਾ ਸਕੂਲ ਸਟਾਫ ਵੀ ਮੌਜੂਦ ਸੀ।

# ਕੇਂਦਰੀ ਜੇਲ੍ਹ 'ਚ ਬੰਦ ਸਟੇਟ ਐਵਾਰਡੀ ਖੂਨਦਾਨੀ ਸੁੱਖਾ ਦੀ ਸ਼ੱਕੀ ਹਾਲਾਤਾਂ 'ਚ ਮੌਤ



ਬਠਿੰਡਾ, 28 ਜੂਨ (ਦੀਪਕ ਸ਼ਰਮਾ): ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਮਾਨਸਾ ਜ਼ਿਲ੍ਹੇ ਦੇ ਪਿੰਡ ਨੰਗਲਾ ਕਲਾਂ ਦੇ ਰਹਿਣ ਵਾਲੇ 43 ਸਾਲਾ ਸੁੱਖਾ ਰਾਮ ਦੀ ਲੰਘੀ 27 ਜੂਨ ਨੂੰ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ। ਜਿਸ ਦੀ ਲਾਸ਼ ਜੇਲ੍ਹ ਪ੍ਰਸ਼ਾਸਨ ਵੱਲੋਂ ਸਿਵਲ ਹਸਪਤਾਲ ਬਠਿੰਡਾ ਦੀ ਮੋਰਚਰੀ ਵਿੱਚ ਰਖਵਾਈ ਗਈ । ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਮ੍ਰਿਤਕ ਹਵਾਲਾਤੀ ਦੇ ਪਰਿਵਾਰਕ ਮੈਂਬਰ, ਪਿੰਡ ਵਾਸੀ ਅਤੇ ਕਿਸਾਨ ਯੂਨੀਅਨ ਦੇ ਵਰਕਰ ਸਿਵਲ ਹਸਪਤਾਲ ਬਠਿੰਡਾ ਵਿੱਚ ਇਕੱਠੇ ਹੋਏ ਅਤੇ ਜੇਲ੍ਹ ਪ੍ਰਸ਼ਾਸਨ ਖਿਲਾਫ ਰੋਸ ਧਰਨਾ ਸ਼ੁਰੂ ਕਰ ਦਿੱਤਾ।ਪੀੜਤ ਪਰਿਵਾਰ ਨੇ ਦੋਸ਼ ਲਾਇਆ ਕਿ ਹਵਾਲਾਤੀ ਸੁੱਖਾ ਰਾਮ ਦੀ ਮੌਤ ਜੇਲ੍ਹ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਹੋਈ ਹੈ, ਜਦੋਂ ਕਿ ਮੌਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਸ ਦੀ ਸੂਚਨਾ ਤੱਕ ਨਹੀਂ ਦਿੱਤੀ ਗਈ ਅਤੇ ਨਾ ਹੀ ਮੌਤ ਕਿਵੇਂ ਅਤੇ ਕਿਹੜੇ ਹਾਲਾਤਾਂ ਵਿੱਚ ਹੋਈ ਹੈ, ਉਸ ਦੀ ਸਹੀ ਜਾਣਕਾਰੀ ਜੇਲ੍ਹ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਹੈ।ਮ੍ਰਿਤਕ ਦੇ ਭਰਾ ਰਾਜੂ ਨੇ ਦੱਸਿਆ ਕਿ ਬੀਤੀ 26 ਜੂਨ ਨੂੰ ਉਸ ਨੇ ਆਪਣੇ ਭਰਾ ਸੁੱਖਾ ਰਾਮ ਨਾਲ ਜੇਲ੍ਹ ਦੇ ਫੋਨ ਰਾਹੀਂ ਗੱਲ ਕੀਤੀ ਸੀ, ਉਦੋਂ ਸਭ ਕੁਝ ਠੀਕ ਸੀ। ਉਨ੍ਹਾਂ ਨੇ ਮਾਮਲੇ ਦੀ ਮੈਜਿਸਟ੍ਰੇਟ ਜਾਂਚ ਦੀ ਮੰਗ ਕੀਤੀ, ਤਾਂ ਜੋ ਉਨ੍ਹਾਂ ਨੂੰ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ ਅਤੇ ਜੇਲ੍ਹ ਅਧਿਕਾਰੀਆਂ 'ਤੇ ਕਾਨੂੰਨ ਅਨੁਸਾਰ ਕਾਰਵਾਈ ਹੋ ਸਕੇ । ਦੂਜੇ ਪਾਸੇ ਡਿਊਟੀ ਮੈਜਿਸਟ੍ਰੇਟ ਨੇ ਹਸਪਤਾਲ ਪਹੁੰਚ ਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੰਦ ਕੀਤੇ, ਜਦੋਂ ਕਿ ਡਿਊਟੀ ਮੈਜਿਸਟ੍ਰੇਟ ਦੀ ਦੇਖਰੇਖ ਹੇਠ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਮ੍ਰਿਤਕ ਹਵਾਲਾਤੀ ਦਾ ਪੋਸਟਮਾਰਟਮ ਕੀਤਾ। ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮਾਮਲੇ ਵਿੱਚ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਦੱਸ ਦੇਈਏ ਕਿ ਮ੍ਰਿਤਕ ਸੁੱਖਾ ਰਾਮ ਖੂਨਦਾਨੀ ਸੀ, ਜਿਸ ਨੇ 50 ਤੋਂ ਵੱਧ ਵਾਰ ਆਪਣਾ ਖੂਨਦਾਨ ਕੀਤਾ ਸੀ। ਜਿਸ ਲਈ ਕੁਝ ਮਹੀਨੇ ਪਹਿਲਾਂ ਹੀ ਸੂਬੇ ਦੇ ਸਿਹਤ ਮੰਤਰੀ ਬਲਬੀਰ ਸਿੰਘ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।ਸਿਵਲ ਹਸਪਤਾਲ ਪਹੁੰਚੇ ਮ੍ਰਿਤਕ ਸੁੱਖਾ ਰਾਮ ਦੇ ਛੋਟੇ ਭਰਾ ਰਾਜੂ ਰਾਮ ਨੇ ਦੱਸਿਆ ਕਿ ਲੰਘੀ 26 ਜੂਨ ਦਿਨ ਵੀਰਵਾਰ ਨੂੰ ਦੁਪਹਿਰ ਦੇ ਸਮੇਂ ਉਸ ਦੀ ਆਪਣੇ ਭਰਾ ਸੁੱਖਾ ਨਾਲ ਜੇਲ੍ਹ ਤੋਂ ਟੈਲੀਫੋਨ 'ਤੇ ਗੱਲ ਹੋਈ । ਉਦੋਂ ਅਜਿਹੀ ਕੋਈ ਗੱਲ ਨਹੀਂ ਸੀ। ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਰਿਸ਼ਤੇਦਾਰਾਂ ਤੋਂ ਪਤਾ ਲੱਗਿਆ ਕਿ ਸੁੱਖਾ ਰਾਮ ਦੀ ਜੇਲ੍ਹ ਵਿੱਚ ਮੌਤ ਹੋ ਗਈ। ਰਾਤ ਇੱਕ ਵਜੇ ਜੇਲ੍ਹ ਪ੍ਰਸ਼ਾਸਨ ਨੇ ਉਸ ਦੇ ਭਰਾ ਦੀ ਲਾਸ਼ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਈ, ਪਰ ਪਰਿਵਾਰ ਨੂੰ ਸ਼ੁੱਕਰਵਾਰ ਦੁਪਹਿਰ ਤੱਕ ਜੇਲ੍ਹ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਰਾਜੂ ਨੇ ਦੋਸ਼ ਲਾਇਆ ਹੈ ਕਿ ਉਸ ਦਾ ਭਰਾ ਠੀਕ ਸੀ, ਉਸ ਦੀ ਸ਼ੱਕੀ ਹਾਲਾਤਾਂ ਵਿੱਚ ਹੋਈ ਮੌਤ ਦੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਉਸ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਉਸ ਦੇ ਭਰਾ ਨੂੰ ਸਾਜ਼ਿਸ਼ ਰਚਣ ਦੇ ਝੂਠੇ ਮਾਮਲੇ ਵਿੱਚ ਫਸਾਇਆ ਗਿਆ ਸੀ, ਉਦੋਂ ਤੋਂ ਉਹ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਸੀ। ਉਹ ਖੂਨਦਾਨੀ ਸੀ ਅਤੇ ਉਹ 50 ਤੋਂ ਵੱਧ ਵਾਰ ਖੂਨਦਾਨ ਕਰਨ 'ਤੇ ਉਸ ਨੂੰ ਸਿਹਤ ਮੰਤਰੀ ਨੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਉਧਰ, ਇਸ ਸਬੰਧ ਵਿੱਚ ਥਾਣਾ ਕੈਂਟ ਦੇ ਐਸਐਚਓ ਦਲਜੀਤ ਸਿੰਘ ਦਾ ਕਹਿਣਾ ਹੈ ਕਿ ਮੌਤ ਦਾ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਚੱਲੇਗਾ। ਪੋਸਟਮਾਰਟਮ ਦੀ ਸਾਰੀ ਕਾਰਵਾਈ ਡਿਊਟੀ ਮੈਜਿਸਟ੍ਰੇਟ ਦੀ ਦੇਖਰੇਖ ਵਿੱਚ ਕੀਤੀ ਗਈ ਹੈ।

# ਬਠਿੰਡਾ 'ਚ ਕੋਰੋਨਾ ਵਾਇਰਸ ਨੇ ਦਿੱਤੀ ਦਸਤਕ, ਪਹਿਲੇ ਮਰੀਜ਼ ਦੀ ਹੋਈ ਪਛਾਣ, ਸਿਹਤ ਵਿਭਾਗ ਹੋਇਆ ਚੌਕਸ

ਬਠਿੰਡਾ, 28 ਜੂਨ (ਦੀਪਕ ਸ਼ਰਮਾ): ਬਠਿੰਡਾ ਵਿਚ ਕੋਰੋਨਾ ਵਾਇਰਸ ਨੇ ਆਪਣੀ ਦਸਤਕ ਦੇ ਦਿੱਤੀ ਹੈ। ਜ਼ਿਲ੍ਹੇ ਵਿਚ ਕੋਰੋਨਾ ਵਾਇਰਸ ਤੋਂ ਪੀੜਤ ਪਹਿਲੇ ਮਰੀਜ਼ ਦੀ ਪਛਾਣ ਹੋਈ ਹੈ। ਹਾਲਾਂਕਿ ਕੋਰੋਨਾ ਵਾਇਰਸ ਤੋਂ ਪੀੜਤ ਨੌਜਵਾਨ ਕੁੜੀ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਹੈ। ਜ਼ਿਲ੍ਹੇ ਅੰਦਰ ਕੋਰੋਨਾ ਦਾ ਪਹਿਲਾ ਮਰੀਜ਼ ਮਿਲਣ ਤੋਂ ਬਾਅਦ ਸਿਹਤ ਵਿਭਾਗ ਚੌਕਸ ਹੋ ਗਿਆ ਹੈ। ਇਸ ਤੋਂ ਪਹਿਲਾਂ ਮਾਨਸਾ ਜ਼ਿਲ੍ਹੇ ਅੰਦਰ ਕੋਰੋਨਾ ਵਾਇਰਸ ਤੋਂ ਪੀੜਤ ਦੋ ਮਰੀਜ਼ ਮਿਲੇ ਸਨ, ਜਿਨ੍ਹਾਂ ਵਿਚ ਇਕ ਬੱਚੀ ਅਤੇ ਵਿਅਕਤੀ ਸ਼ਾਮਲ ਸੀ । ਪ੍ਰਾਪਤ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਨੂੰ ਇੱਕ ਨੌਜਵਾਨ ਕੁੜੀ ਸਿਵਲ ਹਸਪਤਾਲ ਵਿੱਚ ਆਪਣਾ ਚੈੱਕ ਅਪ ਕਰਵਾਉਣ ਆਈ ਸੀ। ਉਕਤ ਕੁੜੀ ਬੁਖਾਰ ਅਤੇ ਖੰਘ ਤੋਂ ਪੀੜਤ ਸੀ । ਡਾਕਟਰਾਂ ਨੂੰ ਜਦੋਂ ਸ਼ੱਕ ਹੋਇਆ ਤਾਂ ਉਨ੍ਹਾਂ ਕੁੜੀ ਦਾ ਕੋਰੋਨਾ ਟੈਸਟ ਕੀਤਾ ਅਤੇ ਉਸ ਦੀ ਰਿਪੋਰਟ ਪੋਜ਼ਟਿਵ ਆਈ, ਜਿਸ ਤੋਂ ਬਾਅਦ ਡਾਕਟਰਾਂ ਨੇ ਉਕਤ ਕੁੜੀ ਨੂੰ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਦੀ ਪੁਸ਼ਟੀ ਕੀਤੀ ਹੈ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਉਕਤ ਕੁੜੀ ਨੂੰ ਘਰ ਵਿੱਚ ਹੀ ਇਕਾਂਤਵਾਸ ਰਹਿਣ ਲਈ ਕਿਹਾ ਹੈ। ਸਿਹਤ ਵਿਭਾਗ ਨੇ ਪੀੜਤ ਕੁੜੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੀ ਸੂਚੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਉਨ੍ਹਾਂ 'ਤੇ ਨਜ਼ਰ ਰੱਖੀ ਜਾ ਸਕੇ । ਸਿਹਤ ਵਿਭਾਗ ਨੇ ਕੋਰੋਨਾ ਵਾਇਰਸ ਤੋਂ ਪੀੜਤ ਲੜਕੀ ਅਤੇ ਉਸ ਦੇ ਸੰਪਰਕ ਵਿੱਚ ਆਏ ਲੋਕਾਂ ਨੂੰ ਕੇਂਦਰ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਲਈ ਕਿਹਾ ਹੈ । ਜ਼ਿਲ੍ਹਾ ਸਿਹਤ ਅਫਸਰ ਡਾਕਟਰ ਊਸ਼ਾ ਗੋਇਲ ਦਾ ਕਹਿਣਾ ਸੀ ਕਿ ਲੋਕਾਂ ਨੂੰ ਕੋਰੋਨਾ ਵਾਇਰਸ ਤੋਂ ਘਬਰਾਉਣਾ ਨਹੀਂ ਚਾਹੀਦਾ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਨੂੰ ਇਕ ਕੁੜੀ ਸ਼ਹੀਦ ਭਾਈ ਮਨੀ ਸਿੰਘ ਸਿਵਲ ਹਸਪਤਾਲ ਵਿਚ ਰੁਟੀਨ ਦੇ ਚੈੱਕਅਪ ਲਈ ਸਿਵਲ ਹਸਪਤਾਲ ਵਿੱਚ ਆਈ ਸੀ, ਪਰ ਜਦੋਂ ਉਸਦਾ ਕੋਰੋਨਾ ਟੈਸਟ ਕੀਤਾ ਗਿਆ ਤਾਂ ਰਿਪੋਰਟ ਪਾਜ਼ੇਟਿਵ ਆਈ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨ ਕੁੜੀ ਮਾਨਸਾ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਉਨ੍ਹਾਂ ਦੱਸਿਆ ਕਿ ਕੁੜੀ ਨੂੰ ਹੋਮ ਆਈਸੋਲੇਟ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੋਰੋਨਾ ਵਾਇਰਸ ਦੇ ਬਚਾਅ ਲਈ ਕੁੜੀ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਹੋਈ



ਭਗਤਾ ਭਾਈ ਕਾ, 28 ਜੂਨ (ਸਵਰਨ ਸਿੰਘ ਭਗਤਾ): ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਭੁੱਚੋ ਮੰਡੀ ਦੀ ਮੀਟਿੰਗ ਬਲਾਕ ਪ੍ਰਧਾਨ ਅੰਗਰੇਜ ਸਿੰਘ ਸੇਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ । ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਚੋਣਾਂ ਦੌਰਾਨ ਡਾਕਟਰ ਸਾਥੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਕੀਤੀ।ਇਸ ਸਮੇਂ ਪੰਜਾਬ ਦੇ ਸੀਨੀਅਰ ਆਗੂ ਡਾਕਟਰ ਰਮੇਸ਼ ਕੁਮਾਰ ਬਾਲੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ 28ਵੀਂ ਵਰ੍ਹੇਗੰਢ ਮਨਾਈ। ਇਸ ਸਮੇਂ ਬਲਾਕ ਬਠਿੰਡਾ ਤੋਂ ਡਾਕਟਰ ਸੰਦੀਪ ਕੁਮਾਰ, ਡਾਕਟਰ ਅਰਵਿੰਦਰ, ਡਾਕਟਰ ਸੰਜੀਵ, ਡਾਕਟਰ ਸੁਖਮੰਦਰ ਸਿੰਘ, ਡਾਕਟਰ ਗਿਆਨ ਸਿੰਘ, ਡਾਕਟਰ ਰਾਜਬੀਰ ਸਿੰਘ ਅਤੇ ਡਾਕਟਰ ਸੱਤਪਾਲ ਸ਼ਰਮਾ ਆਦਿ ਹਾਜ਼ਰ ਸਨ।

# ਨਗਰ ਕੌਂਸਲ ਪ੍ਰਧਾਨ ਨੇ ਬਰਸਾਤ ਦੇ ਮੌਸਮ ਨੂੰ ਲੈ ਕੇ ਮੀਟਿੰਗ



ਮਲੋਟ, 28 ਜੂਨ ( ਅਮਨਦੀਪ ਸਿੰਘ ਮਹਿਰਾ): ਨਗਰ ਕੌਂਸਲ ਮਲੋਟ ਵਿਖੇ ਸ਼ੁਭਦੀਪ ਸਿੰਘ, ਪ੍ਰਧਾਨ ਨਗਰ ਕੌਂਸਲ ਦੀ ਅਗਵਾਈ ਹੇਠ ਮੰਗਤ ਕੁਮਾਰ ਕਾਰਜ ਸਾਧਕ ਅਫਸਰ, ਨਗਰ ਕੌਂਸਲ ਮਲੋਟ ਵੱਲੋਂ ਬਰਸਾਤਾਂ ਨੂੰ ਮੁੱਖ ਰੱਖਦੇ ਹੋਏ ਵਿਭਾਗਾਂ ਨਾਲ ਮੀਟਿੰਗ ਕੀਤੀ ।ਇਸ ਦੌਰਾਨ ਸੈਨੀਟੇਸ਼ਨ ਵਿਭਾਗ, ਸਟਰੀਟ ਲਾਈਟ ਵਿਭਾਗ, ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਫ਼ਸਰਾਂ ਅਤੇ ਟੀਮ ਨੇ ਸ਼ਮੂਲੀਅਤ ਕੀਤੀ ।ਇਸ ਦੌਰਾਨ ਪ੍ਰਧਾਨ ਨੇ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਹਦਾਇਤਾਂ ਕੀਤੀਆਂ ਗਈਆਂ ਕਿ ਬਰਸਾਤ ਦੇ ਮੌਸਮਾਂ ਨੂੰ ਮੁੱਖ ਰੱਖਦੇ ਸੀਵਰੇਜ, ਬਰਸਾਤੀ ਚੈਂਬਰ ਦੀ ਸਫਾਈ ਰੱਖਣ, ਐਮਰਜੈਂਸੀ ਸਮੇਂ ਹਾਜ਼ਿਰ ਹੋਣ, ਸਟ੍ਰੀਟ ਲਾਈਟ ਦੀਆਂ ਨੰਗੀਆਂ ਤਾਰਾਂ ਚੈੱਕ ਕੀਤੀਆਂ ਜਾਣ ਅਤੇ ਲਾਇਟਾ ਰਿਪੇਅਰ ਕੀਤੀਆਂ ਜਾਵੇ ।ਇਸ ਦੌਰਾਨ ਸ਼ੁਭਦੀਪ ਸਿੰਘ ਪ੍ਰਧਾਨ, ਨਗਰ ਕੌਂਸਲ ਨੇ ਕੱਲ ਆਈ ਬਰਸਾਤ ਦੇ ਪਾਣੀ ਦੇ ਜਲਦੀ ਨਿਕਾਸੀ ਹੋਣ ਕਰਕੇ ਪਹਿਲਾਂ ਤੋਂ ਕੀਤੇ ਪ੍ਰਬੰਧਾਂ ਦੀ ਕਾਰਗੁਜ਼ਾਰੀ ਦਾ ਭਰੋਸਾ ਜਤਾਇਆ ਅਤੇ ਧੰਨਵਾਦ ਵੀ ਕੀਤਾ। ਇਸ ਤੋਂ ਇਲਾਵਾ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰ, ਦੁਕਾਨ ਦਾ ਕੂੜਾ-ਕਚਰਾ ਗਲੀ ਵਿੱਚ ਨਾ ਸੁੱਟਿਆ ਜਾਵੇ ਬਲਕਿ ਡਸਟਬਿਨ ਵਿੱਚ ਸੰਭਾਲ ਕੇ ਵੈਸਟ ਕਲੈਕਟਰ ਨੂੰ ਦਿੱਤਾ ਜਾਵੇ ਅਤੇ ਬਰਸਾਤੀ ਚੈਂਬਰ ਨੂੰ ਮਲਵਾ ਜਾਂ ਮਿੱਟੀ ਸੁੱਟ ਕੇ ਬੰਦ ਨਾ ਕੀਤਾ ਜਾਵੇ ਅਤੇ ਪਾਣੀ ਦੀ ਨਿਕਾਸੀ ਵਿੱਚ ਵਿਘਨ ਨਾ ਪਾਇਆ ਜਾਵੇ। ਮੰਗਤ ਕੁਮਾਰ ਕਾਰਜ ਸਾਧਕ ਅਫਸਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਬਰਸਾਤੀ ਮੌਸਮ ਸ਼ੁਰੂ ਹੋ ਗਿਆ ਹੈ। ਸੋ ਆਪਣੇ ਘਰਾਂ ਵਿੱਚ ਗਮਲਿਆਂ ਵਿੱਚ ਛੱਤ ਉੱਪਰ ਪਏ ਕਬਾੜ ਜਾਂ ਹੋਰ ਕਿਸੇ ਤਰ੍ਹਾਂ ਦੇ ਵੀ ਕੰਟੇਨਰ ਵਿੱਚ ਪਾਣੀ ਜਮਾ ਹੋ ਜਾਂਦਾ ਹੈ। ਜਿਸ ਕਰਕੇ ਸਾਫ ਪਾਣੀ ਵਿੱਚ ਡੇਂਗੂ ਦਾ ਲਾਰਵਾ ਪੈਦਾ ਹੋ ਜਾਂਦਾ ਹੈ। ਜਿਸ ਕਰਕੇ ਡੇਂਗੂ ਫੈਲਣ ਦਾ ਡਰ ਬਣਿਆ ਰਹਿੰਦਾ ਹੈ । ਸਿਹਤ ਵਿਭਾਗ ਦੀ ਟੀਮ ਅਤੇ ਨਗਰ ਕੌਂਸਲ ਦੀ ਟੀਮ ਲਗਾਤਾਰ ਲੋਕਾਂ ਨੂੰ ਜਾਗਰੂਕ ਕਰਨ ਲਈ ਘਰਾਂ ਵਿੱਚ ਜਾ ਰਹੇ ਹਨ। ਸ਼ੁੱਕਰਵਾਰ ਨੂੰ ਡਰਾਈ ਡੇ ਮਨਾਇਆ ਜਾਂਦਾ ਹੈ। ਇਸ ਦਿਨ ਕੂਲਰਾਂ, ਫ੍ਰਿਜਾਂ ਦੀ ਟਰੇਆਂ ਜਾਂ ਗਮਲਿਆਂ ਦਾ ਪਾਣੀ ਇੱਕ ਦਿਨ ਸੁਕਾਇਆ ਜਾਂਦਾ ਹੈ ਤਾਂ ਕਿ ਮੱਛਰਾਂ ਦੇ ਸਰਕਲ ਨੂੰ ਰੋਕਿਆ ਜਾ ਸਕੇ । ਜੇਕਰ ਇਹਨਾਂ ਹਦਾਇਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਸਿਹਤ ਵਿਭਾਗ ਅਤੇ ਨਗਰ ਕੌਂਸਲ ਵੱਲੋਂ ਚਲਾਨ ਕੀਤੇ ਜਾਣਗੇ।

# ਖਾਲਸਾ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਈ



ਭਗਤਾ ਭਾਈ ਕਾ, 28 ਜੂਨ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈ ਕਾ ਵਿਖੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਬਹੁਪੱਖੀ ਵਿਕਾਸ ਲਈ ਵਿਸ਼ੇਸ਼ ਤੌਰ 'ਤੇ ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਵਿੱਚ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਇਕ ਰੋਜ਼ਾ ਧਾਰਮਿਕ ਯਾਤਰਾ ਕਰਵਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਆਰਡੀਨੇਟਰ ਡਾ. ਹਰਮਨਦੀਪ ਕੌਰ ( ਮੁਖੀ ਪੰਜਾਬੀ ਵਿਭਾਗ) ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਵਡਮੁੱਲੇ ਇਤਿਹਾਸ ਤੋਂ ਜਾਣੂੰ ਕਰਵਾਉਣ ਅਤੇ ਮਹਾਨ ਸਿੱਖ ਸਿਧਾਂਤ ਸੇਵਾ ਨਾਲ ਅਮਲੀ ਰੂਪ ਵਿਚ ਜੋੜਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਇੱਕ ਰੋਜ਼ਾ ਯਾਤਰਾ ਕਰਵਾਈ ਗਈ। ਇਸ ਵਿਚ ਬੀ. ਏ, ਬੀ ਸੀ ਏ, ਬੀ ਕਾਮ, ਬੀ ਐੱਸ ਸੀ ( ਮੈਡੀਕਲ/ ਨਾਨ ਮੈਡੀਕਲ, ਫੈਸ਼ਨ ਟੈਕਨਾਲੋਜੀ ) ਅਤੇ ਐਮ ਏ ਪੰਜਾਬੀ ਦੇ 34 ਵਿਦਿਆਰਥੀਆਂ ਨੇ ਹਿੱਸਾ ਲਿਆ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਤਮਸਤਕ ਹੋ ਕੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਰਉਪਕਾਰੀ ਜੀਵਨ ਅਤੇ ਇਸ ਮਹਾਨ ਧਾਰਮਿਕ ਅਸਥਾਨ ਦੇ ਇਤਿਹਾਸ ਸਬੰਧੀ ਜਾਣਕਾਰੀ ਹਾਸਲ ਕੀਤੀ । ਇਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਨੂੰ ਜਲ ਛਕਾਉਣ ਅਤੇ ਬਰਤਨ ਸਾਫ਼ ਕਰਨ ਦੀ ਸੇਵਾ ਬਹੁਤ ਉਤਸ਼ਾਹਪੂਰਵਕ ਨਿਭਾਈ। ਇਸ ਸੇਵਾ ਵਿਚ ਪ੍ਰੋ. ਲਖਵੀਰ ਕੌਰ, ਪ੍ਰੋ. ਕਿਰਨਜੀਤ ਕੌਰ, (ਕਾਮਰਸ ਵਿਭਾਗ), ਪ੍ਰੋ. ਅਮਨਦੀਪ ਕੌਰ (ਅੰਗਰੇਜ਼ੀ )ਪ੍ਰੋ. ਹਰਦੀਪ ਕੌਰ (ਫਿਜਿਕਸ) ਆਦਿ ਹਾਜ਼ਰ ਸਨ।


# ਮਾਈ ਭਾਗੋ ਡਿਗਰੀ ਕਾਲਜ ਰੱਲਾ ਦਾ ਬੀ.ਸੀ.ਏ. ਦਾ ਨਤੀਜਾ ਰਿਹਾ ਸ਼ਾਨਦਾਰ





ਜੋਗਾ, 28 ਜੂਨ (ਵਿਰੋਦਰਪਾਲ ਮੰਤਰੋ): ਮਾਈ ਭਾਗੋ ਡਿਗਰੀ ਰੱਲਾ ਸੰਸਥਾ ਨੂੰ ਅਕਾਦਮਿਕ ਖੇਤਰ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਵਜੋਂ ਜਾਣਿਆ ਜਾਂਦਾ ਹੈ ਸੰਸਥਾ ਦੇ ਵਿਦਿਆਰਥੀਆਂ ਨੇ ਅਕਾਦਮਿਕ ਖੇਤਰ ਹਮੇਸ਼ਾ ਚੰਗੇ ਨਤੀਜੇ ਹਾਸਿਲ ਕੀਤੇ ਹਨ । ਇਸੇ ਲੜੀ ਵਿੱਚ ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ. ਸੀ. ਏ. ਸਮੈਸਟਰ ਤੀਜਾ ਦੇ ਨਤੀਜੇ ਵਿੱਚੋਂ ਸੰਸਥਾ ਦੀਆਂ ਵਿਦਿਆਰਥਣਾਂ ਨੇ ਚੰਗੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। ਇਸ ਮੌਕੇ 'ਤੇ ਡਿਗਰੀ ਕਾਲਜ ਦੇ ਕੋਆਰਡੀਨੇਟਰ ਹਰਪ੍ਰੀਤ ਸਿੰਘ ਨੇ ਖੁਸ਼ੀ ਜਾਹਿਰ ਕਰਦਿਆਂ ਦੱਸਿਆ ਕਿ ਵਿਦਿਆਰਥਣਾਂ ਗਗਨਦੀਪ ਕੌਰ ਪੁੱਤਰੀ ਬਲਵੀਰ ਸਿੰਘ ਨੇ ਪਹਿਲਾ, ਰਮਨਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ ਦੂਸਰਾ ਅਤੇ ਗਗਨਦੀਪ ਕੌਰ ਪੁੱਤਰੀ ਵਿਸਾਖਾ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਸੰਸਥਾ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੁਮਾਰੀ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਇਸ ਸ਼ਾਨਦਾਰ ਨਤੀਜੇ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਆਪਣੇ ਮਾਪਿਆਂ ਤੇ ਸੰਸਥਾ ਦਾ ਵੀ ਨਾਮ ਰੌਸ਼ਨ ਕੀਤਾ ਹੈ । ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਬਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਸ੍ਰ. ਕੁਲਦੀਪ ਸਿੰਘ ਖਿਆਲਾ, ਸਕੱਤਰ ਮਨਜੀਤ ਸਿੰਘ ਖਿਆਲਾ ਅਤੇ ਆਫਿਸ ਐਡਮਨਿਸਟ੍ਰੇਟਰ ਮੈਡਮ ਲਵਪ੍ਰੀਤ ਕੌਰ ਨੇ ਵਿਦਿਆਰਥਣਾਂ ਅਤੇ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਆਪਣੀ ਕਾਬਲੀਅਤ ਤੇ ਲਗਨ ਸਦਕਾ ਸੰਸਥਾ ਅਤੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਅਜੋਕੇ ਸਮੇਂ ਵਿੱਚ ਕੰਪਿਊਟਰ ਸਿੱਖਿਆ ਦੀ ਵਧ ਰਹੀ ਮੰਗ ਨੂੰ ਦੇਖਦੇ ਹੋਏ ਵਿਦਿਆਰਥੀਆਂ ਨੂੰ ਇਹਨਾਂ ਕੋਰਸਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ । ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਘੱਗਰ ਬਰਾਂਚ ਨਹਿਰ 'ਚ ਪਿਆ ਪਾੜ, 30 ਏਕੜ ਜ਼ਮੀਨ ਵਿੱਚ ਭਰਿਆ ਪਾਣੀ, ਨਰਮਾ, ਮੂੰਗੀ, ਮੱਕੀ ਅਤੇ ਝੋਨੇ ਦਾ ਹੋਇਆ ਨੁਕਸਾਨ

ਲਹਿਰਾਗਾਗਾ, 28 ਜੂਨ (ਗੁਰਦੀਪ ਸਿੰਘ ): ਲਹਿਰਾਗਾਗਾ ਵਿੱਚੋਂ ਲੰਘਦੀ ਘੱਗਰ ਬਰਾਂਚ ਨਹਿਰ ਵਿੱਚ ਸਵੇਰੇ 5:30 ਵਜੇ ਦੇ ਕਰੀਬ ਪਿੰਡ ਕੋਟੜਾ ਨੇੜੇ 20 ਫੁੱਟ ਦੇ ਕਰੀਬ ਪਾੜ ਪੈਣ ਦੇ ਕਾਰਨ ਕਰੀਬ 30 ਏਕੜ ਜ਼ਮੀਨ ਵਿੱਚ ਪਾਣੀ ਭਰ ਗਿਆ, ਜਿਸ ਨਾਲ ਨਰਮਾ, ਮੂੰਗੀ ਮੱਕੀ ਅਤੇ ਜੀਰੀ ਦੀ ਫਸਲ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ, ਪਤਾ ਚਲਦੇ ਹੀ ਵਿਭਾਗ ਦੇ ਆਲਾ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਪਾੜ ਨੂੰ ਪੂਰਨ ਦੀ ਕੋਸ਼ਿਸ਼ ਕਰਨ ਲੱਗੇ, ਇਥੇ ਇਹ ਵੀ ਜ਼ਿਕਰਯੋਗ ਕਿ ਪਿਛਲੇ ਸਾਲ ਵੀ ਉਕਤ ਨਹਿਰ ਵਿੱਚ ਪਾੜ ਪੈ ਗਿਆ ਸੀ, ਉਸ ਤੋਂ ਵੀ ਵਿਭਾਗ ਨੇ ਕੋਈ ਸਬਕ ਨਾ ਸਿੱਖਦੇ ਹੋਏ ਇਸਦੇ ਕਿਨਾਰਿਆਂ ਨੂੰ ਪੱਕਾ, ਮਜ਼ਬੂਤ ਕਰਨ ਅਤੇ ਜਦੋਂ ਨਹਿਰ ਵਿੱਚ ਪਾਣੀ ਨਹੀਂ ਹੁੰਦਾ, ਉਸ ਸਮੇਂ ਰਿਪੇਅਰ ਕਰਨ ਦੀ ਜ਼ਿੰਮੇਵਾਰੀ ਨਹੀਂ ਸਮਝੀ, ਜਿਸ ਦਾ ਖਮਿਆਜ਼ਾ ਅੱਜ ਫਿਰ ਨਹਿਰ ਵਿੱਚ ਪਾੜ ਪੈਣ ਦੇ ਰੂਪ ਵਿੱਚ ਭੁਗਤਣਾ ਪੈ ਰਿਹੈ, ਜੇਕਰ ਹੁਣ ਵੀ ਵਿਭਾਗ ਨੇ ਉਕਤ ਘੱਗਰ ਬਰਾਂਚ ਨਹਿਰ ਦੇ ਕਿਨਾਰਿਆਂ ਨੂੰ ਮਜ਼ਬੂਤ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਪਾੜ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ਨਾਲ ਕਿਸਾਨਾਂ ਦਾ ਭਾਰੀ ਆਰਥਿਕ ਨੁਕਸਾਨ ਹੋ ਸਕਦੈ, ਹੁਣ ਦੇਖਣਾ ਇਹ ਹੈ ਵਿਭਾਗ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਾ ਹੈ ਜਾਂ ਫਿਰ ਆਉਣ ਵਾਲੇ ਸਮੇਂ ਵਿੱਚ ਹੋਰ ਪਾੜ ਪੈਣ ਦਾ ਇੰਤਜ਼ਾਰ ਕਰਦਾ ਹੈ, ਖਬਰ ਲਿਖੇ ਜਾਣ ਤੱਕ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਨਹਿਰ ਵਿੱਚ ਪਾਣੀ ਦੇ ਪੱਧਰ ਨੂੰ ਘਟਾ ਕੇ ਮਜ਼ਦੂਰਾਂ ਵੱਲੋਂ ਪਾੜ ਪੂਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਮੌਕੇ 'ਤੇ ਪਹੁੰਚੇ ਤਹਿਸੀਲਦਾਰ ਪ੍ਰਵੀਨ ਸ਼ੀਬਰ ਨੇ ਦੱਸਿਆ ਹੈ ਕਿ ਨਹਿਰੀ ਵਿਭਾਗ ਤੇ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ ਹੈ ਜਲਦੀ ਹੀ ਇਸ ਨਹਿਰ ਦੇ ਪਾੜ ਨੂੰ ਬੰਦ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਫਸਲਾਂ ਨੂੰ ਜ਼ਿਆਦਾ ਨੁਕਸਾਨ ਨਹੀਂ ਹੋਇਆ ਜੇ ਕਿਤੇ ਨੁਕਸਾਨ ਹੋਇਆ ਵੀ ਹੈ ਤਾਂ ਉਸ ਦਾ ਸਰਵੇ ਕਰਕੇ ਸਰਕਾਰ ਨੂੰ ਭੇਜਿਆ ਜਾਵੇਗਾ।

# ਪੱਤਰਕਾਰ ਭਾਈਚਾਰੇ ਨੇ ਇਨਸਾਫ ਲੈਣ ਲਈ ਮਾਨਸਾ ਪੁਲਿਸ ਖਿਲਾਫ ਲਗਾਇਆ ਧਰਨਾ



ਮਾਨਸਾ, 28 ਜੂਨ (ਵਿਰੋਦਰਪਾਲ ਮੰਤਰੋ)- ਮਾਨਸਾ ਜ਼ਿਲੇ ਦੇ ਪਿੰਡ ਰੱਲਾ ਵਿਖੇ ਬਾਬਾ ਜੋਗੀ ਪੀਰ ਜੀ ਦੇ ਧਾਰਮਿਕ ਸਥਾਨ 'ਤੇ ਪਿਛਲੇ ਦਿਨੀ ਪੱਤਰਕਾਰਾਂ ਨਾਲ ਹੋਈ ਬਦਸਲੂਕੀ ਦੇ ਖਿਲਾਫ ਅੱਜ ਮਾਨਸਾ ਪੁਲਿਸ ਤੋਂ ਇਨਸਾਫ ਲਈ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਪ੍ਰੈਸ ਕਲੱਬ ਜੋਗਾ ਅਤੇ ਮਾਨਸਾ ਜ਼ਿਲ੍ਹੇ ਦੇ ਸਮੂਹ ਪੱਤਰਕਾਰਾਂ ਵੱਲੋਂ ਧਰਨਾ ਲਾਇਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕਈ ਦਿਨਾਂ ਤੋਂ ਪ੍ਰੈਸ ਕਲੱਬ ਜੋਗਾ ਵੱਲੋਂ ਬਾਬਾ ਜੋਗੀ ਪੀਰ ਦੇ ਸਥਾਨ 'ਤੇ ਕੁਝ ਮੌਜੂਦਾ ਮੈਂਬਰਾਂ ਵੱਲੋਂ ਸਰਪੰਚ ਖਿਲਾਫ ਬੇਭਰੋਸਗੀ ਦਾ ਮਤਾ ਪਾਇਆ ਗਿਆ ਸੀ ਅਤੇ ਕੁਝ ਲੰਗਰਾਂ ਦੀਆਂ ਇਮਾਰਤਾਂ ਨੂੰ ਨਿੱਜੀ ਤੌਰ 'ਤੇ ਵਰਤੇ ਜਾਣ ਦਾ ਦੋਸ਼ ਲਾਇਆ ਸੀ, ਜਿਸ ਦਾ ਪੱਖ ਜਾਨਣ ਲਈ ਪ੍ਰੈਸ ਕਲੱਬ ਦੇ ਕੁਝ ਪੱਤਰਕਾਰਾਂ ਸਰਪੰਚ ਨੂੰ ਮਿਲਣ ਲਈ ਜਾ ਰਹੇ ਸਨ, ਪਰ ਬਾਬਾ ਜੋਗੀ ਪੀਰ ਦੇ ਮੇਨ ਗੇਟ ਉੱਪਰ ਸਰਪੰਚ ਦੇ ਕੁਝ ਵਿਅਕਤੀਆਂ ਵੱਲੋਂ ਪ੍ਰੈਸ ਕਲੱਬ ਦੇ ਪੱਤਰਕਾਰਾਂ ਨੂੰ ਗੇਟ ਉੱਪਰ ਰੋਕ ਕੇ ਬਦਸਲੂਕੀ ਕੀਤੀ ਗਈ, ਜਿਸ ਦੇ ਰੋਸ ਵਜੋਂ ਪ੍ਰੈਸ ਵੱਲੋਂ ਥਾਣਾ ਜੋਗਾ ਵਿਖੇ ਦਰਖਾਸਤ ਦੱਸੀ ਗਈ ਸੀ, ਪਰ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਹੋਣ 'ਤੇ ਜ਼ਿਲੇ ਦੇ ਐਸਐਸਪੀ ਮਾਨਸਾ ਨੂੰ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ 27 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਸੀ। ਪੁਲਿਸ ਸੱਤਾਧਾਰੀ ਪਾਰਟੀ ਦੇ ਕੁਝ ਨੁਮਾਇੰਦਿਆਂ ਦੇ ਦਬਾਅ ਹੇਠ ਕਾਰਵਾਈ ਕਰਨ ਤੋਂ ਟਾਲ ਮਟੋਲ ਕਰ ਰਹੀ ਸੀ, ਜਿਸ ਖਿਲਾਫ ਅੱਜ ਮਾਨਸਾ ਐਸਐਸਪੀ ਦਫਤਰ ਦਾ ਮੀਡੀਆ ਪ੍ਰੈਸ ਕਲੱਬ ਮਾਨਸਾ, ਪ੍ਰੈਸ ਕਲੱਬ ਜੋਗਾ, ਪ੍ਰੈਸ ਕਲੱਬ ਸਰਦੂਲਗੜ੍ਹ, ਪ੍ਰੈਸ ਕਲੱਬ ਭਿੱਖੀ, ਪ੍ਰੈਸ ਕਲੱਬ ਝਨੀਰ ਅਤੇ ਮਜ਼ਦੂਰ ਮੁਕਤੀ ਮੋਰਚਾ ਲਿਵਲੇਸ਼ਨ ਪੰਜਾਬ ਕਿਸਾਨ ਯੂਨੀਅਨ ਅਤੇ ਕਿਸਾਨ ਸੰਯੁਕਤ ਮੋਰਚੇ ਨੇ ਸਾਂਝੇ ਤੌਰ ਤੇ ਘਰਾਓ ਕੀਤਾ ਗਿਆ। ਕੁਝ ਸਮੇਂ ਬਾਅਦ ਹੀ ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਪੰਜ ਮੈਂਬਰੀ ਕਮੇਟੀ ਨੂੰ ਐਸਐਸਪੀ ਮਾਨਸਾ ਨੇ ਬੁਲਾ ਕੇ ਭਰੋਸਾ ਦਿੰਦਿਆਂ ਕਾਰਵਾਈ ਕਰਨ ਲਈ ਥਾਣਾ ਜੋਗਾ ਦੇ ਐਸ ਐਚ ਓ ਨੂੰ ਹੁਕਮ ਦਿੱਤੇ।ਐਸਐਸਪੀ ਸਾਹਿਬ ਦੇ ਭਰੋਸੇ ਤੋਂ ਬਾਅਦ ਯੂਨੀਅਨ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ।

# ਮੂਨਕ ਕਾਲਜ ਦੀ ਵਿਦਿਆਰਥਣ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਪ੍ਰੀਖਿਆਵਾਂ ਵਿੱਚ ਅੱਵਲ ਰਹਿਣ 'ਤੇ ਵਜ਼ੀਫਾ ਜਾਰੀ

ਮੂਨਕ,28 ਜੂਨ(ਸਮਸ਼ੇਰ ਸਿੰਘ ਭੁਟਾਲ): ਯੂਨੀਵਰਸਿਟੀ ਕਾਲਜ, ਮੂਨਕ (ਸੰਗਰੂਰ) ਘੱਟ ਫੀਸਾਂ ਅਤੇ ਉੱਚਕੋਟੀ ਦੀ ਵਿਦਿਆ ਦਾ ਪ੍ਰਸਾਰ ਕਰਨ ਵਾਲਾ ਇਲਾਕੇ ਦਾ ਪਹਿਲਾ ਕਾਲਜ ਹੈ, ਜਿਸ ਦੇ ਫਲਸਰੂਪ ਕਾਲਜ ਵਿਖੇ 2500 ਤੋਂ ਵੱਧ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ । ਪਿਛਲੇ ਸੈਸ਼ਨ ਦੌਰਾਨ ਪੰਜਾਬੀ ਯੂਨੀਵਰਸਿਟੀ ਦੀਆਂ ਹੋਈਆਂ ਫਾਈਨਲ ਪ੍ਰੀਖਿਆਵਾਂ ਵਿੱਚ ਕਾਲਜ ਦੀ ਵਿਦਿਆਰਥਣ ਮਨਜੋਤ ਕੌਰ ਪੁੱਤਰੀ ਹਰਮੇਲ ਸਿੰਘ ਨੇ ਚੰਗੇ ਅੰਕ ਪ੍ਰਾਪਤ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮੈਰਿਟ ਲਿਸਟ ਵਿੱਚ ਨਾਮ ਦਰਜ਼ ਕਰਵਾਇਆ ਹੈ ਅਤੇ ਇਸ ਦੇ ਨਾਲ ਹੀ ਵਿਦਿਆਰਥਣ ਨੂੰ ਯੂਨੀਵਰਸਿਟੀ ਵੱਲੋਂ ਯੋਗਤਾ ਵਜ਼ੀਫਾ ਜਾਰੀ ਹੋਇਆ ਹੈ, ਜੋ ਕਿ ਇਲਾਕੇ ਦੇ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰਾਜਿੰਦਰ ਸਿੰਘ ਨੇ ਵਿਦਿਆਰਥਣ ਨੂੰ ਮੈਰਿਟ ਵਿੱਚ ਆਉਣ 'ਤੇ ਵਜ਼ੀਫਾ ਜਾਰੀ ਹੋਣ 'ਤੇ ਵਧਾਈਆਂ ਦਿੱਤੀਆ ਅਤੇ ਦੱਸਿਆ ਕਿ ਇਹ ਕਾਲਜ ਦੇ ਮਿਹਨਤੀ ਸਟਾਫ ਸਦਕਾ ਹੀ ਸੰਭਵ ਹੋਇਆ ਹੈ । ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੂਨੀਵਰਸਿਟੀ ਕਾਲਜ, ਮੂਨਕ (ਸੰਗਰੂਰ) ਪੱਛੜੇ ਇਲਾਕੇ ਵਿੱਚ ਉੱਚ ਸਿੱਖਿਆ ਦਾ ਪਸਾਰ ਕਰ ਰਿਹਾ ਹੈ। ਇਸ ਕਾਲਜ ਵਿੱਚ ਪੜ੍ਹਨ ਵਾਲੇ ਐਸ.ਸੀ. ਕੈਟਾਗਿਰੀ ਦੇ ਵਿਦਿਆਰਥੀ ਅਤੇ ਘੱਟ ਗਿਣਤੀ ਨਾਲ ਸਬੰਧਤ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਤੋਂ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ । ਸ਼ੈਸਨ 2025-26 ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਕਾਲਜ ਵਿੱਚ ਤਜ਼ਰਬੇਕਾਰ, ਮਿਹਨਤੀ, ਉੱਚ ਸਿੱਖਿਆ ਪ੍ਰਾਪਤ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ



# ਪਟਿਆਲਾ-ਆਸ/ਪਾਸ



## ਸੱਚਖੰਡ ਵਾਸੀ ਸੰਤ ਬਾਬਾ ਸੁਖਦੇਵ ਸਿੰਘ ਜੀ ਦੀ 22ਵੀਂ ਬਰਸੀ ਮਨਾਈ

### ਡੀ.ਆਈ.ਜੀ. ਨਾਨਕ ਸਿੰਘ, ਰੱਖੜਾ, ਧਰਮਸੋਤ, ਜੱਸੀ ਸੋਹੀਆਂ ਵਾਲਾ, ਸੰਤ ਮਹਾਂਪੁਰਸ਼ਾਂ ਸਮੇਤ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ



ਨਾਭਾ, 28 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਰਿਆਸਤੀ ਨਗਰੀ ਨਾਭਾ ਨਜ਼ਦੀਕ ਸਥਿਤ ਗੁਰਦੁਆਰਾ ਅਲੌਹਰਾਂ ਸਾਹਿਬ ਵਿਖੇ ਸੰਤ ਬਾਬਾ ਸੁਖਦੇਵ ਸਿੰਘ ਜੀ ਦੀ 22ਵੀਂ ਬਰਸੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮੁਖੀ ਬਾਬਾ ਕਸ਼ਮੀਰਾ ਸਿੰਘ ਦੀ ਅਗਵਾਈ ਹੇਠ ਮਨਾਈ ਗਈ। ਇਸ ਮੌਕੇ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਨੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਾਈ। ਬਰਸੀ ਸਮਾਗਮ ਮੌਕੇ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਖ਼ੂਨਦਾਨ ਕੈਂਪ ਅਤੇ ਮੈਡੀਕਲ ਕੈਂਪ ਵੀ ਲਗਾਇਆ ਗਿਆ। ਇਸ ਅਵਸਰ 'ਤੇ ਕਰਵਾਏ ਧਾਰਮਿਕ ਸਮਾਗਮ ਦੌਰਾਨ ਸੰਤਾਂ-ਮਹਾਂਪੁਰਸ਼ਾਂ ਅਤੇ ਸੰਤ ਬਾਬਾ ਕਸ਼ਮੀਰਾ ਸਿੰਘ ਵੱਲੋਂ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਆਈਆਂ ਸੰਗਤਾਂ ਦਾ ਮੁਖੀ ਬਾਬਾ ਕਸ਼ਮੀਰਾ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ 'ਤੇ ਸੰਤ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲੇ, ਭਾਈ ਜਗਤਾਰ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਬਾਬਾ ਰੌਸ਼ਨ ਸਿੰਘ ਜੀ ਧਬਲਾਨ ਸਾਹਿਬ ਵਾਲੇ, ਬਾਬਾ ਮੋਹਨ ਸਿੰਘ ਬਾਰਨ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਰਾਏਕੋਟ ਵਾਲੇ, ਸੰਤ ਬਾਬਾ ਪ੍ਰਿਤਪਾਲ ਸਿੰਘ ਮਲੇਸ਼ੀਆ ਵਾਲੇ, ਸੰਤ ਹਰਵਿੰਦਰ ਸਿੰਘ ਰੋਈ ਵਾਲੇ, ਸੰਤ ਬਾਬਾ ਅਮਰੀਕ ਸਿੰਘ, ਸੰਤ ਬਾਬਾ ਜਸਪਾਲ ਸਿੰਘ, ਬਾਬਾ ਗੁਰਤਾਰ ਸਿੰਘ ਚੱਪੜ ਵਾਲੇ, ਭਾਈ ਇੰਦਰਜੀਤ ਸਿੰਘ ਰੱਕੜ, ਜਥੇਦਾਰ ਦਲੀਪ ਸਿੰਘ, ਸੰਤ ਪਰਮਜੀਤ ਸਿੰਘ ਮਾਨੀਆਂ ਵਾਲੇ, ਸੰਤ ਬਲਜੀਤ ਸਿੰਘ ਖੇੜੀ ਗੰਡੀਆਂ ਵਾਲੇ, ਸੰਤ ਦਰਸ਼ਨ ਸਿੰਘ ਭੀਖੀ ਵਾਲੇ, ਬਾਬਾ ਇੰਦਰ ਸਿੰਘ ਜਥੇਦਾਰ ਕਾਰ ਸੇਵਾ ਪਟਿਆਲਾ, ਬਾਬਾ ਗੁਰਨਿਸ਼ ਸਿੰਘ ਨੱਥੂਮਾਜਰਾ ਵਾਲੇ, ਬਾਬਾ ਗੁਰਮੀਤ ਸਿੰਘ ਕਾਰਸੇਵਾ ਡੱਚਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ, ਡੀ ਆਈ ਜੀ ਪਟਿਆਲਾ ਰੇਂਜ ਡਾ. ਨਾਨਕ ਸਿੰਘ, ਜੱਸੀ ਸੋਹੀਆਂ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸਾਬਕਾ ਵਜ਼ੀਰ ਸੁਰਜੀਤ ਸਿੰਘ ਰੱਖੜਾ, ਅਕਾਲੀ ਆਗੂ ਰਣਧੀਰ ਸਿੰਘ ਰੱਖੜਾ, ਸਾਬਕਾ ਚੇਅਰਮੈਨ ਪਰਮਜੀਤ ਸਿੰਘ ਖੱਟੜਾ, ਚਰਨ ਸਿੰਘ ਐਮਡੀ ਮਲਕੀਤ ਕੰਬਾਈਨ ਨਾਭਾ, ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ, ਭੀਮ ਸਿੰਘ ਡਾਇਰੈਕਟਰ ਪ੍ਰੀਤ ਐਗਰੋ ਇੰਡਸਟਰੀਜ਼, ਹਰਮੀਤ ਸਿੰਘ ਮਾਨ ਪ੍ਰਧਾਨ ਪ੍ਰੈਸ ਕਲੱਬ ਨਾਭਾ, ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਸੁਰਜੀਤ ਸਿੰਘ ਪ੍ਰਧਾਨ, ਬਾਬਾ ਜਤਿੰਦਰ ਸਿੰਘ ਜਯੋਤੀ, ਡਾ. ਹਰਪਾਲ ਸਿੰਘ ਅਮਲੋਹ, ਡਾਕਟਰ ਪੱਪੀ, ਹਰਬੰਸ ਸਿੰਘ ਖੱਟੜਾ, ਸੁਰਜੀਤ ਸਿੰਘ ਬਾਬਰਪੁਰ, ਬਾਬਾ ਹਰਦੇਵ ਸਿੰਘ, ਹੈਡ ਗ੍ਰੰਥੀ ਤਰਲੋਚਨ ਪਾਲ ਸਿੰਘ, ਜੋਗਾ ਸਿੰਘ ਚੱਪੜ, ਪਾਖਰ ਸਿੰਘ ਸਹੋਲੀ ਐਮਡੀ ਹਰਦੇਵ ਕੰਬਾਈਨ ਨਾਭਾ, ਹਰਜੀਤ ਸਿੰਘ ਹਰਜੀਤ ਕੰਬਾਈਨ, ਗੁਰਦਿਆਲ ਕੰਬਾਈਨ ਨਾਭਾ, ਸਾਬਕਾ ਚੇਅਰਮੈਨ ਪਰਮਜੀਤ ਸਿੰਘ ਖੱਟੜਾ, ਸਾਬਕਾ ਚੇਅਰਮੈਨ ਇੰਦ੍ਰਿਆ ਮਾਨ ਸਿੰਘ ਭੋਲੋਮਾਜਰੀ, ਗੁਰਜੰਟ ਸਿੰਘ ਦੁਲੱਦੀ ਸਰਪੰਚ, ਸਾਬਕਾ ਸਰਪੰਚ ਮੁਸ਼ਤਾਕ ਅਲੀ ਕਿੰਗ, ਗਮਦੂਰ ਸਿੰਘ, ਸਰਦਾਰਾ ਸਿੰਘ, ਸਟੇਜ ਸੈਕਟਰੀ ਬਾਬਾ ਗੁਰਸੇਵਕ ਸਿੰਘ, ਭੁਪਿੰਦਰ ਸਿੰਘ ਖੋਖ, ਦਰਬਾਰਾ ਸਿੰਘ, ਜਗਤਾਰ ਸਿੰਘ, ਹਰਪਾਲ ਸਿੰਘ, ਬਲਵੰਤ ਸਿੰਘ, ਮਾਸਟਰ ਸੁਖਵਿੰਦਰ ਸਿੰਘ ਸੁੱਖੀ, ਬਾਬਾ ਤਰਲੋਚਨ ਸਿੰਘ ਹੈਡ ਗ੍ਰੰਥੀ, ਇੰਸਪੈਕਟਰ ਸਰਣ ਨਾਭਾ ਗੁਰਪ੍ਰੀਤ ਸਿੰਘ ਸਮਰਾਓ, ਡੀਐਸਪੀ ਨਾਭਾ ਮਨਦੀਪ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਬਰਸੀ ਸਮਾਗਮ ਮੌਕੇ ਲਗਾਏ ਖ਼ੂਨਦਾਨ ਤੇ ਮੈਡੀਕਲ ਚੈੱਕਅੱਪ ਕੈਂਪ ਦਾ ਜੱਸੀ ਸੋਹੀਆਂ ਵਾਲਾ ਵੱਲੋਂ ਉਦਘਾਟਨ



ਨਾਭਾ, 28 ਜੂਨ (ਬਲਜਿੰਦਰ ਮਾਨ) : ਗੁਰਦੁਆਰਾ ਸਿੱਧਸਰ ਸਾਹਿਬ ਅਲੌਹਰਾਂ ਵਿਖੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਜੀ ਦੀ 22ਵੀਂ ਸਾਲਾਨਾ ਬਰਸੀ ਮੌਕੇ ਅੱਜ ਮਿਸ਼ਨ ਲਾਲੀ ਤੇ ਹਰਿਆਲੀ ਟੀਮ ਵੱਲੋਂ ਸਮਾਜ ਸੇਵੀ ਹਰਦੀਪ ਸਨੌਰ ਦੀ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਅਤੇ ਬਾਬਾ ਹਰਦੇਵ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ ਅਤੇ ਉਨ੍ਹਾਂ ਨੇ ਖ਼ੂਨਦਾਨੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਮਹਾਨ ਕਰਨੀ ਅਤੇ ਨਿਮਰਤਾ ਦਾ ਪੁੰਜ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਅਤੇ ਸਿੱਖ ਧਰਮ ਦੇ ਪ੍ਰਚਾਰ ਦੇ ਲੇਖੇ ਵਿੱਚ ਲਗਾ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਲੱਖਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਨਾਲ ਜੋੜਿਆ ਅਤੇ ਲੋਕਾਂ ਨੂੰ ਚੰਗੇ ਕੰਮਾਂ ਵੱਲ ਪ੍ਰੇਰਿਤ ਕੀਤਾ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਖ਼ੂਨਦਾਨ ਅਤੇ ਮੁਫ਼ਤ ਮੈਡੀਕਲ ਜਾਂਚ ਕੈਂਪ ਲਗਾਉਣ 'ਤੇ ਸਮੁੱਚੇ ਪ੍ਰਬੰਧਕਾਂ ਦੀ ਸ਼ਲਾਘਾ ਵੀ ਕੀਤੀ।

## ਪੁਲਿਸ ਵੱਲੋਂ ਨਸ਼ੀਲੀਆਂ ਗੋਲ਼ੀਆਂ ਤੇ ਪਿਸਤੌਲ ਸਮੇਤ ਚਾਰ ਗ੍ਰਿ.ਫਤਾਰ



ਨਾਭਾ, 28 ਜੂਨ (ਬਲਜਿੰਦਰ ਮਾਨ) : ਐਸ.ਐਸ.ਪੀ. ਵਰੁਣ ਸ਼ਰਮਾ ਆਈ.ਪੀ.ਐਸ ਦੇ ਦਿਸ਼ਾ ਨਿਰਦੇਸ਼ ਤਹਿਤ ਅਤੇ ਗੁਰਬੰਸ ਸਿੰਘ ਬੈਂਸ ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਪਟਿਆਲਾ, ਮਨਦੀਪ ਕੌਰ ਡੀ.ਐਸ.ਪੀ ਨਾਭਾ ਅਤੇ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਮੁੱਖ ਅਫਸਰ ਥਾਣਾ ਕੋਤਵਾਲੀ ਨਾਭਾ ਦੀ ਯੋਗ ਅਗਵਾਈ ਹੇਠ ਏ. ਐਸ. ਆਈ. ਬਲਵਿੰਦਰ ਸਿੰਘ ਥਾਣਾ ਕੋਤਵਾਲੀ ਨਾਭਾ ਵੱਲੋਂ ਭੈੜੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਸਮੇਤ ਪੁਲਿਸ ਪਾਰਟੀ ਦੇ ਦੌਰਾਨੇ ਗਸ਼ਤ ਕਥਿਤ ਦੋਸ਼ੀਆਂ ਲਵਪ੍ਰੀਤ ਸਿੰਘ ਉਰਫ ਲਵਲੀ ਭਾਊ, ਰਾਜਦੀਪ ਸਿੰਘ ਉਰਫ ਰਾਜਾ ਭਾਊ, ਸੁਖਦਰਸ਼ਨ ਸਿੰਘ ਵਾਸੀ ਘੁਲਾੜ ਮੰਡੀ ਬੌੜਾਂ ਗੇਟ ਨਾਭਾ, ਕਮਲਜੀਤ ਸਿੰਘ ਉਰਫ ਕਮਲ ਭਾਊ ਵਾਸੀ ਘੁਲਾੜ ਮੰਡੀ ਬੌੜਾਂ ਗੇਟ ਨਾਭਾ, ਗੌਤਮ ਉਰਫ ਬਾਦਸ਼ਾਹ ਵਾਸੀ ਕੰਡਾ ਬਸਤੀ ਬੌੜਾਂ ਗੇਟ ਨਾਭਾ ਨੂੰ ਰੋਕ ਕਰਕੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 450 ਖੁੱਲੀਆਂ ਨਸ਼ੀਲੀਆਂ ਗੋਲੀਆਂ ਰੰਗ ਚਿੱਟਾ ਅਤੇ 450 ਖੁੱਲੀਆਂ ਨਸ਼ੀਲੀਆਂ ਗੋਲੀਆਂ ਰੰਗ ਸੰਤਰੀ ਕੁੱਲ 900 ਖੁੱਲੀਆਂ ਨਸ਼ੀਲੀਆਂ ਗੋਲੀਆਂ ਅਤੇ 1 ਪਿਸਤੌਲ ਅਤੇ ਕਾਰ ਰੰਗ ਚਿੱਟਾ ਬਰਾਮਦ ਹੋਈ, ਜਿਸ 'ਤੇ ਮੁਕੱਦਮਾ ਨੰਬਰ 59 ਅਧੀਨ ਧਾਰਾ ਕੋਤਵਾਲੀ ਨਾਭਾ ਜ਼ਿਲ੍ਹਾ ਪਟਿਆਲਾ 'ਤੇ ਦਰਜ ਕੀਤਾ ਗਿਆ। ਕਥਿਤ ਦੋਸ਼ੀਆਂ ਲਵਪ੍ਰੀਤ ਸਿੰਘ ਉਰਫ ਲਵਲੀ ਭਾਊ, ਰਾਜਦੀਪ ਸਿੰਘ ਉਰਫ ਰਾਜਾ ਭਾਊ, ਸੁਖਦਰਸ਼ਨ ਸਿੰਘ ਵਾਸੀ ਘੁਲਾੜ ਮੰਡੀ ਬੌੜਾਂ ਗੇਟ ਨਾਭਾ, ਕਮਲਜੀਤ ਸਿੰਘ ਉਰਫ ਕਮਲ ਭਾਊ ਵਾਸੀ ਘੁਲਾੜ ਮੰਡੀ ਬੌੜਾਂ ਗੇਟ ਨਾਭਾ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦੋਸ਼ੀ ਗੌਤਮ ਉਰਫ ਬਾਦਸ਼ਾਹ ਪੁੱਤਰ ਸੁੱਚਾ ਸਿੰਘ ਵਾਸੀ ਕੰਡਾ ਬਸਤੀ ਬੌੜਾਂ ਗੇਟ ਨਾਭਾ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਮੌਕੇ ਤੋਂ ਫਰਾਰ ਹੋ ਗਿਆ।

## ਗ੍ਰਾਮ ਪੰਚਾਇਤ ਸੁੱਖੇਵਾਲ ਵਿਖੇ ਵਿਕਾਸ ਕਾਰਜ ਸ਼ੁਰੂ

### ਰਹਿੰਦੇ ਵਿਕਾਸ ਕਾਰਜ ਜਲਦ ਪੂਰੇ ਕੀਤੇ ਜਾਣਗੇ : ਸਰਪੰਚ ਕੋਮਲਪ੍ਰੀਤ ਕੌਰ



ਨਾਭਾ, 28 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਹਲਕਾ ਨਾਭਾ ਦੇ ਪਿੰਡ ਸੁੱਖੇਵਾਲ ਦੀ ਗ੍ਰਾਮ ਪੰਚਾਇਤ ਵਲੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਯੋਗ ਅਗਵਾਈ 'ਚ ਜਿੱਥੇ ਪਿੰਡ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਬਾਬਾ ਕੁਲਦੀਪ ਸਿੰਘ ਕਾਰਸੇਵਾ ਵਾਲਿਆਂ ਵਲੋਂ ਅਰਦਾਸ ਕਰਨ ਉਪਰੰਤ ਕੀਤੀ ਗਈ ਹੈ, ਜਿਵੇਂ ਡਿਸਪੈਂਸਰੀ ਦੀ ਚਾਰਦੀਵਾਰੀ, ਸੜਕ ਦੇ ਬਰਮ ਗੁਰੂਘਰ ਤੱਕ ਭਰਨੇ, ਗਲੀਆਂ ਨਾਲੀਆਂ, ਸ਼ਮਸ਼ਾਨਘਾਟ ਦਾ ਰਸਤਾ ਪੱਕਾ ਕਰਨਾ, ਖੇਡ ਗਰਾਊਂਡ ਤੇ ਪਾਰਕ 'ਚ ਜਿੰਮ ਵਗੈਰਾ ਲਗਾਉਣਾ ਆਦਿ। ਇਸ ਮੌਕੇ ਸਰਪੰਚ ਕੋਮਲਪ੍ਰੀਤ ਕੌਰ ਨੇ ਕਿਹਾ ਰਹਿੰਦੇ ਵਿਕਾਸ ਕਾਰਜ ਜਲਦ ਪੂਰੇ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਤੇ ਸਮੂਹ ਪੰਚਾਇਤ ਵਲੋਂ ਗ੍ਰਾਂਟ ਦੇਣ ਲਈ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਰਹਿਨੁਮਾਈ ਤੇ ਯਤਨਾਂ ਸਦਕਾ ਪਿੰਡ ਦੀ ਕਾਇਆ ਕਲਪ ਕੀਤੀ ਜਾਵੇਗੀ ਤਾਂ ਜੋ ਪਿੰਡ ਵਾਸੀਆਂ ਨੂੰ ਸਹੂਲਤਾਂ ਪ੍ਰਦਾਨ ਹੋ ਸਕਣ। ਇਸ ਮੌਕੇ ਸਾਬਕਾ ਸਰਪੰਚ ਧਰਮਿੰਦਰ ਸਿੰਘ, ਸਰਪੰਚ ਕੋਮਲਪ੍ਰੀਤ ਕੌਰ ਸੁੱਖੇਵਾਲ ਕੁਲਵਿੰਦਰ ਸਿੰਘ ਸੁੱਖੇਵਾਲ, ਜਗਜੀਵਨ ਸਿੰਘ, ਜਗਸੀਰ ਸਿੰਘ ਪੰਚ, ਧਨਵੰਤ ਸਿੰਘ ਪੰਚ, ਦਲਜੀਤ ਕੌਰ ਪੰਚ ਪਤਨੀ ਪ੍ਰੇਮ ਸਿੰਘ, ਗੁਰਦੀਪ ਕੌਰ ਪੰਚ ਪਤਨੀ ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ, ਪਿੰਦਰਜੀਤ ਸਿੰਘ, ਡਾ. ਜੱਗਾ ਸਿੰਘ, ਮਨਪ੍ਰੀਤ ਸਿੰਘ, ਲਾਲ ਠੇਕੇਦਾਰ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਪਿੰਡਾਂ-ਸ਼ਹਿਰਾਂ ਤੇ ਕਸਬਿਆਂ ਦੀਆਂ ਔਰਤਾਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣ : ਐਸ.ਪੀ. ਸਵਰਨਜੀਤ ਕੌਰ



ਪਟਿਆਲਾ, 28 ਜੂਨ (ਚ.ਨ.ਸ.) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਨੇ ਐਸ.ਪੀ /ਪੀ.ਬੀ.ਆਈ ਪਟਿਆਲਾ ਸਵਰਨਜੀਤ ਕੌਰ ਨੂੰ ਦਿੱਤੀ। ਇਸ ਮੌਕੇ ਐਸ ਆਈ ਜਸਵਿੰਦਰ ਸਿੰਘ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਵਰਿੰਦਰ ਸਿੰਘ ਖਰੋੜ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਉਪਕਾਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਐਸ ਪੀ ਪੀ .ਬੀ.ਆਈ ਪਟਿਆਲਾ ਸਵਰਨਜੀਤ ਕੌਰ ਨੇ ਕਿਹਾ ਕਿ ਪਿੰਡਾਂ, ਸ਼ਹਿਰਾਂ, ਕਸਬਿਆਂ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਚਾਹੀਦਾ ਹੈ ਜੋ ਕਿ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਮਾਵਾਂ, ਭੈਣਾਂ ਨੂੰ ਅਪੀਲ ਕੀਤੀ ਕਿ ਉਹੋ ਸਮੇਂ ਸਮੇਂ-ਸਿਰ ਆਪਣੇ ਬੱਚਿਆਂ ਦੇ ਸਕੂਲਾਂ, ਕਾਲਜਾਂ ਯੂਨੀਵਰਸਿਟੀਆਂ ਵਿੱਚ ਜਾ ਕੇ ਉਹਨਾਂ ਦੀ ਜਾਣਕਾਰੀ ਉਹਨਾਂ ਦੇ ਅਧਿਆਪਕਾਂ ਤੋਂ ਲੈਣ। ਉਹਨਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਇਸ ਨਸ਼ਿਆਂ ਵਿਰੁੱਧ ਯੁੱਧ ਵਿਚ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

## ਐਨ.ਸੀ.ਸੀ. ਏਅਰ ਵਿੰਗ ਦੇ ਕਮਾਂਡਿੰਗ ਅਫਸਰ ਨੇ ਏ.ਐਨ.ਓ. ਨਾਲ ਮੁਲਾਕਾਤ ਕੀਤੀ

ਨਾਭਾ, 28 ਜੂਨ (ਬਲਜਿੰਦਰ ਮਾਨ) : 3 ਪੰਜਾਬ ਏਅਰ ਸਕੁਐਡਰਨ ਐਨਸੀਸੀ ਪਟਿਆਲਾ ਦੇ ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ ਨੇ ਇੱਕ ਮੀਟਿੰਗ ਵਿੱਚ ਏਅਰ ਸਕੁਐਡਰਨ ਐਨਸੀਸੀ ਪਟਿਆਲਾ ਵਿੱਚ ਆਉਣ ਵਾਲੇ ਸਾਰੇ ਕਾਲਜਾਂ ਅਤੇ ਸਕੂਲਾਂ ਦੇ ਏਐਨਓਜ਼ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਦਾ ਮੁੱਖ ਉਦੇਸ਼ 2 ਜੁਲਾਈ ਤੋਂ ਸ਼ੁਰੂ ਹੋਣ ਵਾਲਾ ਸਾਲਾਨਾ ਸਿਖਲਾਈ ਕੈਂਪ ਸੀ, ਜੋ ਕਿ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ ਹੋਣ ਜਾ ਰਿਹਾ ਹੈ। ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ ਨੇ ਮੀਟਿੰਗ ਦੌਰਾਨ ਏ.ਐਨ.ਓ. ਨੂੰ ਆਪਣੀਆਂ ਡਿਊਟੀਆਂ ਬਾਰੇ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਏ.ਐਨ.ਓ.ਨਾਲ ਵੀ ਚਰਚਾ ਕੀਤੀ। ਉਨ੍ਹਾਂ ਨੇ ਇਸ ਸਿਖਲਾਈ ਕੈਂਪ ਵਿੱਚ ਏ. ਐਨ. ਓ. ਦੀ ਮਹੱਤਵਪੂਰਨ ਭੂਮਿਕਾ 'ਤੇ ਵੀ ਚਾਨਣਾ ਪਾਇਆ।



ਮੀਟਿੰਗ ਵਿੱਚ ਯੂਨੀਵਰਸਿਟੀ ਕਾਲਜ, ਘਨੌਰ ਤੋਂ ਫਲਾਇੰਗ ਅਫ਼ਸਰ ਅਰਵਿੰਦਰ ਸਿੰਘ, ਪੰਜਾਬ ਪਬਲਿਕ ਸਕੂਲ, ਨਾਭਾ ਤੋਂ ਐਨ.ਸੀ.ਸੀ. ਏਅਰ ਵਿੰਗ ਇੰਚਾਰਜ ਚੀਫ਼ ਅਫ਼ਸਰ ਸ਼ਾਹਿਦ ਅਹਿਮਦ, ਮਲਟੀਪਰਪਜ਼ ਸਕੂਲ ਤੋਂ ਫਸਟ ਅਫ਼ਸਰ ਰਵਿੰਦਰ ਸਿੰਘ, ਸਰਕਾਰੀ ਸਕੂਲ ਤੋਂ ਥਰਡ ਅਫ਼ਸਰ ਜੋਤੀ, ਥਰਡ ਅਫ਼ਸਰ ਸੰਚਨਾ, ਥਰਡ ਅਫ਼ਸਰ ਇਮਰਾਨ, ਕਾਰਪੋਰਲ ਲਵਪ੍ਰੀਤ ਸਿੰਘ ਮੌਜੂਦ ਸਨ।

## ਲੁਧਿਆਣਾ ਚੋਣਾਂ 'ਚ ਲੋਕਾਂ ਨੇ 'ਆਪ' ਪਾਰਟੀ ਦੀਆਂ ਨੀਤੀਆਂ ਦੇ ਹੱਕ 'ਚ ਦਿੱਤਾ ਫ਼ਤਵਾ: ਧਰਮਪਾਲ ਨਾਹਰ



ਸਮਾਣਾ, 28 ਜੂਨ (ਜਵੰਦਾ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖ਼ੁਸ਼ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਸੀਨੀਅਰ ਆਪ ਆਗੂ ਅਤੇ ਕੌਂਸਲਰ ਧਰਮਪਾਲ ਨਾਹਰ ਨੇ ਦੱਸਿਆ ਕਿ ਲੁਧਿਆਣਾ ਪੱਛਮੀ ਤੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਆਮ ਲੋਕਾਂ ਦੀ ਜਿੱਤ ਹੈ ਤੇ ਇਹ ਜਿੱਤ ਲੋਕਤੰਤਰ, ਇਮਾਨਦਾਰੀ ਤੇ ਵਿਕਾਸ 'ਤੇ ਭਰੋਸਾ ਜਿਤਾਉਣ ਵਾਲੇ ਹਰ ਨਾਗਰਿਕ ਦੀ ਜਿੱਤ ਹੈ।

## ਸੱਟਾ ਬ੍ਰਾਮਦ

ਘਨੌਰ, 28 ਜੂਨ (ਮਦਨ ਲਾਲ) : ਥਾਣਾ ਸਿਟੀ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀ ਸੰਜੇ ਕੁਮਾਰ ਵਾਸੀ ਗਊਸ਼ਾਲਾ ਰੋਡ ਰਾਜਪੁਰਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ. ਐਸ. ਆਈ. ਹਰੀਸ਼ ਕੁਮਾਰ ਸਮੇਤ ਪੁਲਿਸ ਪਾਰਟੀ ਬੱਸ ਸਟੈਂਡ ਰਾਜਪੁਰਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਧਮੋਲੀ ਰੋਡ ਰਾਜਪੁਰਾ 'ਤੇ ਤੁਰ ਫਿਰ ਕੇ ਦੜ੍ਹਾ ਸੱਟਾ ਲਗਾ ਰਿਹਾ ਹੈ, ਜੋ ਰੇਡ ਕਰਨ 'ਤੇ 2660 ਰੁਪਏ ਦੜ੍ਹਾ ਸੱਟਾ ਦੇ ਬ੍ਰਾਮਦ ਹੋਏ।

## ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ ਵੱਲੋਂ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ

ਪਟਿਆਲਾ, 28 ਜੂਨ (ਚ.ਨ.ਸ.) : ਡਾ. ਰਤਨ ਸਿੰਘ ਜੱਗੀ ਦਾ ਜੀਵਨ ਸਾਹਿਤਕਾਰਾਂ ਅਤੇ ਨੌਜਵਾਨਾਂ ਲਈ ਪ੍ਰੇਰਨਾਸ੍ਰੋਤ ਦਾ ਕੰਮ ਕਰੇਗਾ। ਵਰਤਮਾਨ ਬੇਰੋਜ਼ਗਾਰੀ ਅਤੇ ਨੌਜਵਾਨਾਂ ਵਿੱਚ ਨਿਰਾਸ਼ਾ ਵਾਲੇ ਸਮੇਂ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਫਾਰਸੀ ਅਤੇ ਸੰਸਕ੍ਰਿਤ ਦੇ ਸੰਸਾਰ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਦਾ ਜਦੋ-ਜਹਿਦ ਵਾਲਾ ਜੀਵਨ ਰਾਹ ਦਸੇਰਾ ਬਣ ਸਕਦਾ ਹੈ। ਡਾ. ਰਤਨ ਸਿੰਘ ਜੱਗੀ ਨੇ 1947 ਵਿੱਚ ਦੇਸ਼ ਦੀ ਵੰਡ ਸਮੇਂ ਲਹਿੰਦੇ ਪੰਜਾਬ ਵਿੱਚੋਂ ਆ ਕੇ ਇੱਕ ਸਿਪਾਹੀ ਦੀ ਨੌਕਰੀ ਸ਼ੁਰੂ ਕੀਤੀ ਸੀ, ਪ੍ਰੰਤੂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਨੇ ਉਨ੍ਹਾਂ ਨੂੰ ਪਦਮ ਸ੍ਰੀ ਵਰਗੇ ਮਾਨ ਸਨਮਾਨ ਦਿਵਾਏ ਅਤੇ ਉਨ੍ਹਾਂ ਨੇ ਅਨੇਕ ਆਰਥਿਕ ਮੁਸ਼ਕਲਾਂ ਦਾ ਮੁਕਾਬਲਾ ਕਰਦੇ ਹੋਏ ਤਿੰਨ ਡੀ.ਲਿਟ ਦੀਆਂ ਡਿਗਰੀਆਂ ਅਤੇ 150 ਤੋਂ ਵੱਧ ਪੁਸਤਕਾਂ ਲਿਖਕੇ ਆਪਣਾ ਨਾਮ ਸਾਹਿਤਕ ਜਗਤ ਵਿੱਚ ਚਮਕਾਇਆ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਲਮ ਨਵੀਸ ਉਜਾਗਰ ਸਿੰਘ ਨੇ ਅਰਬਨ ਅਸਟੇਟ ਪਟਿਆਲਾ ਦੀ ਸੀਨੀਅਰ ਸਿਟੀਜਨ ਵੈਲਫੇਅਰ ਸੋਸਾਇਟੀ ਵੱਲੋਂ ਸੋਸਾਇਟੀ ਦੇ ਮੁੱਖ ਸਰਪਰਸਤ ਡਾ.ਰਤਨ ਸਿੰਘ ਜੱਗੀ ਦੀ ਯਾਦ ਵਿੱਚ ਆਯੋਜਤ ਕੀਤੀ ਗਈ ਮੀਟਿੰਗ ਵਿੱਚ ਮੁੱਖ ਵਕਤਾ ਦੇ ਤੌਰ 'ਤੇ ਸ਼ਰਧਾਂਜਲੀ ਭੇਂਟ ਕਰਦਿਆਂ ਕੀਤਾ। ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ 'ਤੇ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਰਾਜ ਸਿੰਘ ਪੰਨੂ ਨੇ ਵੀ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਆਏ ਮਹਿਮਾਨਾਂ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਡਾ.ਵਿਸ਼ਵ ਗੋਇਲ ਮਨੀਪਾਲ ਹਸਪਤਾਲ ਪਟਿਆਲਾ ਨੇ ਹੱਡੀਆਂ ਦੀਆਂ ਬਿਮਾਰੀਆਂ ਦੇ ਬਚਾਓ ਅਤੇ ਇਲਾਜ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ।

ਇਸ ਮਹੀਨੇ ਜਿਹੜੇ ਮੈਂਬਰਾਂ ਦੇ ਜਨਮ ਸਨ, ਉਨ੍ਹਾਂ ਦੇ ਜਨਮ ਦਿਨ ਕੇਕ ਕੱਟ ਕੇ ਮਨਾਏ ਗਏ।

## 'ਨਟਾਸ' ਵੱਲੋਂ 44ਵੀਂ ਥੀਏਟਰ ਵਰਕਸ਼ਾਪ ਦੇ ਦੂਜੇ ਪੜਾਅ ਦਾ ਅਕਸ਼ੇ ਗੋਪਾਲ ਨਵਯੁੱਗ ਅਤੇ ਭਗਵਾਨ ਦਾਸ ਗੁਪਤਾ ਵੱਲੋਂ ਉਦਘਾਟਨ

ਪਟਿਆਲਾ, 28 ਜੂਨ (ਚ.ਨ.ਸ.): ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦੰਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸਟੇਟ ਅਵਾਰਡੀ ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ 3 ਅਕਤੂਬਰ ਨੂੰ ਆਰੰਭ ਹੋਈ 44ਵੀਂ ਸਾਲਾਨਾ ਥੀਏਟਰ ਵਰਕਸ਼ਾਪ ਦੇ ਦੂਜੇ ਪੜਾਅ ਦਾ ਉਦਘਾਟਨ ਭਾਸ਼ਾ ਭਵਨ ਵਿਖੇ ਭਰਪੂਰ ਹਾਜ਼ਰੀ ਵਿੱਚ ਨਾਮਵਰ ਸ਼ਖਸੀਅਤਾਂ ਦਾਨਵੀਰ ਪਰਿਵਾਰ ਦੇ ਚਮਕਦੇ ਸਿਤਾਰੇ ਸੇਠ ਅਕਸ਼ੇ ਗੋਪਾਲ ਨਵਯੁਗ ਫਲਾਈਓਵਰ ਕਲਾਸਿਕ ਅਤੇ ਕਈ ਸਰਕਾਰੀ ਗੈਰ ਸਰਕਾਰੀ ਸਨਮਾਨ ਪ੍ਰਾਪਤਕਰਤਾ ਸ਼੍ਰੀ ਭਗਵਾਨ ਦਾਸ ਗੁਪਤਾ ਨੇ ਭਗਵਾਨ ਨਟਰਾਜ ਨੂੰ ਪੁਸ਼ਪਾਂਜਲੀ ਅਤੇ ਪ੍ਰਸ਼ਾਦ ਭੇਟ ਕਰਕੇ ਸਲੋਕਾਂ ਦੇ ਉਚਾਰਨ ਦੌਰਾਨ ਕੀਤਾ। ਉਹਨਾਂ ਨੇ ਕਿਹਾ ਕਿ ਥੀਏਟਰ ਵਰਕਸ਼ਾਪ ਆਤਮ ਵਿਸ਼ਵਾਸ਼ ਪੈਦਾ ਕਰਨ ਵਿੱਚ ਬਹੁਤ ਸਹਾਈ ਹੈ। ਸੇਠ ਅਕਸ਼ੇ ਗੋਪਾਲ ਨੇ ਕਿਹਾ ਕਿ ਉਹ, ਉਹਨਾਂ ਦਾ ਪਰਿਵਾਰ ਅਤੇ ਉਹਨਾਂ ਦੀ ਇਕ ਸਦੀ ਪੁਰਾਣੀ ਸੇਵਾ ਸੰਸਥਾ



ਸਨਾਤਮ ਧਰਮ ਕੁਮਾਰ ਸਭਾ, ਜਿਸ ਤਹਿਤ 17 ਸੇਵਾ ਸੰਸਥਾਵਾਂ ਜਿਵੇਂ ਅਗਰਸੈਨ ਹਸਪਤਾਲ, ਆਤਮਾ ਰਾਮ ਕੁਮਾਰ ਸਭਾ ਸਕੂਲ, ਲੜਕੀਆਂ ਦੇ ਸਕੂਲ, ਬਾਲ ਨਿਕੇਤਨ ਅਨਾਥਾਲਿਆ, ਪਿੰਗਲਾ ਆਸ਼ਰਮ, ਸਾਰੇ ਸ਼ਮਸ਼ਾਨ ਘਾਟ, ਸਿਲਾਈ ਕੇਂਦਰ, ਐਸ.ਡੀ.ਕੇ.ਐਸ. ਭਵਨ, ਧਰਮਸ਼ਾਲਾ ਆਦਿ ਸਭਾ ਦੇ ਪ੍ਰਬਲ ਪ੍ਰਧਾਨ ਸ਼੍ਰੀ ਬਾਲ ਕ੍ਰਿਸ਼ਨ ਸਿੰਗਲਾ ਦੇ ਕੁਸ਼ਲ ਪ੍ਰਬੰਧ ਹੇਠ ਸਰਗਰਮ ਹਨ, ਦੰਪਤੀ ਸੁਨੀਤਾ - ਪ੍ਰਾਣ ਸੱਭਰਵਾਲ ਅਤੇ ਸਾਥੀਆਂ ਸ਼੍ਰੀ ਜੀ.ਐਸ. ਕੱਕੜ, ਸ਼੍ਰੀ ਪੀ.ਸੀ. ਤਿਵਾੜੀ, ਰਾਜਿੰਦਰ ਵਰਮਾ ਅਤੇ ਕਲਾਕਾਰਾਂ ਦੀਆਂ ਪਿਛਲੇ 6 ਦਹਾਕਿਆਂ ਤੋਂ ਜਾਰੀ ਸਮਾਜ - ਕਲਾ ਸੇਵਾਵਾਂ ਦੇ ਮਹਾਨ ਪ੍ਰਸ਼ੰਸ਼ਕ ਹਨ। ਨਟਾਸ ਪ੍ਰਧਾਨ ਸ਼੍ਰੀ ਜੀ.ਐਸ. ਕੱਕੜ, ਸ਼੍ਰੀਮਤੀ ਸੁਨੀਤਾ ਸੱਭਰਵਾਲ ਮੈਂਬਰਾਂ ਅਤੇ ਕਲਾਕਾਰਾਂ ਵਲੋਂ ਮਹਿਮਾਨ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਨਟਾਸ ਹਸਤੀਆਂ ਅਤੇ ਕਲਾਕਾਰਾਂ ਜਿਵੇਂ ਸ਼੍ਰੀ ਸ਼ੁਭਾਸ਼ ਮਲਿਕ, ਸੁਭਾਸ਼ ਭਗਤ, ਪਰਮਜੀਤ ਕੌਰ, ਹਰਸਿਮਰਨਜੀਤ ਕੌਰ ਸਰਨਾ, ਗਾਇਕ -ਕੰਪੋਜਰ ਗਿੱਲ ਦੀਪ (ਟਿਮੀ), ਸ਼ਵਦ, ਅੰਜਲੀ, ਬਲਜੀਤ ਚੰਦ, ਸੰਜੀਵ ਕੁਮਾਰ ਨੂੰ ਉਪਹਾਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਮਾਤਾ ਕੌਸ਼ੱਲਿਆ ਹਸਪਤਾਲ ਦਾ ਅਚਨਚੇਤ ਦੌਰਾ

ਪਟਿਆਲਾ, 28 ਜੂਨ (ਚ.ਨ.ਸ.) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਅੱਜ ਸਵੇਰੇ ਪਟਿਆਲਾ ਦੇ ਮਾਤਾ ਕੌਸ਼ਲਿਆ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ ਕਰਕੇ ਇੱਥੇ ਉਪਲਬਧ ਸਿਹਤ ਸੇਵਾਵਾਂ ਅਤੇ ਮੁਫ਼ਤ ਦਵਾਈ ਵੰਡ ਦੀ ਪ੍ਰਕ੍ਰਿਆ ਦਾ ਵਿਸਥਾਰ ਵਿੱਚ ਜਾਇਜ਼ਾ ਲਿਆ। ਉਹਨਾਂ ਹਸਪਤਾਲ ਦੀ ਓ.ਪੀ.ਡੀ., ਐਮਰਜੈਂਸੀ, ਆਈ.ਸੀ.ਯੂ., ਅਲਟਰਾਸਾਊਂਡ ਵਿਭਾਗ ਅਤੇ ਵਾਰਡਾਂ ਵਿੱਚ ਮਰੀਜ਼ਾਂ ਨਾਲ ਗੱਲ ਬਾਤ ਕੀਤੀ ਅਤੇ ਸੇਵਾਵਾਂ ਬਾਰੇ ਉਹਨਾਂ ਤੋਂ ਸਿੱਧਾ ਫੀਡਬੈਕ ਲਿਆ। ਮਰੀਜ਼ਾਂ ਵੱਲੋਂ ਮਿਲੀ ਤਸੱਲੀਬਖਸ਼ ਰਾਏ ਤੋਂ ਉਹਨਾਂ ਨੇ ਖੁਸ਼ੀ ਜਤਾਈ ਅਤੇ ਕਿਹਾ ਕਿ ਲੋਕਾਂ ਦਾ ਭਰੋਸਾ ਹੁਣ ਸਰਕਾਰੀ ਸਿਹਤ ਸੰਸਥਾਵਾਂ ਵੱਲ ਵੱਧ ਰਿਹਾ ਹੈ। ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਹਸਪਤਾਲ ਦੀ ਓ.ਪੀ.ਡੀ.'ਚ ਰੋਜ਼ਾਨਾ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 1500 ਤੋਂ 1800 ਤੱਕ ਪਹੁੰਚ ਗਈ ਹੈ ਜੋ ਕਿ ਲੋਕਾਂ ਵਿੱਚ ਸਰਕਾਰੀ ਸੇਵਾਵਾਂ ਪ੍ਰਤੀ ਵਿਸ਼ਵਾਸ ਦਾ ਸਿੱਧਾ ਸਬੂਤ ਹੈ। ਉਹਨਾਂ ਹਸਪਤਾਲ ਵਿੱਚ ਪੁਰਾਣੀ ਹੋ ਚੁੱਕੀ ਐਕਸ-ਰੇ-ਮਸ਼ੀਨ ਦੀ ਮਿਆਦ ਖ਼ਤਮ ਹੋਣ 'ਤੇ ਨਵੀਂ ਮਸ਼ੀਨ ਲਿਆਉਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਮਸ਼ੀਨਾਂ ਦੀ ਗਿਣਤੀ ਵਧਾ ਕੇ ਦੋ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਮਰੀਜ਼ ਨੂੰ ਲੰਬਾ ਇੰਤਜ਼ਾਰ ਨਾ ਕਰਨਾ ਪਵੇ। ਉਹਨਾਂ ਅਲਟਰਾਸਾਊਂਡ ਸੇਵਾਵਾਂ ਦੀ ਵੀ ਵਿਸ਼ੇਸ਼ ਜਾਂਚ ਕੀਤੀ ਅਤੇ ਕਿਹਾ ਕਿ ਇਹ ਸੇਵਾ ਮਰੀਜ਼ਾਂ ਲਈ ਕਾਫੀ ਲਾਭਕਾਰੀ ਸਾਬਤ ਹੋ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਉਹ ਇਸੇ ਤਰ੍ਹਾਂ ਹਰ ਇਕ ਹਸਪਤਾਲ ਅਤੇ ਸਿਹਤ ਕੇਂਦਰ ਵਿੱਚ ਜਾ ਕੇ ਅਚਨਚੇਤ ਜਾਇਜ਼ਾ ਲੈਂਦੇ ਰਹਿਣਗੇ। ਇਸ ਮੌਕੇ ਉਹਨਾਂ ਦੇ ਨਾਲ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੀ ਹਾਜ਼ਰ ਸਨ।



## ਡਿਪਟੀ ਕਮਿਸ਼ਨਰ ਟੀ.ਬੀ. ਦੇ ਮਰੀਜ਼ਾਂ ਦੀ ਸਹਾਇਤਾ ਲਈ ਬਣੇ ਨਿਕਸ਼ੇ ਮਿੱਤਰ



ਪਟਿਆਲਾ, 28 ਜੂਨ (ਚ.ਨ.ਸ.) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਵਿੱਚ ਟੀਬੀ ਮੁਕਤ ਭਾਰਤ ਅਭਿਆਨ (ਟੀਬੀਐਮਬੀਏ) ਦੇ ਲਾਗੂਕਰਨ ਦੀ ਸਮੀਖਿਆ ਅਤੇ ਮਜ਼ਬੂਤੀ ਲਈ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਉਨ੍ਹਾਂ ਨੇ ਟੀਬੀ ਦੇ ਮਰੀਜ਼ਾਂ ਨੂੰ ਪੋਸ਼ਣ ਅਤੇ ਮਨੋ-ਸਮਾਜਿਕ ਸਹਾਇਤਾ ਪ੍ਰਦਾਨ ਕਰਨ ਲਈ ਅਹਿਮ ਸਕੀਮ ਨਿਕਸ਼ੇ ਮਿੱਤਰਾਂ ਦਾ ਘੇਰਾ ਵਧਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਟੀ.ਬੀ. ਦੇ ਮਰੀਜ਼ਾਂ ਨੂੰ ਇਸ ਬਿਮਾਰੀ ਤੋਂ ਉਭਰਨ ਲਈ ਅਹਿਮ ਸਾਬਤ ਹੋਵੇਗੀ। ਮੀਟਿੰਗ ਵਿੱਚ ਜ਼ਿਲ੍ਹਾ ਟੀ.ਬੀ. ਅਫ਼ਸਰ ਡਾ. ਗੁਰਪ੍ਰੀਤ ਨਾਗਰਾ, ਟੀਬੀਐਮਬੀਏ ਟੀਮ, ਰਾਜ ਭਵਨ ਪੰਜਾਬ ਦੇ ਸਪੈਸ਼ਲਿਸਟ ਡਾ. ਅਨੁਰਾਗ ਵਸ਼ਿਸ਼ਠ, ਟੀਬੀਐਮਬੀਏ ਪੰਜਾਬ ਦੇ ਸਟੇਟ ਪ੍ਰੋਗਰਾਮ ਅਫ਼ਸਰ ਡਾ. ਜਸਕੀਰਤ ਸਿੰਘ, ਜ਼ਿਲ੍ਹਾ ਟੀਬੀ ਦਫ਼ਤਰ ਤੋਂ ਪਰਮਜੀਤ ਕੌਰ ਅਤੇ ਰਸ਼ਮੀ ਸ਼ਰਮਾ, ਰਾਜ ਭਵਨ ਪੰਜਾਬ ਦੇ ਨੁਮਾਇੰਦੇ ਦਵਿੰਦਰ ਕੌਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਇਨ੍ਹਾਂ ਨਾਲ ਵਿਚਾਰ-ਵਟਾਂਦਰੇ ਕਰਦਿਆਂ ਕਿਹਾ ਕਿ ਬੇਸ਼ੱਕ ਪਟਿਆਲਾ ਜ਼ਿਲ੍ਹੇ ਵਿੱਚ ਟੀਬੀ ਦਾ ਬੋਝ ਲਗਾਤਾਰ ਵੱਧ ਰਿਹਾ ਹੈ, ਜਿਸ ਲਈ ਟੀਬੀ ਦੇ ਮਰੀਜ਼ਾਂ ਲਈ ਢੁਕਵੀਂ ਦੇਖਭਾਲ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਨਿਕਸ਼ੇ ਮਿੱਤਰ ਪਹਿਲਕਦਮੀ ਨੂੰ ਵਧਾਉਣ ਦੀ ਤੁਰੰਤ ਲੋੜ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਟੀ.ਬੀ ਦੇ ਮਰੀਜ਼ਾਂ ਦੀ ਸਹਾਇਤਾ ਲਈ ਅੱਗੇ ਆਉਂਦਿਆਂ ਆਪਣੇ ਆਪ ਨੂੰ ਵੀ ਨਿਕਸ਼ੇ ਮਿੱਤਰ ਵਜੋਂ ਰਜਿਸਟਰ ਕਰਵਾਇਆ ਅਤੇ ਮੁਹਿੰਮ ਨੂੰ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਿਕਸ਼ੇ ਮਿੱਤਰਾਂ ਦੀ ਇਸ ਪਹਿਲਕਦਮੀ ਦੇ ਤਹਿਤ ਟੀਬੀ ਦੇ ਮਰੀਜ਼ਾਂ ਦੀ 100 ਫੀਸਦੀ ਕਵਰੇਜ ਪ੍ਰਾਪਤ ਕਰਨ ਲਈ ਸਰਗਰਮੀ ਨਾਲ ਕੰਮ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਇਹ ਇੱਕ ਨਿਰੰਤਰ ਅਤੇ ਟਿਕਾਊ ਯਤਨ ਬਣੇ ਤਾਂ ਕਿ ਟੀ.ਬੀ. ਦੇ ਮਰੀਜ਼ਾਂ ਲਈ ਭਲਾਈ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਟੀਬੀ ਮੁਕਤ ਪਟਿਆਲਾ ਵੱਲ ਦ੍ਰਿੜਤਾ ਨਾਲ ਅੱਗੇ ਵਧੇ।

## ਨਗਰ ਨਿਗਮ ਵੱਲੋਂ 7 ਤੋਂ ਵੱਧ ਇਲਾਕਿਆਂ 'ਚ ਕਾਰਵਾਈ

### ਦੁਕਾਨਦਾਰਾਂ ਵੱਲੋਂ ਸੜਕ ਤੱਕ ਸਮਾਨ ਰੱਖਣ ਕਰਕੇ ਹੋ ਰਹੀ ਸੀ ਆਵਾਜਾਈ ਪ੍ਰਭਾਵਿਤ



ਪਟਿਆਲਾ, 28 ਜੂਨ (ਰੁਪਾਣਾ) : ਨਗਰ ਨਿਗਮ ਵੱਲੋਂ ਮੇਅਰ ਕੁੰਦਨ ਗੋਗੀਆ, ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਅਤੇ ਲੈਂਡ ਬ੍ਰਾਂਚ ਦੇ ਸਕੱਤਰ ਸੁਰਜੀਤ ਸਿੰਘ ਦੀ ਰਹਿਨੁਮਾਈ ਵਿੱਚ ਇੰਸਪੈਕਟਰ ਵਿਸ਼ਾਲ ਵਰਮਾ ਨੇ ਨਿਗਮ ਟੀਮ ਨਾਲ ਮਿਲ ਕੇ ਅਨਾਰਦਨਾ ਚੌਕ, ਕਿਲਾ ਚੌਕ, ਕਾਲੀ ਦੇਵੀ ਮੰਦਰ ਦੇ ਬਾਹਰ, ਧਰਮਪੁਰਾ ਬਾਜ਼ਾਰ, ਬਡੂੰਗਰ ਰੋਡ, ਅਤੇ ਹੋਰ ਸ਼ਹਿਰ ਦੇ ਵੱਖ ਵੱਖ ਛੋਟੇ ਇਲਾਕੇ ਵਿੱਚ ਦੁਕਾਨਾਂ ਦਾ ਬਾਹਰ ਪਿਆ ਸਮਾਨ ਅੰਦਰ ਕਰਵਾ ਕੇ ਆਵਾਜਾਈ ਦਰੁਸਤ ਕਾਰਵਾਈ। ਇਸ ਦੇ ਨਾਲ ਹੀ ਬੀਐਨ ਖਾਲਸਾ ਰੋਡ ਤੋਂ ਤ੍ਰਿਪੜੀ ਤੱਕ ਆਵਾਜਾਈ ਵਿੱਚ ਆ ਰਹੀ ਤੰਗੀ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਗਈ ਹੈ।

ਇਸ ਤੋਂ ਇਲਾਵਾ ਗੌਰਮਿੰਟ ਮੈਡੀਕਲ ਕਾਲਜ ਦੇ ਬਾਹਰ ਲੱਗਾ ਨਜਾਇਜ਼ ਖੋਖਾ ਵੀ ਬੰਦ ਕਰਵਾਇਆ ਗਿਆ। ਇੰਸਪੈਕਟਰ ਵਿਸ਼ਾਲ ਦਾ ਕਹਿਣਾ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਦੁਕਾਨਦਾਰਾਂ ਦੁਆਰਾ ਸੜਕ 'ਤੇ ਸਮਾਨ ਰੱਖਣ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਸੀ, ਜਿਸ ਨੂੰ ਦੂਰ ਕਰਨ ਲਈ ਨਗਰ ਨਿਗਮ ਦੀਆਂ ਟੀਮਾਂ ਨੇ ਸਖ਼ਤੀ ਨਾਲ ਕਦਮ ਚੁੱਕੇ ਹਨ। ਸੜਕਾਂ 'ਤੇ ਜਾਮ ਲੱਗਣ ਦੀਆਂ ਸ਼ਿਕਾਇਤਾਂ ਹੁਣ ਘੱਟ ਹੋ ਰਹੀਆਂ ਹਨ ਅਤੇ ਵਾਹਨ ਚਾਲਕਾਂ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ। ਵਰਮਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਦੁਕਾਨਦਾਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਹ ਦੁਬਾਰਾ ਸੜ੍ਹਕਾਂ 'ਤੇ ਸਮਾਨ ਰੱਖਦੇ ਹਨ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਨਗਰ ਨਿਗਮ ਦਾ ਇਹ ਕਦਮ ਸ਼ਹਿਰ ਨੂੰ ਵਧੇਰੇ ਸੁਚਾਰੂ ਅਤੇ ਸੁਵਿਧਾਜਨਕ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕੀਤਾ ਜਾਵੇਗਾ ਤਾਂ ਜੋ ਨਾਗਰਿਕਾਂ ਨੂੰ ਕਿਸੇ ਪ੍ਰਕਾਰ ਦੀ ਤੰਗੀ ਨਾ ਝੱਲਣੀ ਪਵੇ।

## ਸਾਬਕਾ ਵਿਧਾਇਕ ਸਤਵੰਤ ਸਿੰਘ ਮੋਹੀ ਆਪਣੇ ਪੁਰਾਣੇ ਦੋਸਤ ਸਾਬਕਾ ਵਿਧਾਇਕ ਰਮੇਸ਼ ਸਿੰਗਲਾ ਨੂੰ ਮਿਲੇ, ਪੁਰਾਣੀਆਂ ਯਾਦਾਂ ਨੂੰ ਕੀਤਾ ਤਾਜ਼ਾ



ਨਾਭਾ, 28 ਜੂਨ (ਬਲਜਿੰਦਰ ਮਾਨ) : ਪੁਰਾਣੇ ਦੋਸਤ ਨਾਭਾ ਹਲਕੇ ਦੇ ਸਾਬਕਾ ਵਿਧਾਇਕ ਰਮੇਸ਼ ਸਿੰਗਲਾ ਅਤੇ ਸਾਬਕਾ ਵਿਧਾਇਕ ਡਾ. ਸਤਵੰਤ ਸਿੰਘ ਮੋਹੀ ਵਿਚਕਾਰ ਇੱਕ ਖਾਸ ਮੁਲਾਕਾਤ ਹੋਈ। ਇਸ ਮੌਕੇ ਦੋਵਾਂ ਦੋਸਤਾਂ ਨੇ ਇੱਕ ਦੂਜੇ ਨਾਲ ਬਹੁਤ ਦੇਰ ਤੱਕ ਗੱਲਬਾਤ ਕੀਤੀ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ, ਡਾ. ਮੋਹੀ ਨੇ ਆਪਣੇ ਦੋਸਤ ਰਮੇਸ਼ ਸਿੰਗਲਾ ਦੀ ਸਿਹਤ ਬਾਰੇ ਵੀ ਪੁੱਛਿਆ, ਇਸ ਦੇ ਨਾਲ ਹੀ ਨਾਭਾ ਹਲਕੇ ਦੀ ਰਾਜਨੀਤੀ ਬਾਰੇ ਖੁੱਲ੍ਹ ਕੇ ਚਰਚਾ ਹੋਈ। ਇਸ ਮੌਕੇ ਡਾ. ਸਤਵੰਤ ਸਿੰਘ ਮੋਹੀ ਨੇ ਕਿਹਾ ਕਿ ਰਮੇਸ਼ ਸਿੰਗਲਾ ਅਤੇ ਉਨ੍ਹਾਂ ਨੇ ਕਾਂਗਰਸ ਪਾਰਟੀ ਵਿੱਚ ਬਹੁਤ ਸਮਾਂ ਕੰਮ ਕੀਤਾ ਅਤੇ ਪਾਰਟੀ ਵਿੱਚ ਕੰਮ ਕਰਨ ਨਾਲ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ ਜੋ ਅੱਜ ਸਾਂਝੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਪਲਾਂ ਨੂੰ ਯਾਦ ਕੀਤਾ ਗਿਆ। ਇਸ ਦੇ ਨਾਲ ਹੀ ਨਾਭਾ ਦੀ ਰਾਜਨੀਤੀ ਬਾਰੇ ਖੁੱਲ੍ਹ ਕੇ ਚਰਚਾ ਹੋਈ। ਮੋਹੀ ਨੇ ਦੱਸਿਆ ਕਿ ਰਮੇਸ਼ ਸਿੰਗਲਾ ਦਾ ਮਿੱਠ ਬੋਲੜਾ ਸੁਭਾਅ ਪਹਿਲੇ ਵਾਂਗੂੰ ਅੱਜ ਵੀ ਕਾਇਮ ਹੈ। ਉਹਨਾਂ ਨਾਲ ਗੱਲ ਬਾਤ ਕਰ ਦਿੱਲ ਨੂੰ ਬਹੁਤ ਖੁਸ਼ੀ ਮਿਲੀ।



# ਪਟਿਆਲਾ-ਆਸ/ਪਾਸ



## ਨੌਵੇਂ ਪਾਤਸ਼ਾਹ ਦੇ ਆਗਮਨ ਪੁਰਬ ਸਬੰਧੀ ਧਾਰਮਿਕ ਸਮਾਗਮ ਦੀ ਸ਼ੁਰੂਆਤ, ਨਗਰ ਕੀਰਤਨ ਅੱਜ



ਬਹਾਦਰਗੜ੍ਹ/ਪਟਿਆਲਾ, 28 ਜੂਨ (ਰੁਪਾਣਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਸਾਹਿਬ ਵਿਖੇ ਆਗਮਨ ਪੁਰਬ ਨੂੰ ਸਮਰਪਿਤ ਧਾਰਮਕ ਸਮਾਗਮ ਦੀ ਸ਼ੁਰੂਆਤ ਅੱਜ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦੀ ਆਰੰਭਤਾ ਨਾਲ ਕੀਤੀ ਗਈ। ਇਸ ਮੌਕੇ ਹੈਡ ਗ੍ਰੰਥੀ ਭਾਈ ਅਵਤਾਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮਾਗਮ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼ਹੀਦੀ ਦੇਣ ਲਈ ਜਾਂਦਿਆਂ ਹੋਇਆ ਸੈਫਾਬਾਦ ਬਹਾਦਰਗੜ੍ਹ ਵਿਖੇ ਨਵਾਬ ਸੈਫਖਾਨ ਦੀ ਬੇਨਤੀ ਪ੍ਰਵਾਨ ਕਰਦਿਆਂ ਇਸ ਅਸਥਾਨ 'ਤੇ ਤਿੰਨ ਮਹੀਨੇ ਅਤੇ ਕੁਝ ਸਮਾਂ ਠਹਿਰੇ ਤੇ ਸੰਗਤਾਂ ਨੂੰ ਦਰਸ਼ਨ ਦੀਦਾਰ ਦੇ ਕੇ ਨਿਹਾਲ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਪੁਰ ਨੇ ਦੱਸਿਆ ਕਿ ਗੁਰੂ ਸਾਹਿਬ ਦੇ ਆਗਮਨ ਦਿਹਾੜੇ ਸਬੰਧੀ ਅੱਜ 29 ਜੂਨ ਨੂੰ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਧਾਰਮਿਕ ਦੀਵਾਨ ਸਜਾਏ ਜਾਣਗੇ। ਉਨ੍ਹਾਂ ਦੱਸਿਆ ਕਿ 30 ਜੂਨ ਨੂੰ ਸਵੇਰ ਤੋਂ ਦੇਰ ਰਾਤ 10.30 ਵਜੇ ਤੱਕ ਧਾਰਮਿਕ ਸਮਾਗਮ ਦਾ ਆਯੋਜਨ ਹੋਵੇਗਾ। ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਦੱਸਿਆ ਕਿ ਸੰਗਤਾਂ ਨਗਰ ਕੀਰਤਨ ਅਤੇ ਧਾਰਮਿਕ ਦੀਵਾਨਾਂ 'ਚ ਪੁੱਜਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਮੈਨੇਜਰ ਮਨਜੀਤ ਸਿੰਘ ਕੌਲੀ, ਜੋਗਿੰਦਰ ਸਿੰਘ ਪੰਛੀ, ਭਾਈ ਪ੍ਰਿਤਪਾਲ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

### ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਜ਼ਖ਼ਮੀ

ਪਟਿਆਲਾ, 28 ਜੂਨ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਕੁਨਾਲ ਸਿੰਗਲਾ ਪੁੱਤਰ ਵਿਜੈ ਕੁਮਾਰ ਵਾਸੀ ਫੇਸ-2 ਅਰਬਨ ਅਸਟੇਟ ਪਟਿਆਲਾ ਨੇ ਕਾਰ ਦੇ ਡਰਾਇਵਰ ਮਾਨਵ ਗਰਗ ਵਾਸੀ ਗਲੀ ਨੰ. 6 ਗੁਰਬਖਸ਼ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਕਾਰ 'ਤੇ ਸਵਾਰ ਹੋ ਕੇ ਅਰਬਨ ਅਸਟੇਟ ਫੇਸ-03 ਦੀਆਂ ਲਾਇਟਾਂ ਕੋਲ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਕਾਰ ਵਿੱਚ ਮਾਰੀ, ਜਿਸ ਕਾਰਨ ਉਸ ਦੀ ਕਾਰ ਪਲਟ ਗਈ ਅਤੇ ਉਸ ਦੇ ਸੱਟਾਂ ਲੱਗੀਆਂ। ਪੁਲਿਸ ਨੇ ਧਾਰਾ 281,125, 324(3) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਹਰਚੰਦ ਸਿੰਘ ਬਰਸਟ ਨੇ ਪੰਜਾਬ ਮੰਡੀ ਬੋਰਡ ਵੱਲੋਂ ਬਣਾਈ ਸਟੈਂਡਿੰਗ ਕਮੇਟੀ ਦੇ ਤਿੰਨ ਨਵੇਂ ਮੈਂਬਰਾਂ ਨੂੰ ਨਿਯੁਕਤੀ ਪੱਤਰ ਸੌਂਪੇ

### ਕਮੇਟੀ 'ਚ ਸਤਵਿੰਦਰ ਸਿੰਘ ਸੈਣੀ, ਸ਼ਾਮ ਲਾਲ ਦੱਤ ਅਤੇ ਬਲਕਾਰ ਸਿੰਘ ਡਕਾਲਾ ਦੇ ਨਾਮ ਸ਼ਾਮਲ



ਪਟਿਆਲਾ, 28 ਜੂਨ (ਚ.ਨ.ਸ.) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਮੰਡੀ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕਰਨ ਸਬੰਧੀ ਪੰਜਾਬ ਮੰਡੀ ਬੋਰਡ ਵੱਲੋਂ ਬਣਾਈ ਗਈ 11 ਮੈਂਬਰੀ ਸਟੈਂਡਿੰਗ ਕਮੇਟੀ ਦੇ ਤਿੰਨ ਨਵੇਂ ਮੈਂਬਰਾਂ ਨੂੰ ਅੱਜ ਨਿਯੁਕਤੀ ਪੱਤਰ ਸੌਂਪੇ ਹਨ। ਇਸ ਸਟੈਂਡਿੰਗ ਕਮੇਟੀ ਵਿੱਚ ਬਤੌਰ ਮੈਂਬਰ ਆੜਤੀਆਂ ਦੇ ਨੁਮਾਇੰਦੇ ਵੱਜੋਂ ਸਤਵਿੰਦਰ ਸਿੰਘ ਸੈਣੀ, ਕਿਸਾਨਾਂ ਦੇ ਨੁਮਾਇੰਦੇ ਵੱਜੋਂ ਸ਼ਾਮ ਲਾਲ ਦੱਤ ਅਤੇ ਬਲਕਾਰ ਸਿੰਘ ਡਕਾਲਾ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਸਟੈਂਡਿੰਗ ਕਮੇਟੀ ਦੇ ਨਵੇਂ ਬਣੇ ਮੈਂਬਰਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਮੁਬਾਰਕਾਂ ਦਿੰਦੀਆਂ ਕਿਹਾ ਕਿ ਸਟੈਂਡਿੰਗ ਕਮੇਟੀ ਵਿੱਚ ਬਤੌਰ ਮੈਂਬਰ ਨਾਮਜ਼ਦ ਹੋਣਾ ਬਹੁਤ ਵੱਡੀ ਗੱਲ ਹੈ ਅਤੇ ਹੁਣ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਬਤੌਰ ਮੈਂਬਰ ਮਜਦੂਰਾਂ ਦੀ ਭਲਾਈ ਨੂੰ ਤਰਜੀਹ ਦੇਣ ਅਤੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ। ਇਸ ਮੌਕੇ ਤਿੰਨੋਂ ਨਵੇਂ ਮੈਂਬਰਾਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸਦੇ ਨਾਲ ਹੀ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਜਨਤਾ ਨੇ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਤੋਂ ਜਾਣੂ ਕਰਵਾਇਆ, ਜਿਨ੍ਹਾਂ ਨੂੰ ਸ. ਬਰਸਟ ਵੱਲੋਂ ਮੌਕੇ 'ਤੇ ਹੀ ਹੱਲ ਕਰਵਾਇਆ ਗਿਆ। ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਖੇਤਰ ਵਿੱਚ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਰਿਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਦੇ ਨਾਲ ਖੜੇ ਹਨ। ਇਸ ਮੌਕੇ ਜਸਵਿੰਦਰ ਸਿੰਘ ਰਾਣਾ ਪ੍ਰਧਾਨ ਪੰਜਾਬ ਆੜਤੀ ਐਸੋਸੀਏਸ਼ਨ, ਹਰਿੰਦਰ ਸਿੰਘ ਧਬਲਾਨ, ਸਤਪਾਲ ਜੌਹਰੀ, ਨਰੇਸ਼ ਮਿੱਤਲ ਭੋਲਾ ਜਨਰਲ ਸਕੱਤਰ ਆੜਤੀ ਐਸੋਸੀਏਸ਼ਨ ਪਟਿਆਲਾ, ਬਲਵਿੰਦਰ ਸਿੰਘ ਸਰਪੰਚ ਸੈਂਸਰਵਾਲ, ਜਸਬੀਰ ਸਿੰਘ ਸਰਪੰਚ ਤਰੈਂ, ਗੁਰਪ੍ਰੀਤ ਸਿੰਘ ਸਰਪੰਚ ਸਹਿਜਪੁਰਾ ਖੁਰਦ, ਜੈਨ ਸੂਲਰ, ਦਵਿੰਦਰ ਸਿੰਘ ਸ਼ੇਰਮਾਜਰਾ, ਸੁਖਦੇਵ ਸਿੰਘ ਸਾਬਕਾ ਸਰਪੰਚ ਪਿੰਡ ਨਜਾਮਨੀਵਾਲਾ, ਭਲਿੰਦਰ ਸਿੰਘ ਸਾਬਕਾ ਸਰਪੰਚ ਸੈਂਸਰਵਾਲ, ਜਗਮੇਲ ਸਿੰਘ ਸੱਸੀਗੁਜਰਾਂ, ਬਲਵਿੰਦਰ ਸਿੰਘ ਸਰਪੰਚ ਅਕੌਤ, ਯਾਦਵਿੰਦਰ ਸਿੰਘ ਸਾਬਕਾ ਸਰਪੰਚ ਸਹਿਜਪੁਰਾ ਖੁਰਦ ਸਮੇਤ ਹੋਰ ਵੀ ਮੌਜੂਦ ਰਹੇ।

## ਮਰਨ ਵਰਤ 'ਤੇ ਬੈਠੀ ਮਹਿਲਾ ਕੰਟਰੈਕਟ ਅਸਿਸਟੈਂਟ ਪ੍ਰੋਫੈਸਰ ਦੀ ਹਾਲਤ ਨਾਜ਼ੁਕ



ਦੇਵੀਗੜ੍ਹ, 28 ਜੂਨ (ਗੁਰਜੀਤ ਸਿੰਘ ਢੋਟ): ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਹੜੇ ਵਿੱਚ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਦੇ ਚਲਦੇ ਸੰਘਰਸ਼ ਵਿੱਚ ਕੱਲ ਦੇਰ ਰਾਤ ਉਦੋਂ ਨਵਾਂ ਮੋੜ ਆ ਗਿਆ ਜਦੋਂ ਪਿਛਲੇ 3 ਦਿਨਾਂ ਤੋਂ ਆਪਣੀਆਂ ਮੰਗਾਂ ਦੇ ਲਈ ਮਰਨ ਵਰਤ 'ਤੇ ਬੈਠੀ ਪੁਕਟਾ ਪ੍ਰਧਾਨ ਡਾ. ਤਰਨਜੀਤ ਕੌਰ ਦੀ ਤਬੀਅਤ ਅਚਾਨਕ ਖਰਾਬ ਹੋ ਗਈ। ਕੰਟਰੈਕਟ ਅਧਿਆਪਕਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਯੂਨੀਵਰਸਿਟੀ ਡਿਸਪੈਂਸਰੀ ਟੀਮ ਦੀ ਸਹਾਇਤਾ ਨਾਲ ਸਬੰਧਤ ਅਧਿਆਪਕਾਂ ਨੂੰ ਪਟਿਆਲਾ ਦੇ ਵਰਧਮਾਨ ਮਹਾਂਵੀਰ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ। ਜਿੱਥੇ ਅਧਿਆਪਕਾਂ ਦੀ ਹਾਲਤ ਸਥਿਰ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਵੱਖ-ਵੱਖ ਅਦਾਰਿਆਂ ਜਿਹਨਾਂ ਵਿੱਚ ਯੂਨੀਵਰਸਿਟੀ ਮੇਨ ਕੈਂਪਸ, ਕਾਂਸਟੀਚਿਊਏਂਟ ਕਾਲਜ, ਨੇਬਰਹੁਡ ਕੈਂਪਸ ਅਤੇ ਰੀਜਨਲ ਸੈਂਟਰ ਸ਼ਾਮਲ ਹਨ ਦੇ ਕੰਟਰੈਕਟ ਅਸਿਸਟੈਂਟ ਪ੍ਰੋਫੈਸਰ ਪਿਛਲੇ 66 ਦਿਨਾਂ ਤੋਂ UGC ਦੁਆਰਾ 2018 ਵਿੱਚ ਪ੍ਰਵਾਨਿਤ ਸ਼ਰਤਾਂ ਦੇ ਪੇ ਕਮਿਸ਼ਨ ਨੂੰ ਲਾਗੂ ਕਰਵਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਥਾਰਟੀ ਵੱਲੋਂ ਕੰਟਰੈਕਟ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਕੱਲ ਵੀ ਇੱਕ ਲੰਮੀ ਮੀਟਿੰਗ ਕੀਤੀ ਗਈ ਪ੍ਰੰਤੂ ਕੋਈ ਸਾਰਥਕ ਨਤੀਜਾ ਨਹੀਂ ਨਿਕਲ ਸਕਿਆ। ਦੇਰ ਰਾਤ ਮਹਿਲਾ ਅਧਿਆਪਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਤੋਂ ਬਾਅਦ ਕੰਟਰੈਕਟ ਅਧਿਆਪਕਾਂ ਵੱਲੋਂ ਇੱਕ ਵੀਡੀਓ ਸੰਦੇਸ਼ ਰਾਹੀਂ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਸਾਂਝੀ ਕੀਤੀ ਗਈ। ਜਿਸ ਵਿੱਚ ਕੰਟਰੈਕਟ ਯੂਨੀਅਨ ਦੇ ਆਗੂ ਪ੍ਰੋ. ਸਤੀਸ਼ ਕੁਮਾਰ ਵੱਲੋਂ ਉਹਨਾਂ ਦੀ ਪ੍ਰਧਾਨ ਦੀ ਖਰਾਬ ਹਾਲਤ ਲਈ ਸਿੱਧੇ ਤੌਰ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਨਾਲ ਉਹਨਾਂ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਉਹਨਾਂ ਦੀ ਪ੍ਰਧਾਨ ਦੀ ਗ਼ੈਰ ਹਾਜ਼ਰੀ ਵਿੱਚ ਧਰਨਾ ਖਤਮ ਨਹੀਂ ਕੀਤਾ ਜਾਵੇਗਾ ਬਲਕਿ ਸਮੂਹ ਕੰਟਰੈਕਟ ਅਸਿਸਟੈਂਟ ਪ੍ਰੋਫੈਸਰ ਪਹਿਲਾਂ ਦੀ ਤਰ੍ਹਾਂ ਹੀ ਧਰਨੇ ਨੂੰ ਜਾਰੀ ਰੱਖਣਗੇ ਅਤੇ ਇਸ ਬਿਆਨ ਨਾਲ ਉਹਨਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਕੋਈ ਸਕਾਰਾਤਮਕ ਫੈਸਲਾ ਆਉਣ ਤੱਕ ਧਰਨੇ ਦੇ ਖ਼ਤਮ ਹੋਣ ਬਾਰੇ ਉੱਠ ਰਹੀਆਂ ਸਾਰੀਆਂ ਅਟਕਲਾਂ ਨੂੰ ਵਿਰਾਮ ਲਗਾ ਦਿੱਤਾ ਹੈ। ਇਸ ਮੌਕੇ ਪ੍ਰੋ. ਸਤੀਸ਼ ਕੁਮਾਰ ਦੇ ਨਾਲ ਪ੍ਰੋ. ਗੁਰਿੰਦਰਪਾਲ ਸਿੰਘ, ਪ੍ਰੋ. ਪਰਦੀਪ ਸਿੰਘ, ਪ੍ਰੋ. ਰਵੀ ਸ਼ੰਕਰ, ਡਾ. ਤੇਜਿੰਦਰ ਪਾਲ ਸਿੰਘ ਅਤੇ ਹੋਰ ਪੁਕਟਾ ਮੈਂਬਰ ਮੌਜੂਦ ਸਨ।

## ਡੀ.ਈ.ਓ. ਦਫ਼ਤਰ ਦਾ ਕਲਰਕ ਅਧਿਆਪਕ ਤੋਂ ਦੂਜੀ ਕਿਸ਼ਤ ਦੇ 20 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

### ਮੁਲਜ਼ਮ ਪਹਿਲਾਂ ਵੀ ਲੈ ਚੁੱਕਾ ਹੈ 10 ਹਜ਼ਾਰ ਰੁਪਏ ਰਿਸ਼ਵਤ



ਪਟਿਆਲਾ, 28 ਜੂਨ (ਰੁਪਾਣਾ/ਵਿਨੋਦ ਸ਼ਰਮਾ) : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਅੱਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ), ਮਾਲੇਰਕੋਟਲਾ ਦੇ ਦਫ਼ਤਰ ਵਿਖੇ ਤਾਇਨਾਤ ਕਲਰਕ ਵਿਕਾਸ ਜਿੰਦਲ ਨੂੰ ਇੱਕ ਅਧਿਆਪਕ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਦੇ ਮੁਤਾਬਕ ਮੁਲਜ਼ਮ ਕਲਰਕ ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਬਾਗੜੀਆਂ ਦੇ ਸ਼ਿਕਾਇਤਕਰਤਾ ਅਧਿਆਪਕ ਤੋਂ ਡੀ.ਈ.ਓ. ਦਫ਼ਤਰ ਵਿੱਚ ਉਸਦੇ ਬਕਾਇਆ ਭੱਤੇ ਜਾਰੀ ਕਰਨ ਬਦਲੇ 30,000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਕਲਰਕ ਪਹਿਲਾਂ ਹੀ ਉਸ ਕੋਲੋਂ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ ਦੀ ਰਕਮ ਮੰਗ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਕਲਰਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਲੈਂਦਿਆਂ ਕਾਬੂ ਕਰ ਲਿਆ ਅਤੇ ਰਿਸ਼ਵਤ ਵਾਲੀ ਰਕਮ ਦੇ ਰੰਗੇ ਹੋਏ ਨੋਟ ਮੌਕੇ 'ਤੇ ਹੀ ਬਰਾਮਦ ਕਰ ਲਏ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ, ਵਿਜੀਲੈਂਸ ਬਿਊਰੋ ਨੇ ਜਨਤਾ ਨੂੰ ਭ੍ਰਿਸ਼ਟਾਚਾਰ ਦੇ ਕਿਸੇ ਵੀ ਮਾਮਲੇ ਦੀ ਸੂਚਨਾ ਹੈਲਪਲਾਈਨ ਨੰਬਰਾਂ ਜਾਂ ਅਧਿਕਾਰਤ ਚੈਨਲਾਂ ਰਾਹੀਂ ਦੇਣ ਦੀ ਅਪੀਲ ਕੀਤੀ ਹੈ।

## ਕਮਾਂਡਿੰਗ ਅਫਸਰ ਵੱਲੋਂ ਪਬਲਿਕ ਕਾਲਜ ਸਮਾਣਾ ਦਾ ਦੌਰਾ



ਸਮਾਣਾ, 28 ਜੂਨ (ਜਵੰਦਾ/ਵਿਜੇ ਕੁਮਾਰ) : ਐਨ.ਸੀ.ਸੀ. 5 ਪੰਜਾਬ ਬਟਾਲੀਅਨ ਪਟਿਆਲਾ ਦੇ ਕਮਾਂਡਿੰਗ ਅਫਸਰ ਸੰਦੀਪ ਰਾਏ ਨੇ ਅੱਜ ਪਬਲਿਕ ਕਾਲਜ ਸਮਾਣਾ ਵਿਖੇ ਵਿਜ਼ਿਟ ਕੀਤਾ। ਕਾਲਜ ਪਹੁੰਚਣ ਦੇ ਐਨ.ਸੀ.ਸੀ. ਕੈਡਿਟਸ ਵਲੋਂ ਉਨ੍ਹਾਂ ਨੂੰ ਐਸਕੋਰਟ ਕਰਕੇ ਲਿਆਂਦਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਸੰਦੀਪ ਰਾਏ ਨੇ ਐਨ.ਸੀ.ਸੀ. ਕੈਡਿਟਸ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਐਨ.ਸੀ.ਸੀ. ਦਾ ਮੁੱਖ ਮੰਤਵ ਨੌਜਵਾਨਾਂ ਵਿਚ ਅਨੁਸਾਸ਼ਨ, ਅਗਵਾਈ ਅਤੇ ਸਮਾਜਿਕ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ।

ਉਨ੍ਹਾਂ ਨੇ ਐਨ.ਸੀ.ਸੀ. ਕੈਡਿਟਸ ਨੂੰ ਸਖ਼ਤ ਮਿਹਨਤ ਕਰਨ ਅਤੇ ਆਪਣੇ ਉਦੇਸ਼ਾਂ ਨੂੰ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਐਨ.ਸੀ.ਸੀ. ਦੇ ਵੱਖ-ਵੱਖ ਪਹਿਲੂਆਂ, ਅਗਨੀਵੀਰ ਚੋਣ ਪ੍ਰੀਕ੍ਰਿਆ ਅਤੇ ਸੀ.ਡੀ.ਐਸ. ਪ੍ਰੀਖਿਆ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਅਤੇ ਐਨ.ਸੀ.ਸੀ. ਕੈਡਿਟਸ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ। ਇਸ ਪ੍ਰੋਗਰਾਮ ਦੇ ਸੰਚਾਲਨ ਵਿਚ ਕਾਲਜ ਦੇ ਐਨ.ਸੀ.ਸੀ. ਅਫਸਰ ਲੈਫਟੀਨੈਂਟ ਡਾ. ਅਨਿਲ ਕੁਮਾਰ ਦਾ ਪੂਰਨ ਸਹਿਯੋਗ ਰਿਹਾ। ਡਾ. ਅਨਿਲ ਕੁਮਾਰ ਨੇ ਦੱਸਿਆ ਕਿ ਇਸ ਕਾਲਜ ਵਿਚ ਐਨ.ਸੀ.ਸੀ. ਦੀ ਮੱਹਤਵਪੂਰਨ ਭੂਮਿਕਾ ਹੈ ਅਤੇ ਸ੍ਰੀ ਸੰਦੀਪ ਰਾਏ ਦੀ ਕਾਲਜ ਵਿਜ਼ਿਟ ਨਾਲ ਐਨ.ਸੀ.ਸੀ. ਕੈਡਿਟਸ ਦਾ ਮਨੋਬਲ ਵਧਿਆ ਹੈ। ਇਸ ਮੌਕੇ ਐਨ.ਸੀ.ਸੀ. ਦੇ ਸਮੂਹ ਕੈਡਿਟਸ ਤੋਂ ਇਲਾਵਾ ਅਧਿਆਪਕ ਸਾਹਿਬਾਨ ਵੀ ਮੌਜੂਦ ਰਹੇ। ਐਨ.ਸੀ.ਸੀ. ਕੈਡਿਟਸ ਨੇ ਇਸ ਮੌਕੇ ਵੱਖ-ਵੱਖ ਗਤੀਵਿੱਧੀਆਂ ਦਾ ਪ੍ਰਦਰਸ਼ਨ ਕਰਕੇ ਸੰਦੀਪ ਰਾਏ ਦੀ ਕਾਲਜ ਫੇਰੀ ਨੂੰ ਯਾਦਗਾਰ ਬਣਾ ਦਿੱਤਾ।

## ਮਹਾਨ ਕੀਰਤਨ ਸਮਾਗਮ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਅੱਜ

ਪਟਿਆਲਾ, 28 ਜੂਨ (ਚ.ਨ.ਸ.) : ਨੌਵੀਂ ਪਾਤਸ਼ਾਹੀ ਧੰਨ-ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ ਅੱਜ 29 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ ਫੇਜ-2 ਪਟਿਆਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਕੀਰਤਨ ਸਮਾਗਮ ਰਾਤ 7.15 ਤੋਂ 8.15 ਵਜੇ ਤੱਕ ਭਾਈ ਹਰਜਿੰਦਰ ਸਿੰਘ ਜੀ ਪਟਿਆਲਾ ਵਾਲੇ ਵਿਸ਼ੇਸ਼ ਕੀਰਤਨ ਦੀ ਹਾਜ਼ਰੀ ਭਰਨਗੇ। ਇਸ ਮੌਕੇ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਭੁਪਿੰਦਰਾ ਰੋਡ ਪਾਰਕ 'ਚ ਸੀ.ਸੀ.ਟੀ.ਵੀ. ਕੈਮਰਿਆਂ ਦਾ ਉਦਘਾਟਨ

### ☛ਸੁਰੱਖਿਆ ਪੱਖੋਂ ਕੋਈ ਕਮਜ਼ੋਰੀ ਨਹੀਂ ਰਹਿਣ ਦੇਵਾਂਗੇ : ਸਾਹਨੀ



ਪਟਿਆਲਾ, 28 ਜੂਨ (ਰੁਪਾਣਾ) : ਭੁਪਿੰਦਰਾ ਰੋਡ ਪਾਰਕ ਵਿਖੇ ਸ. ਗੁਰਜੀਤ ਸਿੰਘ ਸਾਹਨੀ, ਮਿਊਂਸਪਲ ਕੌਂਸਲਰ ਨਗਰ ਨਿਗਮ ਪਟਿਆਲਾ ਦੁਆਰਾ ਸੀਸੀ ਟੀ.ਵੀ. ਕੈਮਰਿਆਂ ਦਾ ਉਦਘਾਟਨ ਕੀਤਾ ਗਿਆ ਤੇ ਇਹ ਕੈਮਰੇ ਸ. ਅਰਵਿੰਦਰ ਸਿੰਘ ਦਿਓਲ ਵੱਲੋਂ ਵਡਮੁੱਲਾ ਯੋਗਦਾਨ ਪਾ ਕੇ ਕੁਝ ਪਾਰਕ ਪ੍ਰੇਮੀਆਂ ਦੀ ਮਦਦ ਨਾਲ ਲਗਵਾਏ ਗਏ ਹਨ। ਇਸ ਮੌਕੇ 'ਤੇ ਸ. ਗੁਰਜੀਤ ਸਿੰਘ ਸਾਹਨੀ ਅਤੇ ਸ. ਅਰਵਿੰਦਰ ਸਿੰਘ ਦਿਓਲ ਨੂੰ ਸਨਮਾਨ ਚਿੰਨ ਦੇ ਕੇ ਭੁਪਿੰਦਰਾ ਰੋਡ ਵੈਲਫੇਅਰ ਸੁਸਾਇਟੀ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਰਵਸ਼੍ਰੀ ਰਾਕੇਸ਼ ਸ਼ਰਮਾ ਪੀਪੀਐਸ (ਰਿਟਾਇਰਡ), ਤਰੁਣ ਕੁਮਾਰ ਜੋਸ਼ੀ, ਮੇਜਰ ਸਿੰਘ, ਗੁਰਨਾਮ ਸਿੰਘ, ਬਲਜੀਤ ਸਿੰਘ, ਰਵਿੰਦਰ ਗੋਇਲ, ਬਲਵੀਰ ਚੰਦ ਸ਼ਰਮਾ, ਪਵਨ ਗੁਪਤਾ, ਨਰਿੰਦਰ ਸਿੰਘ, ਪਵਨਜੀਤ ਗਰਿਸ਼ੀ, ਮੋਹਨ ਲਾਲ, ਜਨਕ ਰਾਜ, ਸੋਢੀ ਸਾਹਿਬ, ਹਰਿਦਰ ਸਿੰਘ ਚਹਿਲ ਅਤੇ ਹੋਰ ਬਹੁਤ ਸਾਰੇ ਸੁਸਾਇਟੀ ਦੇ ਮੈਂਬਰ ਮੌਜੂਦ ਸਨ। ਇਸ ਮੌਕੇ ਸਾਹਨੀ ਨੇ ਪਾਰਕ ਦੇ ਰਹਿੰਦੇ ਕੰਮਾਂ ਨੂੰ ਨੇਪਰੇ ਚਾੜਨ ਦਾ ਵਿਸ਼ਵਾਸ ਦਵਾਇਆ ਅਤੇ ਨਾਲ ਹੀ ਸੋਮ ਸਿੰਘ ਪ੍ਰਧਾਨ, ਪੱਪੂ ਅਤੇ ਵਿਨੋਦ ਕੁਮਾਰ ਦੀ ਉਹਨਾਂ ਦੁਆਰਾ ਕੀਤੇ ਗਏ ਪਾਰਕ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ। ਰਾਕੇਸ਼ ਕੁਮਾਰ ਸ਼ਰਮਾ ਵਲੋਂ ਇਕੱਤਰ ਸਾਰੇ ਪਤਵੰਤਿਆਂ ਦਾ ਖਾਸਕਰ ਮੁੱਖ ਮਹਿਮਾਨ ਸ: ਸਾਹਨੀ ਐਮ.ਸੀ. ਨਗਰ ਨਿਗਮ ਪਟਿਆਲਾ ਅਤੇ ਦਿਓਲ ਪਰਿਵਾਰ ਦਾ ਧੰਨਵਾਦ ਕੀਤਾ ਗਿਆ।

## ਪੰਥ ਦੀ ਟੇਕ ਹੁਣ ਪੰਜ ਮੈਂਬਰੀ ਕਮੇਟੀ ਉੱਤੇ: ਟੌਹੜਾ



ਪਟਿਆਲਾ, 28 ਜੂਨ (ਰੁਪਾਣਾ) : ਨੌਜਵਾਨ ਅਕਾਲੀ ਆਗੂ ਹਰਿੰਦਪਾਲ ਸਿੰਘ ਟੌਹੜਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਸ੍ਰੀ ਅਕਾਲ ਤਖਤ ਸਾਹਬ ਦੀ ਅਗਵਾਈ ਹੇਠ ਬਣੀ ਪੰਜ ਮੈਂਬਰੀ ਕਮੇਟੀ ਨੂੰ ਮਿਲ ਰਹੇ ਹੁੰਗਾਰੇ ਲਈ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਹੁਣ ਪੰਥਕ ਮਸਲਿਆਂ ਦੇ ਹੱਲ ਲਈ ਸਿੱਖਾਂ ਦੀ ਟੇਕ ਇਸ ਕਮੇਟੀ ਵੱਲ ਹੀ ਹੈ। ਇੱਕ ਪ੍ਰੈਸ ਬਿਆਨ ਰਾਹੀਂ ਟੌਹੜਾ ਨੇ ਕਿਹਾ ਹੈ ਕਿ ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਅਜਿਹੇ ਅਕਾਲੀ ਦਲ ਦੀ ਲੋੜ ਹੈ ਜੋ ਕਿਸੇ ਵਿਅਕਤੀ ਜਾਂ ਪਰਵਾਰ ਤੋਂ ਨਹੀ ਬਲਕਿ ਸ਼੍ਰੀ ਅਕਾਲ ਤਖਤ ਸਾਹਬ ਤੋਂ ਸੇਧ ਲੈ ਕੇ ਚੱਲੇ। ਇਹੀ ਕਾਰਨ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਬਣੀ ਪੰਜ ਮੈਂਬਰੀ ਕਮੇਟੀ ਨੂੰ ਪੰਥ ਵੱਲੋਂ ਏਨਾ ਭਾਰੀ ਹੁੰਗਾਰਾ ਮਿਲ ਰਿਹਾ ਹੈ। ਇਸ ਤੋਂ ਇਹ ਵੀ ਸਾਫ ਹੋ ਗਿਆ ਹੈ ਕਿ ਅਕਾਲੀ ਦਲ ਦੀ ਭਰਤੀ ਮੁਕੰਮਲ ਹੋਣ ਉਪਰੰਤ ਪੰਜ ਮੈਂਬਰੀ ਕਮੇਟੀ ਪੰਥ ਦੇ ਸਨਮੁੱਖ ਇੱਕ ਅਜਿਹੀ ਨਵੀਂ ਲੀਡਰਸ਼ਿਪ ਲਿਆਵੇਗੀ ਜੋ ਸਮੁੱਚੇ ਪੰਥ ਨੂੰ ਪ੍ਰਵਾਨ ਹੋਵੇਗੀ ਅਤੇ ਪੰਥ ਅਤੇ ਪੰਜਾਬ ਦੀ ਨਿਧੜਕ ਅਗਵਾਈ ਕਰਨ ਦੇ ਯੋਗ ਹੋਵੇਗੀ। ਟੌਹੜਾ ਨੇ ਦਾਅਵਾ ਕੀਤਾ ਹੈ ਕਿ ਕੌਮ ਦੀ ਇਹ ਵੀ ਮੰਗ ਹੈ ਕਿ ਪੰਥਕ ਸੰਸਥਾਵਾਂ ਦੀ ਅਗਵਾਈ ਅਜਿਹੇ ਆਗੂਆਂ ਦੇ ਹੱਥ ਹੋਵੇ ਜੋ ਪੰਥ ਪ੍ਰਤੀ ਸਮਰਪਤ ਅਤੇ ਦੂਰਅੰਦੇਸ਼ ਹੋਣ। ਇਸ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦ ਤੋਂ ਜਲਦ ਕਰਵਾਏ।

## ਇੰਸਪੈਕਟਰ ਜਸਪ੍ਰੀਤ ਸਿੰਘ ਦਾ ਥਾਣਾ ਸ਼ਹਿਰੀ ਮੁਖੀ ਵਜੋਂ ਅਹੁਦਾ ਸੰਭਾਲਣ 'ਤੇ ਸਵਾਗਤ



ਸਮਾਣਾ 28 ਜੂਨ (ਜਵੰਦਾ) : ਇੰਸਪੈਕਟਰ ਜਸਪ੍ਰੀਤ ਸਿੰਘ ਨੇ ਥਾਣਾ ਸਿਟੀ ਵਿਖੇ ਬਤੌਰ ਮੁੱਖ ਅਫਸਰ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਪੰਜਾਬ ਰਿਐਲਟੀ ਗਰੁੱਪ ਦੇ ਸਮੂਹ ਮੈਂਬਰ ਹਰਿੰਦਰ ਦਿਓਲ ਖੇੜਕੀ, ਜੈਕ ਗਿੱਲ, ਸੁਖਚੈਨ ਜ਼ੈਲਦਾਰ ਕੋਟਲੀ, ਪਰਕਸ਼ਿਤ ਅਤੇ ਗੋਲਡੀ ਸਿੰਘ ਆਦਿ ਵਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦਿੰਦੇ ਹੋਏ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਮੀਡੀਆ ਰਾਹੀਂ ਨਸ਼ਾ ਤਸਕਰਾਂ ਅਤੇ ਭੈੜੇ ਅਨਸਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣੇ ਬੁਰੇ ਕੰਮਾਂ ਤੋਂ ਬਾਜ ਆ ਜਾਣ ਨਹੀਂ ਤਾਂ ਉਹਨਾਂ ਨੂੰ ਕਿਸੇ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।

### ਪੁਲਿਸ ਵੱਲੋਂ 24 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 28 ਜੂਨ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰੋਸ਼ਨ ਕੁਮਾਰ ਵਾਸੀ ਪਿੰਡ ਕਲਾ ਪੁਰੀ ਥਾਣਾ ਸਾਹਗੰਜ ਜਿਲਾ ਜੈਲਪੁਰ ਯੂ.ਪੀ ਹਾਲ ਅਬਾਦ ਅਜਾਦ ਨਗਰ ਪਟਿਆਲਾ ਵਿਰੁੱਧ ਧਾਰਾ 61,1,14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਨਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬੱਸ ਅੱਡਾ ਫੱਗਣ ਮਾਜਰਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸ਼ਰਾਬ ਵੇਚਣ ਲਈ ਫੱਗਣ ਮਾਜਰਾ ਤੋਂ ਖਲੀਫਵਾਲਾ ਨੂੰ ਜਾਂਦੀ ਸੜ੍ਹਕ ਪਰ ਖੜ੍ਹਾ ਹੈ, ਜੋ ਰੇਡ ਕਰਨ ਪਰ 24 ਬੋਤਲਾ ਸ਼ਰਾਬ ਟੈਗੋ ਸੰਤਰਾ ਚੰਡੀਗੜ੍ਹ ਦੀਆ ਬ੍ਰਾਮਦ ਕੀਤੀਆਂ।

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਮੀਟਿੰਗ

### ➤ਦਵਿੰਦਰਪਾਲ ਮਿੱਕੀ ਤੇ ਬਲਜਿੰਦਰ ਸਰਾਓ ਦਾ ਸਨਮਾਨ



ਪਟਿਆਲਾ, 28 ਜੂਨ (ਰੁਪਾਣਾ) : ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਟੀਮ ਵੱਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਵਾਰਡ ਨੰਬਰ 58 ਦੇ ਐਮ.ਸੀ.ਗੁਰਜੀਤ ਸਾਹਨੀ ਦੀ ਅਗਵਾਈ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਧਾਨ ਸਭਾ ਕੋਆਰਡੀਨੇਟਰ ਦਵਿੰਦਰ ਪਾਲ ਸਿੰਘ ਮਿੱਕੀ ਅਤੇ ਨਵ-ਨਿਯੁਕਤ ਜ਼ਿਲ੍ਹਾ ਵਾਈਸ ਕੋਆਰਡੀਨੇਟਰ ਬਲਜਿੰਦਰ ਸਿੰਘ ਸਰਾਓ ਦਾ ਸਨਮਾਨ ਕੀਤਾ ਗਿਆ। ਗੁਰਜੀਤ ਸਿੰਘ ਸਾਹਨੀ ਅਤੇ ਦਵਿੰਦਰ ਪਾਲ ਸਿੰਘ ਮਿੱਕੀ ਵਲੋਂ ਮੀਟਿੰਗ ਦੌਰਾਨ ਸ਼ਹਿਰ ਵਾਸੀਆਂ ਨੂੰ ਨਸ਼ੇ ਦੇ ਖਾਤਮੇ ਲਈ ਲਾਮਬੰਦ ਹੋਣ ਲਈ ਹੋਕਾ ਦਿੱਤਾ ਗਿਆ। ਇਸ ਮੌਕੇ ਰਣਜੀਤ ਸਿੰਘ (ਚੌਕੀ ਇੰਚਾਰਜ ਮਾਡਲ ਟਾਊਨ), ਰਾਕੇਸ਼ ਸ਼ਰਮਾ ਪੀ.ਪੀ.ਐਸ., ਇਸਤਰੀ ਵਿੰਗ ਦੇ ਪ੍ਰਧਾਨ ਮੋਨਿਕਾ ਸ਼ਰਮਾ, ਅਰਵਿੰਦਰ ਸਿੰਘ ਦਿਓਲ ਸਾਬਕਾ ਐਮ.ਸੀ, ਸੁਰਜੀਤ ਸਿੰਘ ਸਾਬਕਾ ਐਸ.ਡੀ.ਓ., ਗੁਰਵਿੰਦਰ ਸਿੰਘ ਮਧੋਕ, ਤਰੁਨ ਕੁਮਾਰ ਜੋਸ਼ੀ, ਮੋਹਨ ਅਹੂਜਾ, ਜਰਨੈਲ ਸਿੰਘ, ਮੌਜੂਦ ਰਹੇ।

## ਗੁਰਦੇਵ ਆਲਮਪੁਰ ਕਾਂਗਰਸ ਪਾਰਟੀ ਦੇ ਹਲਕਾ ਸਮਾਣਾ ਦਿਹਾਤੀ ਤੋਂ ਵਾਈਸ ਪ੍ਰਧਾਨ ਨਿਯੁਕਤ



ਸਮਾਣਾ, 28 ਜੂਨ (ਜਵੰਦਾ) : ਕਾਂਗਰਸ ਪਾਰਟੀ ਵਲੋਂ ਗੁਰਦੇਵ ਸਿੰਘ ਆਲਮਪੁਰ ਨੂੰ ਸਮਾਣਾ ਦਿਹਾਤੀ ਦਾ ਵਾਇਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਲਮਪੁਰ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਵਲੋਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਕਾਂਗਰਸ ਨੂੰ ਪਿੰਡਾਂ ਚ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਨਗੇ।


### 23ਵਾਂ ਗਰਮ ਰੁੱਤ ਨਾਟ ਉਤਸਵ ਆਰੰਭ

## ਨਾਟਕ ਵਾਲਾ ਗਰੁੱਪ ਦੇ ਉੱਤਸਵ ਦਾ ਪਹਿਲਾ ਦਿਨ ਬਾਲ ਕਲਾਕਾਰਾਂ ਦੇ ਨਾਮ ਰਿਹਾ



ਪਟਿਆਲਾ, 28 ਜੂਨ (ਰੁਪਾਣਾ) : ਰੰਗਮੰਚ ਦੇ ਖੇਤਰ 'ਚ ਸਥਾਪਤ ਸੰਸਥਾ ਨਾਟਕ ਵਾਲਾ ਵੱਲੋਂ ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨੂੰ ਸਮਰਪਿਤ ਤਿੰਨ ਰੋਜਾ 23ਵਾਂ ਗਰਮ ਰੁੱਤ ਨਾਟ ਉਤਸਵ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਤੇ ਪੰਜਾਬ ਆਰਟਸ ਕੌਂਸਲ ਦੇ ਸਹਿਯੋਗ ਨਾਲ ਕਾਲੀਦਾਸ ਆਡੀਟੋਰੀਅਮ ਵਿਖੇ ਰਾਜੇਸ਼ ਸ਼ਰਮਾ ਤੇ ਕਵਿਤਾ ਸ਼ਰਮਾ ਦੀ ਅਗਵਾਈ 'ਚ ਆਰੰਭ ਹੋ ਗਿਆ ਹੈ। ਉਤਸਵ ਦੇ ਪਹਿਲੇ ਦਿਨ ਉੱਘੇ ਚਿੰਤਕ ਡਾ. ਸਵਰਾਜ ਸਿੰਘ ਮੁੱਖ ਮਹਿਮਾਨ ਵਜੋਂ ਅਤੇ ਐਨ.ਜ਼ੈੱਡ.ਸੀ.ਸੀ. ਦੇ ਡਾਇਰੈਕਟਰ ਮੁਹੰਮਦ ਫੁਰਕਾਨ ਖਾਨ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਉੱਘੇ ਰੰਗਕਰਮੀ ਪਦਮਸ੍ਰੀ ਪ੍ਰਾਣ ਸੱਭਰਵਾਲ, ਵਰਿੰਦਰ ਘੁੰਮਣ, ਪਰਮਿੰਦਰ ਕੌਰ ਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਇਸ ਮੌਕੇ ਹਾਜ਼ਰ ਸਨ। ਫਿਲਮ ਤੇ ਨਾਟਕ ਲੇਖਕ ਸੁਰਿੰਦਰ ਬਾਠ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮੰਚ ਸੰਚਾਲਕ ਵਜੋਂ ਜਿੰਮੇਵਾਰੀ ਨਿਭਾਈ। ਉਕਤ ਨਾਟਕਾਂ ਦੌਰਾਨ ਬਾਲ ਕਲਾਕਾਰ ਫਨੀਸ਼ ਸ਼ਰਮਾ, ਨੂਰ ਆਰੀਆ, ਅਸ਼ਵੀ ਗੋਇਲ, ਅਨਾਹਿਤਾ ਸੂਦ, ਕੁੰਵਰਇੰਦਰ ਸਿੰਘ, ਦ੍ਰਿਸ਼ਟੀ, ਤਕਬੀਰ ਸਿੰਘ ਸੋਹਲ, ਜਗਤ ਪ੍ਰੀਤ ਸਿੰਘ, ਸ਼ੌਰਿਆ ਸ਼ਰਮਾ, ਭਾਵਿਕਾ, ਅਸੀਸ ਕੌਰ, ਅਰਾਧਯਾ, ਪੁਲਕਿਤ, ਕਬੀਰ ਠਾਕੁਰ, ਸਾਨਵੀ ਰਾਏ, ਚਿਰਾਗ ਸੂਨਕਰ, ਮਾਨਵੀ, ਹਿਤੇਸ਼ ਗੋਇਲ, ਅਨਾਇਆ ਅਤਰੀ, ਖੁਸ਼ਜੋਤ ਸਿੰਘ, ਧਨੀਸ਼ ਮਿਗਲਾਨੀ, ਮਿਨਾਲ ਗੋਇਲ, ਮਾਹਿਰਾ ਗੋਇਲ, ਕੁੰਦਨਿਕਾ ਸ਼ਰਮਾ, ਜਸਨੂਰ ਕੌਰ, ਅੰਵੀਸ਼ਾ ਪਾਠਕ, ਹਰੂਜ ਸਿੰਘ ਨੋਖਾ, ਕਿਰਤਜੋਤ ਕੌਰ, ਵਤਸਾਲਾ ਉਚਾਰੀਆ, ਹਰਸਿਮਰਨ ਸਿੰਘ ਗਿੱਲ, ਵੰਦਨਾ, ਰਾਘਵ ਕੌਸ਼ਲ, ਸਮਰਿੱਧ ਕੌਸ਼ਲ, ਧਨਵੀ, ਹੁਮੀਸ਼ਾ, ਸੁਰਮੀਤ ਕੌਰ, ਜਲਸੀਰਤ ਅਮਨ, ਗੁਰਸਿਮਰ ਸਿੰਘ, ਗੁਰਲੀਨ ਕੌਰ, ਪ੍ਰਗਤੀ ਕੁਮਾਰੀ, ਹਰਸ਼ਵਰਧਨ ਕੌਸ਼ਲ, ਪਰਾਚੀ ਮਲਹੋਤਰਾ, ਇੰਦਰਜੀਤ ਸਿੰਘ, ਕੋਕਸ਼ ਸ਼ਰਮਾ ਤੇ ਹਰਸ਼ਿਤ ਬਾਲੀ ਨੇ ਵੱਖ-ਵੱਖ ਭੂਮਿਕਾਵਾਂ ਨਿਭਾਈਆਂ। ਨਾਟਕਾਂ ਦੌਰਾਨ ਸੰਗੀਤ ਦਾ ਕਾਰਜ ਰਾਜਿੰਦਰ ਕੁਮਾਰ ਤੇ ਰੋਸ਼ਨੀ ਦਾ ਕਾਰਜ ਜਸਪ੍ਰੀਤ ਤੇ ਸਾਥੀਆਂ ਨੇ ਬਾਖੂਬੀ ਕੀਤਾ। ਗੁਰਦਰਸ਼ਨ ਟੋਨੀ ਦੀ ਨਿਰਦੇਸ਼ਨਾ 'ਚ ਬਾਲ ਕਲਾਕਾਰਾਂ ਨੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਸਭ ਨੂੰ ਨੱਚਣ ਲਗਾ ਦਿੱਤਾ।

## ਸ਼ਾਮ ਲਾਲ ਦੱਤ ਬਣੇ ਪੰਜਾਬ ਮੰਡੀ ਬੋਰਡ ਦੇ ਸਟੈਂਡਿੰਗ ਮੈਂਬਰ



ਸਮਾਣਾ, 28 ਜੂਨ (ਵਿਜੇ ਕੁਮਾਰ) : ਸਮਾਣਾ ਤੋਂ ਆਮ ਆਦਮੀ ਪਾਰਟੀ ਦੇ ਮਿਹਨਤੀ ਤੇ ਇਮਾਨਦਾਰ ਆਗੂ ਸ਼ਾਮ ਲਾਲ ਦੱਤ ਨੂੰ ਪੰਜਾਬ ਮੰਡੀ ਬੋਰਡ ਦਾ ਸਟੈਂਡਿੰਗ ਮੈਂਬਰ ਬਣਾਏ ਜਾਣ 'ਤੇ ਸ਼ਹਿਰ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਪਾਰਟੀ ਹਾਈਕਮਾਂਡ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਜੋ ਵਿਸ਼ਵਾਸ਼ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਤੇ ਜਤਾਇਆ ਹੈ, ਉਸ ਵਿਸ਼ਵਾਸ਼ ਤੇ ਉਹ ਪੂਰਾ ਉਤਰਨ ਦਾ ਯਤਨ ਕਰਨਗੇ। ਉਨ੍ਹਾਂ ਆਪਣੀ ਪਾਰਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਤਹਿਤ ਚਲਾਈ ਜਾ ਰਹੀ ਮੁਹਿੰਮ ਨਾਲ ਪੰਜਾਬ ਵਿੱਚੋ ਨਸ਼ਿਆ ਦਾ ਕੋਹੜ ਜੋ ਪੰਜਾਬ ਨੂੰ ਘੂਣ ਵਾਂਗ ਖਾ ਰਿਹਾ ਹੈ ਤੋਂ ਲੋਕਾਂ ਦੇ ਸਹਿਯੋਗ ਨਾਲ ਜਲਦੀ ਨਿਜ਼ਾਤ ਮਿਲ ਸਕਦੀ ਹੈ।

## ਇਨਾਇਤ ਗਰੁੱਪ ਵੱਲੋਂ ਪਟਿਆਲਾ-ਸੰਗਰੂਰ ਰੋਡ 'ਤੇ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪ੍ਰੋਜੈਕਟ ਪ੍ਰੀ-ਲਾਂਚ



ਪਟਿਆਲਾ, 28 ਜੂਨ (ਅਮਰਜੀਤ ਸਿੰਘ) : ਗਿਣਤੀ ਦੇ ਦਿਨਾਂ ਵਿੱਚ ਰੀਅਲ ਅਸਟੇਟ ਦੇ ਖੇਤਰ ਵਿਚ ਪੰਜਾਬ ਨਹੀਂ ਸਗੋਂ ਉਤਰ ਭਾਰਤ ਦੇ ਨਾਮ ਇਨਾਇਤ ਗਰੁੱਪ ਵੱਲੋਂ ਪਟਿਆਲਾ-ਸੰਗਰੂਰ ਰੋਡ 'ਤੇ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪ੍ਰੋਜੈਕਟ ਦੀ ਅੱਜ ਪ੍ਰੀ ਲਾਂਚਿੰਗ ਕੀਤੀ ਗਈ। ਪ੍ਰੀ-ਲਾਂਚਿੰਗ ਦੀ ਰਸਮ ਇਨਾਇਤ ਗਰੁੱਪ ਦੇ ਐਮ.ਡੀ. ਸੰਦੀਪ ਸਿੰਘ ਮਾਨ ਨੇ ਆਪਣੀ ਧਰਮ ਪਤਨੀ ਅਤੇ ਬੇਟੀ ਇਨਾਇਤ ਨਾਲ ਮਿਲ ਕੇ ਕੀਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਐਮ.ਡੀ. ਸੰਦੀਪ ਸਿੰਘ ਮਾਨ ਨੇ ਦੱਸਿਆ ਕਿ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪਟਿਆਲਾ-ਸੰਗਰੂਰ ਰੋਡ 'ਤੇ 3.17 ਏਕੜ ਵਿੱਚ ਬਣਿਆ ਰੇਰਾ ਤੇ ਪੁੱਡਾ ਅਪਰੂਵਡ ਪ੍ਰੋਜੈਕਟ ਹੈ, ਜਿਸ ਦੇ ਸਾਰੇ ਇੰਟਰਨੈਸ਼ਨਲ ਬ੍ਰਾਂਡ ਸਾਈਨ ਹੋ ਚੁੱਕੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਹਲਦੀ ਰਾਮ, ਡੋਮੀਨੋਜ਼, ਵੀ.ਡਬਲਯੂ ਮਾਰਟ ਜਿਹੜਾ ਕਿ 24 ਘੰਟੇ ਖੁੱਲਾ ਰਹਿੰਦਾ ਹੈ, ਡਰਾਇਵ ਥਰੂ, ਪਿਰਾਮਿਡ ਕਲੱਬ ਅਤੇ ਰੈਸਟੋਰੈਂਟ, ਬਸੰਤ ਆਈਸਕ੍ਰੀਮ, ਸਮੇਤ ਹੋਰ ਵਧੀਆ ਇੰਟਰਨੈਸ਼ਨਲ ਬ੍ਰਾਂਡ ਖੁੱਲਣ ਜਾ ਰਹੇ ਹਨ। ਅਹਿਮ ਗੱਲ ਇਹ ਹੈ ਕਿ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਵਿਚ ਬੱਚਿਆਂ ਦਾ ਸਭ ਤੋਂ ਵੱਡਾ ਗੇਮਿੰਗ ਜ਼ੋਨ ਜਿਹੜਾ ਕਿ 14100 ਸਕੇਅਰ ਫਿਟ ਅਤੇ 24 ਫਿਟ ਦੀ ਹਾਈਟ 'ਤੇ ਬਣਨ ਜਾ ਰਿਹਾ ਹੈ। ਐਮ.ਡੀ. ਸੰਦੀਪ ਸਿੰਘ ਮਾਨ ਨੇ ਦੱਸਿਆ ਕਿ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਬਣਾਉਣਾ ਦਾ ਉਦੇਸ਼ ਇਹ ਸੀ ਕਿ ਪਟਿਆਲਾ ਅਤੇ ਮਾਲਵਾ ਦੇ ਸਾਰੇ ਸ਼ਹਿਰਾਂ ਦੇ ਲੋਕਾਂ ਨੂੰ ਚੰਡੀਗੜ੍ਹ, ਦਿੱਲੀ ਅਤੇ ਹੋਰ ਬਾਹਰਲੇ ਸ਼ਹਿਰਾਂ ਤੋਂ ਖਰੀਦਦਾਰੀ ਨਾ ਕਰਨ ਲਈ ਨਾ ਜਾਣਾ ਪਵੇ ਅਤੇ ਉਹ ਇਨਾਇਤ ਗਰੁੱਪ ਵੱਲੋਂ ਬਣਾਏ ਗਏ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਵਿਚ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮਿਲ ਜਾਣ।